# ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ

# (The Relation of Guru Poetry with Music)

**THESIS**

SUBMITTED FOR THE DEGREE OF

**Doctor of Philosophy**

IN THE FACULTY OF LANGUAGES

PANJAB UNIVERSITY

CHANDIGARH

**1979**


ਨਿਗਰਾਨ

**ਡਾ: ਸੁਰਿੰਦਰ ਸਿੰਘ ਕੋਹਲੀ**

ਪ੍ਰੋਫੈਸਰ ਤੇ ਮੁਖੀ

ਪੰਜਾਬੀ ਵਿਭਾਗ

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ।

ਪ੍ਰਸਤੁਤ-ਕਰਤਾ

**ਜਾਗੀਰ ਸਿੰਘ**

# ਧੰਨਵਾਦ

ਮੈਂ ਉਹਨਾਂ ਸਾਰੇ ਵਿਦਵਾਨਾਂ ਦਾ ਰਿਣੀ ਹਾਂ, ਜਿਨ੍ਹਾਂ ਦੀਆਂ ਲਿਖਤਾਂ ਦੀ ਇਸ ਸ਼ੋਧ-ਪ੍ਰਬੰਧ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਸਹਾਇਤਾ ਲਈ ਗਈ ਹੈ।

ਇਹ ਕਾਰਜ ਡਾ. ਸੁਰਿੰਦਰ ਸਿੰਘ ਕੋਹਲੀ ਦੀ ਸੁਯੋਗ ਅਗਵਾਈ ਸਦਕਾ ਹੀ ਸੰਪੂਰਨ ਹੋ ਸਕਿਆ ਹੈ, ਜਿਸ ਲਈ ਮੈਂ ਉਹਨਾਂ ਦਾ ਜਿੰਨਾ ਵੀ ਧੰਨਵਾਦ ਕਰਾਂ ਥੋੜਾ ਹੈ।

ਅੰਤ ਵਿੱਚ ਮੈਂ ਆਪਣੀ ਪਤਨੀ ਕੁਲਵੰਤ ਕੌਰ ਦਾ ਧੰਨਵਾਦੀ ਹਾਂ ਜਿਸਨੇ ਸਾਰੀਆਂ ਪਰਿਵਾਰਿਕ ਜਿੰਮੇਵਾਰੀਆਂ ਆਪਣੇ ਸਿਰ ਲੈ ਕੇ ਮੈਨੂੰ ਇਹ ਕੰਮ ਸੰਪੂਰਨ ਕਰਨ ਦੇ ਯੋਗ ਬਣਾਇਆ।

## ਤਤਕਰਾ


| | | | |
|---|---|---|---|
| ਭੂਮਿਕਾ | | | ੳ-ਖ |
| | | | ਪੰਨਾ |
| ਅਧਿਆਇ ਪਹਿਲਾ | - | ਗੁਰੂ ਕਾਵਿ ਦੀ ਕਾਵਿਕ ਤੇ ਸੰਗੀਤਕ ਪਿੱਠ ਭੂਮੀ | 1-35 |
| ਅਧਿਆਇ ਦੂਜਾ | - | ਸਿੱਖ ਗੁਰੂ ਸਾਹਿਬਾਨ ਦੇ ਨਿਜੀ ਜੀਵਨ, ਸਿੱਖ ਸੰਸਥਾ ਤੇ ਗੁਰੂ ਗ੍ਰੰਥ ਸਾਹਿਬ ਵਿਚ ਕਵਿਤਾ ਤੇ ਸੰਗੀਤ ਦਾ ਮਹੱਤਵ। | 36-63 |
| ਅਧਿਆਇ ਤੀਜਾ | - | ਗੁਰੂ ਕਾਵਿ ਵਿੱਚ ਅਨੁਭਵ ਅਤੇ ਸੰਗੀਤ ਦਾ ਸੰਬੰਧ | 64-128 |
| ਅਧਿਆਇ ਚੌਥਾ | - | ਗੁਰੂ ਕਾਵਿ ਵਿੱਚ ਰੂਪ ਵਿਧਾਨ ਅਤੇ ਸੰਗੀਤ | 129-230 |
| ਅਧਿਆਇ ਪੰਜਵਾਂ | - | ਗੁਰੂ ਕਾਵਿ ਦਾ ਸਮਾਜਕ ਨਿਭਾਉ ਸੰਦਰਭ ਅਤੇ ਸੰਗੀਤ | 231-26 |
| | | ਨਿਰਣੈ | 268-274 |
| | | ਸੂਚੀ ਸਾਹਿਤ ਗ੍ਰੰਥ | 275-298 |

# ਭੂਮਿਕਾ

ਆਧੁਨਿਕ ਯੁਗ ਵਿੱਚ ਗੁਰਬਾਣੀ ਦੇ ਗਾਇਨ ਅਤੇ ਪਾਠ ਦੀ ਪ੍ਰਥਾ ਕਾਇਮ ਹੈ ਪ੍ਰਭਪਾਠ ਕਰਦਿਆਂ ਪਾਠੀ ਨੂੰ ਇਹ ਗੱਲ ਚੇਤੇ ਨਹੀਂ ਰਹਿੰਦੀ ਕਿ ਹਰੇਕ ਸ਼ਬਦ ਦੇ ਉਤੇ ਦਿੱਤੇ ਸਿਰਲੇਖ ਤੇ ਸੰਕੇਤ ਗੁਰਬਾਣੀ ਦੇ ਸੰਗੀਤਕ ਮਹੱਤਵ ਨੂੰ ਦਰਸਾਉਂਦੇ ਹਨ। ਖਾਸ ਕਰਕੇ ਜਦੋਂ ਤੋਂ ਗੁਰੂ ਗ੍ਰੰਥ ਸਾਹਿਬ ਦਾ ਅਖੰਡ-ਪਾਠ ਕਰਨ ਦੀ ਪਿਰਤ ਪੈ ਗਈ ਉਦੋਂ ਤੋਂ ਗੁਰਬਾਣੀ ਦੇ ਗਾਇਨ ਦੀ ਪਰੰਪਰਾ ਅਣਗੌਲੀ ਹੋ ਗਈ ਹੈ। ਕੀਰਤਨ ਵੇਲੇ ਵੀ ਗੁਰਬਾਣੀ ਦੀ ਪ੍ਰਮਾਣਿਕ ਵਿਧੀ ਨੂੰ ਛੱਡ ਕੇ ਲੋਕ-ਪ੍ਰਚਲਤ ਤਰਜ਼ਾਂ ਤੇ ਕਈ ਵਾਰੀ ਫਿਲਮੀ ਤਰਜ਼ਾਂ, ਜਿਹਨਾਂ ਦਾ ਪ੍ਰਭਾਵ ਗੁਰਬਾਣੀ ਦੇ ਭਾਵ ਤੋਂ ਬਿਲਕੁਲ ਉਲਟ ਹੁੰਦਾ ਹੈ, ਨੂੰ ਅਪਣਾਇਆ ਜਾਂਦਾ ਹੈ।

ਮੈਨੂੰ ਸੰਗੀਤ ਦੀ ਦਾਤ ਵਿਰਸੇ ਵਿੱਚੋਂ ਮਿਲੀ ਹੈ। ਮੇਰੇ ਪਿਤਾ ਜੀ ਗੁਰਬਾਣੀ ਦੇ ਚੰਗੇ ਰਾਗੀਆਂ ਵਿਚੋਂ ਹਨ, ਮੈਨੂੰ ਰਾਗ ਵਿਦਿਆ ਤੇ ਕੀਤਰਤਨ ਦੀ ਜਾਗ ਉਨ੍ਹਾਂ ਤੋਂ ਲੱਗੀ ਹੈ। ਕੀਰਤਨ ਤੇ ਅਧਿਐਨ ਨੇ ਮੈਨੂੰ ਸੰਗੀਤ ਅਤੇ ਕਾਵਿ-ਸੰਸਾਰ ਦੇ ਨਵੇਂ ਪਾਸਾਰਾਂ ਦੇ ਦਰਸ਼ਨ ਕਰਵਾਏ। ਮੈਨੂੰ ਅਨੁਭਵ ਹੋਇਆ ਕਿ ਗੁਰਬਾਣੀ ਦੇ ਹਰ ਸ਼ਬਦ ਦੇ ਭਾਵ ਦੇ ਅਨੁਕੂਲ ਗੁਰੂ ਸਾਹਿਬਾਨ ਨੇ ਉਸ ਉਪਰ ਰਾਗ ਦਾ ਨਿਰਦੇਸ਼ ਕੀਤਾ ਹੈ ਅਤੇ ਇਸ ਰਾਗ ਅਤੇ ਭਾਵ ਦੇ ਅਨੁਕੂਲ ਸ਼ਬਦ ਦਾ ਖਾਸ ਰੂਪ ਹੋਂਦ ਵਿੱਚ ਆਇਆ ਹੈ। ਹਰ ਸ਼ਬਦ ਦੇ ਛੰਦ ਸ਼ਬਦਾਵਲੀ ਦਾ ਅਤੇ ਸਮੁੱਚੇ ਨਿਭਾਉ ਸੰਦਰਭ ਦਾ ਰਾਗ ਨਾਲ ਪੀਡਾ ਸੰਬੰਧ ਹੈ। ਇਸ ਤੱਥ ਨੂੰ ਧਿਆਨ ਵਿੱਚ ਰਖਦਿਆਂ ਮੈਂ ਕਵਿਤਾ ਅਤੇ ਸੰਗੀਤ ਦੇ ਸੰਬੰਧ ਬਾਰੇ ਆਪਣਾ ਅਧਿਐਨ ਸ਼ੁਰੂ ਕੀਤਾ।

ਪੰਜਾਬੀ ਵਿੱਚ ਕਵਿਤਾ ਅਤੇ ਸੰਗੀਤ ਦੇ ਸੰਬੰਧਾਂ ਬਾਰੇ ਕਿਸੇ ਪ੍ਰਮਾਣਿਕ ਕਾਰਜ ਦੀ ਲੱਗਭਗ ਅਣਹੋਂਦ ਹੈ। ਕੁਝ ਪੁਸਤਕਾਂ ਕੇਵਲ ਸੰਗੀਤ ਨਾਲ ਸੰਬੰਧਤ ਹਨ ਅਤੇ ਕੁਝ ਕੇਵਲ ਕਾਵਿ-ਵਿਧਾਨ

ਦੇ ਅਧਿਐਨ ਨੂੰ ਪੇਸ਼ ਕਰਦੀਆਂ ਹਨ। ਜਿਵੇਂ ਚੀਫ਼ ਖ਼ਾਲਸਾ ਦੀਵਾਨ ਵਲੋਂ ਪੰਜ ਪੁਸਤਕਾਂ ਨੂੰ ਇੱਕ ਪੁਸਤਕ ਦਾ ਰੂਪ ਦਿੰਦਿਆਂ ਉਸ ਵਿੱਚ ਗੁਰਮਤ ਸੰਗੀਤ ਦੇ ਵੱਖ ਵੱਖ ਪੱਖਾਂ ਉਤੇ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਉਸ ਵਿੱਚ ਵੀ ਸਿਰਫ਼ ਪੁਰਾਤਨ ਗ੍ਰੰਥਾਂ ਦੇ ਹਵਾਲੇ ਦਿੰਦਿਆਂ ਗੁਰਮਤ ਸੰਗੀਤ ਨੂੰ ਵਿਲੱਖਣ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਸਦਾ ਗੁਰੂ ਕਾਵਿ ਨਾਲ ਸੰਬੰਧ ਦਰਸਾਉਣ ਦਾ ਜਤਨ ਨਹੀਂ ਕੀਤਾ ਗਿਆ। ਭਾਈ ਵੀਰ ਸਿੰਘ ਜੀ ਅਤੇ ਡਾ. ਬਲਬੀਰ ਸਿੰਘ ਜੀ ਦੇ ਲੇਖ ਵੀ ਕਿਰਿਆਤਮਕ ਰੂਪ ਨਾਲ ਸੰਗੀਤ ਦੀ ਪੇਸ਼ਕਾਰੀ ਦੇ ਸੰਬੰਧ ਵਿੱਚ ਕੋਈ ਸੰਕੇਤ ਨਹੀਂ ਦਿੰਦੇ।

ਡਾ.ਸੁਰਿੰਦਰ ਸਿੰਘ ਕੋਹਲੀ ਦੇ ਥੀਸਿਸ ਵਿੱਚ 'ਰਾਗਾਜ਼ ਐਂਡ ਰਾਗਨੀਜ਼'ਨਾਂ ਦਾ ਇੱਕ ਅਧਿਆਇ ਹੈ। ਇਹ ਕੇਵਲ ਗੁਰੂ ਗ੍ਰੰਥ ਵਿੱਚ ਪ੍ਰਯੁਕਤ ਰਾਗਾਂ ਦਾ ਵੇਰਵਾ ਹੈ। ਰਾਗਮਾਲਾ ਬਾਰੇ ਉਹਨਾਂ ਨੇ ਬੜੇ ਸਹੀ ਨਿਰਣੇ ਦਿਤੇ ਹਨ। ਡਾ. ਤਾਰਨ ਸਿੰਘ ਜੀ ਦੀ ਪੁਸਤਕ "ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਇਤਿਹਾਸ" ਵਿੱਚ ਪਹਿਲੀ ਵਾਰ ਰਾਗ ਅਤੇ ਭਾਵ ਦੇ ਸੰਜੋਗ ਦੀ ਗੱਲ ਕੀਤੀ ਗਈ ਹੈ। ਪਰ ਇਸ ਪੁਸਤਕ ਵਿੱਚ ਇਹ ਕੇਵਲ ਇੱਕ ਅਧਿਆਇ ਹੀ ਹੈ, ਇਸ ਲਈ ਉਹ ਰਾਗ ਦੇ ਕਿਰਿਆਤਮਕ ਪੱਖ ਅਤੇ ਕਾਵਿ ਦੇ ਰੂਪ ਨਾਲ ਉਸਦੇ ਸੰਬੰਧ ਬਾਰੇ ਚਰਚਾ ਨਹੀਂ ਕਰ ਸਕੇ। ਡਾ. ਅਜੀਤ ਸਿੰਘ ਔਲਖ ਦੇ ਅਣਛੱਪੇ ਥੀਸਿਸ , ਜੋ ਦਿੱਲੀ ਯੂਨੀਵਰਸਟੀ ਲਈ ਡਾਕਟਰੇਟ ਲਈ ਪ੍ਰਵਾਨ ਹੋ ਚੁੱਕਾ ਹੈ, ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਯੁਕਤ ਸੰਗੀਤ ਨੂੰ ਹਿੰਦੁਸਤਾਨੀ ਸਨਾਤਨੀ ਸੰਗੀਤ ਨਾਲ ਮੇਲਣ ਦਾ ਜਤਨ ਕੀਤਾ ਗਿਆ ਹੈ। ਗੁਰੂ ਕਾਵਿ ਦੇ ਸੰਗੀਤ ਨਾਲ ਸੰਬੰਧਤ ਕੁਝ ਹੋਰ ਪੁਸਤਕਾਂ ਵੀ ਮਿਲੀਆਂ ਹਨ ਜਿਹਨਾਂ ਦਾ ਜ਼ਿਕਰ ਅਸੀਂ ਥਾਂ ਪਰ ਥਾਂ ਕਰਾਂਗੇ ਪਰ ਇਹ ਪੁਸਤਕਾਂ ਸਾਡੇ ਵਿਸ਼ੇ ਲਈ ਕੇਵਲ ਸਹਾਇਕ ਹੀ ਸਾਬਤ ਹੋਈਆਂ ਹਨ ਕਿਉਂਕਿ ਇਹਨਾਂ ਦੇ ਵਿਸ਼ੇ ਦੀ ਸਮੱਸਿਆ ਇਹ ਨਹੀਂ ਸੀ ਜੋ ਸਾਡੀ ਹੈ। ਇਸ ਤਰ੍ਹਾਂ ਮੈਂ ਵੇਖਿਆ ਕਿ ਗੁਰੂ ਕਾਵਿ ਵਿੱਚ ਕਵਿਤਾ ਅਤੇ ਸੰਗੀਤ ਦੇ ਸੰਬੰਧ ਬਾਰੇ ਚਰਚਾ ਨਹੀਂ ਹੋਈ।

ਮੈਂ ਵੀ ਆਦਿ ਗ੍ਰੰਥ ਦੀ ਸਾਰੀ ਬਾਣੀ ਨੂੰ ਨਹੀਂ, ਕੇਵਲ ਗੁਰੂ ਕਾਵਿ ਨੂੰ ਹੀ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਹੈ। ਇਸੇ ਲਈ ਸ਼ੋਧ-ਪ੍ਰਬੰਧ ਦਾ ਨਾਮ "ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦਾ ਸੰਬੰਧ" ਰਖਿਆ ਗਿਆ ਹੈ। ਇਸ ਤਰ੍ਹਾਂ ਕਰਨ ਨਾਲ ਮੈਂ ਗੁਰੂ ਕਵੀਆਂ ਦੀ ਬਾਣੀ ਦਾ ਡੂੰਘੇਰਾ ਅਧਿਐਨ ਕਰ ਸਕਿਆ ਹਾਂ।

ਮੇਰੇ ਸ਼ੋਧ-ਪ੍ਰਬੰਧ ਦੇ ਪੰਜ ਅਧਿਆਇ ਹੈ। ਸ਼ੋਧ-ਪ੍ਰਬੰਧ ਦਾ ਮੰਤਵ ਕਿਉਂਕਿ 'ਬਾਣੀ ਅਤੇ ਸੰਗੀਤ' ਦਾ ਸੰਬੰਧ ਦਰਸਾਉਣਾ ਹੈ, ਇਸ ਲਈ ਇਹ ਜ਼ਰੂਰੀ ਸੀ ਕਿ ਗੁਰਬਾਣੀ ਜਿਸ ਰਾਗ ਤੇ ਕਾਵਿ ਪ੍ਰੰਪਰਾ ਵਿੱਚ ਰਚੀ ਗਈ ਉਸ ਉਤੇ ਝਾਤ ਮਾਰੀ ਜਾਂਦੀ। ਇਹ ਇਸ ਲਈ ਵੀ ਜ਼ਰੂਰੀ ਸੀ ਕਿ ਅਸੀਂ ਵੇਖ ਸਕੀਏ ਕਿ ਗੁਰੂ ਕਵੀਆਂ ਨੇ ਪੁਰਾਤਨ ਪਰੰਪਰਾ ਵਿੱਚੋਂ ਕਿਹੜੇ ਕਿਹੜੇ ਕਾਵਿਕ ਅਤੇ ਸੰਗੀਤਕ ਅੰਗਾਂ ਨੂੰ ਅਪਣਾਇਆ ਅਤੇ ਕਿਹਨਾਂ ਕਿਹਨਾਂ ਨੂੰ ਅਪਨਾਉਣ ਤੋਂ ਸੰਕੋਚ ਕੀਤਾ ਹੈ ਅਤੇ ਕਿਹੜੇ ਕਿਹੜੇ ਅੰਗਾਂ ਦੀ ਨਵੇਂ ਸਿਰਿਓਂ ਸਿਰਜਣਾ ਕੀਤੀ। ਇਸ ਪ੍ਰਯੋਜਨ ਅਧੀਨ ਅਸੀਂ ਵੈਦਿਕ, ਮਹਾਂਕਾਵਿਕ, ਪੁਰਾਣਕ, ਬੋਧੀ, ਜੈਨੀ, ਸਿਧ ਨਾਥ, ਬ੍ਰਜੀ ਵੈਸ਼ਣਵ, ਭਗਤੀ ਅਤੇ ਲੋਕ ਕਾਵਿ ਦੇ ਕੇਵਲ ਉਹਨਾਂ ਪਖਾਂ ਤੇ ਧਿਆਨ ਕੇਂਦਰਿਤ ਰੱਖਿਆ ਹੈ ਜਿਹੜੇ ਕਾਵਿ ਅਤੇ ਸੰਗੀਤ ਦੇ ਸੁਮੇਲ ਨਾਲ ਸੰਬੰਧਤ ਸਨ। ਪੁਰਾਤਨ ਸੰਗੀਤ ਪਰੰਪਰਾ ਦਾ ਅਧਿਐਨ ਕਰਦਿਆਂ ਵੀ ਅਸੀਂ ਰਾਗ ਪਰੰਪਰਾ ਉਪਰ ਹੀ ਧਿਆਨ ਕੇਂਦਰਤ ਕੀਤਾ ਹੈ ਕਿਉਂਕਿ ਗੁਰੂ ਕਾਵਿ ਵਿੱਚ ਰਾਗਾਂ ਦੇ ਹੀ ਸਪਸ਼ਟ ਨਿਰਦੇਸ਼ ਪ੍ਰਾਪਤ ਹੁੰਦੇ ਹਨ।

ਦੂਜੇ ਅਧਿਆਇ ਵਿੱਚ ਗੁਰੂ ਕਵੀਆਂ ਦੇ ਨਿਜੀ ਜੀਵਨ, ਸਿੱਖ ਸੰਸਥਾ ਅਤੇ ਗੁਰੂ ਕਾਵਿ ਵਿੱਚ ਜੋ ਸੰਗੀਤ ਦਾ ਮਹੱਤਵ ਸਮਝਿਆ ਜਾਂਦਾ ਹੈ ਉਸ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਕਾਵਿ ਅਤੇ ਸੰਗੀਤ ਵਿੱਚ ਕਵੀ ਦੀ ਸ਼ਖ਼ਸੀਅਤ ਦਾ ਅਹਿਮ ਰੋਲ ਹੁੰਦਾ ਹੈ। ਅਸੀਂ ਗੁਰੂ ਕਵੀਆਂ ਦੇ ਜੀਵਨ ਦੀਆਂ

ਬਾਕੀ ਸਰਗਰਮੀਆਂ ਦੇ ਥਾਂ ਕੇਵਲ ਉਹਨਾਂ ਤਥਾਂ ਤੇ ਘਟਨਾਵਾਂ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਹਨਾਂ ਤੋਂ ਉਹਨਾਂ ਦੀ ਕਾਵਿ ਅਤੇ ਸੰਗੀਤ ਚੇਤਨਾ ਦ੍ਰਿਸ਼ਟੀਗੋਚਰ ਹੋ ਸਕੇ। ਸਿੱਖ ਸੰਸਥਾ ਆਪਣੇ ਆਪ ਵਿੱਚ ਬੜੀ ਬਲਵਾਨ ਸੰਸਥਾ ਹੈ ਪਰ ਅਸੀਂ ਇਸ ਦੀਆਂ ਕੇਵਲ ਉਹਨਾਂ ਰਵਾਇਤਾਂ ਦਾ ਜ਼ਿਕਰ ਕੀਤਾ ਹੈ ਜਿਹਨਾਂ ਵਿੱਚੋਂ ਬਾਣੀ ਦਾ ਕੀਰਤਨ ਪ੍ਰਵਾਨ ਰਿਹਾ ਹੈ। ਸਿੱਖ ਸੰਸਥਾਵਾਂ, ਭਾਵ ਗੁਰਦੁਆਰਿਆਂ, ਦੇ ਨਿਤਨੇਮ ਨੂੰ ਗੁਰੂ ਵਿਅਕਤੀਆਂ ਨੇ ਹੀ ਨਿਸਚਿਤ ਕਰ ਦਿੱਤਾ ਸੀ ਅਤੇ ਥੋੜੇ ਬਹੁਤੇ ਰੂਪਾਂਤਰਣ ਨਾਲ ਅਜੇ ਤੱਕ ਉਹ ਰਵਾਇਤਾਂ ਹੀ ਤੁਰੀਆਂ ਆਉਂਦੀਆਂ ਹਨ। ਗੁਰੂ ਸਾਹਿਬਾਨ ਨੇ ਕਾਵਿ ਅਤੇ ਸੰਗੀਤ ਦੇ ਸੁਮੇਲ ਲਈ ਆਪਣੀ ਬਾਣੀ ਵਿੱਚ ਵੀ ਨਿਰਦੇਸ਼ ਦਿੱਤੇ ਹਨ। ਅਸੀਂ ਗੁਰੂ ਕਵੀਆਂ ਦੀ ਬਾਣੀ ਦਾ ਅਧਿਐਨ ਕਰਕੇ ਉਹਨਾਂ ਕਾਵਿ ਬੰਦਾਂ ਦਾ ਹੀ ਅਧਿਐਨ ਕੀਤਾ ਜਿਸ ਵਿੱਚ ਉਹਨਾਂ ਕੀਰਤਨ, ਕੀਰਤਨਕਾਰ ਅਤੇ ਸਰੋਤੇ ਦੀ ਮਹਿਮਾ ਦਾ ਗਾਇਨ ਕੀਤਾ ਹੈ। ਗੁਰਬਾਣੀ ਦੇ ਵਿੱਚ ਹੀ ਰਾਗਾਂ ਬਾਰੇ ਨਿਰਦੇਸ਼ ਦਿਤੇ ਜਾਣ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਕਵੀ ਸੰਗੀਤ ਨੂੰ ਅਧਿਆਤਮਕ ਪ੍ਰਾਪਤੀਆਂ ਲਈ ਵੀ ਉਚਿਤ ਸਮਝਦੇ ਸਨ।

ਗੁਰਬਾਣੀ ਦਾ ਅਧਿਐਨ ਕਰਦਿਆਂ ਅਸੀਂ ਭਾਵ ਅਤੇ ਰਾਗ ਦੀ ਸਾਂਝ ਨੂੰ ਨਿਸਚਿਤ ਕੀਤਾ ਹੈ। ਇਸੇ ਨਿਸਚੇ ਨਾਲ ਤੀਜੇ ਅਧਿਆਇ ਵਿੱਚ ਗੁਰੂ ਕਵੀਆਂ ਦੇ ਕਾਵਿ ਅਨੁਭਵ ਤੇ ਪ੍ਰਯੁਕਤ ਸੰਗੀਤ ਦੇ ਸੰਬੰਧਾਂ ਦੀ ਚਰਚਾ ਕੀਤੀ ਗਈ ਹੈ। ਕਾਵਿ ਅਨੁਭਵ ਦੇ ਸੰਬੰਧ ਵਿੱਚ ਅਧਿਐਨ ਕਰਦਿਆਂ ਅਸੀਂ ਵੇਖਿਆ ਕਿ ਕੁਝ ਖਾਸ ਭਾਵ ਖਾਸ ਤਰ੍ਹਾਂ ਦੇ ਮਾਧਿਅਮ ਰਾਹੀਂ ਹੀ ਪੇਸ਼ ਹੋ ਸਕਦੇ ਹਨ। ਸੰਗੀਤ ਮਨੁੱਖ ਦੇ ਅਮੂਰਤ ਭਾਵਾਂ ਨੂੰ ਪ੍ਰਗਟ ਕਰਨ ਲਈ ਬੜਾ ਸਫਲ ਸਾਧਨ ਹੈ। ਇਸ ਲਈ ਗੁਰੂ ਸਾਹਿਬਾਨ ਨੇ ਆਪਣੇ ਵਿਸ਼ੇਸ਼ ਭਾਵਾਂ ਦੀ ਅਭਿਵਿਅਕਤੀ ਲਈ ਵਿਸ਼ੇਸ਼ ਰਾਗਾਂ ਨੂੰ ਅਪਣਾਇਆ ਹੈ।

ਗੁਰੂ ਕਵੀਆਂ ਦੀ ਰਚਨਾ ਵਿੱਚ ਮੁੱਖ ਭਾਵ ਭਾਵੇਂ ਭਗਤੀ ਹੈ, ਪਰ ਫਿਰ ਵੀ ਵਿਛੋੜੇ, ਮੇਲ, ਉਡੀਕ ਆਦਿ ਦੀਆਂ ਵੱਖ ਵੱਖ ਅਵਸਥਾਵਾਂ ਕਾਰਨ ਭਾਵਾਂ ਵਿੱਚ ਸੂਖਮ ਅੰਤਰ ਆ ਜਾਂਦਾ ਹੈ।

ਇਸ ਲਈ ਇਹਨਾਂ ਭਾਵਾਂ ਦੇ ਪ੍ਰਗਟਾਵੇ ਲਈ ਵੱਖ ਵੱਖ ਰਾਗਾਂ ਦਾ ਪ੍ਰਯੋਗ ਹੋਣਾ ਕੁਦਰਤੀ ਸੀ। ਇਸ ਅਧਿਆਇ ਵਿੱਚ ਅਸੀਂ ਭਾਵ ਅਤੇ ਰਾਗ ਦਾ ਅਧਿਐਨ ਗੁਰੂ ਗ੍ਰੰਥ ਸਾਹਿਬ ਵਿੱਚ ਰੱਖੀ ਰਾਗਾਂ ਦੀ ਤਰਤੀਬ ਅਨੁਸਾਰ ਕੀਤਾ ਹੈ। ਹਰ ਰਾਗ ਇੱਕ ਵਿਸ਼ੇਸ਼ ਭਾਵ ਨਾਲ ਸੰਬੰਧ ਹੁੰਦਾ ਹੈ। ਇਸ ਲਈ ਅਸੀਂ ਰਾਗਾਂ ਦੇ ਸੁਰ ਪ੍ਰਬੰਧ ਦਾ ਅਧਿਐਨ ਕਰਦਿਆਂ ਪੁਰਾਤਨ ਸੰਗੀਤ ਅਚਾਰੀਆਂ ਦੇ ਹਵਾਲੇ ਦੇ ਕੇ ਰਾਗ ਅਤੇ ਭਾਵ ਦਾ ਸੰਜੋਗ ਸਪਸ਼ਟ ਕਰਨ ਦੇ ਨਾਲ ਨਾਲ ਉਸ ਰਾਗ ਵਿੱਚ ਰਚੀ ਗੁਰੂ ਕਵੀਆਂ ਦੀ ਬਾਣੀ ਦੇ ਭਾਵ ਦਾ ਵੀ ਅਧਿਅੰਨ ਕੀਤਾ ਹੈ। ਗੁਰੂ ਸਾਹਿਬਾਨ ਦੀ ਬਾਣੀ ਜਿਥੇਂ ਰਾਗ ਅਤੇ ਭਾਵ ਦੇ ਅਨੁਕੂਲ ਹੈ ਉਥੇ ਗੁਰੂ ਸਾਹਿਬਾਨ ਨੇ ਰਾਗਾਂ ਨੂੰ ਪੁਰਾਤਨ ਪਰੰਪਰਿਕ ਭਾਵਾਂ ਨਾਲੋਂ ਅੱਡ ਕਰਕੇ ਉਹਨਾਂ ਰਾਗਾਂ ਵਖਰੀ ਕਿਸਮ ਦੇ ਭਾਵਾਂ ਦਾ ਪ੍ਰਗਟਾਵਾ ਵੀ ਸਫਲਤਾ ਪੂਰਵਕ ਕੀਤਾ ਹੈ।

ਚੌਥੇ ਅਧਿਆਇ ਵਿੱਚ ਅਸੀਂ ਗੁਰੂ ਕਾਵਿ ਦੇ ਰੂਪ ਵਿਧਾਨ ਅਤੇ ਗੁਰ ਸੰਗੀਤ ਦੇ ਸੰਬੰਧ ਦੀ ਚਰਚਾ ਕੀਤੀ ਹੈ। ਜਿਥੇ ਗੁਰਬਾਣੀ ਦਾ ਕਾਵਿ ਅਨੁਭਵ ਸੰਪੂਰਨ ਸੰਗੀਤਮਈ ਹੈ ਉਥੇ ਇਸਦੀ ਸੰਰਚਨਾ ਵਿੱਚ ਵੀ ਸੰਗੀਤ ਸਮਾਇਆ ਹੋਇਆ ਹੈ। ਰੂਪ ਵਿਧਾਨ ਦਾ ਅਧਿਐਨ ਕਰਦਿਆਂ ਅਸੀਂ ਵੱਖ ਵੱਖ ਸ਼ਬਦਾਂ ਦੀਆਂ ਤੁਕਾਂ ਅਤੇ ਰਾਗਾਂ ਦੀਆਂ ਸੁਰਾਂ ਦੇ ਅਧਿਐਨ ਦੀ ਬਰੀਕੀ ਵਿੱਚ ਨਹੀਂ ਪਏ ਸਗੋਂ ਕਾਵਿ ਰੂਪ ਨਾਲ ਸੰਬੰਧ ਰਾਗ ਦੀ ਰਵਾਇਤ, ਕਾਵਿ ਰੂਪ ਦੇ ਛੰਦ ਅਤੇ ਉਸ ਵਿੱਚ ਪ੍ਰਯੁਕਤ ਸ਼ਬਦਾਵਲੀ ਦਾ ਸੰਗੀਤ ਨਾਲ ਸੰਬੰਧ ਨਿਸ਼ਚਿਤ ਕਰਨ ਦਾ ਜਤਨ ਕੀਤਾ ਹੈ। ਗੁਰੂ ਕਵੀਆਂ ਨੇ ਪਦ ਕਾਵਿ ਰੂਪ ਦਾ ਪ੍ਰਯੋਗ ਸਭ ਤੋਂ ਵਧੇਰੇ ਕੀਤਾ ਹੈ ਇਸ ਲਈ ਅਸੀਂ ਇਸ ਅਧਿਆਇ ਵਿੱਚ ਪਦ ਕਾਵਿ ਰੂਪ ਦਾ ਵਿਸਥਾਰ ਸਹਿਤ ਅਧਿਐਨ ਕਰਦਿਆਂ ਇਸ ਕਾਵਿ ਰੂਪ ਦੇ ਰੂਪ, ਛੰਦ ਅਤੇ ਸ਼ਬਦਾਵਲੀ ਦਾ ਪ੍ਰਯੋਗ ਵੱਖ ਵੱਖ ਰਾਗਾਂ ਨਾਲ ਸੰਬੰਧਤ ਕਰਕੇ ਅਧਿਐਨ ਕੀਤਾ ਹੈ। ਇਸ ਅਧਿਆਇ ਵਿੱਚ ਅਸੀਂ ਕੇਵਲ ਉਹ ਕਾਵਿ ਰੂਪ ਹੀ ਲਏ ਹਨ ਜਿਹੜੇ ਰਾਗ ਬੱਧ ਬਾਣੀ ਵਿੱਚ ਦਰਜ ਹੋਏ ਹਨ।

ਅਤੇ ਜਿਹਨਾਂ ਨੂੰ ਰਾਗਾਂ ਨਾਲ ਸੰਬੰਧਤ ਕਰਕੇ ਗਾਉਣ ਪ੍ਰਥਾ ਰਹੀ ਹੈ। ਸਾਡੇ ਵਿਚਾਰ ਅਨੁਸਾਰ ਰਾਗ ਬੱਧ ਬਾਣੀ ਤੋਂ ਪਹਿਲਾ ਹਿੱਸਾ ਨਿਤਨੇਮ ਲਈ ਹੈ ਇਸ ਦਾ ਗਾਇਨ ਕਰਨਾ ਜ਼ਰੂਰੀ ਨਹੀਂ। ਇਸ ਵਿੱਚੋਂ ਜਿਹੜੇ ਭਾਗ ਦਾ ਗਾਇਨ ਕੀਤਾ ਜਾ ਸਕਦਾ ਹੈ ਉਸਨੂੰ ਗੁਰੂ ਸਾਹਿਬਾਨ ਨੇ ਰਾਗ ਬੱਧ ਬਾਣੀ ਵਿੱਚ ਵੀ ਦਰਜ ਕਰ ਦਿੱਤਾ ਹੈ। ਜਿਵੇਂ ਜਪੁਜੀ ਦੀ ਸੋਦਰ ਵਾਲੀ ਪਉੜੀ ਅਤੇ ਬਾਕੀ ਦੇ ਸ਼ਬਦ ਵੀ ਰਾਗ ਬੱਧ ਬਾਣੀ ਵਿੱਚ ਦਰਜ ਹੋਏ ਹਨ। ਇਸੇ ਤਰ੍ਹਾਂ ਰਾਗ ਬੱਧ ਬਾਣੀ ਤੋਂ ਬਾਦ ਦਰਜ ਹੋਈ ਬਾਣੀ ਉੱਤੇ ਵੀ ਰਾਗਾਂ ਦੇ ਸਿਰਲੇਖ ਨਹੀਂ ਮਿਲਦੇ ਨਾ ਹੀ ਇਹਨਾਂ ਨੂੰ ਗਾਉਣ ਲਈ ਕੋਈ ਨਿਰਦੇਸ਼ ਦਿੱਤਾ ਗਿਆ ਹੈ। ਇਸ ਲਈ ਇਸ ਬਾਣੀ ਨੂੰ ਵੀ ਅਸੀਂ ਆਪਣੇ ਅਧਿਐਨ ਦਾ ਹਿੱਸਾ ਨਹੀਂ ਬਣਾਇਆ। ਇਥੇ ਇਹ ਗੱਲ ਦਸ ਦੇਣੀ ਵੀ ਉਚਿਤ ਹੋਵੇਗੀ ਕਿ ਗੁਰੂ ਕਵੀਆਂ ਨੇ ਸੰਗੀਤ ਵਿੱਚੋਂ ਕੇਵਲ ਰਾਗ ਨੂੰ ਪ੍ਰਮੁਖਤਾ ਦਿੱਤੀ ਹੈ। ਤਾਲ ਦੀ ਥਾਂ ਤੇ ਉਹਨਾਂ ਕਈ ਥਾਵਾਂ ਤੇ ਧੁਨਾਂ ਜਾਂ ਤਰਜਾਂ ਦੇ ਸੰਕੇਤ ਦਿੱਤੇ ਹਨ। ਕਈ ਥਾਵਾਂ ਤੇ ਪੜਤਾਲ ਅਧੀ ਘਰਾਂ ਆਦਿ ਦਾ ਨਿਰਦੇਸ਼ ਦਿੱਤਾ ਹੈ। 'ਘਰ' ਨੂੰ ਕਈ ਵਿਦਵਾਨਾਂ ਨੇ ਤਾਲ ਮੰਨਿਆ ਹੈ ਅਤੇ ਕਈਆਂ ਨੇ ਸੁਰ ਦਾ ਸਥਾਨ ਪਰ ਇਸ ਬਾਰੇ ਅਜੇ ਤੱਕ ਕੋਈ ਨਿਰਣਾ ਨਹੀਂ ਨਿਕਲ ਸਕਿਆ। ਪਰ ਫਿਰ ਵੀ ਸਮੁੱਚੇ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬਾਨ ਨੇ ਸੁਰ ਦਾ ਵਿਸ਼ੇਸ਼ ਧਿਆਨ ਰਖਿਆ ਹੈ ਕਿਉਂਕਿ ਤਾਲ ਤਾਂ ਕਾਵਿ ਰੂਪ ਅਨੁਸਾਰ ਆਪੇ ਹੀ ਨਿਸਚਿਤ ਹੋ ਜਾਂਦਾ ਹੈ।

ਪੰਜਵੇਂ ਅਧਿਆਇ ਵਿੱਚ ਅਸੀਂ ਦਸਿਆ ਹੈ ਕਿ ਗੁਰੂ ਕਵੀਆਂ ਦਾ ਕਾਵਿ ਰਚਨਾ ਕਰਨਾ ਅਤੇ ਉਸ ਨੂੰ ਗਾਉਣਾ ਕੇਵਲ ਨਿਜੀ ਅਨੰਦ ਤਕ ਹੀ ਸੀਮਤ ਨਹੀਂ ਸੀ ਅਤੇ ਨਾ ਹੀ ਉਹ ਕੇਵਲ ਸਰੋਤਿਆਂ ਨੂੰ ਅਨੰਦ ਦੇਣਾ ਚਾਹੁੰਦੇ ਸਨ, ਜਿਵੇਂ ਉਸ ਵੇਲੇ ਦੇ ਕਈ ਸੰਗੀਤਕਾਰ ਰਾਜ ਦਰਬਾਰਾਂ ਵਿੱਚ ਗਾਇਨ ਕਰਦੇ ਸਨ। ਬਾਣੀ ਦੀ ਰਚਨਾ ਅਤੇ ਇਸ ਦੇ ਕੀਰਤਨ ਦੇ ਪਿਛੇ ਇੱਕ ਮਹਾਨ ਸਮਾਜਕ ਪ੍ਰਯੋਜਨ ਹੈ। ਗੁਰੂ ਸਾਹਿਬਾਨ ਉਸ ਵੇਲੇ ਦੇ ਸਮਾਜ ਨੂੰ ਬਦਲਣਾ ਚਾਹੁੰਦੇ ਸਨ, ਹਰ ਵਿਅਕਤੀ

ਨੂੰ ਮਾਨਸਿਕ ਗੁਲਾਮੀ ਤੋਂ ਛੁਟਕਾਰਾ ਦੁਆ ਕੇ ਸਮਾਜਕ ਬੁਰਾਈਆਂ ਦੇ ਖਿਲਾਫ ਸੰਘਰਸ਼ ਕਰਨ ਲਈ ਚੇਤੰਨ ਕਰਨਾ ਚਾਹੁੰਦੇ ਸਨ। ਉਹਨਾਂ ਦੀ ਬਾਣੀ ਦਾ ਮੁੱਖ ਵਿਸ਼ਾ-ਵਸਤੂ ਸਮਾਜਕ ਹੈ। ਉਹਨਾਂ ਦੀ ਅਧਿਆਤਮਕ ਸਾਧਨਾ ਵੀ ਸਮਾਜਕ ਸੁਧਾਰ ਤੋਂ ਆਰੰਭ ਹੁੰਦੀ ਹੈ ਸਮਾਜ ਸੁਧਾਰ ਲਈ ਉਹਨਾਂ ਨੇ ਉਪਦੇਸ਼-ਮਈ ਬਾਣੀ ਦੀ ਰਚਨਾ ਕੀਤੀ। ਇਸ ਬਾਣੀ ਦੇ ਸੰਚਾਰ ਲਈ ਸੰਗੀਤ ਨੂੰ ਸਾਧਨ ਬਣਾਇਆ। ਸੰਗੀਤ ਦੀ ਖਿੱਚ ਕਾਰਨ ਲੋਕ ਜੁੜ ਜਾਂਦੇ ਸਨ ਉਹਨਾਂ ਦੇ ਮਨਾਂ ਵਿੱਚ ਟਿਕਾਉ ਆ ਜਾਂਦਾ ਸੀ ਜਿਸ ਕਰਕੇ ਉਹ ਗੁਰਬਾਣੀ ਨੂੰ ਧਿਆਨ ਨਾਲ ਸੁਣਦੇ ਸਨ। ਇਸ ਵਾਸਤੇ ਉਹਨਾਂ ਪਦਕਾਵਿ ਰੂਪ ਦਾ ਪ੍ਰਯੋਗ ਕਰਦਿਆਂ ਸਥਾਈ ਦੀਆਂ ਤੁਕਾਂ ਜਿਹੜੀਆਂ ਵਾਰ ਵਾਰ ਗਾਈਆਂ ਜਾਂਦੀਆਂ ਹਨ, ਵੱਲ ਵਿਸ਼ੇਸ਼ ਧਿਆਨ ਦਿੱਤਾ। ਵਿਸ਼ੇ ਅਤੇ ਸਰੋਤੇ ਦੇ ਅਨੁਸਾਰ ਇਹਨਾਂ ਤੁਕਾਂ ਦੀ ਰਚਨਾ ਕੀਤੀ। ਇਹ ਤੁਕਾਂ ਸਰੋਤੇ ਨੂੰ ਸੰਬੋਧਿਤ ਹੁੰਦੀਆਂ ਅਤੇ ਇਹਨਾਂ ਵਿੱਚ ਸਾਰੇ ਸ਼ਬਦ ਦਾ ਕੇਂਦਰੀ ਭਾਵ ਸਮਾਇਆ ਹੁੰਦਾ ਹੈ। ਆਪਣੇ ਪ੍ਰਯੋਜਨ ਦੀ ਪੂਰਤੀ ਲਈ ਗੁਰੂ ਸਾਹਿਬਾਨ ਨੇ ਲੋਕ ਮਨਾਂ ਵਿੱਚ ਵੱਸੇ ਲੋਕ-ਕਾਵਿ ਰੂਪਾਂ ਦੀਆਂ ਧੁਨਾਂ ਦਾ ਪ੍ਰਯੋਗ ਕੀਤਾ। ਇਸ ਨਾਲ ਲੋਕਾਂ ਨੂੰ ਉਹਨਾਂ ਦੀ ਬਾਣੀ ਸਮਝਣ ਵਿੱਚ ਸੌਖ ਹੋ ਗਈ। ਇਸ ਅਧਿਆਇ ਵਿੱਚ ਅਸੀਂ ਬਾਣੀ ਦੇ ਨਿਭਾਉ ਸੰਦਰਭ ਅਤੇ ਸੰਗੀਤ ਦੇ ਰਿਸ਼ਤੇ ਨੂੰ ਪਛਾਣਨ ਦਾ ਜਤਨ ਕੀਤਾ ਹੈ।

ਇਸ ਤਰ੍ਹਾਂ ਇਸ ਖੋਜ ਪ੍ਰਬੰਧ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ ਦੇ ਸੰਬੰਧ ਦਾ ਅਧਿਐਨ ਕਰਦਿਆਂ ਵੇਖਿਆ ਗਿਆ ਹੈ ਕਿ ਗੁਰੂ ਕਾਵਿ ਵਿਚ ਸੰਗੀਤ ਤੇ ਵਿਸ਼ੇਸ਼ ਕਰਕੇ ਰਾਗ ਬੱਧ ਸੰਗੀਤ ਦਾ ਪ੍ਰਯੋਗ ਭਾਵ ਦੇ ਅਨੁਕੂਲ ਤੇ ਸਰੋਤੇ ਦੇ ਮੁਤਾਬਕ ਹੋਇਆ ਹੈ। ਭਾਵ ਦੀ ਪੇਸ਼ਕਾਰੀ ਤੇ ਸਰੋਤਿਆਂ ਨੂੰ ਪ੍ਰਭਾਵਿਤ ਕਰਨ ਦੀ ਮਨਸ਼ਾ ਨੇ ਇਸ ਕਾਵਿ ਨੂੰ ਇਕ ਵਿਸ਼ੇਸ਼ ਸੰਰਚਨਾਤਮਕ ਵਿਉਂਤ ਦਿਤੀ ਹੈ ਜੋ ਇੱਕੋ ਸਮੇਂ ਕਵਿਤਾ ਵੀ ਹੈ ਤੇ ਸੰਗੀਤ ਵੀ। ਮੇਰਾ ਨਿਰਣਾ ਹੈ ਕਿ ਗੁਰਬਾਣੀ ਦੇ ਠੀਕ ਅਧਿਐਨ ਲਈ ਕਾਵਿ-ਸੰਜਮ ਤੇ ਸੰਗੀਤ-ਸੰਜਮ, ਦੋਹਾਂ ਦਾ ਉਚਿਤ ਗਿਆਨ ਲੋੜੀਂਦਾ ਹੈ।

**********

# ਅਧਿਆਇ ਪਹਿਲਾ

# ਗੁਰੂ ਕਾਵਿ ਦੀ ਕਾਵਿਕ ਤੇ ਸੰਗੀਤਕ ਪਿੱਠ-ਭੂਮੀ

ਗੁਰੂ ਕਾਵਿ ਵਿੱਚ ਕਵਿਤਾ ਅਤੇ ਸੰਗੀਤ ਦਾ ਸੁਮੇਲ ਕੋਈ ਸੰਜੋਗੀ ਤੇ ਅਨੋਖੀ ਘਟਨਾ ਨਹੀਂ, ਸਗੋਂ ਗੁਰੂ ਸਾਹਿਬਾਨ ਤੋਂ ਪਹਿਲਾਂ ਵੀ ਕਵਿਤਾ ਤੇ ਸੰਗੀਤ ਇੱਕ ਦੂਜੇ ਨਾਲ ਸੰਬੰਧਤ ਰਹੇ ਹਨ ਤੇ ਗੁਰੂ ਸਾਹਿਬਾਨ ਨੇ ਸੁਚੇਤ ਤੌਰ ਤੇ ਸੰਗੀਤ ਨੂੰ ਕਵਿਤਾ ਦਾ ਮਾਧਿਅਮ ਬਣਾਇਆ ਹੈ। ਅਸੀਂ ਇਸ ਅਧਿਆਇ ਵਿੱਚ ਪੂਰਬ-ਗੁਰੂ ਕਾਲ ਦੀ ਭਾਰਤੀ ਕਾਵਿ ਅਤੇ ਸੰਗੀਤ ਪਰੰਪਰਾ ਦਾ ਅਧਿਐਨ ਕਰਾਂਗੇ। ਇਹ ਅਧਿਐਨ ਦੋ ਕਾਰਨਾਂ ਕਰਕੇ ਜ਼ਰੂਰੀ ਹੈ — ਇੱਕ ਤਾਂ ਇਹ ਸਿੱਧ ਕਰਨ ਲਈ ਕਿ ਗੁਰਬਾਣੀ ਦੀ ਰਚਨਾ ਇਸ ਕਾਵਿ-ਸੰਗੀਤਕ ਪਰੰਪਰਾ ਨੂੰ ਅੱਗੇ ਤੋਰਦੀ ਹੈ ਤੇ ਦੂਜਾ ਇਹ ਦੇਖਣ ਲਈ ਕਿ ਭਾਰਤੀ ਕਾਵਿ-ਸੰਗੀਤ ਦੀ ਪਰੰਪਰਾ ਨਾਲ ਸੰਬੰਧਤ ਹੋ ਕੇ ਵੀ ਗੁਰੂ ਸਾਹਿਬਾਨ ਨੇ ਕਵਿਤਾ ਅਤੇ ਸੰਗੀਤ ਨੂੰ ਵਿਲੱਖਣ ਢੰਗ ਨਾਲ ਅੰਤਰ ਸੰਬੰਧਤ ਕੀਤਾ ਹੈ ।

ਇਸ ਪਰੰਪਰਾ ਦਾ ਅਧਿਐਨ ਇਸ ਅਧਿਆਇ ਨੂੰ ਹੇਠ ਲਿਖੇ ਅਨੁਸਾਰ ਵੰਡ ਕੇ ਕੀਤਾ ਜਾ ਸਕਦਾ ਹੈ:-

(ੳ) ਕਾਵਿ ਪਰੰਪਰਾ

(ਅ) ਰਾਗ ਪਰੰਪਰਾ

(ੳ) <u>ਕਾਵਿ ਪਰੰਪਰਾ</u>:-

ਪੂਰਬ ਗੁਰੂ ਕਾਲ ਦੀ ਭਾਰਤੀ ਕਾਵਿ ਪਰੰਪਰਾ ਦਾ ਵਰਣਨ ਛੇ ਭਾਗਾਂ ਵਿੱਚ ਵੰਡ ਕੇ ਕੀਤਾ ਗਿਆ ਹੈ:

(I) ਵੈਦਿਕ ਕਾਵਿ

(II) ਮਹਾਕਾਵਿ ਤੇ ਪੌਰਾਣਿਕ ਕਾਵਿ

(III) ਬੁੱਧ ਅਤੇ ਜੈਨ ਕਾਵਿ

(IV) ਸਿੱਧ ਅਤੇ ਨਾਥ ਬਾਣੀ

(V) ਵੈਸ਼ਣਵ ਅਤੇ ਭਗਤੀ ਕਾਵਿ

(VI) ਲੋਕ-ਕਾਵਿ

(I) <u>ਵੈਦਿਕ ਕਾਵਿ:</u>

ਭਾਰਤੀ ਕਾਵਿ ਦਰਸ਼ਨ, ਧਰਮ ਤੇ ਸੰਗੀਤ ਦੀ ਪਰੰਪਰਾ ਦਾ ਆਰੰਭ ਵੇਦਾਂ ਤੋਂ ਮੰਨਿਆ ਜਾਂਦਾ ਹੈ। ਇਸ ਲਈ ਕਾਵਿਕ ਅਤੇ ਸੰਗੀਤਕ ਪਰੰਪਰਾਵਾਂ ਦਾ ਆਦਿ ਬਿੰਦੂ ਵੈਦਿਕ ਕਾਵਿ ਹੈ।

ਵੈਦਿਕ ਕਾਵਿ ਵਿੱਚ ਤਿੰਨ ਤਰ੍ਹਾਂ ਦੇ ਗ੍ਰੰਥਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ:-

1. ਸਹਿੰਤਾ — ਰਿਗ, ਯਜੁਰ, ਸਾਮ ਅਤੇ ਅਥਰਵ ।

2. ਬ੍ਰਾਹਮਣ — ਇਹਨਾਂ ਵਿੱਚ ਹੋਰ ਸਹਿੰਤਾ ਨਾਲ ਸੰਬੰਧਤ ਬਹੁਤ ਸਾਰੇ ਗ੍ਰੰਥ ਆਉਂਦੇ ਹਨ ਜਿਹਨਾਂ ਦਾ ਸੰਬੰਧ ਯੱਗਾਂ ਦੇ ਕਰਮਕਾਂਡ ਨਾਲ ਹੈ ।

3. ਆਰਣਯਕ ਤੇ ਉਪਨਿਸ਼ਦ— ਬ੍ਰਾਹਮਣ ਸਾਹਿਤ ਦੇ ਅੰਤਮ ਭਾਗ ਨੂੰ ਆਰਣਯਕ ਕਿਹਾ ਜਾਂਦਾ ਹੈ। ਇਸ ਵਿੱਚ ਯੱਗ ਵਿਧੀ ਨੂੰ ਦਾਰਸ਼ਨਿਕ ਢੰਗ ਨਾਲ ਸਮਝਾਇਆ ਗਿਆ ਹੈ। ਆਰਣਯਕ ਦੇ ਅੰਤਮ ਭਾਗ ਨੂੰ ਉਪਨਿਸ਼ਦ ਕਿਹਾ ਜਾਂਦਾ ਹੈ ਇਸ ਵਿੱਚ ਬ੍ਰਹਮ, ਜੀਵ, ਪ੍ਰਕ੍ਰਿਤੀ ਆਦਿ ਦਾ ਦਾਰਸ਼ਨਿਕ ਢੰਗ ਨਾਲ ਵਿਵੇਚਨ ਕੀਤਾ ਗਿਆ ਹੈ।[1]

ਵੇਦਾਂ ਵਿੱਚ ਭਗਤਾਂ ਵੱਲੋਂ ਦੇਵਤਿਆਂ ਦੀ ਉਸਤਤੀ ਵਿੱਚ ਰਚੀਆਂ ਗਈਆਂ ਕਈ ਤਰ੍ਹਾਂ ਦੀਆਂ ਕਵਿਤਾਵਾਂ ਹਨ। ਇਹਨਾਂ ਵਿੱਚੋਂ ਕਈ ਬੜੀਆਂ ਭਾਵਪੂਰਬ ਅਤੇ ਕਲਾ ਦੇ ਚਮਤਕਾਰਾਂ ਨਾਲ ਭਰਪੂਰ ਹਨ।[2] ਉਪਨਿਸ਼ਦਾਂ ਵਿੱਚ ਕੱਠ, ਈਸ਼, ਸ਼ਵੇਤਾਸ਼ਵਰ, ਮੰਡੂਕ ਅਤੇ ਮਹਾਂਨਾਰਾਇਣ ਉਪਨਿਸ਼ਦ ਪਦਾਤਮਕ ਹਨ। ਇਹ ਕਾਵਿਕ ਦ੍ਰਿਸ਼ਟੀ ਤੋਂ ਬੜੇ ਰੋਚਕ ਹਨ।[3]

ਛਾਂਦੋਗਯ ਉਪਨਿਸ਼ਦ ਵਿੱਚ 'ਸਾਮਨ' ਅਤੇ 'ਉਦਗੀਥ' ਦੀ ਵਿਆਖਿਆ ਕੀਤੀ ਗਈ ਹੈ। 'ਉਦਗੀਥ' ਸ਼ਬਦ ਦਾ ਅਰਥ ਹੈ — 'ਜੋ ਉੱਚੀ ਸੁਰ ਨਾਲ ਗਾਇਆ ਜਾਵੇ। ਛਾਂਦੋਗਯ ਉਪਨਿਸ਼ਦ ਵਿੱਚ ਉਦਗੀਥ ਨੂੰ ਸਾਰਿਆਂ ਰਸਾਂ ਦਾ ਰਸ ਮੰਨਿਆ ਗਿਆ ਹੈ।[4] ਇਸ ਤਰ੍ਹਾਂ ਗੀਤ ਕਾਵਿ ਦੇ ਮੁਢਲੇ ਬੀਜ ਵੈਦਿਕ ਸਾਹਿਤ ਵਿੱਚ ਪ੍ਰਾਪਤ ਹੁੰਦੇ ਹਨ ।

(ii) ਮਹਾਂਕਾਵਿ ਅਤੇ ਪੁਰਾਣ ਸਾਹਿਤ

ਮਹਾਂ ਕਾਵਿਆਂ ਵਿੱਚ ਰਾਮਾਇਣ ਤੇ ਮਹਾਂਭਾਰਤ ਅਤੇ ਪੁਰਾਣ ਸਾਹਿਤ ਵਿੱਚ 18 ਪੁਰਾਣ ਆਉਂਦੇ ਹਨ। 18 ਪੁਰਾਣਾਂ ਦੇ ਨਾਂ ਵ੍ਰਿਹਤ ਹਿੰਦੀ ਕੋਸ਼[5] ਵਿੱਚ ਇੰਜ ਦਿੱਤੇ ਹਨ — ਵਿਸ਼ਨੂੰ, ਪਦਮ, ਬ੍ਰਹਮ, ਸ਼ਿਵ, ਭਾਗਵਤ, ਨਾਰਦ, ਮਾਰਕੰਡੇਯ, ਅਗਨੀ, ਬ੍ਰਹਮ ਵੈਵਰਤ, ਲਿੰਗ, ਵਰਾਹ, ਸਕੰਦ, ਵਾਮਨ, ਕੁਰਮ, ਮਤਸਯ, ਗਰੁੜ, ਬ੍ਰਹਮੰਡ ਅਤੇ ਭਵਿਖਤ ।

ਬਾਲਮੀਕ ਰਚਿਤ ਰਾਮਾਇਣ, ਕਵਿਤਾ ਦੀ ਦ੍ਰਿਸ਼ਟੀ ਤੋਂ, ਇੱਕ ਉੱਤਮ ਗ੍ਰੰਥ ਹੈ। ਇਸ ਵਿੱਚ ਲੇਖਕ ਨੇ ਕਈ ਥਾਵਾਂ ਤੇ ਅਲੰਕਾਰਾਂ ਅਤੇ ਛੰਦਾਂ ਦੀ ਯੋਗ ਵਰਤੋਂ ਕਰਕੇ ਆਪਣੀ ਕਾਵਿਕ ਪ੍ਰਤਿਭਾ ਦਾ ਸਬੂਤ ਦਿੱਤਾ ਹੈ। ਇਸ ਦਾ ਕਾਵਿ ਰੂਪ ਗੀਤਾਤਮਕ ਹੈ ਅਤੇ ਆਖਦੇ ਹਨ ਕਿ ਇਸਦਾ ਗਾਇਨ ਲਵ ਅਤੇ ਕੁਸ਼ ਦੁਆਰਾ ਕੀਤਾ ਗਿਆ ਸੀ।[6]

---

1. ਸ਼ਿਵ ਦੱਤ 'ਗਿਆਨੀ', ਭਾਰਤੀਯ ਸੰਸਕ੍ਰਿਤੀ, ਪੰਨਾ 239-40
2. ਰਾਹੁਲ ਸਾਂਕ੍ਰਤਯਾਯਨ, ਦਰਸ਼ਨ ਦਿਗਦਰਸ਼ਨ, ਪੰਨਾ 382
3. ਸ਼ਿਵਦੱਤ 'ਗਿਆਨੀ' ਭਾਰਤੀਯ ਸੰਸਕ੍ਰਿਤੀ ਪੰਨਾ 247
4. 'ਛਾਂਦੋਗਯੋਪਨਿਸ਼ਦ' ਸ਼ੰਕਰ ਭਾਸ਼ਯਾਰਥ (ਹਿੰਦੀ ਅਨੁਵਾਦ), ਪੰਨਾ 33
5. ਕਾਲਿਕਾ ਪ੍ਰਸਾਦ(ਸੰ.), ਬ੍ਰਹਤ ਹਿੰਦੀ ਕੋਸ਼, ਪੰਨਾ 808
6. ਅਚਾਰੀਆ ਬ੍ਰਿਹਸਪਤੀ, ਸੰਗੀਤ ਚਿੰਤਮਣੀ, ਪੰਨਾ 31

ਮਹਾਭਾਰਤ ਗ੍ਰੰਥ ਰਿਸ਼ੀ ਵਿਆਸ ਦੀ ਰਚਨਾ ਮੰਨੀ ਜਾਂਦੀ ਹੈ। ਇਸ ਦੇ ਲੱਗਭਗ 200 ਹਜ਼ਾਰ ਸਲੋਕ ਹਨ ਇਸ ਵਿੱਚ ਭਰਤ ਵੰਸ਼ ਦੇ ਚਰਿਤਰ ਅਤੇ ਕੌਰਵਾਂ-ਪਾਂਡਵਾਂ ਵਿੱਚ ਹੋਏ ਮਹਾਂਯੁਧ ਦਾ ਵਰਣਨ ਹੈ। ਇਸੇ ਮਹਾਂਕਾਵਿ ਵਿੱਚ ਭਗਵਾਨ ਕ੍ਰਿਸ਼ਨ ਵੱਲੋਂ ਉਚਾਰੀ ਗੀਤਾ ਵੀ ਸ਼ਾਮਿਲ ਹੈ।

ਪੁਰਾਣਾਂ ਵਿੱਚੋਂ ਕੁਝ ਪੁਰਾਣਾਂ ਵਿੱਚ ਉਸ ਵੇਲੇ ਦੀਆਂ ਪ੍ਰਚਲਤ ਕਥਾਵਾਂ ਦਰਜ ਹਨ। ਵਿਸ਼ਨੂੰ ਪੁਰਾਣ ਵਿੱਚ ਵਿਸ਼ਨੂੰ, ਲਛਮੀ ਅਤੇ ਪ੍ਰਹਿਲਾਦ ਆਦਿ ਬਾਰੇ ਕਥਾਵਾਂ ਦਿੱਤੀਆਂ ਗਈਆਂ ਹਨ। ਬ੍ਰਹਮ ਵੈਵਰਤ ਪੁਰਣ ਦੇ ਚਾਰ ਭਾਗ ਹਨ। ਇਸ ਵਿੱਚ ਕ੍ਰਿਸ਼ਣ ਭਗਤੀ ਉੱਤੇ ਬਹੁਤਾ ਜ਼ੋਰ ਦਿੱਤਾ ਗਿਆ ਹੈ ਅਤੇ ਕ੍ਰਿਸ਼ਨ ਦੀ ਉਸਤਤੀ ਤੇ ਰਾਧਾ ਆਦਿ ਗੋਪੀਆਂ ਦੀ ਪ੍ਰੇਮ ਕ੍ਰੀੜਾ ਦਾ ਵਰਣਨ ਬੜੇ ਕਲਾਮਈ ਢੰਗ ਨਾਲ ਕੀਤਾ ਗਿਆ ਹੈ ।

ਇਹਨਾਂ ਮਹਾਨ ਕਿਰਤਾਂ ਨੇ ਆਉਣ ਵਾਲੇ ਭਾਰਤੀ ਸਾਹਿਤ ਉਪਰ ਬੜਾ ਡੂੰਘਾ ਅਸਰ ਪਾਇਆ ਹੈ।[1] ਇਹਨਾਂ ਦਾ ਕਾਵਿਕ ਪੱਖ ਭਾਵੇਂ ਇੰਨਾ ਸਪਸ਼ਟ ਨਹੀਂ ਪਰ ਇਹਨਾਂ ਦਾ ਦਰਸ਼ਨ ਅਤੇ ਕਥਾ ਰੂੜੀਆਂ ਆਦਿ ਸਦਾ ਹੀ ਅਗਲੇਰੇ ਭਾਰਤੀ ਸਾਹਿਤ ਦੇ ਪ੍ਰੇਰਣਾ ਸਰੋਤ ਰਹੇ ਹਨ ।

(iii) <u>ਬੁੱਧ ਅਤੇ ਜੈਨ ਕਾਵਿ:-</u> ਬੁੱਧ ਧਰਮ ਭਾਵੇਂ ਹਿੰਦੂ ਧਰਮ ਦੀ ਕੱਟੜਤਾ ਅਤੇ ਕਰਮਕਾਂਡ ਦੇ ਵਿਰੋਧ ਵਿੱਚੋਂ ਪੈਦਾ ਹੋਇਆ ਪਰ ਇਸ ਦੇ ਸਾਹਿਤ ਵਿੱਚ ਵੈਦਿਕ ਸਾਹਿਤ ਦੀ ਕਾਵਿਕ ਪਿਰਤ ਭਲੀਭਾਂਤ ਦ੍ਰਿਸ਼ਟੀਗੋਚਰ ਹੁੰਦੀ ਹੈ ।

ਬੋਧ ਭਿਖਸ਼ੁਣੀਆਂ ਵੱਲੋਂ ਗਾਏ ਗੀਤਾਂ ਦਾ ਜੋ ਸੰਗ੍ਰਹਿ ਮਿਲਦਾ ਹੈ ਉਸਨੂੰ 'ਥੇਰੀ ਗਾਥਾ' ਕਿਹਾ ਜਾਂਦਾ ਹੈ। ਇਸ ਗ੍ਰੰਥ ਦੀ ਕਵਿਤਾ ਦਾ ਰੂਪ ਗੀਤ-ਕਾਵਿ ਨਾਲ ਮਿਲਦਾ ਜੁਲਦਾ ਹੈ। ਇਥੇ ਕੁਝ ਖਾਸ ਤੁਕਾਂ ਦੇ ਮੁੜ ਮੁੜ ਦੁਹਰਾਉ ਨਾਲ ਗੀਤਾਤਮਕਤਾ ਪੈਦਾ ਕਰਨ ਦੀ ਵਿਧੀ ਅਪਣਾਈ ਗਈ ਹੈ। ਇਹਨਾਂ ਕਵਿਤਾਵਾਂ ਵਿੱਚੋਂ ਕੁਝ ਕਵਿਤਾਵਾਂ ਕੁਦਰਤ ਦੇ ਚਿਤਰਣ ਕਰਕੇ ਭਾਰਤੀ ਗੀਤ ਸਾਹਿਤ ਦਾ ਸੁੰਦਰ ਨਮੂਨਾ ਬਣ ਗਈਆਂ ਹਨ।[2] ਬੋਧੀ ਕਵੀ ਅਸ਼ਵਘੋਸ਼ ਦੀ 'ਗਾਂਧੀ ਸਤੋਤਰ' ਨਾਮਕ ਕਵਿਤਾ ਵਿਸ਼ੇ ਅਤੇ ਰੂਪ ਦੇ ਪੱਖੋਂ ਖਾਸ ਤੌਰ ਤੇ ਵਰਣਨ ਕੀਤੀ ਜਾਂਦੀ ਰਹੀ ਹੈ।[3]

ਜੈਨ ਧਰਮ ਗ੍ਰੰਥਾਂ ਦੇ ਬਾਰਾਂ ਅੰਗ ਹਨ :

1. ਆਚਾਰ ਅੰਗ
2. ਸੂਤਰ ਕ੍ਰਿਤ ਅੰਗ
3. ਸਥਾਨ ਅੰਗ
4. ਸਮ ਵਯਾ ਅੰਗ
5. ਵਿਆਖਿਆ ਪ੍ਰਗਿਆਪਤੀ
6. ਗਿਆਤ ਧਰਮ ਕਥਾ

---

1. ਗਣਪਤਿ ਚੰਦਰ ਗੁਪਤ, <u>ਹਿੰਦੀ ਸਾਹਿਤਯ ਕਾ ਵੈਗਿਆਨਿਕ ਇਤਿਹਾਸ</u>, ਪੰਨਾ 78
2. ਉਮੇਸ਼ ਜੋਸ਼ੀ, '<u>ਭਾਰਤੀ ਸੰਗੀਤ ਕਾ ਇਤਿਹਾਸ</u>, ਪੰਨਾ 119-20
3. Maurice Winternitz, <u>History of Indian Literature</u>, Vol.II Page 257.

7. ਉਪਾਸਕ ਦਸ਼ਾ

8. ਅੰਤ ਕ੍ਰਿਦਸ਼ਾ

9. ਅਨੁਤਰੋਪਪਾਤਕ ਦਸ਼ਾ

10. ਪ੍ਰਸ਼ਨ ਵਿਆਕਰਣੰਨਿ

11. ਵਿਪਾਕ ਸੂਤਰਮ

12. ਦ੍ਰਿਸ਼ਟੀਵਾਦ

ਇਹਨਾਂ ਤੋਂ ਬਿਨਾਂ 12 ਉਪ ਅੰਗ, 10 ਪ੍ਰਕੀਰਣ, 6 ਛੇਦ ਸੂਤਰ, 4 ਮੂਲ ਸੂਤਰ ਅਤੇ ਨੰਦ ਸੂਤਰ ਮਹੱਤਵਪੂਰਨ ਗ੍ਰੰਥ ਹਨ।[1]

ਜੈਨ ਸਾਹਿਤ ਵਿੱਚ ਵੀ ਗੀਤ-ਕਾਵਿ ਦੇ ਕੁਝ ਉੱਤਮ ਨਮੂਨੇ ਮਿਲਦੇ ਹਨ। ਮਹਾਂਵੀਰ ਦੀ ਉਸਤਤੀ ਵਿੱਚ ਰਚਿਆ ਗਿਆ ਉਦਾਸੰਗਿਹਰ ਸਤੋਤਰ ਉਲੇਖ ਯੋਗ ਹੈ।[2]

(IV) ਸਿੱਧ ਅਤੇ ਨਾਥ ਬਾਣੀ

ਬੁੱਧ ਧਰਮ ਦੀ ਮਹਾਯਾਨ ਸ਼ਾਖਾ ਤੰਤਰ ਮੰਤਰ ਦੀਆਂ ਪਧਤੀਆਂ ਨੂੰ ਅਪਣਾਉਂਦਾ ਹੋਇਆ ਅਠਵੀਂ-ਨੌਵੀਂ ਸਦੀ ਈਸਵੀ ਵਿੱਚ ਇੱਕ ਨਵੀਂ ਸੰਪਰਦਾ ਦੇ ਰੂਪ ਵਿੱਚ ਪਰਿਵਰਤ ਹੋ ਗਈ, ਜਿਸ ਨੂੰ ਵਜਰਯਾਨ ਕਿਹਾ ਜਾਂਦਾ ਹੈ। ਇਸ ਵਜਰਯਾਨ ਸ਼ਾਖਾ ਦੇ ਸਾਧਕਾਂ ਨੂੰ ਸਿੱਧ ਕਿਹਾ ਗਿਆ ਹੈ। ਸਿੱਧ ਸਾਹਿਤ ਵਿੱਚ ਦੋਹੇ, ਪਦੇ ਅਤੇ ਉਲਟਬਾਸੀਆਂ ਆਦਿ ਛੰਦ-ਕਾਵਿ-ਰੂਪਾਂ ਦਾ ਪ੍ਰਯੋਗ ਕੀਤਾ ਗਿਆ ਹੈ। ਪਦਿਆਂ ਵਿੱਚ ਚਰਯਾਪਦ, ਸਰਹਪਦ, ਲੂਈਪਦ, ਕਨ੍ਹਪਦ ਆਦਿ ਵੰਨਗੀਆਂ ਦੇ ਪਦੇ ਮਿਲਦੇ ਹਨ। ਸਿੱਧ ਕਾਵਿ ਦੀ ਭਾਸ਼ਾ ਲੋਕ ਬੋਲੀ (ਅਪਭ੍ਰੰਸ਼) ਹੈ ਅਤੇ ਇਸ ਦਾ ਰੂਪ ਲੋਕ ਕਾਵਿ ਰੂਪਾਂ ਵਾਲਾ ਇਸ ਇਸ ਲਈ ਇਹ ਕਾਵਿ ਲੋਕਾਂ ਵਿੱਚ ਹਰਮਨ ਪਿਆਰਾ ਰਿਹਾ ਹੈ।

ਨਾਥ ਬਾਣੀ

ਇਤਿਹਾਸਕ ਵਿਕਾਸ ਦੀ ਦ੍ਰਿਸ਼ਟੀ ਤੋਂ ਨਾਥ-ਸੰਪਰਦਾ ਸਿੱਧ-ਸੰਪਰਦਾ ਦਾ ਵਿਕਸਤ ਤੇ ਸ਼ਕਤੀਸ਼ਾਲੀ ਰੂਪ ਹੈ। ਨਾਥ ਮੱਤ ਦੀਆਂ ਮਛੰਦਰ ਨਾਥੀ ਅਤੇ ਗੋਰਖ ਨਾਥੀ ਦੋ ਸ਼ਾਖਾਵਾਂ ਹਨ। ਗੋਰਖ ਨਾਥੀ ਮੱਤ ਨੂੰ ਆਮ ਤੌਰ ਤੇ ਜੋਗ ਮੱਤ ਕਿਹਾ ਜਾਂਦਾ ਹੈ। ਗੋਰਖਨਾਥ ਦੇ ਨਾਮ ਨਾਲ ਕਾਫੀ ਬਾਣੀ ਸੰਬੰਧਿਤ ਕੀਤੀ ਜਾਂਦੀ ਹੈ। ਪਰ ਪ੍ਰਮਾਣਿਕ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ:[3]

1. ਸਬਦੀ
2. ਪਦ
3. ਸਿਖਯਾ ਦਰਸ਼ਨ
4. ਪ੍ਰਾਣ ਸੰਗਲੀ
5. ਨਰਵੈ ਬੋਧ

---

1. ਜਗਨ ਨਾਥ ਸ਼ਰਮਾ, ਹਮਾਰਾ ਸਾਂਸਕ੍ਰਿਤਕ ਸਾਹਿਤ, ਪੰਨਾ 56

~~2. ਪੁਰਸ਼ੋਤਮ ਚੰਦ ਬੜਥਵਾਲ (ਸੰਪਾ.) ਗੋਰਖਬਾਣੀ~~

2. Maurice Winternitz A History of Indian Literature vol. II P. 257

3. ਪੀਤਾਂਬਰ ਦੱਤ ਬੜਥਵਾਲ (ਸੰ.) ਗੋਰਖਬਾਣੀ

6. ਆਤਮ ਬੋਧ
7. ਅਭੈ ਮਾਤਰਾ ਜੋਗ
8. ਪੰਦਰਮ ਥਿਤੀ
9. ਸਪਤਵਾਰ
10. ਮਛੰਦਰ-ਗੋਰਖ ਬੋਧ
11. ਰੋਮਾਵਲੀ
12. ਗਿਆਨ ਤਿਲ
13. ਗਿਆਨ ਚਾਲੀਹਾ
14. ਪੰਚ ਮਾਤਰਾ

ਨਾਥੀ ਬਾਣੀ ਦੇ ਰੂਪਕ ਪੱਖ ਬਾਰੇ ਡਾ. ਹਜ਼ਾਰੀ ਪ੍ਰਸਾਦ ਦਿਵੇਦੀ[1] ਦਾ ਕਥਨ ਹੈ ਕਿ ਨਾਥ ਸੰਪਰਦਾਇ ਦੀਆਂ ਬਹੁਤ ਸਾਰੀਆਂ ਰਚਨਾਵਾਂ ਸੰਵਾਦ ਦੇ ਰੂਪ ਵਿੱਚ ਮਿਲਦੀਆਂ ਹਨ। ਇੰਜ ਲਗਦਾ ਹੈ ਕਿ ਦੋ ਮਹਾਤਮਾਵਾਂ ਦੇ ਸੰਵਾਦ ਦੇ ਰੂਪ ਵਿੱਚ ਆਪਣੇ ਦਾਰਸ਼ਨਿਕ ਮੱਤ ਅਤੇ ਧਾਰਮਿਕ ਵਿਸ਼ਵਾਸ ਨੂੰ ਪ੍ਰਗਟ ਕਰਨ ਦੀ ਇਹ ਪਧਤੀ ਨਾਥ ਪੰਥੀਆਂ ਦਾ ਆਪਣਾ ਆਵਿਸ਼ਕਾਰ ਹੈ। ਮਛੰਦਰ ਗੋਰਖ ਬੋਧ ਜਿਸਨੂੰ ਸੰਖੇਪ ਵਿੱਚ ਗੋਰਖ ਬੋਧ ਕਿਹਾ ਜਾਂਦਾ ਹੈ ਅਜੇਹਾ ਹੀ ਸੰਵਾਦ ਹੈ। ਇਸ ਨੂੰ ਗੋਸਟਿ ਵੀ ਕਿਹਾ ਜਾਂਦਾ ਹੈ। ਗੋਰਖ ਨਾਥ ਦੀ ਬਾਣੀ ਵਿੱਚ ਸਪਤਾਵਰ ਅਤੇ ਆਰਤੀ ਲੋਕ-ਕਾਵਿ ਰੂਪਾਂ ਦਾ ਪ੍ਰਯੋਗ ਹੋਇਆ ਹੈ। ਛੰਦਾਂ ਵਿੱਚੋਂ ਨਾਥਾਂ ਨੂੰ ਦੋਹਾ ਅਤੇ ਚੌਪਈ ਹੀ ਬਹੁਤੇ ਪਿਆਰੇ ਛੰਦ ਲਗਦੇ ਸਨ ।

## (੪) ਵੈਸ਼ਨਵ ਕਾਵਿ ਅਤੇ ਭਗਤੀ ਕਾਵਿ

ਵੈਸ਼ਨਵ ਕਾਵਿ ਧਾਰਾ ਦਾ ਆਰੰਭ ਭਾਵੇਂ ਪੰਜਵੀਂ ਸਦੀ ਵਿੱਚ ਹੁੰਦਾ ਹੈ ਪਰ ਇਹ ਗੁਰੂ ਕਾਵਿ-ਧਾਰਾ ਦੇ ਬੜੀ ਨੇੜੇ ਢੁਕਦੀ ਹੈ ਕਿਉਂਕਿ ਇਹੀ ਧਾਰਾ ਕੁਝ ਕੁ ਰੂਪਾਂਤਰਣ ਨਾਲ ਭਗਤੀ ਕਾਵਿ ਧਾਰਾ ਬਣ ਜਾਂਦੀ ਹੈ ਜਿਸ ਦਾ ਸਿਖਰ ਸਿੱਖ ਗੁਰੂ ਕਾਵਿ ਧਾਰਾ ਨੂੰ ਮੰਨਿਆ ਜਾ ਸਕਦਾ ਹੈ ।

ਮੁੱਢ ਵਿੱਚ ਵੈਸ਼ਨਵ ਧਰਮ ਸਾਧਨਾ ਦਾ ਨਾਉਂ ਏਕਾਂਤਕ ਧਰਮ ਸੀ ਪਰ ਬਾਅਦ ਵਿੱਚ ਇਸ ਨੂੰ ਨਾਰਾਇਣੀਯ, ਪ੍ਰਾਂਚਰਾਤ੍ਰ, ਵਾਸਦੇਵ, ਵੈਸ਼ਨਵ, ਸਾਤਵਤ, ਭਾਗਵਤ, ਭਗਤੀ ਮਾਰਗ ਆਦਿ ਨਾਉਂ ਵੀ ਦਿੱਤੇ ਗਏ। ਅੱਗੇ ਜਾ ਕੇ ਭਾਗਵਤ ਅਤੇ ਵੈਸ਼ਨਵ ਦੋ ਨਾਉਂ ਹੀ ਸਭ ਤੋਂ ਵੱਧ ਪ੍ਰਚਲਤ ਹੋਏ।[2]

ਵੈਸ਼ਨਵ ਸਾਹਿਤ ਵਿੱਚ ਪੌਰਾਣਿਕ ਕਥਾਵਾਂ, ਮੂਰਤੀ ਪੂਜਾ, ਕਰਮਕਾਂਡ ਅਤੇ ਯਗ ਵਿਧਾਨ ਦੀ ਪ੍ਰੋੜਤਾ ਕੀਤੀ ਗਈ ਹੈ। ਇਸ ਵਿੱਚ ਬ੍ਰਹਮ ਨੂੰ ਅਵਤਾਰਾਂ ਦੇ ਰੂਪ ਵਿੱਚ ਕਲਪ ਕੇ ਉਸ ਦੀ ਪ੍ਰੇਮਾ ਭਗਤੀ ਕੀਤੀ ਗਈ ਹੈ।

ਵੈਸ਼ਨਵ ਕਾਵਿ ਵਿੱਚ ਸਪਤ ਪਦੀਆਂ ਅਤੇ ਅਸ਼ਟਪਦੀਆਂ ਆਦਿ ਗਾਏ ਜਾਣ ਵਾਲੇ ਕਾਵਿ ਰੂਪਾਂ ਦੀ ਹੀ ਬਹੁਤੀ ਰਚਨਾ ਕੀਤੀ ਗਈ ਹੈ।[3] ਵੈਸ਼ਨਵ ਕਾਵਿ ਧਾਰਾ ਵਿੱਚ ਜੈ ਦੇਵ ਦਾ 'ਗੀਤ ਗੋਬਿੰਦ' ਇੱਕ ਮਹੱਤਵਪੂਰਨ ਰਚਨਾ ਹੈ। ਇਹ ਗ੍ਰੰਥ ਰਾਧਾ ਕ੍ਰਿਸ਼ਣ ਭਗਤੀ ਨਾਲ ਸੰਬੰਧਤ ਗੀਤਾਂ ਦਾ ਸੰਗ੍ਰਹਿ ਹੈ। ਇਸ

---

1. ਹਜ਼ਾਰੀ ਪ੍ਰਸਾਦ ਦਿਵੇਦੀ, ਨਾਥ ਸੰਪਰਦਾਇ ([illegible]) ਪੰਨਾ 221
2. R.G. Bhandarkar, Vaisnavism, Savism and other Minor Religion Systems Page 142.
3. Parjananand, Historical Development of Indian Music Page 259 - 261-262

ਗ੍ਰੰਥ ਵਿੱਚ ਅਸ਼ਟਪਦੀ ਕਾਵਿ ਰੂਪ ਬਹੁਤਾ ਪ੍ਰਯੋਗ ਕੀਤਾ ਗਿਆ ਹੈ।[1]

ਭਗਤੀ ਕਾਵਿ ਧਾਰਾ:

ਜਿਵੇਂ ਕਿ ਅਸੀਂ ਪਹਿਲਾਂ ਹੀ ਦੱਸ ਚੁੱਕੇ ਹਾਂ ਕਿ ਵੈਸ਼ਣਵ ਭਗਤੀ ਧਾਰਾ ਨੇ ਹੀ ਭਗਤੀ ਲਹਿਰ ਦਾ ਰੂਪ ਧਾਰਿਆ ਸੀ। ਇਸ ਲਹਿਰ ਨੂੰ ਨਿਖਰਵੇਂ ਰੂਪ ਵਿੱਚ ਪ੍ਰਚਲਤ ਕਰਨ ਦਾ ਸਿਹਰਾ ਰਾਮਾਨੰਦ (1366-1467 ਈ.) ਦੇ ਸਿਰ ਹੈ। ਰਾਮਾਨੰਦ ਦੱਖਣ ਦੇ ਪ੍ਰਸਿੱਧ ਵੈਸ਼ਣਵ ਸੰਤ ਰਾਮਾਨੁਜ ਦੀ ਸੰਪਰਦਾ ਨਾਲ ਸੰਬੰਧਤ ਸੀ। ਇਹ ਆਪ ਵੀ ਪਹਿਲਾਂ ਵੈਸ਼ਣਵ ਸੀ ਪਰ ਬਾਅਦ ਵਿੱਚ ਨਿਰਗੁਣ-ਵਾਦੀ ਹੋ ਗਿਆ ਸੀ। ਰਾਮਾਨੰਦ ਦੇ ਕਈ ਚੇਲੇ ਹੋਏ ਹਨ: ਅਨੰਤਾਨੰਦ, ਸੁਰਸੁਰਾਨੰਦ, ਸੁਖਾ ਨੰਦ, ਨਰਹਰਿਆ ਨੰਦ, ਯੋਗਾਨੰਦ, ਭਾਵਨੰਦ, ਗਾਲਵਾ ਨੰਦ, ਧਨੇਸ਼ਵਰ, ਰਾਮਦਾਸ, ਪੀਪਾ ਜੀ, ਸੈਣ, ਕਬੀਰ, ਰਵਿਦਾਸ ਆਦਿ।[2] ਇਹਨਾਂ ਵਿੱਚੋਂ ਬਹੁਤ ਪ੍ਰਸਿੱਧ ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਹਨ ਅਤੇ ਇਹ ਹੀ ਭਗਤੀ ਕਾਵਿਧਾਰਾ ਦੇ ਮੋਢੀ ਗਿਣੇ ਜਾ ਸਕਦੇ ਹਨ ।

ਭਗਤ ਕਬੀਰ ਅਤੇ ਭਗਤ ਰਵਿਦਾਸ ਤੋਂ ਪਹਿਲਾਂ ਨਾਮਦੇਵ ਜੀ ਵੀ ਭਗਤੀ ਕਾਵਿਧਾਰਾ ਦੀ ਵਿਚਾਰ ਧਾਰਾ ਅਨੁਸਾਰ ਕਾਵਿ ਰਚਨਾ ਕਰ ਚੁੱਕੇ ਸਨ। ਫਿਰ ਵੀ ਕਈ ਵਿਦਵਾਨਾਂ ਨੇ ਭਗਤ ਕਬੀਰ ਨੂੰ ਹੀ ਆਦਿ ਸੰਤ ਕਿਹਾ ਹੈ।[3] ਇਸ ਦਾ ਮੁੱਖ ਕਾਰਣ ਇਹ ਹੀ ਹੈ ਕਿ ਉੱਤਰ ਭਾਰਤ ਦੇ ਪ੍ਰਮੁੱਖ ਸੰਤ ਕਵੀ ਭਗਤ ਕਬੀਰ ਹੀ ਹਨ ਜਦੋਂ ਕਿ ਨਾਮਦੇਵ ਜੀ ਦੱਖਣ ਦੇ ਅਤੇ ਕਬੀਰ ਜੀ ਤੋਂ ਹੀ ਪਹਿਲਾਂ ਹੋਏ ਜੈਦੇਵ ਬੰਗਾਲ ਦੇ ਰਹਿਣ ਵਾਲੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਵੀ ਭਗਤ ਬਾਣੀ ਦੇ ਸੰਕਲਨ ਵਿੱਚ ਵੀ ਭਗਤ ਕਬੀਰ ਨੂੰ ਹੀ ਪਹਿਲ ਦਿੱਤੀ ਗਈ ਹੈ।

ਭਗਤੀ ਲਹਿਰ ਦੇ ਭਗਤਾਂ ਵਿੱਚੋਂ ਕਬੀਰ, ਰਵਿਦਾਸ, ਪੀਪਾ, ਸੈਣ, ਧੰਨਾ, ਭੀਖਨ, ਪਰਮਾਨੰਦ, ਸੂਰਦਾਸ ਆਦਿ ਨੇ ਕਾਵਿ ਰਚਨਾ ਕੀਤੀ ਹੈ। ਕਬੀਰ ਜੀ ਤੋਂ ਪਹਿਲਾਂ ਜੈਦੇਵ, ਤ੍ਰਿਲੋਚਨ, ਨਾਮਦੇਵ, ਸਧਨਾ, ਬੇਣੀ, ਰਾਮਾਨੰਦ ਆਦਿ ਦੀ ਕਾਵਿ ਰਚਨਾ ਦੀਆਂ ਵੰਨਗੀਆਂ ਵੀ ਉਪਲਬਧ ਹਨ ।

ਇਸ ਕਾਵਿ ਧਾਰਾ ਦੇ ਕੁਝ ਖਾਸ ਲੱਛਣ ਇਸ ਪ੍ਰਕਾਰ ਹਨ:

ਲੋਕ ਬੋਲੀ—

ਇਹਨਾਂ ਭਗਤ ਕਵੀਆਂ ਨੇ ਆਪਣਾ ਸੁਨੇਹਾ ਆਮ ਲੋਕਾਂ ਤੱਕ ਪਹੁੰਚਾਉਣਾ ਸੀ। ਇਸ ਲਈ ਇਹਨਾਂ ਨੇ ਉਸ ਵੇਲੇ ਦੀ ਪ੍ਰਚਲਤ ਲੋਕ ਬੋਲੀ ਨੂੰ ਅਪਣਾਇਆ। ਇਹਨਾਂ ਨੇ ਹਿੰਦੂ ਪਰੋਹਤ ਵਰਗ ਦੀ ਸਨਮਾਨਿਤ ਭਾਸ਼ਾ ਸੰਸਕ੍ਰਿਤ ਅਤੇ ਰਾਜ ਭਾਸ਼ਾ ਫਾਰਸੀ ਨੂੰ ਪ੍ਰਯੋਗ ਕਰਨ ਤੋਂ ਸੰਕੋਚ ਕੀਤਾ। ਭਗਤ ਕਵੀਆਂ ਦੀ ਭਾਸ਼ਾ ਕੇਵਲ ਖੇਤਰੀ ਹੀ ਨਹੀਂ ਸੀ ਸਗੋਂ ਉਸ ਸਮੇਂ ਲੱਗਭਗ ਸਾਰੇ ਭਾਰਤ ਵਿੱਚ ਸਮਝੀ ਜਾਣ ਵਾਲੀ ਭਾਸ਼ਾ ਸੀ। ਸਾਧਾਂ ਸੰਤਾਂ ਰਾਹੀਂ ਪ੍ਰਚਰਿਤ ਹੋਣ ਕਾਰਨ ਇਸ ਨੂੰ 'ਸਾਧ ਭਾਸ਼ਾ' ਵੀ ਕਿਹਾ ਜਾਂਦਾ ਹੈ। ਮਹਾਰਾਸ਼ਟਰ ਦੇ ਨਾਮਦੇਵ, ਬੰਗਾਲ ਦੇ ਜੈਦੇਵ, ਯੂ.ਪੀ. ਦੇ ਕਬੀਰ ਅਤੇ ਪੰਜਾਬ ਦੇ ਗੁਰੂ ਕਵੀਆਂ ਦੀ ਭਾਸ਼ਾ ਵਿੱਚ ਇੱਕ ਾਸ ਕਸਮ ਦੀ ਸ ਾਨਤਾ ਹੈ।

1. ਸੁਭਦਰਾ ਚੌਧਰੀ, "ਪ੍ਰਬੰਧ ਕੇ ਇਤਿਹਾਸ ਮੇਂ 'ਗੀਤ ਗੋਵਿੰਦ' ਕਾ ਸਥਾਨ", 'ਸੰਗੀਤ' (ਜਨਵਰੀ 1970) ਪੰਨਾ 38
2. ਪ੍ਰਕਾਸ਼ ਸਿੰਘ (ਪ੍ਰੋ:) "ਭਗਤੀ ਲਹਿਰ, ਭਗਤ ਰਵਿਦਾਸ ਤੇ ਉਹਨਾਂ ਦੀ ਬਾਣੀ", ਪੰਜਾਬੀ ਦੁਨੀਆਂ (ਜੁਲਾਈ-ਅਗਸਤ 1971) ਪੰਨਾ 6
3. ਪਰਸ਼ੂ ਰਾਮ ਚਤੁਰਵੇਦੀ (ਆਚਾਰੀਆ) ਉੱਤਰੀ ਭਾਰਤ ਕੀ ਸੰਤ ਪਰੰਪਰਾ ਪੰਨਾ 10

ਇਹ ਭਗਤ ਕਵੀ ਚਿੰਤਕ ਪਹਿਲਾਂ ਸਨ ਤੇ ਕਵੀ ਬਾਅਦ ਵਿੱਚ। ਇਹਨਾਂ ਦਾ ਮੁੱਖ ਤਾਤਪਰਜ ਆਪਣੇ ਵਿਚਾਰਾਂ ਨੂੰ ਲੋਕਾਂ ਤੱਕ ਪੁਚਾਉਣਾ ਸੀ। ਇਸ ਲਈ ਉਹਨਾਂ ਨੂੰ ਜਿਹੜਾ ਵੀ ਕਾਵਿ ਰੂਪ ਆਪਣੇ ਵਿਚਾਰ ਪ੍ਰਗਟ ਕਰਨ ਵਿੱਚ ਸਹਾਇਕ ਜਾਪਿਆ ਉਹਨਾਂ ਉਸ ਵਿੱਚ ਹੀ ਕਾਵਿ ਰਚਨਾ ਕਰ ਦਿੱਤੀ। ਮੁੱਖ ਰੂਪ ਵਿੱਚ ਇਹਨਾਂ ਨੇ ਨਾਥਾਂ ਜੋਗੀਆਂ ਵਾਂਗ ਲੋਕ-ਕਾਵਿ ਰੂਪ ਹੀ ਅਪਣਾਏ ਹਨ। ਬਹੁਤੇ ਕਵੀਆਂ ਨੇ ਪਦਿਆਂ ਦਾ ਪ੍ਰਯੋਗ ਕੀਤਾ ਹੈ। ਭਗਤ ਕਬੀਰ ਨੇ ਪਦਿਆਂ ਦੇ ਨਾਲ ਨਾਲ ਬਾਵਨ-ਅਖਰੀ,[1] ਥਿਤੀ,[2] ਸਤ ਵਾਰ ਆਦਿ ਕਾਵਿ ਰੂਪਾਂ ਦਾ ਪ੍ਰਯੋਗ ਵੀ ਕੀਤਾ ਹੈ। ਭਗਤ ਕਬੀਰ ਜੀ ਨੇ ਸਲੋਕ[3] ਕਾਵਿ ਰੂਪ ਦਾ ਵੀ ਪ੍ਰਯੋਗ ਕੀਤਾ ਹੈ। ਇਸ ਸਲੋਕ ਕਾਵਿ ਰੂਪ ਦਾ ਮੁੱਖ ਛੰਦ ਦੋਹਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਕਵੀਆਂ ਰਾਹੀਂ ਰਚੇ 'ਆਰਤੀ' ਦੇ ਕੁਝ ਪਦੇ ਵੀ ਦਰਜ ਕੀਤੇ ਗਏ ਹਨ ਭਾਵੇਂ ਇਹਨਾਂ ਉੱਪਰ 'ਆਰਤੀ' ਦਾ ਵਿਸ਼ੇਸ਼ ਸਿਰਲੇਖ ਨਹੀਂ ਪਰ ਫੇਰ ਵੀ ਵਿਸ਼ੇ ਵਸਤੂ ਦੇ ਪੱਖੋਂ ਇਹ 'ਆਰਤੀ' ਹੀ ਕਹੇ ਜਾਂਦੇ ਹਨ। ਆਦਿ ਗ੍ਰੰਥ ਵਿੱਚ ਭਗਤ ਕਬੀਰ,[4] ਰਵਿਦਾਸ, ਸੈਣ ਅਤੇ ਭਗਤ ਧੰਨਾ[5] ਜੀ ਦੇ ਅਜੇਹੇ ਪਦੇ ਉਪਲਬਧ ਹਨ। ਆਰਤੀ ਕਾਵਿ ਰੂਪ ਦਾ ਪ੍ਰਯੋਗ ਨਾਥ ਬਾਣੀ ਵਿੱਚ ਵੀ ਹੋਇਆ ਹੈ।[6] ਇਸ ਤਰ੍ਹਾਂ ਭਗਤੀ ਕਾਵਿ ਧਾਰਾ ਵਿੱਚ ਬਹੁਤੇ ਕਾਵਿ ਰੂਪ ਲੋਕ ਕਾਵਿ ਅਤੇ ਨਾਥ ਬਾਣੀ ਵਾਲੇ ਹੀ ਪ੍ਰਯੋਗ ਕੀਤੇ ਗਏ ਹਨ।

(VI) ਲੋਕ ਕਾਵਿ

ਲੋਕ ਕਾਵਿ ਦਾ ਜਨਮ ਭਾਸ਼ਾ ਦੇ ਜਨਮ ਦੇ ਨਾਲ ਹੀ ਹੋਇਆ ਹੈ। ਇਸ ਕਾਵਿ ਵਿੱਚ ਮਨੁੱਖਨੇ ਆਪਣੇ ਹਰਖ ਅਤੇ ਸੋਗ ਦਾ ਪ੍ਰਗਟਾਵਾ ਸਮੂਹਕ ਰੂਪ ਵਿੱਚ ਕੀਤਾ ਹੈ। ਲੋਕ ਕਾਵਿ ਵਿੱਚ ਸਾਂਸਕ੍ਰਿਤਕ ਤੱਤ ਤੇ ਪਰੰਪਰਾਗਤ ਰੂੜ੍ਹੀਆਂ ਬਹੁਤੀ ਮਾਤਰਾ ਵਿੱਚ ਹੁੰਦੀਆਂ ਹਨ। ਲੋਕ ਕਾਵਿ ਦੀ ਰਚਨਾ ਭਾਵੇਂ ਅਨੁਭਵੀ ਵਿਅਕਤੀ ਕਰਦੇ ਹਨ; ਪਰ ਇੱਕ ਤਾਂ ਉਹ ਆਪਣੇ 'ਆਪੇ' ਜਾਂ 'ਨਿਜਤਵ' ਨੂੰ ਲੋਕ-ਮਨ ਨਾਲ ਇੱਕ ਸੁਰ ਕਰ ਕੇ 'ਪਰ'(ਲੋਕ) ਰੂਪ ਵਿੱਚ ਉਜਾਗਰ ਹੁੰਦੇ ਹਨ ਅਤੇ ਦੂਜੇ ਉਸ ਰਚਨਾ ਵਿੱਚ ਉਹਨਾਂ ਕਾਵਿ ਰੂੜ੍ਹੀਆਂ, ਰੂਪਾਂ ਤੇ ਵਿਧੀਆਂ ਦਾ ਪ੍ਰਯੋਗ ਕਰਦੇ ਹਨ, ਜੋ ਲੋਕ ਕਾਵਿ ਦਾ ਸੰਸਕਾਰ ਬਣ ਚੁਕੀਆਂ ਹੁੰਦੀਆਂ ਹਨ, ਤੀਜੇ ਜਾਤੀ ਇਸ ਰਚਨਾ ਵਿੱਚ ਮਨ ਇੱਛਤ ਵਾਧੇ ਘਾਟੇ ਕਰ ਕੇ ਇਸਨੂੰ ਸਾਂਝੇ ਵਿਰਸੇ ਦੇ ਤੌਰ ਤੇ ਗ੍ਰਹਿਣ ਕਰਦੀ ਹੈ ਅਤੇ ਇਹ ਰਚਨਾ ਪੀੜੀਉਂ ਪੀੜੀ ਮੌਖਿਕ ਰੂਪ ਵਿੱਚ ਅੱਗੇ ਤੁਰਦੀ ਜਾਂਦੀ ਹੈ।[7]

ਵੇਦਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਉਸ ਵੇਲੇ ਵੀ ਲੋਕ ਗੀਤ ਵੱਖਰੇ ਰੂਪ ਵਿੱਚ ਪ੍ਰਚਲਤ ਸਨ। ਵੈਦਿਕ ਯੁਗ ਵਿੱਚ ਪੁਤਰ-ਜਨਮ, ਯਗ ਅਤੇ ਵਿਆਹ ਆਦਿ ਦੇ ਸਮਾਗਮਾਂ ਤੇ ਗਾਏ ਜਾਣ ਵਾਲੇ ਗੀਤਾਂ ਨੂੰ ਗਾਥਾ ਕਿਹਾ ਜਾਂਦਾ ਸੀ। ਰਿਗ ਵੇਦ ਵਿੱਚ ਵਿਆਹ ਦੇ ਮੌਕੇ ਤੇ ਗਾਏ ਜਾਣ ਵਾਲੇ ਗੀਤ ਰੈਮੀ, ਨਾਮਸੰਸੀ ਆਦਿ ਨਾਵਾਂ ਨਾਲ ਪ੍ਰਸਿੱਧ ਸਨ। ਮਹਾਂਭਾਰਤ ਵਿੱਚ ਦੁਸ਼ਯੰਤ ਦੇ ਪੁੱਤਰ ਭਰਤ ਦੇ ਸੰਬੰਧ ਵਿੱਚ ਅਨੇਕ ਗਾਥਾਵਾਂ ਪ੍ਰਚਲਤ ਸਨ।[8]

---

1. ਆਦਿ ਗ੍ਰੰਥ ਪੰਨਾ 340
2. ਉਹੀ ਪੰਨਾ 343
3. ਉਹੀ ਪੰਨਾ 1364
4. ਉਹੀ ਪੰਨਾ 1350
5. ਆਦਿ ਗ੍ਰੰਥ ਪੰਨਾ 676-77
6. ਗੋਰਖ ਬਾਣੀ, ਪੰਨਾ 157-158
7. ਵਣਜਾਰਾ ਬੇਦੀ, ਕਾਵਿ ਤੇ ਲੋਕ ਕਾਵਿ ਪੰਨਾ 63
8. ਸ਼ਿਵ ਸ਼ੇਖਰ ਮਿਸਰ(ਡਾ.) 'ਭਾਰਤੀਯ ਸੰਸਕ੍ਰਿਤੀ ਮੇਂ ਲੋਕ ਗੀਤੋਂ ਕੀ ਅਭਿਵਿਅਕਤੀ' ਸਮੇਲਨ ਪੱਤ੍ਰਕਾ (ਲੋਕ ਸੰਸਕ੍ਰਿਤੀ ਅੰਕ) ਪੰਨਾ 134

ਸੰਸਕ੍ਰਿਤ ਸਾਹਿਤ ਵਿੱਚ ਅਨੇਕ ਕਵੀਆਂ ਦੇ ਲੋਕ ਗੀਤ ਗਾਏ ਜਾਣ ਦਾ ਵਰਣਨ ਕੀਤਾ ਗਿਆ ਹੈ। 
ਇਹਨਾਂ ਲੋਕ ਗੀਤਾਂ ਵਿੱਚ ਪੁਤਰ ਜਨਮ, ਵਿਆਹ, ਯਗ ਆਦਿ ਤੋਂ ਬਿਨਾਂ ਚੱਕੀ ਪੀਹਣ, ਧਾਨ ਕੁੱਟਣ ਆਦਿ ਦੇ ਵਿਸ਼ਿਆਂ ਦਾ ਵਰਣਨ ਕੀਤਾ ਗਿਆ ਹੈ ।

ਉਤਰੀ ਭਾਰਤ ਵਿੱਚ ਪ੍ਰਚਲਤ ਲੋਕ ਕਾਵਿ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ :

1. ਸੰਸਾਰਕ ਲੋਕ ਕਾਵਿ
2. ਧਾਰਮਿਕ ਲੋਕ ਕਾਵਿ
3. ਮਨੋਰੰਜਕ ਲੋਕ ਕਾਵਿ

ਸੰਸਾਰਕ ਲੋਕ ਕਾਵਿ:

ਇਹ ਕਾਵਿ ਪਰੰਪਰਾ ਬੜੀ ਵਿਸ਼ਾਲ ਅਤੇ ਸਾਰਥਕ ਹੈ ਇਸ ਵਿੱਚ ਸਾਡੇ ਸਮਾਜਕ ਤੇ ਸਾਂਸਕ੍ਰਿਤਕ ਜੀਵਨ ਦੇ ਅਨੇਕ ਤੱਤ ਤੇ ਰੁੜ੍ਹੀਆਂ ਸਜੀਵ ਹਨ। ਇਹ ਗੀਤ ਕਿਸੇ ਨਾ ਕਿਸੇ ਸੰਸਕਾਰ ਨਾਲ ਬੱਝੇ ਹੋਏ ਹਨ: ਜਿਵੇਂ ਵਿਆਹ ਵੇਲੇ ਲਾੜੇ ਦੇ ਘੋੜੀ ਚੜ੍ਹਨ ਸਮੇਂ ਘੋੜੀਆਂ, ਵਿਆਹ ਸਮੇਂ ਲਾੜੀ ਦੇ ਘਰ ਵਿੱਚ ਸੁਹਾਗ, ਫੇਰਿਆਂ ਸਮੇਂ ਲਾਵਾਂ ਗਾਈਆਂ ਜਾਂਦੀਆਂ ਹਨ। ਮੌਤ ਸਮੇਂ ਅਲਾਹੁਣੀਆਂ, ਕੀਰਨੇ, ਵੈਣ ਆਦਿ ਪਾਏ ਜਾਂਦੇ ਹਨ। ਇਸੇ ਤਰ੍ਹਾਂ ਮੰਗਲ ਅਤੇ ਸੋਹਲੇ ਵੀ ਖੁਸ਼ੀ ਦੇ ਮੌਕੇ ਤੇ ਗਾਏ ਜਾਣ ਵਾਲੇ ਗੀਤ ਹਨ ।

ਧਾਰਮਿਕ ਲੋਕ ਗੀਤ:

ਧਾਰਮਿਕ ਲੋਕ ਗੀਤਾਂ ਵਿੱਚ ਪ੍ਰਮਾਤਮਾ ਅਤੇ ਦੇਵੀ ਦੇਵਤਿਆਂ ਅੱਗੇ ਪ੍ਰਾਰਥਨਾ ਸਮੇਂ ਗਾਏ ਜਾਣ ਵਾਲੇ ਗੀਤ ਆਉਂਦੇ ਹਨ। ਇਹਨਾਂ ਵਿੱਚ ਪੂਜਾ, ਆਰਤੀ, ਉਸਤਤੀ ਆਦਿ ਕਈ ਤਰ੍ਹਾਂ ਦੀਆਂ ਪ੍ਰਾਰਥਨਾਵਾਂ ਸ਼ਾਮਿਲ ਹਨ।

ਮਨੋਰੰਜਕ ਲੋਕ ਗੀਤ:

ਇਸ ਵੰਨਗੀ ਦੇ ਗੀਤਾਂ ਵਿੱਚ ਲੋਕਾਂ ਦੇ ਮਨੋਭਾਵਾਂ ਤੇ ਸੰਵੇਦਨਾ ਨੂੰ ਬੜੀ ਸੁਹਿਰਦਤਾ ਨਾਲ ਵਿਅਕਤ ਕੀਤਾ ਗਿਆ ਹੁੰਦਾ ਹੈ। ਇਸ ਵਿੱਚ ਢੋਲਾ, ਮਾਹੀਆ, ਬੋਲੀਆਂ, ਜਿੰਦੂਆ, ਬਿਰਹੜੇ, ਚੁਕਾਂ, ਕਰਹਲੇ, ਮਾਝਾਂ ਮਿਠੜੇ ਆਦਿ ਕਾਵਿ ਰੂਪ ਪ੍ਰਚਲਤ ਹਨ ।

ਸ਼ੈਲੀ:

ਲੋਕ ਗੀਤਾਂ ਦੀ ਸ਼ੈਲੀ ਸਰਲ ਤੇ ਸਪੱਸ਼ਟ ਹੁੰਦੀ ਹੈ। ਇਹਨਾਂ ਵਿੱਚ ਭਾਵਾਂ ਨੂੰ ਖੋਲ੍ਹ ਕੇ ਬਿਆਨਿਆ ਜਾਂਦਾ ਹੈ। ਸੰਕੇਤਕ ਜਾਂ ਸੁਝਾਊ ਰੂਪ ਵਿੱਚ ਲੁਕਵੇਂ ਢੰਗ ਨਾਲ ਪੇਸ਼ ਨਹੀਂ ਕੀਤਾ ਜਾਂਦਾ। ਪਿਆਰ ਤੇ ਵਿਆਹ ਆਦਿ ਦੇ ਵਿਸ਼ਿਆਂ ਵਾਲੇ ਗੀਤਾਂ ਦੀ ਸ਼ੈਲੀ ਵਰਣਨਾਤਮਕ ਹੁੰਦੀ ਹੈ ਅਤੇ ਇੱਕ ਜਾਂ ਦੋ ਤੁਕਾਂ ਦਾ ਦੁਹਰਾਉ ਵੀ ਕੀਤਾ ਜਾਂਦਾ ਹੈ। ਕਈ ਵਾਰੀ ਇੱਕ ਸ਼ਬਦ ਦਾ ਦੁਹਰਾਉ ਵੀ ਕੀਤਾ ਜਾਂਦਾ ਹੈ। ਇਤਿਹਾਸਕ ਜਾਂ ਮਿਥਹਾਸਿਕ ਗੀਤਾਂ ਵਿੱਚ ਵਰਣਨਾਤਮਕ ਸ਼ੈਲੀ ਦੇ ਨਾਲ ਨਾਲ ਬਿਰਤਾਂਤਕ ਸ਼ੈਲੀ ਦਾ ਵੀ ਪ੍ਰਯੋਗ ਹੁੰਦਾ ਹੈ।

ਇਸ ਲੋਕ ਸ਼ੈਲੀ ਦੀ ਮਹਾਨਤਾ ਇਸ ਗੱਲ ਵਿੱਚ ਹੈ ਕਿ ਇਸ ਵਿੱਚ ਸਧਾਰਣੀਕਰਣ ਦਾ ਗੁਣ ਵਧੇਰੇ ਹੁੰਦਾ ਹੈ, ਜਿਸ ਕਰਕੇ ਇਸ ਵਿੱਚ ਲੋਕਾਂ ਨੂੰ ਟੁੰਬਣ ਦੀ ਵਧੇਰੇ ਸ਼ਕਤੀ ਹੁੰਦੀ ਹੈ। ਇਸ ਵਿੱਚ ਢੋਲਾ, ਜਿੰਦੂਆ, ਮਾਹੀਆ ਆਦਿ ਸੰਬੋਧਨਾਂ ਨਾਲ ਲੋਕਾਂ ਦੀ ਚੇਤਨਾ ਨੂੰ ਆਪਣੇ ਵੱਲ ਖਿੱਚ ਲਿਆ ਜਾਦਾ ਹੈ ਜਿਸ ਕਰਕੇ ਸਾਰੇ ਦਾ ਸਾਰਾ ਲੋਕ ਗੀਤ ਇਕਾਗਰ ਚਿਤ ਹੋਕੇ ਮਾਣਿਆ ਜਾ ਸਕਦਾ ਹੈ ।

ਲੋਕ ਗੀਤਾਂ ਦੀ ਸ਼ੈਲੀ ਵਿੱਚ ਸ਼ਬਦ ਸੁਰ ਅਤੇ ਤਾਲ ਦਾ ਖਾਸ ਸਥਾਨ ਹੈ। ਲੋਕ ਗੀਤਾਂ ਦਾ ਸਹੀ ਮੁੱਲ ਇਹਨਾਂ ਨੂੰ ਗਾ ਕੇ ਹੀ ਪਾਇਆ ਜਾ ਸਕਦਾ ਹੈ। ਹਰ ਗੀਤ ਕਿਸੇ ਨਾ ਕਿਸੇ ਧੁਨ ਵਿੱਚ ਗਾਇਆ ਜਾਦਾ ਹੈ। ਸਮੂਹਕ ਰੂਪ ਵਿੱਚ ਗਾਏ ਜਾਣ ਵਾਲੇ ਗੀਤਾਂ ਵਿੱਚ ਸ਼ਬਦ ਅਤੇ ਤਾਲ ਦਾ ਬਹੁਤਾ ਧਿਆਨ ਰੱਖਿਆ ਜਾਦਾ ਹੈ ।

## ਗੁਰੂ ਕਾਵਿ

ਭਾਰਤੀ ਕਾਵਿ ਪਰੰਪਰਾ ਦੇ ਸੰਦਰਭ ਵਿੱਚ ਗੁਰੂ ਕਾਵਿ ਦਾ ਅਧਿਐਨ ਕਰਦਿਆਂ ਅਸੀਂ ਇਹ ਵੇਖਦੇ ਹਾਂ ਕਿ ਗੁਰੂ ਕਾਵਿ ਵਿੱਚ ਪ੍ਰਯੁਕਤ ਕਾਵਿ-ਰੂਪਾਂ ਵਿੱਚੋਂ ਬਹੁਤਿਆਂ ਦਾ ਗੁਰੂ ਸਾਹਿਬਾਨ ਤੋਂ ਪਹਿਲਾਂ ਰਚੇ ਕਾਵਿ ਵਿੱਚ ਪ੍ਰਯੋਗ ਹੋਇਆ ਹੈ ।

ਗੁਰ ਕਾਵਿ ਵਿੱਚ ਲੱਗਭਗ 32 ਕਾਵਿ-ਰੂਪਾਂ ਦੇ ਸੰਕੇਤ ਮਿਲਦੇ ਹਨ। ਇਹ ਸੰਕੇਤ ਵੱਖ ਵੱਖ ਥਾਵਾਂ ਤੇ ਸਿਰਲੇਖਾਂ ਦੇ ਰੂਪ ਵਿੱਚ ਦਿੱਤੇ ਗਏ ਹਨ ਜਿਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ :-

ਓਅੰਕਾਰ, ਆਰਤੀ, ਅਲਾਹੁਣੀਆਂ, ਅਨੰਦ, ਅਸ਼ਟਪਦੀ, ਅੰਜਲੀਆਂ, ਸੋਦਰ, ਸੋ ਪੁਰਖ, ਸੋਹਿਲਾ, ਸੁਚਜੀ, ਸਿੱਧ ਗੋਸਟਿ, ਸੁਖਮਨੀ, ਕੁਚਜੀ, ਕਰਹਲੇ, ਗੁਣਵੰਤੀ, ਘੋੜੀਆਂ, ਛੰਤ, ਜਪੁ, ਦਿਨ ਰੈਣ, ਪਹਿਰੇ, ਪਟੀ, ਪਦੇ, ਡੁਨਹੇ, ਬਾਵਨ ਅੱਖਰੀ, ਬਾਰਹਮਾਹ, ਮੰਗਲ, ਮੁਦਾਵਣੀ, ਰੁਤੀ, ਵਾਰ, ਵਾਰ ਸਤ(ਸਤਵਾਰਾ) ਅਤੇ ਸਲੋਕ ।

ਇਹਨਾਂ ਸਿਰਲੇਖਾਂ ਦੇ ਨਾਲ ਨਾਲ ਪਦਿਆਂ ਦੇ ਆਕਾਰ ਦੇ ਅਧਾਰ ਤੇ ਦੁਪਦੇ, ਤਿਪਦੇ, ਚਉਪਦੇ, ਪੰਚ ਪਦੇ, ਛਿਪਦੇ, ਇਕ ਤੁਕੇ, ਦੁਤੁਕੇ, ਤਿਤੁਕੇ ਆਦਿ ਸਿਰਲੇਖਾਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ।

ਉਪਰੋਕਤ ਕਾਵਿ ਰੂਪਾਂ ਵਿੱਚੋਂ ਗੁਰ ਨਾਨਕ ਦੇਵ ਜੀ ਦੀ ਬਾਣੀ ਵਿੱਚ ਪਦੇ, ਅਸਟਪਦੀਆਂ, ਛੰਤ, ਸਲੋਕਾਂ ਦੇ ਨਾਲ ਨਾਲ ਜਿਹੜੇ ਵਿਸ਼ੇਸ਼ ਕਾਵਿ ਰੂਪ ਪ੍ਰਯੋਗ ਹੋਏ ਹਨ ਉਹਨਾਂ ਦੇ ਨਾਂ ਇਸ ਪ੍ਰਕਾਰ ਹਨ : ਜਪੁ, ਪਹਰੇ, ਪੱਟੀ, ਅਲਾਹੁਣੀਆਂ, ਆਰਤੀ, ਸੁਚੱਜੀ, ਕੁਚੱਜੀ, ਥਿਤੀ, ਓਅੰਕਾਰ, ਸਿਧ ਗੋਸਟਿ, ਸੋਹਲੇ, ਬਾਰਹਮਾਹਾ ਅਤੇ ਵਾਰਾਂ ।

ਗੁਰੂ ਨਾਨਕ ਦੇਵ ਜੀ ਨੇ ਪਦੇ, ਅਸਟਪਦੀਆਂ, ਪੱਟੀ, ਥਿਤੀ, ਓਅੰਕਾਰ, ਸਿਧ ਗੋਸਟਿ ਅਤੇ ਬਾਰਹਮਾਹ ਕਾਵਿ ਰੂਪ ਭਾਰਤੀ ਕਾਵਿ ਪਰੰਪਰਾ ਵਿੱਚੋਂ ਲਏ ਹਨ ।

ਪਦਿਆਂ ਅਤੇ ਅਸਟਪਦੀਆਂ ਦਾ ਪ੍ਰਯੋਗ ਵੈਸ਼ਣਵ ਸਾਹਿਤ ਅਤੇ ਸਿਧ ਸਾਹਿਤ ਵਿੱਚ ਹੋਇਆ ਹੈ। ਵੈਸ਼ਣਵ ਸਾਹਿਤ ਵਿੱਚ ਸਪਤਪਦੀਆਂ ਅਤੇ ਅਸਟਪਦੀਆਂ ਦਾ ਬਹੁਤ ਪ੍ਰਚਲਨ ਰਿਹਾ ਹੈ। ਜੈ ਦੇਵ ਨੇ ਗੀਤ

ਗੋਬਿੰਦ ਵਿੱਚ ਅਸਟਪਦੀ ਕਾਵਿ ਰੂਪ ਪ੍ਰਯੋਗ ਕੀਤਾ ਹੈ।[1] ਸਿੱਧਾਂ ਨੇ ਆਪਣੇ ਕਾਵਿ ਵਿੱਚ ਚਰਯਾਪਦ, ਸਰਹਪਾਦ, ਭੁਸਕਪਾਦ, ਲੁਈਪਾਦ, ਕਣਹਪਾਦ ਆਦਿ ਪਦਿਆਂ ਦਾ ਪ੍ਰਯੋਗ ਕੀਤਾ ਹੈ।[2]

ਗੁਰ ਨਾਨਕ ਦੇਵ ਜੀ ਨੇ ਆਰਤੀ, ਥਿਤੀ ਅਤੇ ਸਿੱਧ ਗੋਸਟਿ ਕਾਵਿ ਰੂਪ ਦੀ ਪੂਰਵ ਵਰਤੀ ਪਰੰਪਰਾ ਤੋਂ ਪ੍ਰਾਪਤ ਕੀਤੇ ਹਨ।

ਗੋਰਖ ਬਾਣੀ ਵਿੱਚ ਆਰਤੀ[3] ਪੰਦਰਹ ਥਿਤੀ[4] ਅਤੇ ਗੋਰਖ ਮਛਿੰਦਰ ਬੋਧ ਗੁਰ ਨਾਨਕ ਦੇਵ ਜੀ ਦੇ ਉਪਰੋਕਤ ਕਾਵਿ ਰੂਪਾਂ ਦੇ ਪ੍ਰੇਰਨਾ ਸਰੋਤ ਲਗਦੇ ਹਨ। 'ਗੋਸਟਿ' ਦੀ ਸੰਵਾਦ ਸ਼ੈਲੀ ਤਾਂ ਸਿਧਾਂ ਦਾ ਆਪਣਾ ਆਵਿਸ਼ਕਾਰ ਹੈ।[5]

'ਬਾਰਹਮਾਹ' ਕਾਵਿ ਰੂਪ ਪੁਰਾਤਨ ਭਾਸ਼ੀ ਕਾਵਿ ਵਿੱਚ ਪ੍ਰਚਲਤ ਰਿਹਾ ਹੈ। ਬਾਰਹਮਾਹ ਦਾ ਵਿਕਾਸ ਸੰਸਕ੍ਰਿਤ ਸਾਹਿਤ ਦੇ 'ਸ਼ਟ ਰਿਤੂ' ਵਰਣਨ ਤੋਂ ਹੀ ਹੋਇਆ ਹੈ। ਜੈਨ ਕਵੀ ਵਿਜੇ ਚੰਦ ਸਰਿ (1200 ਈ.) ਇਸ ਪਰੰਪਰਾ ਦੇ ਅਰੰਭਕ ਕਵੀਆਂ ਵਿੱਚੋਂ ਹੈ।[6] ਗੁਰੂ ਨਾਨਕ ਕਾਲ ਵਿੱਚ ਮਲਿਕ ਮੁਹੰਮਦ ਜਾਇਸੀ (ਦੇਹਾਂਤ 1540 ਈ.) ਦਾ ਲਿਖਿਆ ਬਾਰਹਮਾਹ ਕਾਫ਼ੀ ਪ੍ਰਸਿੱਧ ਹੈ।[7]

'ਪੱਟੀ' ਅਤੇ 'ਓਅੰਕਾਰ' ਦੋਹਾਂ ਕਾਵਿ ਰੂਪਾਂ ਵਿੱਚ ਗੁਰੂ ਨਾਨਕ ਦੇਵ ਜੀ ਨੇ ਵਰਣਮਾਲਾ ਅਨੁਸਾਰੀ ਕਾਵਿ ਰਚਨਾ ਕਰਨ ਦੀ ਵਿਧੀ ਅਪਨਾਈ ਹੈ।

ਵਰਣਮਾਲਾ ਅਨੁਸਾਰ ਕਾਵਿ ਰਚਨਾ ਕਰਨ ਦੀ ਪ੍ਰਥਾ ਕਾਫ਼ੀ ਪੁਰਾਣੀ ਹੈ। ਸੰਸਕ੍ਰਿਤ ਸਾਹਿਤ ਵਿੱਚ 'ਚਤੁਸੀ' ਅਕਸ਼ਰੀ' ਪ੍ਰਚਲਤ ਹੋਈ ਜਿਸ ਨੇ ਹਿੰਦੀ ਵਿੱਚ ਬਾਵਨ ਅੱਖਰੀ ਅਤੇ ਪੰਜਾਬੀ ਵਿੱਚ 'ਪੱਟੀ' ਦਾ ਰੂਪ ਧਾਰਨ ਕਰ ਲਿਆ ਹੈ। ਇਹ ਕਾਵਿ ਰੂਪ ਯਹੂਦੀਆਂ ਵਿੱਚ 'ਅੈਲਫਾਬੇਟ' ਪੋਇਮ ਅਤੇ ਫਾਰਸੀ ਵਿੱਚ 'ਸੀਹਰਫੀ' ਨਾਮ ਹੇਠ ਪ੍ਰਚਲਤ ਰਿਹਾ ਹੈ।[8]

<u>ਸਲੋਕ:</u>

ਇਸ ਕਾਵਿ ਰੂਪ ਦਾ ਗੁਰੂ ਕਾਵਿ ਵਿੱਚ ਬੜੇ ਵਿਸਤ੍ਰਿਤ ਰੂਪ ਵਿੱਚ ਪ੍ਰਯੋਗ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ ਹੀ 258 ਸਲੋਕਾਂ ਦੀ ਰਚਨਾ ਕੀਤੀ ਹੈ। ਕਾਹਨ ਸਿੰਘ ਨਾਭਾ ਅਨੁਸਾਰ ਸਲੋਕ ਦਾ ਸ਼ਾਬਦਿਕ ਅਰਥ ਪ੍ਰਸੰਸਾ, ਉਸਤਤੀ ਆਦਿ ਹੈ।[9] ਇਹ ਪੰਜਾਬੀ ਦਾ ਸਭ ਤੋਂ ਪ੍ਰਾਚੀਨ ਤੇ ਲੋਕ-ਪ੍ਰਿਯ ਕਾਵਿ ਰੂਪ ਹੈ। ਇਸ ਦੀ

---

1. ਸੁਭਦਰਾ ਚੌਧਰੀ, "ਪ੍ਰਬੰਧ ਕੇ ਇਤਿਹਾਸ ਮੇਂ 'ਗੀਤ ਗੋਬਿੰਦ' ਕਾ ਸਥਾਨ" <u>ਸੰਗੀਤ, ਜਨਵਰੀ 1970 ਪੰਨਾ 38</u>
2. ਰਵਿੰਦਰ ਨਾਥ ਭਰਮਰ, <u>ਹਿੰਦੀ ਭਗਤੀ-ਸਾਹਿਤਯ ਮੇਂ ਲੋਕ-ਤਤਵ,</u> ਪੰਨਾ 189
3. <u>ਗੋਰਖਬਾਣੀ</u> ਪੰਨਾ 157- 158
4. ਉਹੀ, ਪੰਨਾ 181
5. ਹਜ਼ਾਰੀ ਪ੍ਰਸਾਦ ਦਿਵੇਦੀ, <u>ਨਾਥ ਸੰਪਰਦਾਇ,</u> ([illegible]) ਪੰਨਾ 221
6. ਰਵਿੰਦਰ ਨਾਥ ਭਰਮਰ, <u>ਹਿੰਦੀ-ਭਗਤੀ-ਸਾਹਿਤਯ ਮੇਂ ਲੋਕ-ਤਤਵ,</u> ਪੰਨਾ 149
7. 'ਪਦਮਾਵਤ' ਪੰਨਾ 101
8. ਜੀਤ ਸਿੰਘ ਸੀਤਲ, "ਗੁਰੂ ਨਾਨਕ ਦੀ ਆਦਿ ਬਾਣੀ ਪਟੀ ਲਿਖੀ", ਪੰਜਾਬੀ ਦੁਨੀਆਂ (ਨਵੰਬਰ-ਦਸੰਬਰ 1969) ਪੰਨਾ 320
9. <u>ਮਹਾਨ ਕੋਸ਼</u> ਪੰਨਾ 172

ਵੈਦਿਕ ਕਾਲ ਨਾਲ ਜਾ ਜੁੜਦੀ ਹੈ। ਮੱਧ ਕਾਲ ਵਿੱਚ ਨੀਤੀ ਤੇ ਆਚਾਰ ਵਿਹਾਰ ਦਾ ਅਭਿਵਿਅਕਤ ਵਧੇਰੇ ਸ਼ਲੋਕਾਂ ਦੁਆਰਾ ਹੀ ਹੁੰਦਾ ਰਿਹਾ ਹੈ। ਭਰਥਰੀ ਹਰੀ ਦੇ ਤਿੰਨ ਸ਼ਤਕ ਸਲੋਕਾਂ ਵਿੱਚ ਹੀ ਹਨ।[1]

ਗੁਰੂ ਨਾਨਕ ਦੇਵ ਜੀ ਦੇ ਅਪਣਾਏ ਪਹਰੇ, ਛੰਤ, ਅਲਾਹੁਣੀਆਂ, ਸੁਚੱਜੀ, ਕੁਚੱਜੀ ਅਤੇ ਸੋਹਿਲਾ, ਕਾਵਿ ਰੂਪਾਂ ਦਾ ਸੰਬੰਧ ਪੰਜਾਬ ਦੀ ਲੋਕ ਕਾਵਿ ਪਰੰਪਰਾ ਨਾਲ ਹੈ। ਗੁਰੂ ਨਾਨਕ ਦੇਵ ਜੀ ਰਾਹੀਂ ਲੋਕ-ਕਾਵਿ ਪਰੰਪਰਾ ਦੇ ਇਹਨਾਂ ਕਾਵਿ ਰੂਪਾਂ ਨੂੰ ਅਪਨਾਉਣਾ ਇੱਕ ਵਿਲੱਖਣਤਾ ਹੈ।

'ਪਹਰੇ' ਕਾਵਿ ਰੂਪ ਦਿਨ ਦੇ ਚਾਰ ਪਹਿਰਾਂ ਨਾਲ ਸੰਬੰਧਤ ਲੋਕ ਕਾਵਿ ਰੂਪ ਹੈ। ਛੰਤ ਖੁਸ਼ੀ ਦੇ ਸਮੇਂ ਗਾਇਆ ਜਾਣ ਵਾਲਾ ਅਤੇ ਅਲਾਹੁਣੀਆਂ ਕਿਸੇ ਦੀ ਮੌਤ ਸਮੇਂ ਗਾਈਆਂ ਜਾਂਦੀਆਂ ਹਨ। ਸੁਚੱਜੀ, ਕੁਚੱਜੀ ਵਿੱਚ ਲੋਕ-ਕਾਵਿ ਸ਼ੈਲੀ ਵਿੱਚ ਇਸਤਰੀ ਦੇ ਗੁਣ ਔਗੁਣ ਦੱਸੇ ਗਏ ਹਨ ।

ਸੋਹਿਲੇ ਖੁਸ਼ੀ ਦੇ ਸਮੇਂ ਗਾਏ ਜਾਂਦੇ ਹਨ। ਖਾਸ ਕਰਕੇ ਬੱਚੇ ਦੇ ਜਨਮ ਸਮੇਂ ਇਹਨਾਂ ਦਾ ਗਾਇਨ ਹੁੰਦਾ ਹੈ। ਕੁਝ ਵਿਦਵਾਨ 'ਸੋਹਿਲਾ' ਸ਼ਬਦ ਦਾ ਸੰਬੰਧ ਸੰਸਕ੍ਰਿਤ ਦੇ 'ਸੂਤਿਕ-ਗ੍ਰਹਿ' ਅਤੇ ਪ੍ਰਾਕ੍ਰਿਤ ਦੇ 'ਸੁਇਹਰ' ਸ਼ਬਦ ਨਾਲ ਜੋੜਦੇ ਹਨ।[2]

ਗੁਰ ਨਾਨਕ ਦੇਵ ਜੀ ਨੇ ਪੰਜਾਬ ਦੇ ਪ੍ਰਸਿੱਧ ਲੋਕ ਕਾਵਿ ਰੂਪ ਵਾਰ ਨੂੰ ਆਪਣੇ ਅਧਿਆਤਮਕ ਕਾਵਿ ਲਈ ਪ੍ਰਯੋਗ ਕਰਕੇ 'ਵਾਰ' ਵਿੱਚ ਨਵੀਆਂ ਸੰਭਾਵਨਾਵਾਂ ਦੀ ਸਿਰਜਣਾ ਕੀਤੀ ਹੈ। 'ਵਾਰ' ਕਾਵਿ ਰੂਪ ਪਹਿਲਾਂ ਢਾਡੀਆਂ ਰਾਹੀਂ ਕੁਝ ਖਾਸ ਸੂਰਮਿਆਂ ਦੀ ਉਸਤਤੀ ਵਿੱਚ ਰਚਿਆ ਜਾਂਦਾ ਹੈ, ਪਰ ਬਾਅਦ ਵਿੱਚ ਇਹੀ ਵਾਰਾਂ ਲੋਕ-ਕਾਵਿ ਦੀ ਪਦਵੀ ਧਾਰਨ ਕਰ ਲੈਂਦੀਆਂ ਹਨ। ਪੰਜਾਬੀ ਵਿੱਚ ਗੁਰੂ ਕਾਲ ਵਿੱਚ ਕੁਝ ਖਾਸ ਵਾਰਾਂ ਪ੍ਰਚਲਤ ਸਨ। ਗੁਰੂ ਨਾਨਕ ਦੇਵ ਜੀ ਦੀਆਂ ਰਚੀਆਂ ਤਿੰਨੇ ਵਾਰਾਂ ਨੂੰ ਪੁਰਾਤਨ ਪ੍ਰਚਲਤ ਲੋਕ ਵਾਰਾਂ ਦੀਆਂ ਧੁਨੀਆਂ ਤੇ ਗਾਉਣ ਦੀ ਪ੍ਰੇਰਣਾ ਦਿੱਤੀ ਗਈ ਹੈ :

1. ਵਾਰ ਮਾਝ ਕੀ ਤਥਾ ਸਲੋਕ ਮਹਲਾ ੧
   ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ
   ਕੀ ਧੁਨੀ ਗਾਵਣੀ।[3]

---

1. ਵਣਜਾਰਾ ਬੇਦੀ, <u>ਪੰਜਾਬੀ ਲੋਕ ਧਾਰਾ ਵਿਸ਼ਵਕੋਸ਼</u>, ਪੰਨਾ 551
2. ਰਵਿੰਦਰ ਨਾਥ ਭਰਮਰ, <u>ਹਿੰਦੀ ਭਗਤੀ ਸਾਹਿਤ ਮੇਂ ਲੋਕ-ਤਤਵ</u>, ਪੰਨਾ 132
3. <u>ਆਦਿ ਗ੍ਰੰਥ</u>, ਪੰਨਾ 137

2. ਆਸਾ ਮਹਲਾ ੧
ਵਾਰ ਸਲੋਕਾ ਨਾਲ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ
ਟੁੰਡੇ ਅਸ ਰਾਜੈ ਕੀ ਧੁਨੀ ।[1]

3. ਵਾਰ ਮਲਾਰ ਮਹਲਾ ੧
ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨੀ।[2]

ਜਪੁ:-

ਜਪੁ ਜੀ ਗੁਰੂ ਕਾਵਿ ਦੀ ਸਭ ਤੋਂ ਵਿਲੱਖਣ ਰਚਨਾ ਹੈ। ਇਸ ਰਚਨਾ ਨੂੰ ਭਾਵੇਂ ਬਹੁਤੇ ਵਿਦਵਾਨ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੀ ਮੰਨਦੇ ਹਨ ਪਰ ਇਸ ਦੇ ਅੰਦਰੋਂ ਤਿੰਨ ਰਚਨਕਾਰਾਂ ਦੇ ਹਵਾਲੇ ਮਿਲਦੇ ਹਨ। ਇਸ ਰਚਨਾ ਦਾ ਪਹਿਲਾ ਸਲੋਕ[3] ਗੁਰੂ ਅਰਜਨ ਦੇਵ ਰਚਿਤ 'ਸੁਖਮਨੀ'[4] ਵਿੱਚ ਵੀ ਪ੍ਰਾਪਤ ਹੁੰਦਾ ਹੈ।

ਇਸ ਦਾ ਆਖਰੀ ਸਲੋਕ 'ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ' ਗੁਰੂ ਅੰਗਦ ਦੇਵ ਜੀ ਦੇ ਨਾਮ (ਮਹਲਾ 2) ਹੇਠ ਦਰਜ ਕੀਤਾ ਗਿਆ ਹੈ।[5]

ਇਸ ਦੀ ਸਤਾਈਵੀਂ ਪਤੁੜੀ 'ਸੋਦਰ' ਸਿਰਲੇਖ ਹੇਠ ਗੁਰੂ ਨਾਨਕ ਦੇਵ ਜੀ (ਮਹਲਾ ੧) ਦੇ ਨਾਲ ਸੰਬੰਧਤ ਹੈ।

ਇਸੇ ਤਰ੍ਹਾਂ ਭਾਵੇਂ ਇਸ ਰਚਨਾ ਉਪਰ ਕਿਸੇ ਰਾਗ ਦਾ ਉਲੇਖ ਨਹੀਂ ਕੀਤਾ ਗਿਆ ਪਰ ਫਿਰ ਵੀ ਇਹ ਉਪਰ ਦੱਸੇ ਅਨੁਸਾਰ ਗਉੜੀ, ਮਾਝ ਅਤੇ ਆਸਾ ਰਾਗਾਂ ਨਾਲ ਸੰਬੰਧਤ ਹੈ।

ਇਸ ਤਰ੍ਹਾਂ ਗੁਰੂ ਕਾਵਿ ਦੀ ਇਹ ਰਚਨਾ ਇੱਕ ਵਿਲੱਖਣ ਰੂਪ ਦੀ ਧਾਰਨੀ ਹੈ।

ਉਪਰੋਕਤ ਅਧਿਐਨ ਅਨੁਸਾਰ ਗੁਰ ਨਾਨਕ ਦੇਵ ਜੀ ਨੇ ਜਿੱਥੇ ਪੁਰਾਤਨ ਕਾਵਿ ਰੂਪਾਂ ਵਿੱਚ ਆਪਣੀ ਕਾਵਿ ਰਚਨਾ ਦਾ ਉਚਾਰਨ ਕੀਤਾ ਹੈ ਉਥੇ ਲੋਕ-ਕਾਵਿ ਰੂਪਾਂ ਦੇ ਅਧਾਰ ਤੇ ਨਵੇਂ ਕਾਵਿ ਰੂਪਾਂ ਦੀ ਸਿਰਜਣਾ ਵੀ ਕੀਤੀ ਹੈ। ਇਹਨਾਂ ਸਾਰੇ ਕਾਵਿ ਰੂਪਾਂ ਦਾ ਪ੍ਰਯੋਗ ਵਿਸ਼ੇ ਪੱਖ ਤੋਂ ਤਾਂ ਨਵਾਂ ਹੈ ਹੀ, ਇਹਨਾਂ ਦੇ ਨਾਲ ਰਾਗਾਂ ਨੂੰ ਸੰਬੰਧਤ ਕਰਨ ਨਾਲ ਇਹਨਾਂ ਦੇ ਰੂਪਕ ਪੱਖ ਵਿੱਚ ਵੀ ਨਵੀਨਤਾ ਆ ਗਈ ਹੈ।

ਗੁਰੂ ਅੰਗਦ ਦੇਵ ਜੀ ਨੇ ਕੇਵਲ 'ਸਲੋਕ' ਕਾਵਿ ਰੂਪ ਵਿੱਚ ਕਾਵਿ ਰਚਨਾ ਕੀਤੀ ਹੈ। ਇਸ ਕਾਵਿ ਰੂਪ ਦੀ ਬਣਤਰ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਵਾਲੀ ਹੀ ਰੱਖੀ ਹੈ।

ਗੁਰੂ ਅਮਰਦਾਸ ਜੀ ਨੇ ਆਪਣੀ ਕਾਵਿ ਰਚਨਾ ਲਈ ਗੁਰ ਨਾਨਕ ਦੇਵ ਜੀ ਰਾਹੀਂ ਵਰਤੇ ਗਏ ਪਦੇ, ਅਸਟਪਦੀਆਂ, ਛੰਤ, ਸਲੋਕ, ਵਾਰਾਂ, ਪੱਟੀ, ਅਲਾਹਣੀਆਂ ਆਦਿ[6] ਕਾਵਿ ਰੂਪਾਂ ਦਾ ਹੀ ਪ੍ਰਯੋਗ ਕੀਤਾ ਹੈ। ਉਹਨਾਂ ਨੇ ਕੇਵਲ ਦੋ ਕਾਵਿ ਰੂਪ ਵਾਰ ਸਤ ਅਤੇ ਅਨੰਦ ਗੁਰੂ ਨਾਨਕ ਦੇਵ ਜੀ ਦੇ ਕਾਵਿ ਰੂਪਾਂ ਤੋਂ ਵੱਖਰੇ ਪ੍ਰਯੋਗ ਕੀਤੇ ਹਨ।

ਗੁਰੂ ਅਮਰਦਾਸ ਜੀ ਦੀਆਂ ਰਾਗ ਗੂਜਰੀ, ਸੂਹੀ, ਰਾਮਕਲੀ ਅਤੇ ਮਾਰੂ ਰਾਗ ਵਿੱਚ

1. ਆਦਿ ਗ੍ਰੰਥ ਪੰਨਾ 463
2. ਉਹੀ, ਪੰਨਾ 1278
3. ਆਦਿ ਸਚੁ। ਜੁਗਾਦਿ ਸਚੁ ਨਾਨਕ ਹੋਸੀ ਭੀ ਸਚੁ ।
4. ਆਦਿ ਗ੍ਰੰਥ ਪੰਨਾ 285
5. ਵਾਰ ਮਾਝ ਆਦਿ ਗ੍ਰੰਥ, ਪੰਨਾ 146
6. ਆਸਾ ਮਹਲਾ 1, ਆਦਿ ਗ੍ਰੰਥ, ਪੰਨਾ 347

ਵਿੱਚੋਂ ਰਾਗ ਗੂਜਰੀ ਅਤੇ ਰਾਗ ਰਾਮਕਲੀ ਦੀਆਂ ਵਾਰਾਂ ਵਿਸ਼ੇਸ਼ ਹਨ। ਇਹਨਾਂ ਦੋਹਾਂ ਵਾਰਾਂ ਦੀ ਧੁਨੀ ਪੁਰਾਤਨ ਲੋਕ ਵਾਰਾਂ ਵਾਲੀ ਹੈ। ਇਸ ਲਈ ਇਹਨਾਂ ਵਾਰਾਂ ਨੂੰ ਇਹਨਾਂ ਧੁਨੀਆਂ ਤੇ ਗਾਉਣ ਦਾ ਆਦੇਸ਼ ਹੈ :

1. ਗੂਜਰੀ ਕੀ ਵਾਰ ਮਹਲਾ 3

ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ।[1]

2. ਰਾਮਕਲੀ ਕੀ ਵਾਰ ਮਹਲਾ 3

ਜੋਧੇ ਵੀਰੇ ਪੂਰਬਾਣੀ ਕੀ ਧੁਨੀ।[2]

'ਵਾਰ ਸਤ' (ਸਪਤਵਾਰ ਜਾਂ ਸਤਵਾਰਾ) ਪੰਜਾਬੀ ਲੋਕ-ਕਾਵਿ ਦਾ ਇੱਕ ਪ੍ਰਚਲਤ ਕਾਵਿ ਰੂਪ ਹੈ। ਇਕੱਲੇ ਇਕੱਲੇ ਵਾਰ ਨਾਲ ਚੰਗੀ ਮੰਦੀ ਭਾਵਨਾ ਨੂੰ ਪ੍ਰਗਟ ਕਰਦੇ ਇੱਕ ਸਤਵਾਰੇ ਦੀ ਵੰਨਗੀ ਡਾ.ਵਣਜਾਰਾ ਬੇਦੀ ਨੇ ਦਿੱਤੀ ਹੈ।[3] ਇਸ ਕਾਵਿ ਰੂਪ ਵਿੱਚ ਗੋਰਖ ਨਾਥ[4] ਨੇ ਵੀ ਰਚਨਾ ਕੀਤੀ ਹੈ ਅਤੇ ਭਗਤ ਕਬੀਰ[5] ਜੀ ਦਾ ਇੱਕ ਸਤਵਾਰਾ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਰਜ ਹੈ। ਗੁਰੂ ਅਮਰਦਾਸ ਜੀ ਨੇ ਭਗਤ ਕਬੀਰ ਵਾਂਗ ਆਪਣੇ ਰਚੇ ਸਤਵਾਰੇ ਨੂੰ ਵੀ ਰਾਗ ਗਉੜੀ ਅਧੀਨ ਹੀ ਦਰਜ ਕੀਤਾ ਹੈ ।

ਰਾਮਕਲੀ ਰਾਗ ਵਿੱਚ ਗੁਰੂ ਅਮਰ ਦਾਸ ਜੀ ਨੇ 'ਅਨੰਦ' ਨਾਮਕ ਰਚਨਾ ਮੌਲਿਕ ਰੂਪ ਵਿੱਚ ਰਚੀ ਹੈ। ਇਸ ਦਾ ਰੂਪਕ ਪੱਖ ਛੰਤਾਂ ਨਾਲ ਮਿਲਦਾ ਜੁਲਦਾ ਹੈ। ਹਰ ਪਉੜੀ ਦੀ ਪਹਿਲੀ ਤੁਕ ਦਾ ਕੁਝ ਕੁ ਰੂਪਾਂਤਰਣ ਨਾਲ ਪਉੜੀ ਦੇ ਅਖੀਰ ਵਿੱਚ ਦੁਹਰਾਉ ਕੀਤਾ ਗਿਆ ਹੈ ।

ਗੁਰੂ ਰਾਮਦਾਸ ਜੀ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਰਾਹੀਂ ਪ੍ਰਯੁਕਤ ਕਾਵਿ ਰੂਪਾਂ ਵਿੱਚੋਂ ਪਦੇ , ਅਸਟਪਦੀਆਂ, ਛੰਤ, ਸਲੋਕ, ਪਹਰੇ ਅਤੇ ਵਾਰਾਂ ਦੀ ਰਚਨਾ ਕੀਤੀ ਹੈ। ਗੁਰੂ ਰਾਮਦਾਸ ਜੀ ਨੇ ਸਾਰੇ ਗੁਰੂ ਸਾਹਿਬਾਨ ਤੋਂ ਵਧੇਰੇ ਵਾਰਾਂ ਰਚੀਆਂ ਹਨ। ਗੁਰ ਗ੍ਰੰਥ ਸਾਹਿਬ ਵਿੱਚ ਕੁੱਲ 22 ਵਾਰਾਂ ਦਰਜ ਹਨ। ਇਹਨਾਂ ਵਿੱਚੋਂ ਇਕੱਲੇ ਗੁਰੂ ਰਾਮਦਾਸ ਜੀ ਨੇ ਅੱਠ ਵਾਰਾਂ ਰਚੀਆਂ ਹਨ। ਆਪ ਦੀਆਂ ਵਾਰਾਂ ਸਿਰੀ, ਗਉੜੀ, ਬਿਹਾਗੜਾ ਵਡਹੰਸ, ਸੋਰਠਿ, ਬਿਲਾਵਲ, ਸਾਰੰਗ ਅਤੇ ਕਾਨੜਾ ਰਾਗਾਂ ਵਿੱਚ ਦਰਜ ਹਨ। ਇਹਨਾਂ ਵਿੱਚੋਂ ਰਾਗ ਵਡਹੰਸ ਅਤੇ ਸਾਰੰਗ ਦੀ ਵਾਰ ਵਿਸ਼ੇਸ਼ ਲੋਕ ਧੁਨੀਆਂ ਉਪਰ ਅਧਾਰਤ ਹਨ।

---

1. ਆਦਿ ਗ੍ਰੰਥ, ਪੰਨਾ 509
2. ਉਹੀ, ਪੰਨਾ 947
3. ਪੰਜਾਬੀ ਲੋਕ ਧਾਰਾ ਵਿਸ਼ਵਕੋਸ਼, ਪੰਨਾ 462
4. ਗਣਪਤੀ ਚੰਦਰ ਗੁਪਤ, ਹਿੰਦੀ ਸਾਹਿਤਯ ਕਾ ਵੈਗਯਾਨਿਕ ਇਤਿਹਾਸ, ਪੰਨਾ 180
5. ਆਦਿ ਗ੍ਰੰਥ, ਪੰਨਾ 344

1. ਵਡਹੰਸ ਕੀ ਵਾਰ ਮਹਲਾ 4
ਲਲਾ ਬਹਿਲੀਆ ਕੀ ਧੁਨਿ।[1]

2. ਸਾਰੰਗ ਕੀ ਵਾਰ ਮਹਲਾ 4
ਰਾਇ ਮਹਮੇ ਹਸਨੇ ਕੀ ਧੁਨਿ ।[2]

ਗੁਰੂ ਰਾਮ ਦਾਸ ਜੀ ਨੇ ਵਣਜਾਰਾ, ਕਰਹਲੇ ਅਤੇ ਘੋੜੀਆਂ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਰਾਹੀਂ ਪ੍ਰਯੁਕਤ ਕਾਵਿ ਰੂਪਾਂ ਤੋਂ ਨਿਵੇਕਲੇ ਕਾਵਿ ਰੂਪ ਪ੍ਰਯੋਗ ਕੀਤੇ ਹਨ ।

ਵਣਜਾਰਾ ਕਾਵਿ ਦੀ ਰਚਨਾ ਵਿੱਚ 'ਵਣਜਾਰਿਆ ਮਿਤਰਾ' ਸ਼ਬਦ ਦਾ ਪ੍ਰਯੋਗ 'ਪਹਰਿਆ' ਵਾਂਗ ਹੀ ਹੋਇਆ ਹੈ।

'ਕਰਹਲੇ' ਕਾਵਿ ਰੂਪ ਬਾਰੇ ਸੰਤ ਸਿੰਘ ਸੇਖੋਂ ਲਿਖਦੇ ਹਨ ਕਿ ਕਰਹਲਾ ਸ਼ਬਦ ਸ਼ਾਇਦ ਸਿੰਧੀ 'ਕਰਹਾ' ਅਰਥਾਤ 'ਊਠ' ਦਾ ਰੂਪਾਂਤਰ ਹੈ ਜਾਂ ਉਸ ਤੋਂ ਬਣਿਆ ਹੈ। ਇਸ ਦੇ ਅਰਥ ਊਠ ਜਾਂ ਊਠਾਂ ਵਾਲੇ ਅਤੇ ਕਾਫਲੇ ਦੇ ਅੱਗੇ ਗਾਏ ਜਾਣ ਵਾਲੇ ਗੀਤ ਹੋ ਸਕਦੇ ਹਨ।[3] ਸ਼ਬਦਾਰਥ ਵਿੱਚ 'ਕਰਹਲੇ' ਬਾਰੇ ਲਿਖਿਆ ਹੈ ਕਿ ਊਠਾਂ ਵਾਲੇ ਊਠਾਂ ਤੇ ਮਾਲ ਲੱਦ ਕੇ ਦੇਸ਼-ਦੇਸ਼ਾਂਤਰਾਂ ਵਿੱਚ ਘੁੰਮਦੇ ਫਿਰਦੇ ਹਨ ਅਤੇ ਇੱਕ ਖਾਸ ਸੁਰ ਵਾਲਾ ਗੀਤ ਗਾਉਂਦੇ ਹਨ। ਇਹ ਸ਼ਬਦ ਉਸੇ ਲੋਕ ਗੀਤ ਦੀ ਪੱਧਤੀ ਤੋਂ ਪ੍ਰਭਾਵਿਤ ਹੈ।[4] ਕੁਝ ਵੀ ਹੋਵੇ ਗੁਰੂ ਰਾਮਦਾਸ ਜੀ ਦੀ ਇਹ ਰਚਨਾ ਨਿਵੇਕਲੀ ਹੈ।

ਗੁਰੂ ਰਾਮਦਾਸ ਜੀ ਨੇ ਘੋੜੀਆਂ ਕਾਵਿ ਰੂਪ ਦਾ ਪ੍ਰਯੋਗ ਕਰਕੇ ਪੰਜਾਬੀ ਦੇ ਪ੍ਰਸਿੱਧ ਲੋਕ ਕਾਵਿ ਰੂਪ ਨੂੰ ਅਪਨਾਇਆ ਹੈ। ਇਹ ਕਾਵਿ ਰੂਪ ਹੋਰ ਕਿਸੇ ਵੀ ਗੁਰੂ ਕਵੀ ਨੇ ਪ੍ਰਯੋਗ ਨਹੀਂ ਕੀਤਾ ।

ਪੰਜਾਬ ਵਿੱਚ ਲਾੜੇ ਦੇ ਘੋੜੀ ਚੜ੍ਹਨ ਸਮੇਂ ਇਹ ਗੀਤ ਗਾਇਆ ਜਾਂਦਾ ਹੈ। ਇਸ ਗੀਤ ਦੀ ਧਾਰਨਾ ਤੇ ਗੁਰੂ ਰਾਮਦਾਸ ਜੀ ਨੇ ਦੋ ਸ਼ਬਦਾਂ ਦੀ ਰਚਨਾ ਕੀਤੀ ਹੈ।[5]

ਗੁਰੂ ਅਰਜਨ ਦੇਵ ਜੀ ਨੇ ਪਦੇ, ਅਸ਼ਟਪਦੀਆਂ, ਛੰਤ, ਸਲੋਕ, ਪਹਿਰੇ, ਸੋਹਿਲੇ ਅਤੇ ਵਾਰਾਂ ਪਹਿਲੇ ਗੁਰ ਕਵੀਆਂ ਰਾਹੀਂ ਪ੍ਰਯੋਗ ਕੀਤੇ ਕਾਵਿ ਰੂਪਾਂ ਵਿੱਚ ਬਾਣੀ ਰਚੀ। ਗਉੜੀ, ਗੂਜਰੀ, ਜੈਤਸਿਰੀ, ਰਾਮਕਲੀ, ਮਾਰੂ ਅਤੇ ਬਸੰਤ ਰਾਗਾਂ ਵਿੱਚ ਰਚੀਆਂ ਵਾਰਾਂ ਵਿੱਚੋਂ ਰਾਗ ਗਉੜੀ ਦੀ ਵਾਰ ਨਿਵੇਕਲੀ ਧੁਨੀ ਵਾਲੀ ਹੈ। ਇਸ ਵਾਰ ਨੂੰ ਰਾਇ ਕਮਾਲ ਦੀ ਮੌਜੁਦੀ ਕੀ ਵਾਰ ਕੀ ਧੁਨੀ '[6] ਉਪਰ ਗਾਉਣ ਦਾ ਆਦੇਸ਼ ਹੈ।

ਗੁਰੂ ਅਰਜਨ ਦੇਵ ਜੀ ਨੇ ਦੇਵਨਾਗਰੀ ਵਰਣਮਾਲਾ ਤੇ ਅਧਾਰਤ 'ਬਾਵਨ ਅਖਰੀ'[7] ਕਾਵਿ ਰੂਪ

---

1. ਆਦਿ ਗ੍ਰੰਥ, ਪੰਨਾ 585
2. ਉਹੀ, ਪੰਨਾ 1236
3. ਸੰਤ ਸਿੰਘ ਸੇਖੋਂ, ਪੰਜਾਬੀ ਕਾਵਿ ਸ਼ਿਰੋਮਣੀ, ਪੰਨਾ 197
4. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 234
5. ਉਹੀ, ਪੰਨਾ 57[illegible]
6. ਆਦਿ ਗ੍ਰੰਥ, ਪੰਨਾ 318
7. ਉਹੀ, ਪੰਨਾ 250

ਰਚਨਾ ਕੀਤੀ ਹੈ। ਇਹ ਕਾਵਿ ਰੂਪ ਭਗਤ ਕਬੀਰ[1] ਜੀ ਨੇ ਵੀ ਪ੍ਰਯੋਗ ਕੀਤਾ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਗੁਰਮੁਖੀ ਵਰਣਮਾਲਾ ਤੇ ਅਧਾਰਿਤ ਪੱਟੀ ਅਤੇ ਓਅੰਕਾਰ ਦੀ ਰਚਨਾ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਕਰ ਚੁਕੇ ਸਨ।

ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਯੁਕਤ ਕਾਵਿ ਰੂਪ 'ਥਿਤੀ' ਵਿੱਚ ਵੀ ਕਾਵਿ ਰਚਨਾ ਕੀਤੀ ਹੈ। ਜਿੱਥੇ ਗੁਰੂ ਨਾਨਕ ਦੇਵ ਜੀ ਨੇ ਇਸ ਕਾਵਿ ਰੂਪ ਨੂੰ ਬਿਲਾਵਲ ਰਾਗ ਵਿੱਚ ਰਚਿਆ ਹੈ ਉਥੇ ਗੁਰੂ ਅਰਜਨ ਦੇਵ ਜੀ ਨੇ ਇਸ ਕਾਵਿ ਰੂਪ ਲਈ ਗਉੜੀ ਰਾਗ[2] ਉਪਯੁਕਤ ਸਮਝਿਆ ਹੈ। ਭਗਤ ਕਬੀਰ ਜੀ ਨੇ ਵੀ 'ਥਿਤੀ' ਗਉੜੀ ਰਾਗ ਵਿੱਚ ਹੀ ਰੱਖੀ ਹੈ।[3]

ਗੁਰੂ ਅਰਜਨ ਦੇਵ ਜੀ ਨੇ ਬਾਰਹਮਾਹਾ ਅਤੇ ਰੁਤੀ ਦਾ ਪ੍ਰਯੋਗ ਵੀ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਰਾਗ ਵਿੱਚ ਬਾਰਹਮਾਹ ਰਚਿਆ ਹੈ ਪਰ ਗੁਰੂ ਅਰਜਨ ਦੇਵ ਜੀ ਨੇ ਆਪਣੇ ਬਾਰਹਮਾਹ ਲਈ ਮਾਝ ਰਾਗ ਦਾ ਪ੍ਰਯੋਗ ਕੀਤਾ ਹੈ।

ਰੁਤੀ ਕਾਵਿ ਰੂਪ ਭਾਰਤੀ ਕਾਵਿ ਵਿੱਚ ਪੁਰਾਤਨ ਕਾਲ ਤੋਂ ਹੀ ਪ੍ਰਚਲਤ ਰਿਹਾ ਹੈ। ਸੰਸਕ੍ਰਿਤ ਵਿੱਚ ਇਹ 'ਸ਼ਟ ਰੁਤ' ਦੇ ਨਾਮ ਨਾਲ ਪ੍ਰਸਿੱਧ ਰਿਹਾ ਹੈ।[4] ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਦੇ ਹਿੰਦੀ ਦੇ ਪ੍ਰਸਿੱਧ ਸੂਫੀ ਕਵੀ ਮਲਿਕ ਮੁਹੰਮਦ ਜਾਇਸੀ ਨੇ ਵੀ ਇਸ ਕਾਵਿ ਰੂਪ ਦਾ ਪ੍ਰਯੋਗ ਕੀਤਾ ਹੈ।[5]

ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਯੋਗ ਕੀਤੇ ਕਾਵਿ ਰੂਪਾਂ ਸੁਚੱਜੀ ਅਤੇ ਕੁਚੱਜੀ ਦੀ ਸ਼ੈਲੀ ਵਿੱਚ ਹੀ ਗੁਰੂ ਅਰਜਨ ਦੇਵ ਜੀ ਨੇ 'ਗੁਣਵੰਤੀ' ਕਾਵਿ ਰੂਪ ਦੀ ਰਚਨਾ ਕੀਤੀ ਹੈ। ਗੁਰੂ ਅਰਜਨ ਦੇਵ ਜੀ ਨੇ ਬਾਕੀ ਗੁਰੂ ਸਾਹਿਬਾਨ ਤੋਂ ਜਿਹੜੇ ਵਿਵੇਕਲੇ ਕਾਵਿ ਰੂਪ ਅਪਨਾਏ ਹਨ ਉਹਨਾਂ ਦੇ ਨਾਂ ਇਸ ਪ੍ਰਕਾਰ ਹਨ —ਦਿਨ ਰੈਣ, ਬਿਰਹੜੇ, ਅੰਜਲੀਆ, ਗਾਥਾ, ਫੁਨਹੇ, ਚਉਬੋਲੇ, ਮੁੰਦਾਵਣੀ ਅਤੇ ਸੁਖਮਨੀ।

ਦਿਨ ਰੈਣ ਕਾਵਿ ਰੂਪ ਵਿੱਚ ਦਿਨ ਅਤੇ ਰਾਤ ਨੂੰ ਕੀਤੇ ਜਾਣ ਵਾਲੇ ਸ਼ੁਭ ਕਾਰਜਾਂ ਦਾ ਵਰਣਨ ਹੈ।

ਬਿਰਹੜੇ ਬਿਰਹਾ ਦੇ ਗੀਤ ਹਨ।

ਅੰਜਲੀਆਂ ਬਾਰੇ ਕਾਹਨ ਸਿੰਘ ਨਾਭਾ ਲਿਖਦੇ ਹਨ, ਦਾਹ ਪਿੱਛੋਂ ਪ੍ਰੇਤ ਨੂੰ (ਤਿਲ ਆਦਿਕ ਪਦਾਰਥਾਂ ਨਾਲ ਮਿਲੀ ਹੋਈ ਪਾਣੀ ਦੀ ਚੁਲੀ) ਤਿਲਾਂਜਲੀ ਦਿੱਤੀ ਜਾਂਦੀ ਹੈ।[6] ਗੁਰੂ ਅਰਜਨ ਦੇਵ ਜੀ ਦੀ ਕਾਵਿ ਰਚਨਾ ਅੰਜਲੀਆ ਇਸੇ ਲੋਕ ਰੀਤੀ ਨਾਲ ਸੰਬੰਧਤ ਹੈ।

ਗਾਥਾ ਲੋਕ ਸਾਹਿਤ ਦਾ ਇੱਕ ਕਾਵਿ ਰੂਪ ਹੈ। ਹਿੰਦੀ, ਸਾਹਿਤ ਕੋਸ਼ ਵਿੱਚ ਗਾਥਾ ਦੀ ਪਰਿਭਾਸ਼ਾ

---

1. ਆਦਿ ਗ੍ਰੰਥ, ਪੰਨਾ 340
2. ਉਹੀ, ਪੰਨਾ 296
3. ਉਹੀ, ਪੰਨਾ 343
4. ਰਵਿੰਦਰ ਕੁਮਾਰ ਭਰਮਰ, ਹਿੰਦੀ ਭਗਤੀ ਸਾਹਿਤਯ ਮੇਂ ਲੋਕ ਤਤਵ ਪੰਨਾ 149
5. ਪਦਮਾਵਤ ਪੰਨਾ 98
6. ਗੁਰਮਤ ਪ੍ਰਭਾਕਰ (1922) ਪੰਨਾ 365

ਦਸਦਿਆਂ ਲਿਖਿਆ ਹੈ, 'ਗਾਥਾ ਲੋਕ-ਗੀਤ ਦੀ ਉਹ ਵੰਨਗੀ ਹੈ ਜਿਸ ਵਿੱਚ ਗਾਉਣ ਦੇ ਨਾਲ ਨਾਲ ਕਥਾਨਕ ਦੀ ਪ੍ਰਧਾਨਤਾ ਰਹਿੰਦੀ ਹੈ।' ਸਭ ਤੋਂ ਪਹਿਲਾਂ ਗਾਥਾ ਸ਼ਬਦ ਦਾ ਪ੍ਰਯੋਗ ਰਿਗ ਵੇਦ ਵਿੱਚ ਹੋਇਆ ਹੈ।[1]

ਗੁਰੂ ਅਰਜਨ ਦੇਵ ਜੀ ਰਾਹੀਂ ਪ੍ਰਯੋਗ ਕੀਤੇ ਗਾਥਾ ਕਾਵਿ ਰੂਪ ਵਿੱਚ ਹਰੀ ਦੇ ਜਸ ਕੀ ਕਥਾ ਗੁੰਥਿਨ ਕੀਤੀ ਗਈ ਹੈ।

'ਫੁਨਹੇ' ਲੋਕ ਕਾਵਿ ਵਿੱਚ ਪ੍ਰਚਲਤ ਮੰਗਲ ਗੀਤ ਹੁੰਦੇ ਹਨ ਜੋ ਬੱਚੇ ਦੇ ਜਨਮ ਸਮੇਂ ਤੇ ਵਿਆਹ ਵੇਲੇ ਦੁਲਹਨ ਦੇ ਹਾਰ ਸ਼ਿੰਗਾਰ ਕਰ ਲੈਣ ਪਿੱਛੋਂ ਗਾਏ ਜਾਂਦੇ ਹਨ।[2] ਗੁਰੂ ਅਰਜਨ ਦੇਵ ਜੀ ਨੇ ਇਸ ਕਾਵਿ ਰੂਪ ਦਾ ਪ੍ਰਯੋਗ ਸਫਲਤਾ ਨਾਲ ਕੀਤਾ ਹੈ।

ਚਉਬੋਲੇ ਕਾਵਿ ਰੂਪ ਗੁਰੂ ਕਾਲ ਵਿੱਚ ਪ੍ਰਚਲਤ ਸੀ।[3] ਮੁੰਦਾਵਣੀ ਕਾਵਿ ਰੂਪ ਨੂੰ ਸ਼ਬਦਾਰਥ ਵਿੱਚ 'ਪਹੇਲੀ' ਜਾਂ ਬੁਝਾਰਤ ਕਿਹਾ ਹੈ।[4] ਕਾਹਨ ਸਿੰਘ ਨਾਭਾ[4*] ਮੁੰਦਵਣੀ ਦਾ ਅਰਥ 'ਮੁਹਰ' ਕਰਦੇ ਹਨ।[5] ਪਰ ਡਾ. ਵਣਜਾਰਾ ਬੇਦੀ ਮੁੰਦਾਵਣੀ ਬਾਰੇ ਲਿਖਦੇ ਹਨ —'ਮੁੰਦਾਵਣੀ' ਇੱਕ ਰੀਤ ਹੈ ਜੋ ਧਨੀ-ਪੋਠੋਹਾਰ ਵਿੱਚ ਜੰਵ ਦੇ ਰੋਟੀ ਖਾਣ ਸਮੇਂ 'ਥਾਲੀ' ਬੰਨ੍ਹ ਕੇ ਕੀਤੀ ਜਾਂਦੀ ਸੀ। ਇਹ ਰੀਤ ਕੇਂਦਰੀ ਪੰਜਾਬ ਦੀ ਜੰਵ ਬੰਨ੍ਹਣ ਦੀ ਰੀਤ ਨਾਲ ਮੇਲ ਖਾਂਦੀ ਹੈ। ਇਸ ਰੀਤ ਸਮੇਂ ਜੋ ਗੀਤ ਗਾਏ ਜਾਂਦੇ ਤੇ ਬੁਝਾਰਤਾਂ ਪਾਈਆਂ ਜਾਂਦੀਆਂ ਹਨ, ਉਹ ਪੋਠੋਹਾਰ ਵਿੱਚ 'ਮੁੰਦਾਵਣੀ' ਅਖਵਾਉਂਦੀਆਂ ਹਨ। ਇਹਨਾਂ ਗੀਤਾਂ ਵਿੱਚ ਥਾਲੀ ਤੇ ਉਸ ਵਿੱਚ ਪਈਆਂ ਵਸਤਾਂ ਦਾ ਜ਼ਿਕਰ ਲਾਜ਼ਮੀ ਹੈ।[6] ਗੁਰੂ ਅਰਜਨ ਦੇਵ ਜੀ ਨੇ ਮੁੰਦਾਵਣੀ ਕਾਵਿ ਰੂਪ ਵਿੱਚ ਇਹ ਸ਼ੈਲੀ ਹੀ ਅਪਨਾਈ ਹੈ।

ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਪ੍ਰਸਿੱਧ ਅਤੇ ਵਿਲੱਖਣ ਬਾਣੀ ਸੁਖਮਨੀ ਹੈ। ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ ਇਹ ਮੱਧਕਾਲੀਨ ਭਾਰਤਵਰਸ਼ ਦੀ ਸਭ ਤੋਂ ਲੰਮੀ ਅਧਿਆਤਮਕ ਰਚਨਾ ਹੈ।[7] ਡਾ. ਵਣਜਾਰਾ ਬੇਦੀ ਅਨੁਸਾਰ ਇਸ ਬਾਣੀ ਦਾ ਨਾਮ ਜੋਗੀਆਂ ਵਿੱਚ ਪ੍ਰਚਲਤ ਸੁਖਮਨਾ ਰੀਤੀ ਤੇ ਅਧਾਰਤ ਹੈ।[8] ਇਸ ਬਾਣੀ ਦੀਆਂ 24 ਅਸ਼ਟਪਦੀਆਂ ਹਨ, ਹਰ ਅਸ਼ਟਪਦੀ ਵਿੱਚ 8-8 ਪਉੜੀਆਂ ਹਨ ਅਤੇ ਹਰ ਪਉੜੀ ਦੀਆਂ 10-10 ਤੁਕਾਂ ਹਨ। ਇਸ ਤਰ੍ਹਾਂ ਇਹ ਕਾਵਿ ਰਚਨਾ ਵਿਸ਼ੇ, ਵਿਸਥਾਰ ਅਤੇ ਰੂਪ ਪੱਖੋਂ ਵਿਲਖਣਤਾ ਰਖਦੀ ਹੈ।

ਗੁਰੂ ਤੇਗ ਬਹਾਦਰ ਜੀ ਨੇ ਕੇਵਲ ਪਦਿਆਂ ਅਤੇ ਸਲੋਕਾਂ ਵਿੱਚ ਹੀ ਕਾਵਿ ਰਚਨਾ ਕੀਤੀ ਹੈ। ਇਸ ਤਰ੍ਹਾਂ ਉਪਰਲੇ ਅਧਿਐਨ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਕਵੀਆਂ ਨੇ ਪੁਰਾਤਨ ਕਾਵਿ

---

1. ਹਿੰਦੀ ਸਾਹਿਤ ਕੋਸ਼, ਪੰਨਾ 258
2. ਵਣਜਾਰਾ ਬੇਦੀ, <u>ਪੰਜਾਬੀ ਲੋਕਧਾਰਾ ਵਿਸ਼ਵ ਕੋਸ਼</u>, ਪੰਨਾ 240
3. ਉਹੀ, ਪੰਨਾ 241
4. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1429
5. ਮਹਾਨ ਕੋਸ਼, ਪੰਨਾ 986
6. ਵਣਜਾਰਾ ਬੇਦੀ, ਪੰਜਾਬੀ ਲੋਕ ਧਾਰਾ ਵਿਸ਼ਵਕੋਸ਼, ਪੰਨਾ 240
7. ਹਵਾਲਾ, <u>ਪੰਜਾਬੀ ਸਾਹਿਤ ਦਾ ਇਤਿਹਾਸ</u>(ਭਾਗ ਪਹਿਲਾ), ਭਾਸ਼ਾ ਵਿਭਾਗ, ਪੰਜਾਬ, ਪੰਨਾ 254
8. <u>ਪੰਜਾਬੀ ਲੋਕ ਧਾਰਾ ਵਿਸ਼ਵਕੋਸ਼</u>, ਪੰਨਾ 240
8. <u>ਪੰਜਾਬੀ ਲੋਕਧਾਰਾ ਵਿਸ਼ਵ ਕੋਸ਼</u>, ਪੰਨਾ 240

ਰੂਪਾਂ ਨੂੰ ਵੀ ਨਿਵੇਕਲੀ ਸ਼ੈਲੀ ਵਿੱਚ ਅਪਣਾਇਆ ਹੈ। ਬਾਵਨ ਅਖਰੀ, ਪਟੀ, ਸਲੋਕ, ਥਿਤੀ, ਬਾਰਹਮਾਹ, ਰੁਤੀ, ਪਦੇ, ਅਸ਼ਟਪਦੀਆਂ ਆਦਿ ਪੁਰਾਤਨ ਕਾਵਿ ਰੂਪ ਹਨ ਪਰ ਇਹਨਾਂ ਨੂੰ ਵਿਸ਼ੇਸ਼ ਰਾਗਾਂ ਤੇ ਗਾਉਣ ਦੇ ਆਦੇਸ਼ ਦੇ ਕੇ ਇਹਨਾਂ ਕਾਵਿ ਰੂਪਾਂ ਦਾ ਨਵੀਨੀਕਰਣ ਕਰ ਦਿੱਤਾ ਗਿਆ ਹੈ ।

ਇਸੇ ਤਰ੍ਹਾਂ ਗੁਰੂ ਸਾਹਿਬਾਨ ਨੇ ਲੋਕ-ਕਾਵਿ ਰੂਪਾਂ ਦਾ ਬਹੁਤ ਪ੍ਰਯੋਗ ਕੀਤਾ ਹੈ, ਪਰ ਵਿਸ਼ੇਸ਼ ਰਾਗਾਂ ਅਨੁਸਾਰ ਗਾਉਣ ਨਾਲ ਇਹ ਕਾਵਿ-ਰੂਪ ਵਿਲੱਖਣ ਹੋ ਨਿਬੜੇ ਹਨ ।

(ਅ) ਰਾਗ ਪਰੰਪਰਾ

ਸਨਾਤਨੀ ਰਾਗ ਪਰੰਪਰਾ

ਰਾਗ ਭਾਰਤੀ ਸੰਗੀਤ ਦੀ ਨੀਂਹ ਹੈ। ਅਚਾਰੀਆਂ ਨੇ ਸੰਗੀਤ ਦੀ ਪਰਿਭਾਸ਼ਾ ਕਰਦਿਆਂ ਗਾਇਨ, ਵਾਦਨ ਅਤੇ ਨਰਿਤ ਤਿੰਨਾਂ ਨੂੰ ਸੰਗੀਤ ਕਿਹਾ ਹੈ। ਇਹਨਾਂ ਤਿੰਨਾਂ ਵਿੱਚ ਗਾਇਨ ਪ੍ਰਮੁੱਖ ਹੈ। ਗਾਇਨ ਦਾ ਅਨੁਕਰਣ ਵਾਦਨ ਅਤੇ ਵਾਦਨ ਦਾ ਅਨੁਕਰਣ ਨਰਿਤ ਕਰਦਾ ਹੈ।[1] ਇਸ ਲਈ ਗਾਇਨ ਸਭ ਤੋਂ ਵੱਧ ਮਹੱਤਵਪੂਰਨ ਹੈ। ਗਾਇਨ ਵਿੱਚ ਸੁਰਾਂ ਅਤੇ ਵਰਣਾਂ ਨਾਲ ਸਜੀ ਹੋਈ ਧੁਨੀ ਨੂੰ ਰਾਗ ਕਿਹਾ ਜਾਂਦਾ ਹੈ। ਸੰਗੀਤ ਪਾਰਿਜਾਤ ਵਿੱਚ ਸੁਰਾਂ ਦੇ ਇੱਕ ਮਨੋਰੰਜਕ ਸਮੂਹ ਨੂੰ ਰਾਗ ਕਿਹਾ ਗਿਆ ਹੈ।[2]

ਪੂਰਬ ਗੁਰੂ ਕਾਲ ਦੀ ਰਾਗ ਪਰੰਪਰਾ

ਰਾਗ ਦੀ ਉਤਪਤੀ ਕਦੋਂ ਹੋਈ, ਇਸ ਸੰਬੰਧੀ ਸੰਗੀਤ ਅਚਾਰੀਆਂ ਨੇ ਸਪੱਸ਼ਟ ਕੁਝ ਨਹੀਂ ਲਿਖਿਆ ਸੰਗੀਤ ਗ੍ਰੰਥਾਂ ਦੀ ਮਨੌਤ ਅਨੁਸਾਰ ਰਾਗ ਦੀ ਸਿਰਜਣਾ ਸ਼ੰਕਰ ਭਗਵਾਨ ਨੇ ਕੀਤੀ। ਸੰਗੀਤ ਦਰਪਣ ਵਿੱਚ ਲਿਖਿਆ ਹੈ, 'ਸ਼ਿਵ ਅਤੇ ਸ਼ਕਤੀ ਇਹਨਾਂ ਦੋਹਾਂ ਦੇ ਮੇਲ ਨਾਲ ਰਾਗ ਉਤਪੰਨ ਹੋਏ। ਸ਼ੰਕਰ ਭਗਵਾਨ ਦੇ ਪੰਜਾਂ ਮੂੰਹਾਂ ਤੋਂ ਪੰਜ ਰਾਗ ਅਤੇ ਛੇਵਾਂ ਰਾਗ ਪਾਰਬਤੀ ਦੇ ਮੂੰਹ ਤੋਂ ਨਿਕਲਿਆ ਸੀ।[3] ਭਾਰਤੀ ਸੰਗੀਤ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਰਾਗ ਦੀ ਉਤਪਤੀ ਕੋਈ ਥੋੜੇ ਸਮੇਂ ਦੀ ਦੇਣ ਨਹੀਂ ਸਗੋਂ ਇਸ ਵਿੱਚ ਲੰਮੇਂ ਸਮੇਂ ਦੀ ਪ੍ਰਕਿਰਿਆ ਦਾ ਯੋਗਦਾਨ ਹੈ।

ਭਾਰਤ ਵਿੱਚ ਸੰਗੀਤ ਵੇਦਾਂ ਤੋਂ ਪਹਿਲਾਂ ਸਿੰਧੂ ਘਾਟੀ ਦੀ ਸਭਿਅਤਾ ਵੇਲੇ ਵੀ ਮੌਜੂਦ ਸੀ।[4] ਵੇਦਾਂ ਦੇ ਮੰਤਰ ਜਿਹਨਾਂ ਸੁਰਾਂ ਵਿੱਚ ਗਾਏ ਜਾਂਦੇ ਸਨ ਉਹਨਾਂ ਨੂੰ ਉਦਾਤ, ਅਨੁਦਾਤ ਅਤੇ ਸਵਰਿਤ ਕਿਹਾ ਜਾਂਦਾ ਸੀ। ਪਰ ਇਥੇ ਰਾਗ ਸੰਬੰਧੀ ਕੋਈ ਵਿਵਰਣ ਨਹੀਂ ਮਿਲਦਾ।[5] ਭਾਰਤੀ ਸੰਗੀਤ ਸੰਬੰਧੀ ਪਹਿਲਾ ਪ੍ਰਮਾਣਿਕ ਪ੍ਰਾਪਤ ਗ੍ਰੰਥ ਭਰਤ ਦਾ ਨਾਟ ਸ਼ਾਸਤਰ ਹੈ। ਇਸ ਗ੍ਰੰਥ ਵਿੱਚ ਪ੍ਰਾਚੀਨ ਭਾਰਤੀ ਨਾਟਕ ਦੇ ਵਿਸਥਾਰ ਸਹਿਤ

1. ਸਾਰੰਗ ਦੇਵ, ਸੰਗੀਤ ਰਤਨਾਕਾਰ, (ਭਾਗ1), ਪੰਨਾ 15
2. ਅਹੋਬਲ, ਸੰਗੀਤ ਪਾਰਿਜਾਤ, ਪੰਨਾ 91
3. ਦਮੋਦਰ ਪੰਡਤ, ਸੰਗੀਤ ਦਰਪਣ, ਪੰਨਾ 73
4. ਉਮੇਸ਼ ਜੋਸ਼ੀ, ਭਾਰਤੀ ਸੰਗੀਤ ਕਾ ਇਤਿਹਾਸ, ਪੰਨਾ 53-59
5. - ਉਹੀ - ਪੰਨਾ 70

ਵਿਵੇਚਨ ਦੇ ਨਾਲ ਨਾਲ ਸੰਗੀਤ ਦਾ ਵੀ ਉਲੇਖ ਕੀਤਾ ਗਿਆ ਹੈ। ਇਸ ਗ੍ਰੰਥ ਵਿੱਚ ਗਾਇਨ ਸੰਬੰਧੀ ਸ਼ਰੁਤੀ ਸ਼ੜ੍ਹਜ ਗਰਾਮ, ਮਧਮਗਰਾਮ ਅਤੇ 18 ਜਾਤੀਆਂ ਆਦਿ ਦਾ ਵਰਣਨ ਤਾਂ ਕੀਤਾ ਗਿਆ ਹੈ ਪਰ ਰਾਗ ਦਾ ਸਪੱਸ਼ਟ ਉਲੇਖ ਇੱਥੇ ਵੀ ਨਹੀਂ ਮਿਲਦਾ। ਇਸ ਤੋਂ ਕਈ ਵਿਦਵਾਨ ਇਹ ਨਤੀਜਾ ਕੱਢ ਲੈਂਦੇ ਹਨ ਕਿ ਇਸ ਵੇਲੇ ਰਾਗ ਗਾਇਨ ਦਾ ਪ੍ਰਚਾਰ ਨਹੀਂ ਸੀ ਹੋਇਆ।[1] ਪਰ ਕਈ ਵਿਦਵਾਨ ਇਸ ਮਤ ਨਾਲ ਸਹਿਮਤ ਨਹੀਂ। ਅਚਾਰੀਆ ਬ੍ਰਿਹਸਪਤੀ ਨੇ ਨਾਟ ਸ਼ਾਸਤਰ ਵਿੱਚੋਂ ਕੁਝ ਉਦਾਹਰਨਾਂ ਦੇ ਕੇ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਉਸ ਵੇਲੇ ਰਾਗ ਗਾਇਨ ਪ੍ਰਚਲਤ ਸੀ।[2]

ਰਾਗ ਸ਼ਬਦ ਦਾ ਪਹਿਲੀ ਵਾਰੀ ਸਪਸ਼ਟ ਪ੍ਰਯੋਗ ਮਤੰਗ ਰਚਿਤ 'ਬ੍ਰਿਹਦੇਸ਼ੀ' ਗ੍ਰੰਥ ਵਿੱਚ ਹੋਇਆ ਹੈ। ਇਸ ਨੇ ਜਿਹੜੇ ਰਾਗਾਂ ਦਾ ਉਲੇਖ ਕੀਤਾ ਹੈ ਉਹਨਾਂ ਵਿੱਚੋਂ ਕੁਝ ਰਾਗਾਂ ਦੇ ਨਾਂ ਇਸ ਪ੍ਰਕਾਰ ਹਨ: ਸ਼ੁਧ ਸ਼ਾਡਵ, ਸ਼ੁਧ ਸਾਧਾਰਿਤ, ਸ਼ੁਧ ਕੈਸ਼ਿਕ ਮਾਧਿਅਮ, ਸ਼ੁਧ ਕੈਸ਼ਿਕ ਭਿੰਨ ਸ਼ੜਜ, ਭਿੰਨ ਪੰਚਮ, ਭਿੰਨ ਕੈਸ਼ਿਕ ਮਾਧਿਅਮ, ਭਿੰਨਤਾਨ, ਗੌੜ ਪੰਚਮ ਗੌੜ ਕੈਸ਼ਿਕ, ਗੌੜ ਕੈਸ਼ਿਕ ਮਾਧਿਅਮ, ਟੱਕ, ਸੌਵੀਰਕ, ਮਾਲਵ ਪੰਚਮ, ਬੇਭਰ ਸ਼ਾਡਵ ਵੋਟ, ਭਿੰਦੋਲਕ, ਟੱਕ ਕੈਸ਼ਿਕ, ਮਾਲਵਕੈਸ਼ਿਕ, ਨਰਤ, ਸ਼ਕ, ਕੁਕੁਭ ਮੰਮਾਣ ਪੰਚਮ, ਰੂਪ ਸਾਧਾਰਤ, ਗਾਂਧਾਰ ਪੰਚਮ, ਪੰਚਮ ਸ਼ਾਡਵ, ਰੇਵ ਗੁਪਤ, ਟੱਕ ਸੈਂਧਵ।[3]

ਇਸ ਤੋਂ ਬਾਦ ਸੰਗੀਤ ਮਕਰੰਦ ਗ੍ਰੰਥ ਦੀ ਰਚਨਾ ਹੋਈ ਹੈ। ਨਾਰਦ ਰਚਿਤ ਇਸ ਗ੍ਰੰਥ ਵਿੱਚ 93 ਪ੍ਰਚਲਤ ਰਾਗਾਂ ਨੂੰ ਚਾਰ ਢੰਗਾਂ ਨਾਲ ਵੰਡਿਆ ਹੈ।

(ੳ) ਲਿੰਗ ਅਨੁਸਾਰ:- ਪੁਰਖ ਰਾਗ, ਇਸਤਰੀ ਰਾਗ, ਨਪੁੰਸਕ ਰਾਗ ।

(ਅ) ਕੰਪਨ ਅਨੁਸਾਰ:- ਪੂਰਨ ਕੰਪਨ ਵਾਲੇ ਰਾਗ ਨੂੰ 'ਮੁਕਤਾਂਗ' ਕੰਪਿਤ, ਘੱਟ ਕੰਪਨ ਵਾਲੇ ਰਾਗਾਂ ਨੂੰ ਅਰਧ-ਕੰਪਿਤ ਤੇ ਜਿਹਨਾਂ ਰਾਗਾਂ ਵਿੱਚ ਕੰਪਨ ਦਾ ਅਭਾਵ ਦਿਸਿਆ ਉਹਨਾਂ ਨੂੰ ਕੰਪ ਵਿਹੀਨ ਨਾਮ ਦਿੱਤਾ ਗਿਆ ।

(ੲ) ਜਾਤੀ ਅਨੁਸਾਰ:- ਕੁਝ ਰਾਗਾਂ ਦੀ ਵੰਡ ਜਾਤੀਆਂ ਦੇ ਅਧਾਰ ਤੇ ਕੀਤੀ ਗਈ ਜਿਵੇਂ ਸੰਪੂਰਨ, ਸ਼ਾਡਵ ਤੇ ਔਡਵ ।

(ਸ) ਚੌਥੀ ਪਰਣਾਲੀ ਵਿੱਚ ਰਗਾਂ ਦੀ ਸਮੇਂ ਅਨੁਸਾਰ ਵੰਡ ਕੀਤੀ ਗਈ ਹੈ।[4]

ਇਸ ਗ੍ਰੰਥ ਤੋਂ ਬਾਦ ਬਾਰ੍ਹਵੀਂ ਸਦੀ ਵਿੱਚ ਇੱਕ ਮਹੱਤਵਪੂਰਨ ਗ੍ਰੰਥ 'ਸੰਗੀਤ ਰਤਨਾਕਰ' ਰਚਿਆ ਗਿਆ। ਸ਼ਾਰੰਗ ਦੇਵ ਦਾ ਇਹ ਗ੍ਰੰਥ ਭਾਰਤੀ ਸੰਗੀਤ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਕੜੀ

---

1. ਭਾਤਖੰਡੇ, ਉਤਰ ਭਾਰਤੀਯ ਸੰਗੀਤ ਕਾ ਸੰਕਸ਼ਿਪਤ ਇਤਿਹਾਸ, ਪੰਨਾ 4
2. ਬ੍ਰਿਹਸਪਤੀ, ਸੰਗੀਤ ਚਿੰਤਾਮਣੀ, ਪੰਨਾ 13
3. — ਉਹੀ — ਪੰਨਾ 118-119
4. ਤਾਰਾ ਸਿੰਘ, ਸੁਰਜੀਤ ਕੌਰ, ਵਾਦਨ ਕਲਾ, ਪੰਨਾ 244-45

ਹੈ। ਇਸ ਵਿੱਚ ਪੂਰਵ-ਪ੍ਰਸਿਧ ਰਾਗਾਂ ਦਾ ਅਤੇ ਤਤਕਾਲੀਨ ਪ੍ਰਚਲਤ ਰਾਗਾਂ ਦਾ ਵਰਣਨ ਕੀਤਾ ਗਿਆ ਹੈ।

ਸਾਰੰਗਦੇਵ ਤੋਂ ਬਾਦ 14ਵੀਂ ਸਦੀ ਵਿੱਚ ਭਾਰਤੀ ਸੰਗੀਤ ਵਿੱਚ ਇੱਕ ਮਹਾਨ ਪਰਿਵਰਤਨ ਆਇਆ। ਮੁਸਲਮਾਨਾਂ ਦੇ ਭਾਰਤ ਵਿੱਚ ਆਉਣ ਨਾਲ ਮੁਸਲਮਾਨੀ ਸੱਭਿਆਚਾਰ ਦਾ ਜਿੱਥੇ ਭਾਰਤੀ ਸਭਿਆਚਾਰ ਦੇ ਹੋਰ ਪੱਖਾਂ ਤੇ ਅਸਰ ਪਿਆ ਉਥੇ ਸੰਗੀਤ ਉੱਤੇ ਵੀ ਇਸ ਦਾ ਡੂੰਘਾ ਪ੍ਰਭਾਵ ਪੈਣਾ ਕੁਦਰਤੀ ਸੀ। ਉਸ ਵੇਲੇ ਦੇ ਵਿਦਵਾਨ ਅਮੀਰ ਖੁਸਰੋ ਨੇ ਭਾਰਤੀ ਸੰਗੀਤ ਕਈ ਨਵੇਂ ਰਾਗ, ਨਵੇਂ ਸਾਜ਼ ਅਤੇ ਨਵੀਆਂ ਗਾਇਨ ਸ਼ੈਲੀਆਂ ਪ੍ਰਦਾਨ ਕੀਤੀਆਂ।[1] ਇਸ ਤੋਂ ਉਪਰੰਤ ਗੁਰੂ ਕਾਲ ਆਰੰਭ ਹੋ ਜਾਂਦਾ ਹੈ ਉਸ ਦਾ ਅਧਿਐਨ ਅੱਗੇ ਕਰਾਂਗੇ।

ਲੋਕ ਰਾਗ:— ਸ਼ਾਸਤਰੀ ਸੰਗੀਤ ਵਿੱਚ ਰਾਗ ਨੂੰ ਪਹਿਲ ਦਿੱਤੀ ਜਾਂਦੀ ਹੈ। ਪਰ ਲੋਕ ਸੰਗੀਤ ਵਿੱਚ ਕਾਵਿ ਦੀ ਪ੍ਰਧਾਨਤਾ ਹੈ। ਸ਼ਾਸਤਰੀ ਸੰਗੀਤ ਵਿੱਚ ਪਹਿਲਾਂ ਰਾਗ ਦੀ ਚੋਣ ਫਿਰ ਉਸ ਅਨੁਸਾਰ ਕਿਸੇ ਕਾਵਿ-ਬੰਦ ਨੂੰ ਗਾ ਕੇ ਰਾਗ ਦਾ ਸਰੂਪ ਦਰਸਾਇਆ ਜਾਂਦਾ ਹੈ ਪਰ ਲੋਕ ਸੰਗੀਤ ਵਿੱਚ ਕਾਵਿ ਦੇ ਅਨੁਸਾਰੀ ਰਾਗ ਨੂੰ ਸਹਾਇਕ ਦੇ ਰੂਪ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਕਈ ਵਾਰ ਲੋਕ-ਗੀਤ ਆਪਣੇ ਆਪ ਹੀ ਕੋਈ ਰਾਗ ਵਰਗੀ ਧੁਨ ਸਿਰਜ ਲੈਂਦਾ ਹੈ। ਬਹੁਤੇ ਰਾਗ ਇਹਨਾਂ ਲੋਕ-ਗੀਤਾਂ ਅਨੁਸਾਰ ਆਪਣੇ ਆਪ ਉਪਜੀਆਂ ਧੁਨਾਂ ਦਾ ਹੀ ਸੋਧਿਆ ਹੋਇਆ ਰੂਪ ਹਨ। ਜਦੋਂ ਇਹਨਾਂ ਧੁਨਾਂ ਦੇ ਰਾਗਾਂ ਨੂੰ ਸ਼ਾਸਤਰ ਬੱਧ ਕਰ ਲਿਆ ਜਾਂਦਾ ਹੈ ਤਾਂ ਇਹਨਾਂ ਨੂੰ ਹੀ ਸ਼ਾਸਤਰੀ ਰਾਗ ਕਿਹਾ ਜਾਂਦਾ ਹੈ ।

ਪੁਰਾਤਨ ਕਾਲ ਵਿੱਚ ਵੀ ਦੋ ਤਰ੍ਹਾਂ ਦੀਆਂ ਸੰਗੀਤ ਪਧਤੀਆਂ ਪ੍ਰਚਲਤ ਸਨ। ਪਹਿਲੀ ਸੰਗੀਤ ਪਧਤੀ ਨੂੰ 'ਗੰਧਰਬ' ਅਤੇ ਦੂਜੀ ਨੂੰ 'ਗਾਨ' ਕਿਹਾ ਜਾਂਦਾ ਸੀ। ਗੰਧਰਬ ਪਧਤੀ ਦੇ ਅੰਤਰਗਤ 'ਮਾਰਗੀ ਸੰਗੀਤ' ਅਤੇ 'ਗਾਨ' ਪਧਤੀ ਦੇ ਅੰਤਰਗਤ ਦੇਸੀ ਸੰਗੀਤ ਪ੍ਰਚਲਤ ਸੀ।

ਗੰਧਰਬ ਅਰਥਾਤ ਮਾਰਗੀ ਸੰਗੀਤ ਪਧਤੀ ਉਪਰ ਕਠੋਰ ਨਿਯਮਾਂ ਦਾ ਨਿਯੰਤਰਣ ਸੀ। ਇਸ ਵਿੱਚ ਪਰੰਪਰਾਗਤ ਚਲੇ ਆ ਰਹੇ ਕਠੋਰ ਨਿਯਮਾਂ ਦਾ ਪਾਲਣ ਕਰਨਾ ਪੈਂਦਾ ਸੀ। ਸੰਗੀਤ ਪਾਰਿਜਾਤ ਵਿੱਚ ਦੱਸਿਆ ਹੈ ਕਿ ਮਾਰਗੀ ਸੰਗੀਤ ਸ਼ੁਧ ਰੂਪ ਵਿੱਚ ਬ੍ਰਹਮਾ ਜੀ ਨੇ ਭਰਤ ਨੂੰ ਸਿਖਾਇਆ ਤੇ ਭਰਤ ਨੇ ਅਪਸਰਾਵਾਂ ਅਤੇ ਗੰਧਰਬਾਂ ਨੂੰ ਇਸ ਦੀ ਸਿੱਖਿਆ ਦਿੱਤੀ ।[2]

---

1. ਅਚਾਰੀਆ ਬ੍ਰਿਹਸਪਤੀ ਭਾਰਤੀਯ ਸੰਗੀਤ ਕੋ ਅਮੀਰ ਖੁਸਰੋ ਕਾ ਯੋਗਦਾਨ, 'ਅਮੀਰ ਖੁਸਰੋ' (ਸੰ.) ਡਾ. ਮਲਿਕ ਮੁਹੰਮਦ, ਪੰਨਾ 33

2. ਅਹੋਬਲ, ਸੰਗੀਤ ਪਾਰਿਜਾਤ, ਪੰਨਾ 6-7

ਦੂਸਰੇ ਪਾਸੇ ਜਨ ਸਧਾਰਨ ਸ਼ਾਸਤਰ ਦੇ ਬੰਧਨਾਂ ਤੋਂ ਮੁਕਤ ਪ੍ਰਦੇਸ਼ਕ ਲੋਕ ਗੀਤਾਂ ਅਤੇ ਲੋਕ ਧੁਨਾਂ ਵਿੱਚ ਆਪਣਾ ਮਨੋਰੰਜਨ ਕਰਦਾ ਸੀ। ਇਹਨਾਂ ਲੋਕ ਧੁਨਾਂ ਦੇ ਆਧਾਰ ਤੇ ਹੀ ਕੁਝ ਰਾਗਾਂ ਦੀ ਸਿਰਜਣਾ ਹੋਈ ਜਿਵੇਂ ਭੂਪਾਲੀ, ਜੌਨਪੁਰੀ, ਮੁਲਤਾਨੀ, ਅਹੀਰ, ਪਹਾੜੀ, ਮਾਂਡ, ਆਸਾ, ਗਉੜੀ, ਮਾਝ, ਸਿੰਧੜਾ, ਕਾਨੜਾ, ਤਿਲੰਗ, ਬੈਰਾੜੀ, ਟੋਡੀ, ਗੌਂਡ ਆਦਿ ।

ਉਪਰੋਕਤ ਰਾਗ ਆਪਣੇ ਨਾਮ ਅਨੁਸਾਰ ਆਪਣੇ ਆਪਣੇ ਸਥਾਨ ਦੇ ਲੋਕ ਸੰਗੀਤ ਦਾ ਪ੍ਰਤੀਨਿਧਵ ਕਰਦੇ ਹਨ ।

ਪੰਡਤ ਓਅੰਕਾਰ ਨਾਥ ਠਾਕੁਰ ਦਾ ਕਥਨ ਹੈ, "ਮੇਰੀ ਧਾਰਨਾ ਹੈ ਕਿ ਅੱਜ ਵੀ ਜੇ ਖੋਜ ਕੀਤੀ ਜਾਵੇ ਤਾਂ ਪ੍ਰਚਲਤ ਗਾਏ ਜਾਣ ਵਾਲੇ ਰਾਗਾਂ ਦਾ ਉਤਪਾਦਕ ਲੋਕ ਸੰਗੀਤ ਹੀ ਸਿੱਧ ਹੋਵੇਗਾ।[1]

ਲੋਕ ਰਾਗ ਪਧਤੀ ਅਤੇ ਸ਼ਾਸਤਰੀ ਰਾਗ ਪਧਤੀ ਦਾ ਸੁਮੇਲ ਧਾਰਮਿਕ ਕਾਵਿ ਵਿੱਚ ਹੋਇਆ ਹੈ। ਧਾਰਮਿਕ ਕਾਵਿ ਨੂੰ ਲੋਕ ਅਤੇ ਸ਼ਾਸਤਰੀ ਦੋਹਾਂ ਤਰ੍ਹਾਂ ਦੇ ਰਾਗਾਂ ਅਨੁਸਾਰ ਗਾਇਆ ਜਾਂਦਾ ਰਿਹਾ ਹੈ।

<u>ਰਾਗਾਂ ਤੇ ਅਧਾਰਤ ਕਾਵਿ ਪਰੰਪਰਾ</u>

ਪਦਿਆਂ ਨੂੰ ਰਾਗਾਂ ਦੇ ਅਧਾਰ ਤੇ ਗਾਉਣ ਦੀ ਪਰੰਪਰਾ ਬੋਧੀ ਸਿੱਧਾਂ ਤੋਂ ਸ਼ੁਰੂ ਹੋ ਜਾਂਦੀ ਹੈ । ਇਹਨਾਂ ਸਿੱਧਾਂ ਨੇ ਜਿਹੜੇ ਰਾਗਾਂ ਦਾ ਪ੍ਰਯੋਗ ਕੀਤਾ ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ:-

1. ਗੌੜ
2. ਮਾਰੂ
3. ਗੁਜਰੀ
4. ਪਟਮੰਜਰੀ
5. ਦੇਵਕਾਰੀ
6. ਦੇਸਾਖ
7. ਭੈਰਵੀ
8. ਕਾਮੋਦ

1. ਓਅੰਕਾਰ ਨਾਥ ਠਾਕੁਰ, ਭਾਰਤੀਯ ਲੋਕ ਸੰਗੀਤ ਕੀ ਆਤਮਾ, (ਲੋਕ ਸੰਸਕ੍ਰਿਤੀ ਅੰਕ), ਪੰਨਾ 301-2 (ਸੰਮੇਲਨ ਪਤ੍ਰਿਕਾ)

9. ਧਨਾਸਰੀ
10. ਰਾਮਕਲੀ
11. ਵਰਾੜੀ
12. ਸਿਵਾਰ (ਅ ਸਾਵਰੀ)
13. ਵਰਾਈ
14. ਮਲਾਰੀ
15. ਮਾਲਸ੍ਰੀ
16. ਮਾਲਸੀ ਗੌਂਡ
17. ਬੰਗਾਲਾ
18. ਰਾਗਿਨੀ ਵੇਦ[1]

ਇਹਨਾਂ ਵਿੱਚੋਂ ਜੈ ਦੇਵ ਨੇ ਆਪਣੇ ਗ੍ਰੰਥ <u>ਗੀਤ ਗੋਵਿੰਦ</u> ਵਿੱਚ ਹੇਠ ਲਿਖੇ ਰਾਗਾਂ ਦਾ ਪ੍ਰਯੋਗ ਕੀਤਾ ਹੈ :-

ਭੈਰਵੀ, ਗੁਜਰੀ, ਦੇਸਾਖ, ਰਾਮਕਲੀ, ਵਰਾੜੀ। ਸਿੱਧਾਂ ਦੇ ਰਗਾਂ ਵਿੱਚ ਗੌੜ ਅਤੇ ਮਾਲਸੀ ਗੌਡ ਰਗਾਂ ਦਾ ਪ੍ਰਯੋਗ ਹੋਇਆ ਅਤੇ ਜੈਦੇਵ ਦੇ ਗ੍ਰੰਥ ਵਿੱਚ ਮਾਲਵ ਗੌੜ ਰਾਗ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਤੋਂ ਬਿਨਾਂ ਗੀਤ ਗੋਵਿੰਦ ਵਿੱਚ ਜਿਹੜੇ ਰਾਗ ਪ੍ਰਯੋਗ ਹੋਏ ਹਨ ਉਹਨਾਂ ਦੇ ਨਾਮ ਇਸ ਪ੍ਰਕਾਰ ਹਨ :-

ਬਸੰਤ, ਕਰਣਾਟ, ਦੇਸੀ ਬਰਾੜੀ, ਗੁਣਕਲੀ, ਮਾਲਵ, ਵਿਭਾਸ ।

ਜੈ ਦੇਵ ਜੀ ਤੋਂ ਉਪਰੰਤ ਇਤਿਹਾਸਕ ਤੌਰ ਤੇ ਸ਼ੇਖ ਫਰੀਦ ਜੀ ਦੀ ਰਚਨਾ ਆਉਂਦੀ ਹੈ ਜਿਹੜੀ ਸੂਹੀ ਅਤੇ ਆਸਾ ਰਾਗਾਂ ਵਿੱਚ ਦਰਜ ਹੋਈ ਹੈ। ਫਰੀਦ ਜੀ ਭਾਵੇਂ ਮੁਸਲਮਾਨ ਸੂਫੀ ਕਵੀ ਸਨ ਪਰ ਉਹਨਾਂ ਦੀ ਰਚਨਾ ਦਾ ਪਦ-ਰੂਪ ਅਤੇ ਰਾਗਾਂ ਤੇ ਨਿਰਧਾਰਤ ਹੋਣਾ ਇਹ ਦਰਸਾਉਂਦਾ ਹੈ ਕਿ ਉਸ ਵੇਲੇ ਪਦਿਆਂ ਨੂੰ ਰਾਗਾਂ ਵਿੱਚ ਗਾਉਣ ਦਾ ਰਿਵਾਜ ਕਿੰਨਾ ਪ੍ਰਚਲਤ ਸੀ

---

1. ਪ੍ਰੋ. ਟੰਡਨ, ਪੰਜਾਬੀ ਦੁਨੀਆਂ, ਜਨਵਰੀ-ਫਰਵਰੀ 1965 ਪੰਨਾ 93

ਕਿ ਸੂਫੀ ਕਵੀ ਵੀ ਇਸ ਦੇ ਪ੍ਰਭਾਵ ਤੋਂ ਅਛੂਤੇ ਨਹੀਂ ਰਹਿ ਸਕੇ ।

ਫਰੀਦ ਜੀ ਤੋਂ ਬਾਦ ਭਗਤ ਨਾਮ ਦੇਵ ਦਾ ਰਚਨਾ ਕਾਲ ਹੈ। ਭਗਤ ਨਾਮ ਦੇਵ ਦੀ ਜਿਹੜੀ ਰਚਨਾ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਉਹ ਅਠਾਰਾਂ ਰਾਗਾਂ ਤੇ ਨਿਰਧਾਰਿਤ ਹੈ:

ਗਉੜੀ, ਆਸਾ, ਗੂਜਰੀ, ਸੋਰਠ, ਧਨਾਸਰੀ, ਟੋਡੀ, ਤਿਲੰਗ, ਬਿਲਾਵਲ, ਗੌਂਡ, ਰਾਮਕਲੀ, ਮਾਲੀ ਗੌੜਾ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ ਤੇ ਪ੍ਰਭਾਤੀ ।

ਇਸੇ ਕਾਲ ਦੇ ਭਗਤ ਤ੍ਰਿਲੋਚਨ ਨੇ ਤਿੰਨ ਰਾਗਾਂ ਵਿੱਚ ਕਾਵਿ ਰਚਨਾ ਕੀਤੀ। ਗੁਰੂ ਗ੍ਰੰਥ ਸਾਹਿਬ ਵਿੱਚ ਇਹ ਰਚਨਾ ਸਿਰੀ, ਗੂਜਰੀ ਅਤੇ ਧਨਾਸਰੀ ਰਾਗਾਂ ਅਧੀਨ ਦਰਜ ਕੀਤੀ ਗਈ ਹੈ ।

ਤੇਰਹਰਵੀਂ ਸਦੀ ਵਿੱਚ ਹੋਏ ਭਗਤ ਸਧਨਾ ਦਾ ਇੱਕ ਪਦਾ ਰਾਗ ਬਿਲਾਵਲ ਵਿੱਚ ਦਰਜ ਹੈ। ਭਗਤ ਬੇਣੀ ਨੇ ਆਪਣੀ ਰਚਨਾ ਲਈ ਸਿਰੀ, ਰਾਮਕਲੀ ਤੇ ਪ੍ਰਭਾਤੀ ਰਾਗਾਂ ਨੂੰ ਪ੍ਰਯੋਗ ਕੀਤਾ ਹੈ। ਰਾਮਾਨੰਦ ਜੀ ਦਾ ਇੱਕ ਪਦਾ ਰਾਗ ਬਸੰਤ ਵਿੱਚ ਦਰਜ ਹੈ ।

ਇਸ ਤਰ੍ਹਾਂ ਗੁਰੂ ਕਾਲ ਤੋਂ ਪਹਿਲਾਂ ਪਦਿਆਂ ਨੂੰ ਰਾਗਾਂ ਵਿੱਚ ਗਾਉਣ ਦੀ ਪਰੰਪਰਾ ਪ੍ਰਚਲਤ ਸੀ। ਹੁਣ ਤੱਕ ਜਿਹੜੇ ਰਾਗਾਂ ਦਾ ਉਲੇਖ ਹੋਇਆ ਹੈ ਲਗਭਗ ਉਹਨਾਂ ਹੀ ਸਾਰੇ ਰਾਗਾਂ ਦਾ ਪ੍ਰਯੋਗ ਸਮਕਾਲੀਨ ਭਗਤ ਕਵੀਆਂ ਨੇ ਕੀਤਾ ਹੈ ।

ਕਬੀਰ ਜੀ ਨੇ ਸਿਰੀ, ਗਉੜੀ, ਆਸਾ, ਗੂਜਰੀ, ਬਿਹਾਗੜਾ, ਸੋਰਠਿ, ਧਨਾਸਰੀ ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਮਾਰੂ ਕੇਦਾਰਾ, ਭੈਰਉ, ਬਸੰਤ, ਸਾਰੰਗ ਅਤੇ ਪ੍ਰਭਾਤੀ ਰਾਗਾਂ ਵਿੱਚ ਬਾਣੀ ਰਚਨਾ ਕੀਤੀ ਹੈ ।

ਭਗਤ ਰਵਿਦਾਸ ਜੀ ਦੀ ਗੁਰੂ ਗ੍ਰੰਥ ਸਾਹਿਬ ਵਿੱਚ ਜਿਹੜੇ ਰਾਗਾਂ ਵਿੱਚ ਬਾਣੀ ਮਿਲਦੀ ਹੈ ਉਹ ਹਨ — ਸਿਰੀ, ਗਉੜੀ, ਆਸਾ, ਗੂਜਰੀ, ਸੋਰਠਿ, ਧਨਾਸਰੀ, ਜੈਤਸਿਰੀ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ, ਮਲਾਰ ।

ਭਗਤ ਪੀਪਾ ਜੀ ਅਤੇ ਸੈਣ ਜੀ ਨੇ ਧਨਾਸਰੀ ਰਾਗ ਅਤੇ ਭਗਤ ਧੰਨਾ ਜੀ ਨੇ ਧਨਾਸਰੀ ਦੇ ਨਾਲ ਆਸਾ ਰਾਗ ਦਾ ਵੀ ਪ੍ਰਯੋਗ ਕੀਤਾ ਹੈ। ਭਗਤ ਭੀਖਣ ਨੇ ਸੋਰਠਿ ਰਾਗ ਅਤੇ ਭਗਤ ਪਰਮਾਨੰਦ ਅਤੇ ਭਗਤ ਸੂਰਦਾਸ ਨੇ ਸਾਰੰਗ ਰਾਗ ਵਿੱਚ ਕਾਵਿ ਰਚਨਾ ਕੀਤੀ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ।

ਗੁਰੂ ਕਾਵਿ ਅਤੇ ਰਾਗ ਪਰੰਪਰਾ: ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਕਵੀਆਂ ਨੇ ਕੁਲ 31 ਰਾਗਾਂ ਵਿੱਚ ਕਾਵਿ ਰਚਨਾ ਕੀਤੀ ਹੈ। ਇਹਨਾਂ ਵਿੱਚੋਂ ਗੁਰੂ ਨਾਨਕ ਦੇਵ ਜੀ ਨੇ ਕੇਵਲ 19 ਰਾਗਾਂ ਨੂੰ ਆਪਣੀ ਕਾਵਿ ਰਚਨਾ ਦਾ ਮਾਧਿਅਮ ਬਣਾਇਆ ਹੈ। 19 ਰਾਗਾਂ ਵਿੱਚੋਂ ਕੁਝ ਰਾਗਾਂ ਦਾ ਪਹਿਲਾਂ ਹੀ ਭਗਤ ਕਵੀਆਂ ਨੇ ਪ੍ਰਯੋਗ ਕੀਤਾ ਸੀ। ਸਿਰੀ, ਗਉੜੀ, ਆਸਾ, ਗੂਜਰੀ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ , ਮਾਰੂ, ਭੈਰਉ, ਬਸੰਤ, ਸਾਰੰਗ ਅਤੇ ਪ੍ਰਭਾਤੀ ਦਾ ਪ੍ਰਯੋਗ ਭਗਤ ਕਬੀਰ ਜੀ ਨੇ ਕੀਤਾ ਹੈ। ਮਲਾਰ ਰਾਗ ਦਾ ਪ੍ਰਯੋਗ ਭਗਤ ਨਾਮ ਦੇਵ ਨੇ ਕੀਤਾ ਹੈ ।

ਗੁਰੂ ਨਾਨਕ ਦੇਵ ਜੀ ਨੇ ਪੂਰਬਕਾਲੀ ਰਾਗ ਪਰੰਪਰਾ ਦੇ ਕਈ ਰਾਗ ਨਹੀਂ ਅਪਣਾਏ । ਗੁਰੂ ਗ੍ਰੰਥ ਸਾਹਿਬ ਦੇ ਹੀ 12 ਰਾਗ — ਦੇਵਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੋਂਡ, ਨਟ ਨਾਰਾਇਣ, ਮਾਲੀ ਗਉੜਾ, ਕੇਦਾਰਾ, ਕਾਨੜਾ ਤੇ ਕਲਿਆਣ ਗੁਰੂ ਨਾਨਕ ਦੇਵ ਜੀ ਨੇ ਆਪਣੀ ਕਾਵਿ ਬਾਣੀ ਲਈ ਪ੍ਰਯੋਗ ਨਹੀਂ ਕੀਤੇ ।

ਇਹਨਾਂ ਰਾਗਾਂ ਵਿੱਚ ਬਿਹਾਗੜਾ, ਗੋਂਡ ਅਤੇ ਕੇਦਾਰਾ ਰਾਗ ਦਾ ਪ੍ਰਯੋਗ ਭਗਤ ਕਬੀਰ ਜੀ ਨੇ ਕੀਤਾ ਹੈ ਅਤੇ ਟੋਡੀ ਤੇ ਮਾਲੀ ਗਉੜਾ ਰਾਗਾਂ ਵਿੱਚ ਭਗਤ ਨਾਮਦੇਵ ਨੇ ਕਾਵਿ ਰਚਨਾ ਕੀਤੀ ਹੈ ।

ਗੁਰੂ ਨਾਨਕ ਦੇਵ ਜੀ ਨੇ ਮਾਝ, ਵਡਹੰਸ ਅਤੇ ਤੁਖਾਰੀ ਨਵੇਂ ਰਾਗ ਪ੍ਰਯੋਗ ਕੀਤੇ ਹਨ ।

ਗੁਰੂ ਅੰਗਦ ਦੇਵ ਜੀ ਦੇ ਕੇਵਲ 62 ਸਲੋਕ ਹਨ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਸ ਵਾਰਾਂ ਵਿੱਚ ਦਰਜ ਕੀਤੇ ਗਏ ਹਨ। ਗੁਰੂ ਅਮਰਦਾਸ ਜੀ ਨੇ ਜਿਹੜੇ 17 ਰਾਗਾਂ ਵਿੱਚ ਰਚਨਾ ਕੀਤੀ ਹੈ ਉਹ ਸਾਰੇ ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਯੋਗ ਕੀਤੇ ਗਏ ਹਨ। ਉਹਨਾਂ ਤਿਲੰਗ ਅਤੇ ਤੁਖਾਰੀ ਰਾਗ ਨੂੰ ਆਪਣੀ ਕਾਵਿ ਰਚਨਾ ਦਾ ਮਾਧਿਅਮ ਨਹੀਂ ਬਣਾਇਆ ।

ਗੁਰੂ ਰਾਮਦਾਸ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ 19 ਰਾਗਾਂ ਦੀ ਗਿਣਤੀ ਇਕ ਦਮ 30 ਤੱਕ ਪਹੁੰਚਾ ਦਿੱਤੀ। ਉਹਨਾਂ ਗੁਰੂ ਨਾਨਕ ਦੇਵ ਜੀ ਦੇ 19 ਰਾਗਾਂ ਤੋਂ ਬਿਨਾਂ 11 ਨਵੇਂ ਰਾਗਾਂ ਦਾ ਪ੍ਰਯੋਗ ਕੀਤਾ। ਇਹ ਰਾਗ ਹਨ — ਦੇਵ ਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੌਂਡ, ਨਟ ਨਰਾਇਣ, ਮਾਲੀ ਗਉੜਾ, ਕੇਦਾਰਾ, ਕਾਨੜਾ ਅਤੇ ਕਲਿਆਣ। ਇਹਨਾਂ 11 ਰਾਗਾਂ ਵਿੱਚੋਂ 7 ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਕਵੀਆਂ ਦੀ ਬਾਣੀ ਵਿੱਚ ਪ੍ਰਯੋਗ ਹੋਏ ਹਨ। ਟੋਡੀ, ਮਾਲੀ ਗੌੜਾ, ਗੌਂਡ ਅਤੇ ਕਾਨੜਾ ਰਾਗਾਂ ਵਿੱਚ ਭਗਤ ਨਾਮਦੇਵ ਨੇ ਰਚਨਾ ਕੀਤੀ ਹੈ। ਕਬੀਰ ਜੀ ਨੇ ਬਿਹਾਗੜਾ, ਕੇਦਾਰਾ ਅਤੇ ਗੌਂਡ ਰਾਗ ਦਾ ਪ੍ਰਯੋਗ ਕੀਤਾ ਹੈ। ਭਗਤ ਰਵਿਦਾਸ ਜੀ ਦਾ ਜੈਤਸਰੀ ਰਾਗ ਵਿੱਚ ਇੱਕ ਪਦਾ ਉਪਲਬਧ ਹੈ ।

ਇਸ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤ ਅਤੇ ਗੁਰੂ ਕਵੀਆਂ ਰਾਹੀਂ ਪ੍ਰਯੋਗ ਕੀਤੇ ਰਾਗਾਂ ਤੋਂ ਵੱਖਰੇ ਕੇਵਲ ਦੇਵ ਗੰਧਾਰੀ, ਬੈਰਾੜੀ, ਨਟ ਨਰਾਇਣ ਅਤੇ ਕਲਿਆਣ, ਨਵੇਂ ਰਾਗ ਪ੍ਰਯੋਗ ਕੀਤੇ ਹਨ। ਇਹਨਾਂ ਰਾਗਾਂ ਵਿੱਚੋਂ ਵੀ ਬੈਰਾੜੀ ਰਾਗ ਦਾ ਪ੍ਰਯੋਗ ਜੈ ਦੇਵ ਨੇ ਗੀਤ ਗੋਵਿੰਦ ਵਿੱਚ ਕੀਤਾ ਹੈ।

ਗੁਰੂ ਅਰਜਨ ਦੇਵ ਜੀ ਨੇ ਪਹਿਲੇ ਗੁਰੂ ਸਾਹਿਬਾਨ ਰਾਹੀਂ ਪ੍ਰਯੋਗ ਹੋਏ ਸਾਰੇ ਰਾਗਾਂ ਵਿੱਚ ਕਾਵਿ ਰਚਨਾ ਕੀਤੀ ਹੈ।

ਗੁਰੂ ਤੇਗ ਬਹਾਦਰ ਜੀ ਨੇ 15 ਰਾਗਾਂ ਵਿੱਚ ਕਾਵਿ ਰਚਨਾ ਕੀਤੀ ਹੈ। ਇਹਨਾਂ ਵਿੱਚੋਂ 14 ਰਾਗ ਪਹਿਲੇ ਗੁਰੂ ਸਾਹਿਬਾਨ ਰਾਹੀਂ ਪ੍ਰਯੋਗ ਹੋਏ ਹਨ। ਕੇਵਲ ਜੈਜਾਵੰਤੀ ਰਾਗ ਹੀ ਅਜੇਹਾ ਹੈ ਜਿਹੜਾ ਕੇਵਲ ਗੁਰੂ ਤੇਗ ਬਹਾਦਰ ਜੀ ਨੇ ਹੀ ਪ੍ਰਯੋਗ ਕੀਤਾ ਹੈ। ਇਹ ਰਾਗ ਗੁਰੂ ਗ੍ਰੰਥ ਸਾਹਿਬ ਦੇ ਭਗਤ ਕਵੀਆਂ ਨੇ ਵੀ ਪ੍ਰਯੋਗ ਨਹੀਂ ਕੀਤਾ ।

ਇਸ ਸਮੁੱਚੇ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਕਾਵਿ ਵਿੱਚ ਪ੍ਰਯੁਕਤ 31 ਰਾਗਾਂ ਵਿੱਚੋਂ ਮਾਝ, ਵਡਹੰਸ, ਤੁਖਾਰੀ, ਦੇਵਗੰਧਾਰੀ, ਨਟ ਨਰਾਇਣ, ਕਲਿਆਣ ਅਤੇ ਜੈਜਾਵੰਤੀ ਅਜੇਹੇ ਰਾਗ ਹਨ ਜਿਹਨੂੰ ਗੁਰੂ ਸਾਹਿਬਾਨ ਨੇ ਹੀ ਪ੍ਰਯੋਗ ਕੀਤਾ ਹੈ ।

ਮੱਧ ਕਾਲ ਵਿੱਚ ਰਾਗਾਂ ਦਾ ਵਰਗੀਕਰਣ ਪਤੀ, ਪਤਨੀ, ਪੁੱਤਰ ਅਤੇ ਨੂੰਹਾਂ ਆਦਿ ਦੇ ਰੂਪ ਵਿੱਚ ਕੀਤਾ ਜਾਂਦਾ ਸੀ। ਇਸ ਸੰਬੰਧ ਨੂੰ ਦਰਸਾਉਣ ਲਈ ਕਈ ਸੰਗੀਤਕਾਰਾਂ ਨੇ ਕਾਵਿ ਰਚਨਾ ਕੀਤੀ ਹੈ। ਇਹੋ ਜਿਹੀ ਰਚਨਾ ਨੂੰ ਰਾਗਮਾਲਾ ਕਿਹਾ ਜਾਂਦਾ ਹੈ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਇੱਕ ਅਜਿਹੀ ਰਾਗ ਮਾਲਾ ਦਰਜ ਹੋਈ ਹੈ। ਇਹ ਰਾਗਮਾਲਾ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਵਿੱਚ ਦਰਜ ਹੈ। ਇਸ ਵਿੱਚ ਚਾਰ ਦੋਹਿਰੇ, ਇੱਕ ਸੋਰਠਾ ਅਤੇ ਪੰਜ ਪੰਜ ਬੰਦਾਂ ਦਾ ਨਿਸ਼ਾਨੀ ਛੰਦ ਹੈ। ਪਹਿਲਾਂ ਪੰਜ ਬੰਦ ਨਿਸ਼ਾਨੀ ਛੰਦ ਦੇ ਫਿਰ ਦੋਹਿਰਾ ਦਰਜ ਹੈ। ਇਸ ਰਾਗਮਾਲਾ ਵਿੱਚ ਛੇ ਮੁੱਖ ਰਾਗਾਂ ਦੇ ਨਾਮ, ਰਾਗਾਂ ਦੀਆਂ ਪਤਨੀਆਂ ਅਤੇ ਪੁੱਤਰਾਂ ਬਾਰੇ ਦੱਸਿਆ ਹੈ। ਆਖਰੀ ਦੋਹਿਰੇ ਵਿੱਚ ਪੂਰੇ ਰਾਗਾਂ ਅਤੇ ਰਾਗਣੀਆਂ ਦੀ ਗਿਣਤੀ ਦੇ ਦਿੱਤੀ ਗਈ ਹੈ ।

ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ।
ਸਭੈ ਪੁਤ੍ਰ ਰਾਗਨ ਕੇ ਅਠਾਰਹ ਦਸ ਬੀਸ ।[1]

ਰਾਗ-ਰਾਗਣੀ ਵਰਗੀ ਕਰਣ ਦੀ ਇਸ ਪਧਤੀ ਦਾ ਪ੍ਰਯੋਗ ਪਹਿਲੀ ਵਾਰ ਸੰਗੀਤ ਮਕਰੰਦ ਨਾਮਕ ਗ੍ਰੰਥ ਵਿੱਚ ਹੋਇਆ ਹੈ। ਇਹ ਗ੍ਰੰਥ ਅੱਠਵੀਂ ਸਦੀ ਵਿੱਚ ਨਾਰਦ ਨੇ ਲਿਖਿਆ ਸੀ। ਵਿਦਵਾਨਾਂ ਦਾ ਵਿਚਾਰ ਹੈ ਕਿ ਅੱਠਵੀਂ ਜਾਂ ਨੌਵੀਂ ਸਦੀ ਤੱਕ ਰਾਗ ਅਤੇ ਉਸਦੇ ਸੁਰਾਂ ਸੰਬੰਧੀ ਇੰਨੀ ਖੋਜ ਹੋ ਚੁਕੀ ਸੀ ਕਿ ਸੰਗੀਤ ਅਚਾਰੀਆਂ ਨੇ ਰਾਗ ਅਤੇ ਉਸਦੇ ਸੁਰਾਂ ਦੇ ਸੁਭਾਅ ਅਤੇ ਪ੍ਰਕ੍ਰਿਤੀ ਦਾ ਵਿਸ਼ਲੇਸ਼ਣ ਕਰਕੇ ਉਹਨਾਂ ਦੇ ਪ੍ਰਯੋਗ ਸੰਬੰਧੀ ਸ਼ੋਧ-ਕਾਰਜ ਸੰਪੂਰਨ ਕਰ ਲਿਆ ਸੀ। ਮਤੰਗ ਨੂੰ ਗ੍ਰਾਮ ਰਾਗਾਂ ਵਿੱਚ ਪੁਰਸ਼ ਤੱਤ ਅਤੇ ਦੇਸੀ ਰਾਗਾਂ ਵਿੱਚ ਨਾਰੀ ਤੱਤ ਦੀ ਝਲਕ ਦਿਸੀ। ਇਸ ਲਈ ਇਹਨਾਂ ਨੂੰ ਪੁਰਸ਼ ਅਤੇ ਇਸਤਰੀ ਰਾਗ ਕਿਹਾ ਜਾਣ ਲੱਗ ਪਿਆ। ਜਿਹਨਾਂ ਰਾਗਾਂ ਵਿੱਚ ਇਹ ਨਿਖੇੜਾ ਸਪਸ਼ਟ ਨਹੀਂ ਹੋਇਆ ਉਹਨਾਂ ਨੂੰ ਨਪੁੰਸਕ ਰਾਗ ਕਿਹਾ ਗਿਆ। 14 ਨਪੁੰਸਕ ਰਾਗਾਂ ਦਾ ਸੰਕੇਤ ਮਿਲਦਾ ਹੈ।[2] ਇਸੇ ਪ੍ਰਥਾ ਨੇ ਬਾਦ ਵਿੱਚ ਰਾਗ

---

1. ਆਦਿ ਗ੍ਰੰਥ, ਪੰਨਾ 1430
2. ਪੰਨਾ ਲਾਲ ਮਦਾਨ, ਸੰਗੀਤਾਧਯਾਯ, ਪੰਨਾ 50

ਧਾਰਨ ਕਰ ਲਿਆ। 1540 ਈ. ਵਿੱਚ ਮਲਿਕ ਮੁਹੰਮਦ ਜਾਯਸੀ ਨੇ ਆਪਣੇ ਪ੍ਰਸਿੱਧ ਗ੍ਰੰਥ 'ਪਦਮਾਵਤ' ਵਿੱਚ 528ਵੀਂ ਸਪਤਪਦੀ ਵਿੱਚ ਇੱਕ ਰਾਗਮਾਲਾ ਲਿਖੀ ਹੈ ਜਿਸ ਵਿੱਚ ਪਹਿਲਾ ਰਾਗ ਭੈਰਵ, ਦੂਜਾ ਮਾਲਕੌਸ, ਤੀਜਾ ਹਿੰਡੋਲ, ਚੌਥਾ ਮੇਘ, ਪੰਜਵੀਂ ਸਿਰੀ, ਛੇਵਾਂ ਦੀਪਕ ਰਾਗ ਹੈ। ਇਸ ਰਾਗਮਾਲਾ ਵਿੱਚ ਕੁਲ 36 ਰਾਗਣੀਆਂ ਦਾ ਉਲੇਖ ਹੈ ਪਰ ਰਾਗਾਂ ਦੇ ਨਾਂ ਅਤੇ ਰਾਗ-ਪੁਤਰਾਂ ਆਦਿ ਦਾ ਕੋਈ ਜ਼ਿਕਰ ਨਹੀਂ ਹੈ।[1]

1556 ਈ: ਵਿੱਚ ਪੁੰਡਰੀਕ ਨੇ ਪਹਿਲਾਂ ਛੇ ਮੁੱਖ ਰਾਗ, ਪੰਜ ਪੰਜ ਪਤਨੀਆਂ ਅਤੇ ਪੰਜ-ਪੰਜ ਪੁਤਰਾਂ ਦਾ ਵਿਵਰਣ ਦਿੰਦਿਆਂ ਇੱਕ ਰਾਗਮਾਲਾ ਲਿਖੀ ਹੈ।[2] ਇਸ ਦਾ ਵੇਰਵਾ ਇਸ ਤਰ੍ਹਾਂ ਹੈ:-

1. ਸ਼ੁਧ ਭੈਰਵ

ਰਾਗਣੀਆਂ —— ਧਨਾਸਰੀ, ਭੈਰਵੀ, ਸੈਂਧਵੀ, ਮਾਰਵੀ, ਆਸਾਵਰੀ

ਰਾਗ ਪੁਤਰ —— ਭੈਰਵ, ਸ਼ੁਧ ਲਲਿਤ, ਪੰਚਮ, ਪਰਜ, ਬੰਗਾਲ।

<u>ਭੈਰਵ</u>

ਭੈਰਵੀ, ਗੁਰਜਰੀ, ਰਾਮਕਰੀ, ਗੁਣਕਰੀ, ਬੰਗਾਲੀ, ਸੈਂਧਵੀ

<u>ਪੰਚਮ</u>

ਵਿਭਾਸ, ਭੂਪਾਲੀ, ਕਰਨਾਟੀ, ਵਡਹੰਸਿਕਾ, ਮਾਲਵੀ, ਪਟਮੰਜਰੀ

<u>ਮੇਘ</u>

ਮਲਾਰੀ, ਸੋਰਟੀ, ਸਾਵੇਰੀ, ਕੌਸ਼ਿਕੀ, ਗਾਂਧਾਰੀ, ਹਰ ਸ਼ਿੰਗਾਰ

<u>ਕ੍ਰਨਾਟ</u>

ਕਾਮੋਦੀ, ਕਲਿਆਣੀ, ਆਭਾਰੀ, ਨਾਟਿਕਾ, ਸਾਰੰਗੀ, ਨਟਹੰਬੀਰਾ

ਸ੍ਰੀ ਓ.ਸੀ. ਗਾਂਗੁਲੀ[3] ਨੇ ਕਲਾਨਾਥ ਮਤ ਦੇ ਰਾਗਾਂ ਦਾ ਵਰਗੀਕਰਣ ਇਸ

ਹਵਾਲੇ ਟਿੱਪਣੀਆਂ:-

1. ਸੁਰੇਣ ਸਿੰਘ ਵਲਖੂ, <u>ਗੁਰੂ ਗ੍ਰੰਥ ਸਾਹਿਬ ਮੇਂ ਪਰੰਪਰਾਗਤ ਤਤਵੋਂ ਕਾ ਅਧਿਐਨ</u>, ਪੰਨਾ 393
2. ਭਾਤਖੰਡੇ, <u>ਸੰਗੀਤ-ਪਧਤੀਯੋਂ ਕਾ ਤੁਲਨਾਤਮਕ ਅਧਿਐਨ</u>, ਪੰਨਾ 64-66

~~3. [illegible] 192~~

3. O.C. Gangoli, <u>Ragas and Raginis</u>, Page 192.

ਤਰ੍ਹਾਂ ਦਿੱਤਾ ਹੈ :-

<u>ਸ੍ਰੀ ਰਾਗ</u>

ਗੌਰੀ, ਕੋਲਾਹਲ, ਧਵਲਾ, ਵਰੋਰਾਜੀ, ਮਾਲਕੌਸ, ਦੇਵਗੰਧਾਰ

<u>ਪੰਚਮ</u>

ਤ੍ਰਿਵੇਣੀ, ਸਤੰਭਤੀ ਰਥਕਾ, ਖਮਾਂਇਚ, ਆਭੀਰੀ, ਕੁਕੁਭ, ਵਰਾਰੀ, ਆਸਾਵਰੀ

<u>ਭੈਰਵ</u>

ਭੈਰਵੀ, ਗੁਜਰੀ, ਵੇਲਾਵਲੀ, ਵਿਹਾਗ, ਕਰਨਾਟ, ਕਾਨੜਾ

<u>ਮੇਘ</u>

ਬੰਗਾਲੀ, ਮਧੁਰਾ, ਕਾਮੋਦੀ, ਧਨਾਸਰੀ, ਦੇਵ ਤੀਰਥੀ, ਦਿਵਾਲੀ

<u>ਨਟ ਨਾਰਾਇਣ</u>

ਤ੍ਰਵੰਕੀ, ਤੈਲੰਗੀ, ਪੂਰਵੀ, ਗਾਂਧਾਰੀ, ਰਾਮ, ਸਿੰਧਮਲਾਰੀ

<u>ਬੰਸਤ</u>

ਅੰਧਾਲੀ, ਗੁਨਕਲੀ, ਪਟਮੰਜਰੀ, ਗੌਂਡਗਿਰੀ, ਟੰਕਾ, ਦੇਵਸਾਰੀ

ਭਾਰਤ ਦੇ ਨਾਂ ਤੇ ਜਿਹੜਾ ਮਤ ਪ੍ਰਚਲਤ ਹੈ ਉਸਦੇ ਅਨੁਸਾਰ 6 ਰਾਗ ਅਤੇ ਹਰੇਕ ਰਾਗ ਦੀਆਂ ਪੰਜ ਰਾਗਣੀਆਂ ਅਤੇ ਪੰਜ ਪੁੱਤਰ ਹਨ[1] : –

<u>ਭੈਰਵ</u>

ਰਾਗਣੀਆਂ :– ਮਧੁਮਾਧਵੀ, ਭੈਰਵੀ, ਬੰਗਾਲੀ, ਬਰਾੜੀ, ਸੈਧਵੀ,

ਰਾਗ ਪੁੱਤਰ — ਬਿਲਾਵਲ, ਪੰਚਮ, ਦੇਵਸਾਖਯ, ਦੇਵਗੰਧਾਰ, ਵਿਭਾਸ,

ਨੂੰਹਾਂ — ਰਾਮਕਲੀ, ਸੁਹਾਈ, ਸੁਘਰਈ, ਪਟਮੰਜਰੀ, ਤੋੜੀ

---

1. ਵਿਮਲਾਕਾਂਤ ਰਾਇ ਚੌਧਰੀ, <u>ਭਾਰਤੀਯ ਸੰਗੀਤ ਕੋਸ਼</u>, ਪੰਨਾ 85

### ਮਾਲਕੌਂਸ

ਰਾਗਣੀਆਂ — ਗੁਨਕਲੀ, ਖੰਭਾਤੀ, ਗੁਰਜਰੀ, ਭੁਪਾਲੀ, ਗੌੜੀ ,

ਪੁੱਤਰ — ਸੋਮ, ਪਰਦੁਮਨ, ਵਡਹੰਸ, ਕੁਕੁਭ, ਬੰਗਾਲ

ਨੂੰਹਾਂ — ਸੁਰਠੀ, ਤ੍ਰਿਵੇਣੀ, ਕਰਨਾਟੀ, ਆਸਾਵਰੀ, ਗੌਰਗਿਰੀ

### ਹਿੰਡੋਲ

ਰਾਗਣੀਆਂ — ਵੇਲਾਵਲੀ, ਦੇਸਾਖੀ, ਲਲਿਤਾ, ਭੀਮਪਲਾਸੀ, ਮਾਲਵੀ

ਪੁੱਤਰ — ਸ਼ਿਖਵਹੰਸ, ਵਸੰਤ, ਲੋਕਹਾਸ, ਗੰਧਰਵ, ਲਲਿਤ,

ਨੂੰਹਾਂ — ਕੇਦਾਰ, ਕਾਮੋਦੀ, ਵਿਹਾਗੜਾ, ਕਾਫੀ, ਪਰਜ

### ਦੀਪਕ

ਰਾਗਣੀਆਂ — ਨਟ, ਮਲਾਰੀ, ਕੇਦਾਰੀ, ਕਾਨਰਾ, ਭਾਰਿਕਾ

ਪੁੱਤਰ — ਸ਼ੁਧ ਕਲਿਆਣ, ਸੋਰਠ, ਦੇਸ਼ਕਾਰ, ਹਮੀਰ, ਮਾਰੂਰ,

ਨੂੰਹਾਂ — ਵਡਹੰਸ, ਦੇਸ਼ ਵਰਾਟੀ, ਵੈਰਾਟੀ, ਦੇਵਗਿਰੀ, ਸਿਧਵੀ

### ਸ੍ਰੀ ਰਾਗ

ਰਾਗਣੀਆਂ — ਵਸੰਤੀ, ਮਾਲਵੀ, ਮਾਲਸ੍ਰੀ, ਸਾਹਾਨਾ, ਧਨਾਸਰੀ

ਪੁੱਤਰ — ਨਟ, ਛਾਯਾਨਟ, ਕਾਨੜਾ, ਈਮਨ, ਸ਼ੰਕਰਾਭਰਣ

ਨੂੰਹਾਂ — ਸੁਹਾਗ, ਪੁਰੀਆ, ਗੁਰਜਰੀ, ਹਮੀਰੀ, ਅੜਾਨਾ

### ਮੇਘ ਰਾਗ

ਰਾਗਣੀਆਂ — [illegible], ਵੰਕਾ, ਗੰਧਰਵੀ, ਮਲਾਰੀ, ਮੁਲਤਾਨੀ

ਪੁੱਤਰ — ਬਹਾਦੁਰੀ, ਨਟਨਰਾਇਣ, ਮਲਵਾ, ਜਯਤਿ, ਕਾਮੋਦ

ਨੂੰਹਾਂ — ਪਹਾੜੀ, ਜਯੰਤੀ, ਗੰਧਾਰੀ, ਪੂਰਵੀ, ਜੈਜਵੰਤੀ

ਹਨੁਮੰਤ ਅਨੁਸਾਰ ਸੰਗੀਤ ਦਰਪਣ[1] ਵਿੱਚ ਹੇਠ ਲਿਖੇ ਅਨੁਸਾਰ ਵੇਰਵਾ ਦਿੱਤਾ ਹੈ :-

### ਭੈਰਵ

ਰਾਗਣੀਆਂ — ਮਧਯਮਾਦਿ, ਭੈਰਵੀ, ਬੰਗਾਲੀ, ਵਰਾਟੀ, ਸੈਧਵੀ

---

1 ਦਮੋਦਰ ਪੰਡਤ, ਸੰਗੀਤ ਦਰਪਣ , ਪੰਨਾ 78

ਹਿੰਡੋਲ

ਰਾਗਣੀਆਂ — ਬੇਲਾਵਲੀ, ਰਾਮਕਿਰੀ, ਦੇਸ਼ਖਸ, ਪਟਮੰਜਰੀ, ਲਲਿਤਾ

ਕੌਸ਼ਕ

ਰਾਗਣੀਆਂ — ਟੋੜੀ, ਖੰਭਾਵਤੀ, ਗੌਰੀ, ਗੁਣਕ੍ਰੀ, ਕੁਕੁਭਾ

ਦੀਪਕ

ਰਾਗਣੀਆਂ — ਕੇਦਾਰੀ, ਕਾਨੜਾ, ਦੇਸ਼ੀ, ਕਾਮੋਦੀ, ਨਾਟਿਕਾ

ਸ੍ਰੀ ਰਾਗ

ਰਾਗਣੀਆਂ — ਵਾਸੰਤੀ, ਮਾਲਵੀ, ਮਾਲ ਸ੍ਰੀ, ਧੰਨਾਸਿਕਾ, ਆਸਾਵਰੀ

ਮੇਘਰਾਗ

ਰਾਗਣੀਆਂ — ਮਲਾਰੀ, ਦੇਸ਼ਕਾਰੀ, ਭੂਪਾਲੀ, ਗੁਰਜਰੀ, ਟੰਕੀ

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗਮਾਲਾ ਵਿੱਚ ਰਾਗਾਂ ਦਾ ਪਤੀ, ਪਤਨੀ ਤੇ ਪੁੱਤਰ ਵਰਗੀਕਰਣ ਅਨੁਸਾਰ ਵਰਣਨ ਕੀਤਾ ਹੈ। ਇਸ ਦਾ ਵੇਰਵਾ ਇਸ ਤਰ੍ਹਾਂ ਹੈ :-

ਭੈਰਵ ਰਾਗ

ਰਾਗਣੀਆਂ — ਭੈਰਵੀ, ਬਿਲਾਵਲੀ, ਪੁਨਯਾਕੀ, ਬੰਗਾਲੀ, ਅਸਲੇਖੀ

ਪੁੱਤਰ — ਪੰਚਮ, ਹਰਖ, ਦਿਸਾਖ, ਬੰਗਾਲ, ਮਧੁ, ਮਾਧਵ, ਲਲਿਤ, ਬਿਲਾਵਲ

ਮਾਲਕੌਸ

ਰਾਗਣੀਆਂ — ਗੋਂਡਗਿਰੀ, ਦੇਵਗੰਧਾਰੀ, ਗੰਧਾਰੀ, ਸੀਹੁਤੀ, ਧਨਾਸਰੀ

ਪੁੱਤਰ — ਮਾਰੂ ਮਸਤਅੰਗ, ਮੇਵਾੜ, ਪ੍ਰਬਲ, ਚੰਡਕੌਸ, ਖਉਖਟ, ਭਉਂਰ, ਅਨੰਦ

ਹਿੰਡੋਲ

ਰਾਗਣੀਆਂ — ਤੇਲੰਗੀ, ਦੇਵਕਰੀ, ਬਸੰਤੀ, ਸਿੰਧੂਰੀ, ਅਹੀਰੀ

ਪੁੱਤਰ — ਸੁਰਮਾਨੰਦ, ਭਾਸਕਰ, ਚੰਦ੍ਰਬਿੰਬ, ਮੰਗਲ, ਸਰਸਬਾਨ, ਬਿਨੋਦ, ਬਸੰਤ, ਕਮੋਦ

## ਦੀਪਕ

ਰਾਗਣੀਆਂ — ਕਛੇਲੀ, ਪਟਮੰਜਰੀ, ਟੋਡੀ, ਕਮੋਦੀ, ਗੁਜਰੀ,

ਪੁੱਤਰ — ਕਲੰਕਾ, ਕੁੰਤਲ, ਰਾਮ, ਕਮਲ, ਕੁਸਮ, ਚੰਪਕ, ਗੋਰਾ, ਕਾਨੜਾ ਕਲਿਆਨ[1]

## ਸਿਰੀਰਾਗ

ਰਾਗਣੀਆਂ — ਬੈਰਾਗੀ, ਕਰਨਾਟੀ, ਗਵਰੀ, ਅਸਾਵਰੀ, ਸਿੰਧਵੀ

ਪੁੱਤਰ — ਸਾਲੂ, ਸਾਰਗ, ਸਾਗਰਾ, ਗੌਂਡ, ਗੰਭੀਰ, ਕੁੰਭ, ਹਮੀਰ

## ਮੇਘਰਾਗ

ਰਾਗਣੀਆਂ — ਸੋਰਠ, ਗੌਂਡ, ਮਲਾਰੀ, ਆਸਾ, ਸੂਹੋ

ਪੁੱਤਰ — ਬੈਰਾਧਰ, ਗਜਧਰ, ਕੇਦਾਰਾ, ਜਬਲੀਧਰ, ਨਟ, ਜਲਧਾਰਾ, ਸੰਕਰ, ਸਿਆਮਾ

ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਦਾ ਬਾਕੀ ਮਤਾਂ ਦੀਆਂ ਰਾਗਮਾਲਾਵਾਂ ਨਾਲ ਅਲੋਚਨਾਤਮਕ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਇਹ ਰਾਗਮਾਲਾ ਰਾਗਮਾਲਾ-ਪਰੰਪਰਾ ਦੀ ਹੀ ਇੱਕ ਕੜੀ ਹੈ ਪਰ ਇਸ ਨੇ ਕਿਹੜੇ ਮਤ ਦਾ ਅਨੁਸਰਣ ਕੀਤਾ, ਇਸ ਬਾਰੇ ਕੋਈ ਸੰਕੇਤ ਨਹੀਂ ਮਿਲਦਾ।

ਪਿੱਛੇ ਦਿੱਤੇ ਮਤਾਂ ਦੀਆਂ ਰਾਗਮਾਲਾਂ ਵਿੱਚੋਂ ਇਹ ਪੂਰੇ ਤੌਰ ਤੇ ਕਿਸੇ ਵੀ ਰਾਗਮਾਲਾ ਨਾਲ ਨਹੀਂ ਮਿਲਦੀ। ਭਰਤਮਤ ਅਤੇ ਹਨੂਮਾਨ ਮਤ ਨਾਲ ਇਸ ਦੇ ਮੁੱਖ ਰਾਗ ਮੇਲ ਖਾਂਦੇ ਹਨ, ਪਰ ਪਰਿਵਾਰ ਵਿੱਚ ਫੇਰ ਅੰਤਰ ਹੈ ।

ਇਹ ਰਾਗਮਾਲਾ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਨਾਲੋਂ ਕਾਫੀ ਭਿੰਨ ਹੈ। ਸਿੱਖ ਜਗਤ ਵਿੱਚ ਇਸ ਦੀ ਗੁਰੂ ਗ੍ਰੰਥ ਸਾਹਿਬ ਵਿੱਚ ਹੋਂਦ ਬਾਰੇ ਵੀ ਵਾਦ-ਵਿਵਾਦ ਹੁੰਦਾ ਰਿਹਾ ਹੈ। ਡਾ. ਚਰਨ ਸਿੰਘ ਤੇ ਉਹਨਾਂ ਦੇ ਅਨੁਆਈ ਇਸ ਰਾਗਮਾਲਾ ਨੂੰ ਗੁਰੂ ਅਰਜਨ ਦੇਵ ਜੀ ਦੀ

---

1. ਕਾਨੜਾ ਅਤੇ ਕਲਿਆਨ ਦੋ ਵੱਖਰੇ ਵੱਖਰੇ ਰਾਗ ਵੀ ਹਨ। ਪਰ ਜੇ ਇਹਨਾਂ ਨੂੰ ਵੱਖ ਵੱਖ ਮੰਨ ਲਿਆ ਜਾਵੇ ਤਾਂ ਦੀਪਕ ਰਾਗ ਦੇ ਪੁੱਤਰ ਨੌ ਬਣ ਜਾਂਦੇ ਹਨ ਜਦੋਂ ਕਿ ਹਰ ਰਾਗ ਦੇ ਕੇਵਲ ਅੱਠ ਪੁੱਤਰ ਵਰਣਨ ਕੀਤੇ ਗਏ ਹਨ।

ਕ੍ਰਿਤ ਮੰਨ ਕੇ ਇਸ ਨੂੰ ਗੁਰਬਾਣੀ ਜਿੰਨਾ ਸਤਿਕਾਰ ਦੇਣ ਦੀ ਲੋੜ ਮਹਿਸੂਸ ਕਰਦੇ ਹਨ।[1] ਪਰ ਦੂਸਰੇ ਪਾਸੇ ਕੁਝ ਵਿਦਵਾਨਾਂ ਵਲੋਂ ਇਸ ਰਾਗਮਾਲਾ ਨੂੰ ਆਲਮ ਕਵੀ ਦੀ ਕ੍ਰਿਤ ਮੰਨ ਕੇ ਗੁਰੂ ਗ੍ਰੰਥ ਸਾਹਿਬ ਵਿਚੋਂ ਬਾਹਰ ਕਢਣ ਦੀ ਮੰਗ ਕੀਤੀ ਜਾਂਦੀ ਰਹੀ ਹੈ।[2] ਅਸੀਂ ਇਸ ਬਾਰੇ ਡਾ. ਸੁਰਿੰਦਰ ਸਿੰਘ ਜੀ ਕੋਹਲੀ ਦੇ ਮਤ ਨਾਲ ਸਹਿਮਤ ਹਾਂ ਕਿ ਇਹ ਰਾਗਮਾਲਾ ਗੁਰੂ ਅਰਜਨ ਦੇਵ ਜੀ ਦੀ ਰਚਨਾ ਨਹੀਂ ਹੋ ਸਕਦੀ, ਇਸ ਨੂੰ ਭਾਈ ਬੰਨੋ ਨੇ ਲਿਖਿਆ ਜਾਂ ਲਿਖਵਾਇਆ ਹੈ।[3]

ਗੁਰੂ ਗ੍ਰੰਥ ਸਾਹਿਬ ਵਿੱਚ ਇਸ ਰਾਗਮਾਲਾ ਦਾ ਹੋਣਾ ਠੀਕ ਹੈ ਜਾਂ ਗਲਤ, ਇਸ ਵਿਵਾਦ ਨੂੰ ਛੱਡ ਕੇ ਰਾਗਮਾਲਾ ਦਾ ਅਧਿਐਨ ਕੀਤਿਆਂ ਇਹ ਪਤਾ ਲਗਦਾ ਹੈ ਕਿ ਇਹ ਰਾਗਮਾਲਾ ਉਸ ਸਮੇਂ ਦੇ ਸੰਗੀਤ-ਪ੍ਰਬੰਧ ਦੀ ਇੱਕ ਸੂਚੀ ਹੈ।

ਇਸ ਰਾਗਮਾਲਾ ਤੋਂ ਸਾਨੂੰ ਕਈ ਨਵੇਂ ਰਾਗਾਂ ਦਾ ਪਤਾ ਲਗਦਾ ਹੈ। ਜਿਵੇਂ ਪੁਲਿਆਕੀ, ਅਸਲੇਖੀ, ਹਰਖ, ਸਹੁਤੀ, ਮਸਤਾਂਗ, ਮੇਵਾਰ, ਪ੍ਰਬਲ, ਚੰਡਕੌਸ, ਖਉਖਟ, ਭਊਰ, ਅਨੰਦ, ਸਿਧੂਰੀ, ਅਹੀਰੀ, ਸੁਰਮਾਨੰਦ, ਭਾਸਕਰ, ਚੰਦ੍ਰਬਿੰਬ, ਮੰਗਲ, ਸਰਸਬਾਨ, ਬਿਨੋਦ, ਸਾਲੂ, ਸਾਗਰਾ, ਗੰਭੀਰ, ਗੁੰਡ, ਕੁੰਭ, ਕਢੋਲੀ, ਕਲਿੰਕਾ, ਕੁੰਤਲ, ਕਮਲ, ਕੁਸਮ, ਚੰਪਕ, ਗੌਰਾ, ਆਸਾ, ਬੈਰਾਧਰ, ਗਜਧਰ, ਜਲਧਾਰਾ, ਸੰਕਰ ਆਦਿ। ਇਹਨਾਂ ਰਾਗਾਂ ਦਾ ਜ਼ਿਕਰ ਸਨਾਤਨੀ ਰਾਗ ਪਰੰਪਰਾ ਵਿੱਚ ਨਹੀਂ ਮਿਲਦਾ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗਮਾਲਾ ਦੇ ਸਾਰੇ ਰਾਗਾਂ ਦਾ ਰਾਗਮਾਲਾ ਵਿੱਚ ਨਹੀਂ ਜ਼ਿਕਰ ਕੀਤਾ ਗਿਆ ਹੈ।

ਰਾਗਮਾਲਾ ਵਿੱਚ ਗੁਰੂ ਕਾਵਿ ਦੇ ਜਿਹੜੇ ਰਾਗਾਂ ਦਾ ਉਲੇਖ ਹੋਇਆ ਹੈ, ਉਹਨਾਂ ਦੀ ਸਥਿਤੀ ਇਸ ਪ੍ਰਕਾਰ ਹੈ:-

| ਰਾਗ | ਰਾਗਮਾਲਾ ਵਿਚ ਅਸਥਾਨ |
|---|---|
| ਸਿਰੀਰਾਗ | ਮੁੱਖ ਪੰਜਵਾਂ ਰਾਗ |
| ਗਉੜੀ | ਸਿਰੀਰਾਗ ਦੀ ਰਾਗਣੀ |
| ਆਸਾ | ਮੇਘ ਰਾਗ ਦੀ ਰਾਗਣੀ |

1. ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ (ਭਾਗ ਪਹਿਲਾ) ਪੰਨਾ - 9-51
2. ਅਰਜਨ ਸਿੰਘ, (ਸੰਪਾਦਕ) ਰਾਗਮਾਲਾ ਨਿਰਣੈ (1965)
3. Dr. S.S. Kohli, A Critical Study of Adi Granth, Page107-111.

| | |
|---|---|
| ਗੂਜਰੀ | ਦੀਪਕ ਦੀ ਰਾਗਣੀ |
| ਦੇਵ ਗੰਧਾਰੀ | ਮਾਲਕੌਂਸ ਦੀ ਰਾਗਣੀ |
| ਸੋਰਠ | ਮੇਘ ਰਾਗ ਦੀ ਰਾਗਣੀ |
| ਧਨਾਸਰੀ | ਮਾਲਕੌਂਸ ਦੀ ਰਾਗਣੀ |
| ਟੋਡੀ | ਦੀਪਕ ਦੀ ਰਾਗਣੀ |
| ਬੈਰਾੜੀ | ਸਿਰੀ ਰਾਗ ਦੀ ਰਾਗਣੀ |
| ਤਿਲੰਗ | ਹਿੰਡੋਲ ਦੀ ਰਾਗਣੀ |
| ਸੂਹੀ | ਮੇਘ ਰਾਗ ਦੀ ਰਾਗਣੀ |
| ਬਿਲਾਵਲ | ਭੈਰੋ ਦਾ ਪੁਤਰ |
| ਗੌਂਡ | ਸਿਰੀ ਰਾਗ ਦਾ ਪੁਤਰ |
| ਨਟ ਨਰਾਇਣ | ਮੇਘ ਰਾਗ ਦਾ ਪੁੱਤਰ |
| ਮਾਰੂ | ਮਾਲਕੌਂਸ ਰਾਗ ਦਾ ਪੁੱਤਰ |
| ਭੈਰਉ | ਮੁੱਖ ਪਹਿਲਾ ਰਾਗ |
| ਬਸੰਤ | ਹਿੰਡੋਲ ਦਾ ਪੁੱਤਰ |
| ਸਾਰੰਗ | ਸਿਰੀ ਰਗ ਦਾ ਪੁੱਤਰ |
| ਮਲਾਰ | ਮੇਘ ਰਾਗ ਦੀ ਰਾਗਣੀ |
| ਕਾਨੜਾ | ਦੀਪਕ ਰਗ ਦਾ ਪੁੱਤਰ |
| ਕਲਿਆਨ | ਦੀਪਕ ਰਗ ਦਾ ਪੁੱਤਰ |

ਜਿਹੜੇ ਰਾਗ ਗੁਰੂ ਕਾਵਿ ਵਿੱਚ ਵਰਤੇ ਗਏ ਹਨ, ਪਰ ਉਹਨਾਂ ਦਾ ਰਾਗਮਾਲਾ ਵਿੱਚ ਜ਼ਿਕਰ ਨਹੀਂ ਉਹਨਾਂ ਦੇ ਨਾਮ ਹਨ: ਮਾਝ, ਬਿਹਾਗੜਾ, ਵਡਹੰਸ, ਜੈਤਸਰੀ, ਰਾਮਕਲੀ, ਮਾਲੀ ਗੌੜਾ, ਤੁਖਾਰੀ, ਪ੍ਰਭਾਤੀ, ਤੇ ਜੈਜਾਵੰਤੀ ।

ਉਪਰੋਕਤ ਅਧਿਐਨ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਗੁਰੂ ਕਵੀ ਰਾਗ ਪਰੰਪਰਾ ਦੇ ਸਨਾਤਨੀ ਪੱਖ ਤੋਂ ਭਲੀ ਭਾਂਤ ਜਾਣੂੰ ਸਨ, ਪਰ ਉਹਨਾਂ ਨੇ ਨਿਰੋਲ ਇਸ ਪਰੰਪਰਾ ਨੂੰ ਨਹੀਂ

ਅਪਣਾਇਆ ਸਗੋਂ ਬਹੁਤ ਸਾਰੇ ਰਾਗ ਅਜੇਹੇ ਪ੍ਰਯੋਗ ਕੀਤੇ ਜਿਹੜੇ ਸਨਾਤਨੀ ਪਰੰਪਰਾ ਅਧੀਨ ਨਹੀਂ ਆਉਂਦੇ। ਗੁਰੂ ਗ੍ਰੰਥ ਸਾਹਿਬ ਵਿੱਚ ਕੁਝ ਸਨਾਤਨੀ ਰਾਗਾਂ ਦਾ ਪ੍ਰਯੋਗ ਕੁਝ ਹੋਰ ਰਾਗਾਂ ਨੂੰ ਮਿਲਾ ਕੇ ਮਿਸ਼੍ਰਤ ਰੂਪ ਵਿੱਚ ਹੋਇਆ ਹੈ। ਰਾਗਾਂ ਦਾ ਇਹ ਮੇਲ ਗੁਰੂ ਗ੍ਰੰਥ ਸਾਹਿਬ ਦੀ ਮੌਲਿਕ ਦੇਣ ਹੈ ਇਸ ਦੀ ਉਦਾਹਰਣ ਕਿਸੇ ਹੋਰ ਗ੍ਰੰਥ ਵਿੱਚ ਉਪਲਭਧ ਨਹੀਂ ਹੈ। ਰਾਗ ਮੇਲਾਂ ਦੀ ਸੂਚੀ ਇਸ ਤਰ੍ਹਾਂ ਹੈ :-

1. ਗਉੜੀ ਗੁਆਰੇਰੀ
2. ਗਉੜੀ ਦਖਣੀ
3. ਗਉੜੀ ਚੇਤੀ
4. ਗਉੜੀ ਬੈਰਾਗਣ
5. ਗਉੜੀ ਦੀਪਕੀ
6. ਗਉੜੀ ਪੂਰਬੀ ਦੀਪਕੀ
7. ਗਉੜੀ ਪੂਰਬੀ
8. ਗਉੜੀ ਮਾਝ
9. ਗਉੜੀ ਮਾਲਾ
10. ਗਉੜੀ ਭੀ ਸੋਰਠਿ ਭੀ
11. ਵਡਹੰਸ ਦਖਣੀ
12. ਤਿਲੰਗ ਕਾਫੀ
13. ਸੂਹੀ ਕਾਫੀ
14. ਸੂਹੀ ਲਲਿਤ
15. ਬਿਲਾਵਲ ਗੋਂਡ
16. ਬਿਲਾਵਲ ਦਖਣੀ
17. ਰਾਮਕਲੀ ਦਖਣੀ
18. ਮਾਰੂ ਕਾਫੀ
19. ਮਾਰੂ ਦਖਣੀ

20. ਬਸੰਤ ਹਿੰਡੋਲ

21. ਕਲਿਆਣ ਭੂਪਾਲੀ

22. ਪ੍ਰਭਾਤੀ ਦਖਣੀ

23. ਪ੍ਰਭਾਤੀ ਵਿਭਾਸ

24. ਆਸਾ ਅਸਾਵਰੀ

25. ਆਸਾਵਰੀ ਸੁਧੰਗ

ਗੁਰੂ ਕਵੀਆਂ ਨੇ ਰਾਗ ਦੇ ਨਾਲ ਨਾਲ ਲੋਕ ਧੁਨਾਂ ਦਾ ਵੀ ਪ੍ਰਯੋਗ ਕੀਤਾ ਹੈ। ਕਿਸੇ ਰਾਗ ਦਾ ਸੁਤੰਤਰ ਪ੍ਰਯੋਗ ਬਿਲਕੁਲ ਨਹੀਂ ਕੀਤਾ। ਇਥੇ ਰਾਗ ਸਹਾਇਕ ਹੈ। ਗੁਰੂ ਕਾਵਿ ਵਿੱਚ ਪਹਿਲਾਂ ਰਾਗ ਦਾ ਨਾਮ ਹੈ ਫੇਰ ਕਾਵਿ ਰੂਪ ਦਾ। ਜਿਵੇਂ ਵਾਰਾਂ ਨੂੰ ਗਾਉਣ ਲਈ ਰਾਗਾਂ ਦੇ ਨਾਲ ਨਾਲ ਕੁਝ ਖਾਸ ਧੁਨਾਂ ਨੂੰ ਅਪਨਾਉਣ ਦਾ ਆਦੇਸ਼ ਦਿੱਤਾ ਹੋਇਆ ਹੈ।

ਗੁਰੂ ਕਾਵਿ ਦਾ ਭਾਰਤੀ ਕਵਿ ਅਤੇ ਸੰਗੀਤ ਪਰੰਪਰਾ ਦੇ ਸਦੰਰਭ ਵਿੱਚ ਅਧਿਐਨ ਕਰਨ ਨਾਲ ਹੇਠ ਲਿਖੇ ਨਤੀਜੇ ਨਿਕਲਦੇ ਹਨ:

— ਗੁਰੂ ਕਾਵਿ ਵਿੱਚ ਪ੍ਰਯੁਕਤ ਪੁਰਾਤਨ ਭਾਰਤੀ ਕਾਵਿ ਅਤੇ ਲੋਕ ਕਾਵਿ ਨਾਲ ਸੰਬੰਧਤ ਕਾਵਿ-ਰੂਪ ਵਿਸ਼ੇਸ਼ ਰਾਗਾਂ ਅਤੇ ਧੁਨੀਆਂ ਨਾਲ ਸੰਬੰਧਤ ਹੋ ਜਾਣ ਕਾਰਨ ਪੁਰਾਤਨ ਭਾਰਤੀ ਕਾਵਿ ਪਰੰਪਰਾ ਵਿੱਚ ਇੱਕ ਨਵਾਂ ਵਾਧਾ ਕਰਦੇ ਹਨ।

—ਗੁਰੂ ਕਾਵਿ ਵਿੱਚ ਪ੍ਰਯੁਕਤ ਰਾਗ ਭਾਵੇਂ ਭਾਰਤੀ ਸਨਾਤਨੀ ਰਾਗ ਪਰੰਪਰਾ ਨਾਲ ਸੰਬੰਧਤ ਹਨ, ਪਰ ਉਹਨਾਂ ਦੇ ਮਿਸ਼ਰਤ ਰੂਪਾਂ ਦਾ ਪ੍ਰਯੋਗ ਗੁਰੂ ਸਾਹਿਬਾਨ ਦੀ ਵਿਲਖਣਤਾ ਹੈ। ਇਹਨਾਂ ਰਾਗਾਂ ਨੂੰ ਲੋਕ ਕਾਵਿ-ਰੂਪਾਂ ਦੀਆਂ ਧੁਨੀਆਂ ਅਤੇ ਤਾਲ-ਪ੍ਰਬੰਧ ਅਨੁਸਾਰ ਗਾਉਣਾ ਗੁਰੂ ਸਾਹਿਬਾਨ ਦੀ ਇੱਕ ਮੌਲਿਕ ਦੇਣ ਹੈ। ਇਸੇ ਤਰ੍ਹਾਂ ਸਾਰੇ ਗੁਰੂ ਕਾਵਿ ਵਿੱਚ ਕਵਿਤਾ ਅਤੇ ਸੰਗੀਤ ਦਾ ਪਰਸਪਰ ਸੰਜੋਗ ਜਿਥੇ ਪਰੰਪਰਾ ਨਾਲ ਸੰਬੰਧਤ ਹੈ, ਉਥੇ ਕਈ ਗੱਲਾਂ ਵਿੱਚ ਮੌਲਿਕ ਵੀ ਹੈ। ਗੁਰੂ ਕਾਵਿ ਦੀ ਕਾਵਿਕ ਅਤੇ ਸੰਗੀਤਕ ਪਿਠਭੂਮੀ ਦੇ ਅਧਿਐਨ ਤੋਂ ਇਹ ਸਪਸ਼ਟ ਹੈ ਕਿ ਗੁਰੂ ਕਵੀਆਂ ਨੇ ਬਹੁਤ ਕੁਝ ਪੁਰਾਤਨ ਪਰੰਪਰਾ ਤੋਂ ਅਪਣਾਇਆ ਹੈ ਅਤੇ ਪਰੰਪਰਾ ਦਾ ਬਹੁਤ ਕੁਝ ਉਹਨਾਂ ਨੇ ਅਪਣਾਉਣ ਤੋਂ ਗੁਰੇਜ਼ ਕੀਤਾ ਹੈ।

ਡਾ. ਹਰਿਭਜਨ ਸਿੰਘ ਦੇ ਸ਼ਬਦਾਂ ਵਿੱਚ," ਗੁਰੂ ਕਾਵਿ ਬਾਣੀ ਨੇ ਪ੍ਰਾਚੀਨ ਪਰੰਪਰਾਵਾਂ ਦੇ ਅਨੁਸਾਰ ਚਲਦਿਆਂ ਵੀ ਗ੍ਰਹਿਣ ਅਤੇ ਤਿਆਗ ਦੇ ਅਧਿਕਾਰ ਦਾ ਬੜੀ ਸਿਆਣਪ ਨਾਲ ਪ੍ਰਯੋਗ ਕੀਤਾ ਹੈ।[1] ਮੈਕਲੋਡ ਦੇ ਗੁਰੂ ਨਾਨਕ ਦੇਵ ਜੀ ਬਾਰੇ ਇਹ ਸ਼ਬਦ ਸਮੁਚੇ ਗੁਰੂ ਕਾਵਿ ਤੇ ਢੁੱਕ ਜਾਂਦੇ ਹਨ," ਗੁਰੂ ਨਾਨਕ ਦੇਵ ਜੀ ਦੀ ਬਾਣੀ ਸੰਰਚਨਾ ਦਾ ਤਾਣਾ ਪੇਟਾ ਕਿਸੇ ਨਾ ਕਿਸੇ ਪਰੰਪਰਿਕ ਸੋਮੇ ਵਿੱਚ ਮਿਲ ਜਾਂਦਾ ਹੈ ਪਰ ਉਸ ਦੀ ਅੰਤਲੀ ਰਚਨਾ ਵਿਧੀ ਗੁਰੂ ਨਾਨਕ ਦੇਵ ਜੀ ਦੀ ਆਪਣੀ ਮੌਲਿਕ ਵਿਧੀ ਹੈ[2] ਇਸ ਤਰ੍ਹਾਂ ਸਾਰੇ ਗੁਰੂ ਕਾਵਿ ਵਿੱਚ ਪਰੰਪਰਾ ਅਤੇ ਮੌਲਿਕਤਾ ਦਾ ਬੜਾ ਸੁੰਦਰ ਸੁਮੇਲ ਹੋਇਆ ਹੈ।

---

1. ਹਰਿਭਜਨ ਸਿੰਘ (ਡਾ.) ਗੁਰਮੁਖੀ ਲਿਪੀ ਮੇਂ ਹਿੰਦੀ ਕਾਵਯ, ਪੰਨਾ 38-39

2. In the case of Guru Nanak, this was certainly the result. We may trace the threads to a variety of sources, the ultimate pattern remaines uniquelly his own.

W.H. Macleod, Sikhism and Indian Society.
ਹਵਾਲਾ ਡਾ. ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਅਤੇ ਨਿਰਗੁਣ ਧਾਰਾ ਪੰਨਾ 22

# ਅਧਿਆਇ ਦੂਜਾ

## ਸਿੱਖ ਗੁਰੂ ਸਾਹਿਬਾਨ ਦੇ ਨਿਜੀ ਜੀਵਨ ਸਿੱਖ ਸੰਸਥਾ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਕਵਿਤਾ ਤੇ ਸੰਗੀਤ ਦਾ ਮਹੱਤਵ

ਪਹਿਲੇ ਅਧਿਆਇ ਵਿੱਚ ਅਸੀਂ ਇਹ ਸਿੱਧ ਕਰ ਚੁੱਕੇ ਹਾਂ ਕਿ ਜਿਸ ਸਾਹਿਤਿਕ ਤੇ ਸੰਸਕ੍ਰਿਤ ਪਿੱਠ-ਭੂਮੀ ਵਿੱਚ ਗੁਰਬਾਣੀ ਰਚੀ ਗਈ ਸੀ ਉਸ ਵਿੱਚ ਕਵਿਤਾ ਤੇ ਸੰਗੀਤ ਦੇ ਸੁਮੇਲ ਦੀ ਬੜੀ ਲੰਮੀ ਪ੍ਰਥਾ ਚਲੀ ਆ ਰਹੀ ਸੀ। ਇਸ ਪ੍ਰਥਾ ਅਨੁਸਾਰ ਗੁਰੂ ਸਾਹਿਬਾਨ ਦੇ ਜੀਵਨ, ਸਿੱਖ ਸੰਸਥਾ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਕਵਿਤਾ ਤੇ ਸੰਗੀਤ ਨੂੰ ਇੱਕੋ ਜਿਹਾ ਮਹੱਤਵ ਦਿੱਤਾ ਗਿਆ ਹੈ। ਗੁਰੂ ਕਾਵਿ ਵਿਚ ਕਵਿਤਾ ਤੇ ਸੰਗੀਤ ਦੇ ਅਧਿਐਨ ਲਈ ਜ਼ਰੂਰੀ ਹੈ ਕਿ ਅਸੀਂ ਗੁਰੂ ਵਿਅਕਤੀਆਂ ਦੇ ਜੀਵਨ , ਸਿੱਖ ਸੰਸਥਾ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਜੋ ਕਵਿਤਾ ਤੇ ਸੰਗੀਤ ਨੂੰ ਮਹੱਤਵ ਪ੍ਰਾਪਤ ਹੋਇਆ ਹੈ ਉਸ ਉਤੇ ਇੱਕ ਝਾਤ ਪਾ ਲਈਏ। ਇਸ ਮਨੋਰਥ ਅਧੀਨ ਅਸੀਂ ਇਸ ਅਧਿਆਇ ਨੂੰ ਤਿੰਨ ਭਾਗਾਂ ਵਿੱਚ ਵੰਡ ਸਕਦੇ ਹਾਂ:-

1. ਗੁਰੂ ਵਿਅਕਤੀਆਂ ਦੇ ਨਿਜੀ ਜੀਵਨ ਵਿੱਚ ਕਵਿਤਾ ਤੇ ਸੰਗੀਤ ਦਾ ਮਹੱਤਵ
2. ਸਿੱਖ ਸੰਸਥਾ ਵਿੱਚ ਕਵਿਤਾ ਤੇ ਸੰਗੀਤ(ਕੀਰਤਨ) ਦਾ ਮਹੱਤਵ
3. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਵਿਤਾ ਤੇ ਸੰਗੀਤ ਦਾ ਉਲੇਖ

## 1. ਗੁਰੂ ਵਿਅਕਤੀਆਂ ਦੇ ਨਿਜੀ ਜੀਵਨ ਵਿੱਚ ਕਵਿਤਾ ਤੇ ਸੰਗੀਤ ਦਾ ਮਹੱਤਵ

ਸਿੱਖ ਮੱਤ ਦੇ ਦਸ ਗੁਰੂ ਸਾਹਿਬਾਨ ਵਿੱਚੋਂ ਗੁਰੂ ਹਰਿਗੋਬਿੰਦ ਜੀ, ਗੁਰੂ ਹਰਿ ਰਾਇ ਜੀ ਅਤੇ ਗੁਰੂ ਹਰਿ ਕ੍ਰਿਸ਼ਨ ਜੀ ਦੀ ਕੋਈ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਹੀਂ ਅਤੇ ਨਾ ਹੀ ਇਹਨਾਂ ਵੱਲੋਂ ਬਾਣੀ ਰਚਣ ਦਾ ਕੋਈ ਸੰਕੇਤ ਮਿਲਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਬਾਣੀ ਰਚਨਾ ਤਾਂ ਕੀਤੀ ਹੈ ਪਰ ਉਹ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਹੀਂ ਹੈ। ਆਦਿ ਗ੍ਰੰਥ ਵਿੱਚ ਕੇਵਲ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਹੀ ਬਾਣੀ ਦਰਜ ਹੈ। ਇਸ ਲਈ ਅਸੀਂ ਇਥੇ ਕ੍ਰਮਵਾਰ ਉਹਨਾਂ ਦੇ ਨਿੱਜੀ ਜੀਵਨ ਵਿੱਚ ਕਵਿਤਾ ਤੇ ਸੰਗੀਤ ਦੇ ਮਹੱਤਵ ਬਾਰੇ ਵਿਚਾਰ ਕਰਾਂਗੇ।

### (ੳ) ਗੁਰੂ ਨਾਨਕ ਦੇਵ ਜੀ

ਗੁਰੂ ਨਾਨਕ ਦੇਵ ਜੀ ਬਾਣੀ ਦੀ ਰਚਨਾ ਕਰਨ ਵੇਲੇ ਆਪਣੇ ਰਚਨਾਤਮਕ ਅਮਲ ਤੋਂ ਸੁਚੇਤ ਸਨ, ਇਸੇ ਲਈ ਉਹਨਾਂ ਆਪਣੇ ਆਪ ਲਈ 'ਸਾਇਰ'[1] ਵਿਸ਼ੇਸ਼ਣ ਦਾ ਪ੍ਰਯੋਗ ਕੀਤਾ ਹੈ। ਉਹਨਾਂ ਨੂੰ ਆਪਣੇ ਕਾਵਿ ਦੇ ਗਾਇਨ ਕੀਤੇ ਜਾਣ ਦਾ ਪੂਰਾ ਧਿਆਨ ਸੀ। ਇਸੇ ਲਈ ਖਾਸ ਕਰਕੇ 'ਵਾਰ' ਵਿੱਚ ਉਹਨਾਂ ਨੇ ਆਪਣੇਆਪ ਨੂੰ 'ਢਾਢੀ' ਕਿਹਾ ਹੈ। ਉਹਨਾਂ ਲਈ ਆਪਣੀ ਬਾਣੀ ਸਧਾਰਨ ਕਾਵਿ ਨਹੀਂ ਸੀ।

---

1. ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ , ਆਦਿ ਗ੍ਰੰਥ ਪੰਨਾ 660
2. ਹਉ ਢਾਢੀ ਵੇਕਾਰ ਕਾਰੈ ਲਾਇਆ।
   ਢਾਢੀ ਸਚੈ ਮਹਿਲ ਖਸਮਿ ਬੁਲਾਇਆ।
   ਢਾਢੀ ਕਰੈ ਪਸਾਉ ਸਬਦੁ ਵਜਾਇਆ। ਉਹੀ, ਪੰਨਾ 150

ਉਹ ਇਸ ਨੂੰ 'ਖਸਮ ਕੀ ਬਾਣੀ' ਅਤੇ 'ਸਚ ਕੀ ਬਾਣੀ' ਕਹਿੰਦੇ ਸਨ।[1] ਜਿਥੇ ਗੁਰੂ ਨਾਨਕ ਆਪਣੀ ਬਾਣੀ ਵਿੱਚ ਕਾਵਿ ਅਤੇ ਸੰਗੀਤ ਦੇ ਸੰਬੰਧ ਬਾਰੇ ਸੁਚੇਤ ਸਨ, ਉਥੇ ਉਹਨਾਂ ਦੇ ਜੀਵਨ ਬਾਰੇ ਲਿਖਣ ਵਾਲੇ ਵਿਦਵਾਨਾਂ ਨੇ ਸਿੱਧੇ ਤੌਰ ਤੇ ਗੁਰੂ ਸਾਹਿਬ ਦੇ ਕਾਵਿ ਅਤੇ ਸੰਗੀਤ ਦੇ ਗਿਆਨ ਬਾਰੇ ਚਰਚਾ ਨਹੀਂ ਕੀਤੀ। ਕਿਧਰੇ ਕਿਧਰੇ ਉਹਨਾਂ ਦੇ ਜੀਵਨ ਤੇ ਉਪਦੇਸ਼ਾਂ ਦਾ ਵਰਣਨ ਕਰਦਿਆਂ ਕਾਵਿ-ਗਿਆਨ ਅਤੇ ਸੰਗੀਤ ਸੁਚੇਤਨਾ ਦਾ ਵਰਣਨ ਵੀ ਹੋ ਗਿਆ ਹੈ ਜਿਵੇਂ ਜਨਮ ਸਾਖੀ ਅਤੇ ਹੋਰ ਇਤਿਹਾਸ-ਪੁਸਤਕਾਂ ਵਿੱਚ। ਇਹਨਾਂ ਪੁਸਤਕਾਂ ਤੋਂ ਅਸੀਂ ਗੁਰੂ ਨਾਨਕ ਦੇਵ ਜੀ ਦੇ ਨਿਜੀ ਜੀਵਨ ਵਿੱਚ ਕਵਿਤਾ ਅਤੇ ਸੰਗੀਤ ਦਾ ਜੋ ਮਹੱਤਵ ਸੀ, ਉਸਨੂੰ ਜਾਣ ਸਕਦੇ ਹਾਂ।

ਗੁਰੂ ਨਾਨਕ ਦੇਵ ਜੀ ਬਾਰੇ ਆਮ ਪ੍ਰਚਲਤ ਹੈ ਕਿ ਉਹ ਬਚਪਨ ਵਿੱਚ ਰਾਗਬੱਧ ਬਾਣੀ ਉਚਾਰਨ ਲੱਗ ਪਏ ਸਨ। ਸਾਖੀਕਾਰ ਨੇ ਆਸਾ ਰਾਗ ਵਿੱਚ ਪੱਟੀ[2] ਦਾ ਉਚਾਰਨ ਗੁਰੂ ਨਾਨਕ ਦੇਵ ਜੀ ਦੇ ਬਚਪਨ ਨਾਲ ਸੰਬੰਧਿਤ ਕੀਤਾ ਹੈ। ਆਪਣੇ ਜਨਮ-ਸਥਾਨ ਤਲਵੰਡੀ ਵਿੱਚ ਰਹਿੰਦਿਆਂ ਹੀ ਗੁਰੂ ਨਾਨਕ ਦੇਵ ਜੀ ਦਾ ਮੇਲ ਭਾਈ ਮਰਦਾਨੇ ਨਾਲ ਹੋਇਆ। ਮਰਦਾਨਾ ਆਪਣੇ ਸਮੇਂ ਦਾ ਮਹਾਨ ਸੰਗੀਤਕਾਰ ਸੀ। ਪ੍ਰਿੰਸੀਪਲ ਸਤਿਬੀਰ ਸਿੰਘ[3] ਅਨੁਸਾਰ," ਸੰਸਾਰ ਪ੍ਰਸਿੱਧ ਗਾਇਕ ਤਾਨਸੈਨ ਦੇ ਗੁਰੂ ਸੁਆਮੀ ਹਰਿਦਾਸ ਮਰਦਾਨਾ ਜੀ ਦੇ ਹੀ ਸ਼ਾਗਿਰਦ ਸਨ।" ਭਾਈ ਮਰਦਾਨੇ ਨਾਲ ਗੁਰੂ ਨਾਨਕ ਦੇਵ ਜੀ ਦੀ ਡੂੰਘੀ ਸਾਂਝ ਦਾ ਸਭ ਤੋਂ ਵੱਡਾ ਕਾਰਨ ਸੰਗੀਤ ਸੀ। ਮਰਦਾਨਾ ਰਬਾਬ ਵਜਾਉਣ ਵਿੱਚ ਪ੍ਰਬੀਨ ਸੀ।[4]

ਗੁਰੂ ਨਾਨਕ ਦੇਵ ਜੀ ਜਦੋਂ ਤਲਵੰਡੀ ਤੋਂ ਸੁਲਤਾਨ ਪੁਰ ਆ ਗਏ ਤਾਂ ਉਹਨਾਂ ਉਥੇ ਮੋਦੀਖਾਨੇ ਵਿੱਚ ਨੌਕਰੀ ਕਰਦਿਆਂ ਹੋਇਆਂ ਵੀ ਬਾਣੀ ਅਤੇ ਸੰਗੀਤ ਦੇ ਸੰਗਮ, ਕੀਰਤਨ-ਪ੍ਰਵਾਹ ਨੂੰ ਜਾਰੀ ਰੱਖਿਆ। ਜਨਮ ਸਾਖੀ ਵਿੱਚ ਲਿਖਿਆ ਹੈ," ਜੋ ਕਿਛੁ ਅਲੂਫਾ ਗੁਰੂ ਜੋਗ ਮਿਲੈ ਸੋ ਖਾਵੈ, ਹੋਰ ਪਰਮੇਸਰ ਦੇ ਅਰਥਿ ਦੇਵੈ ਅਤੇ ਨਿਤਾਪ੍ਰਤੀ ਰਾਤ ਕਉ ਕੀਰਤਨ ਹੋਵੈ।[5]

---

1. ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ।
   - - - - - - - - - - - - - - - - - - - - - - -
   ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ।
   ਆਦਿ ਗ੍ਰੰਥ, ਪੰਨਾ 722
2. ਪੁਰਾਤਨ ਜਨਮ ਸਾਖੀ, ਪੰਨਾ 1
3. ਸਤਿਬੀਰ ਸਿੰਘ, ਪੁਰਾਤਨ ਇਤਿਹਾਸਕ ਜੀਵਨੀਆਂ, ਪੰਨਾ 5
4. ਭਲਾ ਰਬਾਬ ਵਜਾਇਦਾ ਮਜਲਸ ਮਰਦਾਨਾ ਮੀਰਾਸੀ, ਵਾਰਾਂ ਭਾਈ ਗੁਰਦਾਸ, ਵਾਰ 11 ਪਉੜੀ 13
5. ਪੁਰਾਤਨ ਜਨਮ ਸਾਖੀ, ਪੰਨਾ 16

ਜਨਮ ਸਾਖੀਆਂ ਤੋਂ ਪਤਾ ਲਗਦਾ ਹੈ ਕਿ ਜਦੋਂ ਵੀ ਗੁਰੂ ਨਾਨਕ ਦੇਵ ਜੀ ਬਾਣੀ ਉਚਾਰਦੇ ਪਹਿਲਾਂ ਮਰਦਾਨੇ ਨੂੰ ਰਬਾਬ ਵਜਾਉਣ ਦਾ ਹੁਕਮ ਦਿੰਦੇ ਸਨ, "ਮਰਦਾਨਿਆ ਰਬਾਬ ਵਜਾ ਬਾਣੀ ਆਈ ਹੈ।"[1] ਇੰਞ ਗੁਰੂ ਨਾਨਕ ਦੇਵ ਜੀ ਕਾਵਿ ਸਿਰਜਨ ਦੇ ਅਰੰਭ ਤੋਂ ਹੀ ਸੰਗੀਤ ਤੇ ਕਾਵਿ ਨੂੰ ਇੱਕ ਦੂਜੇ ਦੇ ਸੰਗੀ-ਸਾਥੀ ਸਮਝਦੇ ਹਨ।

ਗੁਰ-ਇਤਿਹਾਸ ਵਿੱਚ ਕੁਝ ਅਜੇਹੇ ਹਵਾਲੇ ਵੀ ਮਿਲਦੇ ਹਨ ਜਿਹਨਾਂ ਤੋਂ ਇਹ ਅਨੁਮਾਨ ਕੀਤਾ ਜਾ ਸਕਦਾ ਹੈ ਕਿ ਗੁਰੂ ਨਾਨਕ ਆਪਣੀ ਬਾਣੀ ਨੂੰ ਜਿਸ ਰਾਗ ਵਿੱਚ ਗਾਉਂਦੇ ਸਨ। ਉਸਦੇ ਗਾਇਨ ਸਮੇਂ ਬਾਰੇ ਵੀ ਸੁਚੇਤ ਸਨ। ਉਹਨਾਂ ਨੇ ਕਈ ਰਾਗਾਂ ਵਿੱਚ ਰਾਗਾਂ ਦੇ ਸਮੇਂ ਅਨੁਸਾਰ ਹੀ ਕਾਵਿ ਰਚਨਾ ਕੀਤੀ:

ਬਿਲਾਵਲ[2] ਅਤੇ ਗੁਜਰੀ[3] ਰਾਗਾਂ ਵਿੱਚ ਸਵੇਰੇ, ਤਿਲੰਗ[4] ਅਤੇ ਧਨਾਸਰੀ ਰਾਗਾਂ[5] ਵਿੱਚ ਸ਼ਾਮ ਨੂੰ, ਆਸਾ ਰਾਗ ਵਿੱਚ ਸਵੇਰੇ[6] ਅਤੇ ਸ਼ਾਮ ਨੂੰ, ਸ੍ਰੀਰਾਗ ਵਿੱਚ ਸ਼ਾਮ[7] ਨੂੰ ਅਤੇ ਸੋਰਠਿ[8] ਰਾਗ ਵਿੱਚ ਰਾਤ ਨੂੰ ਬਾਣੀ ਦਾ ਗਾਇਨ ਕੀਤਾ ਦੱਸਿਆ ਜਾਂਦਾ ਹੈ।

ਉਦਾਸੀਆਂ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਆਪਣਾ ਨਿਵਾਸ ਕਰਤਾਰ ਪੁਰ ਵਿਖੇ ਕਰ ਲਿਆ। ਇਥੇ ਵੀ ਉਹਨਾਂ ਸਵੇਰੇ ਸ਼ਾਮ ਕੀਰਤਨ ਕਰਨ ਦੀ ਪ੍ਰਥਾ ਜਾਰੀ ਰੱਖੀ।[9] ਇਸ ਸਮੇਂ ਤੱਕ ਕੀਰਤਨ ਕਰਨ ਵਿੱਚ ਕਈ ਸਿੱਖ ਵੀ ਪ੍ਰਬੀਨ ਹੋ ਗਏ ਸਨ। ਭਾਈ ਗੁਰਦਾਸ ਜੀ ਨੇ ਭਾਗੀਰਥ ਨਾਂ ਦੇ ਸਿੱਖ ਨੂੰ ਗੁਣ ਗਾਇਨ ਕਰਨ ਵਾਲਾ ਦੱਸ ਕੇ ਉਸ ਦੀ ਵਡਿਆਈ ਕੀਤੀ ਹੈ।[10] ਭਗਤ ਮਾਲ ਵਿੱਚ ਮਾਲੋ ਅਤੇ ਸੀਹਾਂ ਨਾਮੀ ਸਿਖਾਂ ਨੂੰ ਉਪਦੇਸ਼ ਦਿੰਦਿਆਂ ਗੁਰੂ ਨਾਨਕ ਦੇਵ ਜੀ ਨੇ ਕੀਰਤਨ ਨੂੰ ਸਭ ਤੋਂ ਵੱਧ ਲਾਭਕਾਰੀ ਵਸਤੂ ਦੱਸਿਆ ਹੈ।[11] ਗੁਰੂ ਨਾਨਕ ਦੇਵ ਜੀ ਨੇ ਕੀਰਤਨ ਦੀ ਮਹਾਨਤਾ ਨੂੰ ਸਮਝਦਿਆਂ ਆਪਣੇ ਤੋਂ ਬਾਅਦ ਵੀ ਇਸ ਪ੍ਰਥਾ ਨੂੰ ਜਾਰੀ ਰੱਖਣ ਦੇ ਪ੍ਰਬੰਧ ਕੀਤੇ। ਗੁਰੂ ਅੰਗਦ ਦੇਵ ਜੀ ਨੂੰ ਗੁਰ ਗੱਦੀ ਦੇਣ ਵੇਲੇ ਜਿਥੇ ਬਾਣੀ ਦੀਆਂ ਪੋਥੀਆਂ ਉਹਨਾਂ ਨੂੰ ਦਿੱਤੀਆਂ,

---

1. ਪੁਰਾਤਨ ਜਨਮ ਸਾਖੀ ਨੰ: 11,12,13,14 ਆਦਿ
2. ਭਾਈ ਵੀਰ ਸਿੰਘ ਰਚਨਾਵਲੀ (ਭਾਗ4) ਪੰਨਾ 78
3. ਉਹੀ, ਪੰਨਾ 182
4. ਪੁਰਾਤਨ ਜਨਮ ਸਾਖੀ, ਪੰਨਾ 129
5. ਪ੍ਰੋ. ਪੂਰਨ ਸਿੰਘ, ਦਸ ਗੁਰ ਦਰਸ਼ਨ, ਪੰਨਾ 23-24
6. ਭਾਈ ਵੀਰ ਸਿੰਘ ਰਚਨਾਵਲੀ (ਭਾਗ 4) ਪੰਨਾ 325
7. ਪੁਰਾਤਨ ਜਨਮ ਸਾਖੀ, ਪੰਨਾ 22
8. ਭਾਈ ਵੀਰ ਸਿੰਘ ਰਚਨਾਵਲੀ (ਭਾਗ 4) ਪੰਨਾ 182
9. ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪੁ ਉਚਾਰਾ।
   ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 38
10. ਮੈਲ ਸੀਹਾਂ ਵਿੱਚ ਆਖੀਐ ਭਾਗੀਰਥ ਕਾਲੀ ਗੁਣ ਗਾਵੈ
    ਵਾਰਾਂ ਭਾਈ ਗੁਰਦਾਸ, ਵਾਰ 1, ਪਉੜੀ 14
11. ਹਰਬੰਸ ਸਿੰਘ, ਨਿਰਬਾਣ ਕੀਰਤਨ, ਪੰਨਾ 36

ਉਥੇ ਬਾਣੀ ਗਾਇਨ ਕਰਨ ਦੇ ਵਾਸਤੇ ਬਲਵੰਡ ਰਬਾਬੀ ਨੂੰ ਵੀ ਉਹਨਾਂ ਨਾਲ ਭੇਜਿਆ।[1]

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਜੀਵਨ ਵਿੱਚ ਕਵਿਤਾ ਅਤੇ ਸੰਗੀਤ ਦਾ ਵਿਸ਼ੇਸ਼ ਸਥਾਨ ਦ੍ਰਿਸ਼ਟੀਗੋਚਰ ਹੁੰਦਾ ਹੈ।

(ਅ) ਗੁਰੂ ਅੰਗਦ ਦੇਵ ਜੀ

ਗੁਰੂ ਨਾਨਕ ਦੇਵ ਜੀ ਨੂੰ ਮਿਲਣ ਤੋਂ ਪਹਿਲਾਂ ਗੁਰੂ ਅੰਗਦ ਜੀ ਦੇ ਜੀਵਨ ਬਾਰੇ ਬਹੁਤ ਘੱਟ ਵੇਰਵਾ ਮਿਲਦਾ ਹੈ। ਇਹੀ ਪਤਾ ਲਗਦਾ ਹੈ ਕਿ ਉਹਨਾਂ ਦੇ ਪਿਤਾ ਵੈਸ਼ਨਵ ਭਗਤ ਸਨ ਅਤੇ ਹਰ ਸਾਲ ਵੈਸ਼ਨੋ ਦੇਵੀ ਦੀ ਯਾਤਰਾ ਕਰਨ ਜਾਂਦੇ ਸਨ। ਗੁਰੂ ਅੰਗਦ, ਜਿਹਨਾਂ ਦਾ ਪਹਿਲਾ ਨਾਂ 'ਲਹਿਣਾ' ਸੀ, ਵੀ ਇਸੇ ਪ੍ਰਭਾਵ ਸਦਕਾ ਵੈਸ਼ਨੋ ਦੇਵੀ ਦੇ ਪੁਜਾਰੀ ਬਣ ਗਏ। ਵੈਸ਼ਨਵ ਮਤ ਵਿੱਚ 'ਕੀਰਤਨ' ਦੀ ਬੜੀ ਮਹੱਤਤਾ ਹੈ। ਇਸ ਲਈ ਹੋ ਸਕਦਾ ਹੈ 'ਲਹਿਣਾ' ਜੀ ਵੀ ਸੰਗੀਤ ਦਾ ਗਿਆਨ ਰਖਦੇ ਹੋਣ, ਪਰ ਇਸ ਬਾਰੇ ਕੋਈ ਪ੍ਰਮਾਣ ਪ੍ਰਾਪਤ ਨਹੀਂ ਹੈ। ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਆਪ ਵਿੱਚ ਕਾਵਿ ਅਤੇ ਸੰਗੀਤ ਦੇ ਆਨੰਦ ਨੂੰ ਮਾਣਨ ਦੀ ਰੁਚੀ ਬੜੀ ਪ੍ਰਬਲ ਸੀ। ਇਸ ਬਾਰੇ ਇੱਥੇ ਇੱਕ ਪ੍ਰਸੰਗ ਦਾ ਹਵਾਲਾ ਦੇਣਾ ਯੋਗ ਹੋਵੇਗਾ, "ਇੱਕ ਜੋਧਾ ਨਾਮੀ ਜੱਟ ਬਾਬੇ ਨਾਨਕ ਦਾ ਉਪਦੇਸ਼ੀ ਖਡੂਰ ਵਿੱਚ ਵਸਦਾ ਸੀ। ਅੰਮ੍ਰਿਤ ਵੇਲੇ ਅਸ਼ਨਾਨ ਕਰ ਆਸਾ ਦੀ ਵਾਰ ਦਾ ਉਚਾਰ ਡਾਢੀ ਮਿੱਠੀ ਸੁਰ ਵਿੱਚ ਕਰਦਾ ਹੁੰਦਾ ਸੀ। ਲਹਿਣੇ ਦਾ ਘਰ ਨੇੜੇ ਸੀ, ਹਮੇਸ਼ਾ ਸੁਣਦਿਆਂ ਸੁਣਦਿਆਂ ਇਹਨਾਂ ਨੂੰ ਪੂਰਬਲੇ ਸੰਸਕਾਰਾਂ ਦੇ ਸਬੱਬ ਪ੍ਰੇਮ ਜਾਗ ਪਿਆ, ਇੱਕ ਦਿਨ 'ਭਿੰਨੀ ਰੈਨੜੀਏ ਚਮਕਨ ਤਾਰੇ॥ ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ।" ਏਹ ਸ਼ਬਦ ਓਨ ਗਾਵਿਆ ਤਾਂ ਠੰਡੀ ਨਿਰਮਲ ਪੌਣ ਤੇ ਸ਼ਾਂਤ ਰੂਪ ਅੰਮ੍ਰਿਤ ਵੇਲੇ ਦੀ ਮਿੱਠੀ ਪਯਾਰੀ ਸੁਰੀਲੀ ਅਵਾਜ ਲਹਿਣੇ ਜੀ ਦੇ ਮਨ ਵਿੱਚ ਅਜੇਹੀ ਵੱਸ ਗਈ ਜੋ ਆਪਣੇ ਘਰੋਂ ਉੱਠ ਕੇ ਭਾਈ ਜੋਧੇ ਪਾਸ ਜਾ ਬੈਠਾ, ਤਾਂ ਓਨ ਏਹ ਪੌੜੀ ਪੜ੍ਹੀ: 'ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ॥ ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ'॥ ਇਹ ਸੁਣ ਕੇ ਹੋਰ ਭੀ ਜਿੰਦ ਵਿੱਚ ਜਿੰਦ ਪੈ ਗਈ, ਅਜੇਹਾ

---

1. ਬਲਵੰਡ ਰਬਾਬੀ ਤੁਮ ਸੰਗ ਜਾਵੈ।
ਸਮੇਂ ਸਮੇਂ ਹਰਿ ਕੀਰਤਨ ਗਾਵੈ।

ਸਰੂਪਦਾਸ ਭੱਲਾ, <u>ਮਹਿਮਾ ਪ੍ਰਕਾਸ਼</u>, ਛੰਤ 165

ਸ਼ੌਕ ਲੱਗਾ ਜੋ ਹਮੇਸ਼ ਅੰਮ੍ਰਿਤ ਭਰੀ ਧੁਰ ਕੀ ਬਾਣੀ ਸੁਣ ਸੁਣ ਗੁਰੂ ਨਾਨਕ ਜੀ ਦੇ ਦਰਸ਼ਨ ਦੀ ਉਤਕੰਠਾ ਹੋ ਗਈ -।[1]

ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋ ਜਾਣ ਉਪਰੰਤ ਅੰਗਦ ਦੇਵ ਜੀ ਨੇ ਗੁਰਗੱਦੀ ਸੰਭਾਲਣ ਤੋਂ ਪਹਿਲਾਂ ਕੋਈ ਕਾਵਿ ਰਚਨਾ ਨਹੀਂ ਕੀਤੀ। ਗੁਰਗੱਦੀ ਸੰਭਾਲਣ ਉਪਰੰਤ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੇ ਆਪ ਨੇ ਜੋ ਸਲੋਕ ਰਚਿਆ ਉਹ ਕਾਵਿ ਕਲਾ ਦਾ ਸੁੰਦਰ ਨਮੂਨਾ ਹੈ:[2]

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥[3]

ਆਪ ਦੀ ਬਾਕੀ ਕਾਵਿ ਰਚਨਾ ਬਾਰੇ ਹਵਾਲੇ ਮਿਲਦੇ ਹਨ ਕਿ ਇਹ ਵੱਖ ਵੱਖ ਗਿਆਨ ਗੋਸ਼ਟਾਂ ਵਿੱਚ ਅਤੇ ਉਪਦੇਸ਼ ਦਿੰਦਿਆਂ ਉਚਾਰੀ ਗਈ। ਉਥੇ ਇਹਨਾਂ ਰਚਨਾਵਾਂ ਵਿੱਚ ਰਾਗ ਦਾ ਸੰਕੇਤ ਪ੍ਰਾਪਤ ਨਹੀਂ ਹੁੰਦਾ। ਗੁਰੂ ਅੰਗਦ ਦੇਵ ਜੀ ਦੀ ਸਾਰੀ ਕਾਵਿ ਰਚਨਾ ਸਲੋਕਾਂ ਵਿੱਚ ਹੈ ਅਤੇ ਇਹ ਸਾਰੀ ਦੀ ਸਾਰੀ ਵੱਖ ਵੱਖ ਗੁਰੂ ਸਾਹਿਬਾਨ ਰਾਹੀਂ ਰਚੀਆਂ ਵਾਰਾਂ ਵਿੱਚ ਦਰਜ ਕੀਤੀ ਗਈ ਹੈ। ~~ਇਸ ਤਰ੍ਹਾਂ ਗੁਰੂ ਅੰਗ~~

ਇਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਦੇ ਨਿਜੀ ਜੀਵਨ ਵਿੱਚ ਕਵਿਤਾ ਤੇ ਸੰਗੀਤ ਦੇ ਸੰਬੰਧ ਬਾਰੇ ਬਹੁਤ ਘੱਟ ਹਵਾਲੇ ਮਿਲਦੇ ਹਨ।

(ੲ) ਗੁਰੂ ਅਮਰਦਾਸ ਜੀ

ਗੁਰੂ ਕਾਵਿ-ਧਾਰਾ ਦੇ ਤੀਜੇ ਕਵੀ ਗੁਰੂ ਅਮਰਦਾਸ ਜੀ ਹਨ। ਗੁਰੂ ਅੰਗਦ ਦੇਵ ਜੀ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਆਪ ਵੈਸ਼ਨਵ ਮਤ ਦੇ ਧਾਰਨੀ ਸਨ। ਵੈਸ਼ਨਵ ਕੀਰਤਨ ਭਗਤੀ ਵਿੱਚ ਦ੍ਰਿੜ ਵਿਸ਼ਵਾਸ਼ ਰਖਦੇ ਸਨ ਇਸ ਲਈ ਹੋ ਸਕਦਾ ਹੈ ਕਿ ਆਪ ਨੇ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ ਹੋਵੇ ਪਰ ਇਸ ਦਾ ਕੋਈ ਸਬੂਤ ਨਹੀਂ ਮਿਲਦਾ। ਡਾਕਟਰ ਤਾਰਨ ਸਿੰਘ ਜੀ ਦਾ ਵਿਚਾਰ ਹੈ,ਹੋ ਸਕਦਾ

---

1. ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰਨਾ 286
2. ਹਰਬੰਸ ਸਿੰਘ, ਨਿਰਬਾਣ ਕੀਰਤਨ, ਪੰਨਾ 38
3. ਆਦਿ ਗ੍ਰੰਥ, ਪੰਨਾ 83

ਹੈ ਕਿ ਗੁਰੂ-ਗੱਦੀ ਦੀ ਪਰਾਪਤੀ ਤੋਂ ਪਹਿਲਾਂ ਕੋਈ ਪਦਿਆਂ ਦੀ ਰਚਨਾ ਕੀਤੀ ਹੋਵੇ ਜਿਵੇਂ ਕਿ ਆਮ ਵੈਸ਼ਨਵ ਭਗਤ ਕਰਦੇ ਹਨ, ਪਰ ਉਹ ਸਾਡੇ ਤੀਕ ਨਹੀਂ ਪੁੱਜੀ।[1] ਇਹਨਾਂ ਸੰਭਾਵਨਾਵਾਂ ਦਾ ਕਾਰਨ ਇਹ ਹੈ ਕਿ ਆਪ ਜਦੋਂ ਗੁਰੂ ਅੰਗਦ ਦੇਵ ਜੀ ਨੂੰ ਮਿਲੇ ਉਦੋਂ ਆਪ ਦੀ ਉਮਰ ਲਗਭਗ 61 ਸਾਲ ਦੀ ਸੀ। ਆਪ ਨੂੰ 72 ਸਾਲ ਦੀ ਉਮਰ ਵਿੱਚ ਗੁਰ-ਗੱਦੀ ਪ੍ਰਾਪਤ ਹੋਈ। ਆਪਦੀ ਜਿਹੜੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਉਸ ਦੀ ਰਚਨਾਕਾਲ 72 ਸਾਲ ਦੀ ਉਮਰ ਤੋਂ ਲੈ ਕੇ 90 ਸਾਲ ਦੀ ਉਮਰ ਤੱਕ ਹੈ। ਇਸ ਰਚਨਾ ਦੀ ਸ੍ਰੇਸ਼ਠਤਾ ਤੇ ਬਾਣੀ ਵਿੱਚ ਥਾਂ ਪਰ ਥਾਂ ਹਾਜ਼ਰ [illegible] ਵਿੱਚੋਂ ਪ੍ਰੋਖਿਆਂ ਤੋਂ ਇਸ ਸੰਭਾਵਨਾ ਦਾ ਪਤਾ ਹੋਣਾ [illegible] ਹੈ ਕਿ ਆਪ ਨੇ ਪਹਿਲਾਂ ਵੀ ਸੰਗੀਤਬੱਧ ਕਾਵਿ ਰਚਨਾ ਕੀਤੀ ਹੋਵੇਗੀ।

ਭਾਵੇਂ ਆਪਦੀ ਕਾਵਿ ਰਚਨਾ ਬਾਰੇ ਸੰਕੇਤ ਨਹੀਂ ਮਿਲਦਾ ਪਰ ਇਹ ਗੱਲ ਬਿਨਾਂ ਝਿਜਕ ਕਹੀ ਜਾ ਸਕਦੀ ਹੈ ਕਿ ਗੁਰੂ ਅੰਗਦ ਦੇਵ ਜੀ ਨਾਲ ਮਿਲਾਪ ਤੋਂ ਪਹਿਲਾਂ ਆਪ ਨੂੰ ਕਾਵਿ ਦੇ ਮਰਮ ਦੀ ਚੰਗੀ ਸੂਝ ਸੀ ਤਾਂ ਹੀ ਆਪ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਕੋਲੋਂ ਬਾਣੀ ਸੁਣਦਿਆਂ ਹੀ ਉਸ ਦੀ ਮਹਾਨਤਾ ਨੂੰ ਸਮਝ ਗਏ ਸਨ।

ਗੁਰੂ ਅੰਗਦ ਦੇਵ ਜੀ ਕੋਲ ਆ ਕੇ ਸੇਵਾ, ਸਿਮਰਨ, ਸੰਗੀਤ ਅਤੇ ਕਾਵਿ ਦੇ ਵਾਤਾਵਰਣ ਨਾਲ ਆਪਦੀ ਪ੍ਰਤਿਭਾ ਹੋਰ ਨਿਖਰ ਗਈ। ਗਿਆਨੀ ਗਿਆਨ ਸਿੰਘ ਅਨੁਸਾਰ ਜਦੋਂ ਆਪ ਗੁਰੂ ਅੰਗਦ ਦੇਵ ਜੀ ਨੂੰ ਮਿਲੇ ਉਦੋਂ ਆਪ ਨੂੰ ਅਨੰਦ ਸਾਹਿਬ ਦੀ ਪਹਿਲੀ ਤੁਕ ਫੁਰੀ:[2]

ਅਨੰਦ ਭਇਆ ਮੇਰੀ ਮਾਇ, ਸਤਿਗੁਰੂ ਮੈ ਪਾਇਆ।

ਗੁਰੂ ਅਮਰਦਾਸ ਜੀ ਨੇ ਜਦੋਂ ਗੁਰਗੱਦੀ ਸੰਭਾਲੀ ਉਦੋਂ ਉਹਨਾਂ ਨੇ ਵੀ ਗੁਰੂ ਅੰਗਦ ਦੇਵ ਜੀ ਦੇ ਨਿਤ ਨੇਮ ਦਾ ਅਨੁਸਰਣ ਕੀਤਾ। ਤਵਾਰੀਖ ਗੁਰੂ ਖਾਲਸਾ ਅਨੁਸਾਰ 'ਪਹੁਫੁਟੀ ਤੋਂ ਸੁਫੈਦ ਪੁਸ਼ਾਕਾ ਪਹਿਨ ਕੇ ਸਿੰਘਾਸਨ ਉੱਤੇ ਆ ਬੈਠਦੇ;ਭਾਈ ਸਾਦੂ ਬਾਦੂ ਕੀਰਤਨ ਕਰਦੇ---।[3]

ਇਸ ਤਰ੍ਹਾਂ ਗੁਰੂ ਅਮਰਦਾਸ ਜੀ ਦੇ ਜੀਵਨ ਵਿੱਚ ਕਾਵਿ ਤੇ ਸੰਗੀਤ ਬਾਰੇ ਬੜੇ ਬੜੇ ਪ੍ਰਮਾਣੀਕ ਹਵਾਲੇ ਮਿਲਦੇ ਹਨ। ਪਰ ਇਹਨਾਂ ਹਵਾਲਿਆਂ ਤੋਂ ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਆਪ ਦੇ ਜੀਵਨ ਵਿੱਚ ਇਹਨਾਂ ਦਾ ਘੱਟ ਮਹੱਤਵਪੂਰਨ ਸਥਾਨ ਨਹੀਂ ਸੀ।

---

1. ਤਾਰਨ ਸਿੰਘ, ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਇਤਿਹਾਸ ਪੰਨਾ 323
2. ਤਵਾਰੀਖ ਗੁਰੂ ਖਾਲਸਾ [illegible] ਪੰਨਾ 314
3. ਉਹੀ ਪੰਨਾ 318

## (ਸ) <u>ਗੁਰੂ ਰਾਮ ਦਾਸ ਜੀ</u>

ਚੌਥੇ ਬਾਣੀਕਾਰ ਗੁਰੂ ਰਾਮ ਦਾਸ ਜੀ ਵੀ ਆਪਣੇ ਆਪ ਨੂੰ 'ਢਾਢੀ'[1] ਕਹਿ ਕੇ ਇਸ ਤੱਥ ਵੱਲ ਸੰਕੇਤ ਕਰਦੇ ਹਨ ਕਿ ਉਹ ਸੰਗੀਤ ਦੇ ਮਹੱਤਵ ਤੋਂ ਚੇਤੰਨ ਸਨ। ਗੁਰੂ ਕਾਵਿ ਵਿੱਚ ਆਪ ਨੇ ਰਾਗਾਂ ਦੀ ਗਿਣਤੀ 19 ਤੋਂ 30 ਕਰ ਦਿੱਤੀ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰ ਦਾਸ ਜੀ ਨਾਲੋਂ ਵੱਧ 11 ਨਵੇਂ ਰਾਗਾਂ ਵਿੱਚ ਬਾਣੀ ਰਚਣਾ ਆਪਣੇ ਆਪ ਵਿੱਚ ਇੱਕ ਵਿਸ਼ੇਸ਼ਤਾ ਹੈ। ਗੁਰੂ ਨਾਨਕ ਅਤੇ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਸਿਰੀ ਰਾਗ, ਮਾਝ, ਗਉੜੀ, ਆਸਾ, ਗੁਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ ਰਾਗਾਂ ਵਿੱਚ ਰਚੀ। ਗੁਰੂ ਰਾਮ ਦਾਸ ਜੀ ਨੇ ਉਪਰੋਕਤ ਰਾਗਾਂ ਤੋਂ ਬਿਨਾਂ ਹੇਠ ਲਿਖੇ ਨਵੇਂ ਰਾਗਾਂ ਨੂੰ ਆਪਣੀ ਕਾਵਿ ਬਾਣੀ ਦੀ ਅਭਿਵਿਅਕਤੀ ਲਈ ਮਾਧਿਅਮ ਦੇ ਰੂਪ ਵਿੱਚ ਪ੍ਰਯੋਗ ਕੀਤਾ:

ਦੇਵਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੌਂਡ, ਨਟ ਨਰਾਇਣ, ਮਾਲੀ ਗਉੜਾ, ਕੇਦਾਰਾ, ਕਾਨੜਾ ਤੇ ਕਲਿਆਣ। ਆਪ ਨੇ ਆਪਣੀ ਕਾਵਿ ਰਚਨਾ ਵਿੱਚ ਲੋਕ-ਕਾਵਿ ਰੂਪਾਂ ਨੂੰ ਅਪਣਾਉਂਦਿਆਂ ਵਣਜਾਰਾ, ਕਰਹਲੇ, ਘੋੜੀਆਂ ਤੇ ਲਾਵਾਂ ਦਾ ਵਿਸ਼ੇਸ਼ ਰੂਪ ਵਿੱਚ ਪ੍ਰਯੋਗ ਕੀਤਾ। ਗੁਰੂ ਰਾਮ ਦਾਸ ਜੀ ਦੀ ਬਾਣੀ ਨੂੰ ਵੇਖਣ ਨਾਲ ਉਹਨਾਂ ਦੀ ਸ਼ਖਸ਼ੀਅਤ ਦਾ ਕਾਵਿਕ ਤੇ ਸੰਗੀਤਕ ਪਹਿਲੂ ਬੜਾ ਰੌਸ਼ਨ ਲੱਗਦਾ ਹੈ ਪਰ ਉਹਨਾਂ ਦੇ ਸਿੱਖ ਸੰਸਥਾ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਵਾਲੇ ਜੀਵਨ ਦਾ ਬੜਾ ਹਿੱਸਾ ਅਜੇ ਅਗਿਆਤ ਹੈ। ਇੰਜ ਲੱਗਦਾ ਹੈ ਕਿ ਗੁਰੂ ਰਾਮ ਦਾਸ ਜੀ ਨੇ ਆਪਣੀ ਸਾਰੀ ਸਿੱਖਿਆ ਗੁਰੂ ਅਮਰਦਾਸ ਜੀ ਦੀ ਛਤਰ ਛਾਇਆ ਥੱਲੇ ਗੋਇੰਦਵਾਲ ਵਿਖੇ ਹੀ ਪ੍ਰਾਪਤ ਕੀਤੀ। "ਉਹਨਾਂ ਦਿਨਾਂ ਵਿੱਚ ਗੋਇੰਦਵਾਲ ਸਚਾਈ ਦੀ ਖੋਜ ਦਾ ਇੱਕ ਮਹਾਨ ਕੇਂਦਰ ਬਣ ਚੁੱਕਾ ਸੀ। ਇਥੇ ਗੁਰ-ਸੰਗਤ ਤੋਂ ਲਾਭ ਪ੍ਰਾਪਤ ਕਰਨ ਲਈ ਵਿਦਵਾਨ, ਪੰਡਤ, ਕਲਾਕਾਰ, ਸੰਗੀਤਵੇਤਾ ਆਦਿ ਇਕੱਠੇ ਹੋਇਆ ਕਰਦੇ ਸਨ। ਗੁਰੂ ਰਾਮਦਾਸ ਜੀ ਨੇ ਇਥੇ ਛੰਦ-ਸ਼ਾਸਤ੍ਰ ਦਾ ਅਧਿਐਨ ਕਰਕੇ ਕਈ ਛੰਦ ਸਿੱਖੇ।"[2]

---

1. ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ।
   <u>ਆਦਿ ਗ੍ਰੰਥ</u>, ਪੰਨਾ 91
2. <u>ਤਰਲੋਚਨ ਸਿੰਘ</u> (ਡਾ.) "ਗੁਰੂ ਰਾਮ ਦਾਸ ਜੀ ਦਾ ਸਾਹਿਤਿਕ ਤੇ ਦਾਰਸ਼ਨਿਕ ਦ੍ਰਿਸ਼ਟੀਕੋਣ" <u>ਗੁਰੂ ਰਾਮਦਾਸ</u>, ਸੰ. ਜੀਤ ਸਿੰਘ ਸੀਤਲ, ਪੰਨਾ 70

ਹੋ ਸਕਦਾ ਹੈ ਆਪ ਨੇ ਇਥੇ ਸੰਗੀਤ-ਸਿੱਖਿਆ ਪ੍ਰਾਪਤ ਕੀਤੀ ਹੋਵੇ ਕਿਉਂਕਿ ਆਪ ਗੁਰ ਸਿੱਖ ਦੇ ਨਿਤਨੇਮ ਵਿੱਚ ਗੁਰਬਾਣੀ ਦਾ ਗਾਇਨ ਕਰਨਾ ਜ਼ਰੂਰੀ ਸਮਝਦੇ ਹਨ।[1] ਕੁਝ ਵਿਦਵਾਨਾਂ ਅਨੁਸਾਰ ਆਪ ਨੇ ਕੁਝ ਬਾਣੀ ਗੁਰੂ ਪਦ ਪ੍ਰਾਪਤ ਕਰਨ ਤੋਂ ਪਹਿਲਾਂ ਵੀ ਉਚਾਰੀ ਹੈ। ਨਿਹਾਲ ਸਿੰਘ ਰਸ[2] ਅਨੁਸਾਰ ਗੂਜਰੀ ਰਾਗ ਦਾ ਇੱਕ ਸ਼ਬਦ[3] ਗੁਰੂ ਰਾਮਦਾਸ ਜੀ ਨੇ ਉਦੋਂ ਉਚਾਰਿਆ ਜਦੋਂ ਵਿਆਹ ਸਮੇਂ ਗੁਰੂ ਅਮਰਦਾਸ ਜੀ ਨੇ ਕੁਝ ਮੰਗਣ ਲਈ ਕਿਹਾ ਸੀ।

ਗੁਰ-ਗੱਦੀ ਤੇ ਬੈਠਣ ਉਪਰੰਤ ਆਪ ਨਿਤਨੇਮ ਅਨੁਸਾਰ ਬਾਣੀ ਦਾ ਕੀਰਤਨ ਸੁਣਦੇ ਰਹਿੰਦੇ ਸਨ। ਗਿਆਨੀ ਗਿਆਨ ਸਿੰਘ ਅਨੁਸਾਰ, 'ਪੋਹ ਫੁਟੀ ਤੋਂ ਸਭਾ ਵਿੱਚ ਆ ਕਰ ਆਸਾ ਦੀ ਵਾਰ ਦਾ ਕੀਰਤਨ ਸੁਣਦੇ -----'।[4]

ਇਸ ਤਰ੍ਹਾਂ ਗੁਰੂ ਰਾਮਦਾਸ ਜੀ ਦੇ ਜੀਵਨ ਵਿੱਚ ਵੀ ਪਹਿਲੇ ਗੁਰੂ ਸਾਹਿਬਾਨ ਵਾਂਗ ਕਵਿਤਾ ਤੇ ਸੰਗੀਤ ਦਾ ਵਿਸ਼ੇਸ਼ ਮਹੱਤਵ ਰਿਹਾ ਹੈ।

### (ਖ) ਗੁਰੂ ਅਰਜਨ ਦੇਵ ਜੀ

ਗੁਰੂ ਅਰਜਨ ਦੇਵ ਜੀ ਪਹਿਲੇ ਗੁਰੂ ਕਵੀ ਸਨ ਜਿਹੜੇ ਕਿਸੇ ਗੁਰੂ ਕਵੀ ਦੀ ਸੰਤਾਨ ਸਨ ਅਤੇ ਜਿਹਨਾਂ ਦੀ ਸਿਖਲਾਈ ਗੁਰਮਤ ਰੀਤੀ ਅਨੁਸਾਰ ਹੋਈ ਸੀ। ਗੁਰੂ ਅਮਰਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਮਹਾਨ ਕਵੀ ਬਣਨ ਦੀਆਂ ਸੰਭਾਵਨਾਵਾਂ ਬਚਪਨ ਤੋਂ ਹੀ ਵੇਖ ਲਈਆਂ ਸਨ। ਇਸੇ ਲਈ ਉਹਨਾਂ ਨੇ ਇਹਨਾਂ ਨੂੰ 'ਦੋਹਿਤਾ ਬਾਣੀ ਕਾ ਬੋਹਿਥਾ' ਆਖਿਆ ਸੀ।[5]

---

1. ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ------।
   ਆਦਿ ਗ੍ਰੰਥ, ਪੰਨਾ 305
2. ਸ੍ਰੀ ਗੁਰੂ ਰਾਮਦਾਸ ਜੀ, ਗਿ:ਨਿਹਾਲ ਸਿੰਘ 'ਰਸ'ਪੰਨਾ 18
3. ਹਰਿ ਕੇ ਜਨ ਸਤਿਗੁਰੂ ਸਤ ਪੁਰਖਾ ਬਿਨਉ ਕਰਉ ਗੁਰ ਪਾਸਿ।।
   ਆਦਿ ਗ੍ਰੰਥ, ਪੰਨਾ 492
4. ਤਵੀਰਖ ਗੁਰੂ ਖਾਲਸਾ , ਪੰਨਾ 340
5. Macauliffe The Sikh Religion, Vol. III, Page 1

ਗੁਰਮਤਿ ਸਾਹਿਤ ਵਿੱਚ ਅਜੇਹੇ ਹਵਾਲੇ ਮਿਲਦੇ ਹਨ ਜਿਹਨਾਂ ਤੋਂ ਪਤਾ ਲਗਦਾ ਹੈ ਕਿ ਆਪ ਗੁਰੂ ਪਦ ਪ੍ਰਾਪਤ ਕਰਨ ਤੋਂ ਪਹਿਲਾਂ ਸੰਗੀਤਮਈ ਬਾਣੀ ਉਚਾਰਨ ਲੱਗ ਪਏ ਸਨ। ਇੱਕ ਵਾਰ ਗੁਰੂ ਰਾਮਦਸ ਜੀ ਨੇ ਆਪ ਨੂੰ ਲਾਹੌਰ ਭੇਜਿਆ ਤੇ ਬਿਨ ਬੁਲਾਇਆਂ ਵਾਪਸ ਨਾ ਆਉਣ ਦਾ ਹੁਕਮ ਕਰ ਦਿੱਤਾ। "ਜਦ ਕਈ ਮਹੀਨੇ ਲਾਹੌਰ ਰਹੇ ਤਾਂ ਕੋਈ ਬੁਲਾਵਾ ਗੁਰੂ ਰਾਮਦਾਸ ਵੱਲੋਂ ਨਾ ਆਇਆ, ਤਾਂ ਕਦੇ ਕੋਠੇ ਉੱਤੇ ਚੜ੍ਹ ਕੇ ਰਾਹ ਵੱਲ ਤਕਦੇ, ਕਦੇ ਸ਼ਹਿਰੋਂ ਬਾਹਰ ਰਾਹ ਉੱਤੇ ਜਾ ਖੜੇ ਹੁੰਦੇ ਤੇ ਗੁਰੂ ਸਾਹਿਬ ਦੇ ਦਰਸ਼ਨ ਦਾ ਅਜੇਹਾ ਪ੍ਰੇਮ ਲੱਗਾ ਜੋ ਖਾਣਾ ਪੀਣਾ, ਸੋਣਾ ਹੱਸਣਾ ਸਭ ਛੁੱਟ ਗਿਆ, ਅਰ ਵੈਰਾਗ ਵਿੱਚ ਆ ਕੇ ਏਹੁ ਸ਼ਬਦ ਉਚਾਰਿਆ"।[1]

ਸੋਰਠ ਮਹਲਾ 5

ਦਹ ਦਿਸ ਛਤ੍ਰ ਮੇਘ ਘਟਾ ਘਟ ਦਾਮਨਿ ਚਮਕਿ ਡਰਾਇਓ।
ਸੇਜ ਇਕੇਲੀ ਨੀਦ ਨਹੁ ਨੈਨਹ ਪਿਰੁ ਪਰਦੇਸਿ ਸਿਧਾਇਓ।[2]

ਲਾਹੌਰ ਤੋਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਿਤਾ-ਗੁਰੂ ਰਾਮਦਾਸ ਜੀ ਲਈ ਚਿੱਠੀ ਰੂਪ ਵਿੱਚ ਮਾਝ ਰਾਗ ਦਾ ਹੇਠ ਲਿਖਿਆ ਸ਼ਬਦ ਵੀ ਰਚਿਆ---[3]

ਮੇਰਾ ਮਨੁ ਲੋਚੈ ਗੁਰਦਰਸਨ ਤਾਈ।
ਬਿਲਪ ਕਰੇ ਚਾਤ੍ਰਿਕ ਕੀ ਨਿਆਈ।[4]

ਗੁਰਗੱਦੀ ਤੇ ਬੈਠਣ ਉਪਰੰਤ ਆਪ ਨੇ ਆਪਣੀ ਕਾਵਿਕ ਅਤੇ ਸੰਗੀਤਿਕ ਪ੍ਰਤਿਭਾ ਦਾ ਸਬੂਤ ਦਿੰਦਿਆਂ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕੀਤਾ ਅਤੇ ਸੰਗੀਤ ਨੂੰ ਸਿੱਖਣ ਲਈ ਹਰ ਸਿੱਖ ਨੂੰ ਪ੍ਰੇਰਿਤ ਕੀਤਾ। ਸੱਤੇ ਤੇ ਬਲਵੰਡ ਵਾਲੀ ਸਾਖੀ[5] ਤੋਂ ਪਤਾ ਲਗਦਾ ਹੈ ਕਿ ਆਪ ਗੁਰੂ ਘਰ ਦੇ ਕੀਰਤਨੀਆਂ ਦਾ ਕਾਫੀ ਸਤਿਕਾਰ ਕਰਦੇ ਸਨ।

ਗੁਰਬਾਣੀ ਦਾ ਸੰਕਲਨ ਕਰਨ ਵੇਲੇ ਸਾਰੇ ਭਗਤਾਂ ਦੀ ਬਾਣੀ ਦਾ ਅਧਿਐਨ ਕਰਕੇ ਉਸ ਵਿੱਚੋਂ ਗੁਰਮਤ ਦੇ ਅਨੁਸਾਰ ਬਾਣੀ ਦੀ ਚੋਣ ਕਰਨੀ ਗੁਰੂ ਸਾਹਿਬ ਦੀ ਮਹਾਨ ਸਾਹਿਤਿਕ ਪ੍ਰਤਿਭਾ

---

1. ਗਿਆਨ ਸਿੰਘ, ਤਵੀਰਖ ਗੁਰੂ ਖਾਲਾਸਾ ਪੰਨਾ 354
2. ਆਦਿ ਗ੍ਰੰਥ, ਪੰਨਾ 624
3. ਪੂਰਨ ਸਿੰਘ, ਦਸ ਗੁਰਦਰਸ਼ਨ (ਅਨੁ.) 1972 ਪੰਨਾ 61
4. ਆਦਿ ਗ੍ਰੰਥ, ਪੰਨਾ 96
5. ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰਨਾ 402

ਦਾ ਲਖਾਇਕ ਹੈ। ਸੰਗੀਤ ਦੇ ਖੇਤਰ ਵਿੱਚ ਆਪ ਨੇ ਸਰੰਦਾ ਨਾਮਕ ਨਵੇਂ ਸਾਜ਼ ਦਾ ਆਵਿਸ਼ਕਾਰ ਕੀਤਾ।[1]

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦਾ ਸੰਪੂਰਨ ਜੀਵਨ ਸਿੱਖ ਸੰਸਥਾ ਨੂੰ ਅਰਪਨ ਸੀ ਤੇ ਉਹਨਾਂ ਦੇ ਜੀਵਨ ਦੀਆਂ ਸਾਹਿਤਿਕ ਤੇ ਸੰਗੀਤਕ ਪ੍ਰਾਪਤੀਆਂ ਉਹਨਾਂ ਦੇ ਨਿੱਜੀ ਜੀਵਨ ਵਿੱਚ ਵੀ ਕਾਵਿ ਅਤੇ ਸੰਗੀਤ ਦੇ ਵਿਸ਼ੇਸ਼ ਸਥਾਨ ਦੀ ਦੱਸ ਪਾਉਂਦੀਆਂ ਹਨ।

(ਠ) ਗੁਰੂ ਤੇਗ ਬਹਾਦਰ ਜੀ

ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਅਰਜਨ ਦੇਵ ਜੀ ਤੋਂ ਉਪਰੰਤ ਗੁਰੂ ਸਾਹਿਬਾਨ ਵਿੱਚੋਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਹੈ। ਆਪ ਛੇਵੇਂ ਗੁਰੂ ਹਰਿ ਗੋਬਿੰਦ ਜੀ ਦੇ ਸਪੁੱਤਰ ਸਨ। ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੇ 59 ਸ਼ਬਦ ਅਤੇ 57 ਸਲੋਕ ਦਰਜ ਹਨ। ਆਪ ਦੇ ਸ਼ਬਦ ਗਉੜੀ, ਆਸਾ, ਦੇਵ ਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ ਹਿੰਡੋਲ, ਬਸੰਤ, ਸਾਰੰਗ ਅਤੇ ਜੈਜਾਵੰਤੀ ਰਾਗਾਂ ਵਿੱਚ ਦਰਜ ਹਨ। ਆਪ ਵਲੋਂ ਰਾਗਾਂ ਅਧੀਨ ਬਾਣੀ ਰਚੇ ਜਾਣ ਕਾਰਣ ਇਸ ਵਿੱਚ ਤਾਂ ਕੋਈ ਸ਼ੰਕਾ ਨਹੀਂ ਕਿ ਆਪ ਨੂੰ ਕਵਿਤਾ ਅਤੇ ਰਾਗ ਦੀ ਪੂਰੀ ਸੂਝ ਸੀ ਅਤੇ ਕਵਿਤਾ ਤੇ ਸੰਗੀਤ ਦਾ ਸੁਮੇਲ ਵੀ ਆਪਣੇ ਸਫਲ ਢੰਗ ਨਾਲ ਕੀਤਾ ਹੈ। ਪਰ ਆਪਣੇ ਸੰਗੀਤ ਤੇ ਕਾਵਿ ਦੀ ਸਿੱਖਿਆ ਕਿਸੇ ਉਸਤਾਦ ਪਾਸੋਂ ਹਾਸਲ ਕੀਤੀ ਸੀ ਇਸ ਦਾ ਕੋਈ ਭਰੋਸੇ ਯੋਗ ਪ੍ਰਮਾਣ, ਲਿਖਤੀ ਰੂਪ ਵਿੱਚ ਅਜੇ ਹੱਥ ਨਹੀਂ ਆਇਆ। ਡਾਕਟਰ ਦਵਿੰਦਰ ਸਿੰਘ ਵਿਦਿਆਰਥੀ[2] ਅਨੁਸਾਰ, ਉਸ ਸਮੇਂ ਦੇ ਰਾਜ ਘਰਾਣਿਆਂ ਦੀ ਪਰੰਪਰਾ ਅਨੁਸਾਰ, ਸੰਗੀਤ ਤੇ ਕਾਵਿ ਗਿਆਨ, ਚਿਤਰਕਾਰੀ ਤੇ ਸ਼ਸਤਰ ਵਿਦਿਆ, ਮੁਢਲੀ ਸਿੱਖਿਆ ਦਾ ਅੰਗ ਮੰਨੇ ਜਾਂਦੇ ਸਨ ਅਤੇ ਗੁਰੂ ਤੇਗ ਬਹਾਦਰ ਜੀ ਦਾ ਪਾਲਣ-ਪੋਸ਼ਣ 'ਮੀਰੀ ਪੀਰੀ ਦੇ ਸ਼ਾਹਜ਼ਾਦੇ' ਦੇ ਰੂਪ ਵਿੱਚ ਹੋਇਆ ਸੀ। ਕਾਵਿ-ਕਲਾ,[3] ਚਿਤਰਕਲਾ,[4] ਤੇ ਸ਼ਸਤਰ ਕਲਾ ਦੀ ਸੁਚੱਜੀ ਜਾਣਕਾਰੀ ਦੇ ਪ੍ਰਮਾਣ ਭੀ

---

1. ਕਾਹਨ ਸਿੰਘ, ਮਹਾਨ ਕੋਸ਼ ਪੰਨਾ 171
2. "ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਸੰਗੀਤ", ਨਉਨਿਧ, ਪੰਨਾ 43
3. ਗੁਰੂ ਤੇਗ ਬਹਾਦਰ ਜੀ ਦੀ ਬਾਣੀ।
4. ਪ੍ਰਸਿਧ ਹੈ ਕਿ ਆਪਣੇ ਬਾਰੇ ਵਿੱਚ ਬੁਲਾਕੀ ਦਾਸ ਮਸੰਦ ਦੀ ਮਾਈ ਦੀ ਮੰਗ ਉੱਤੇ ਆਪਣਾ-ਚਿਤਰ ਆਪ ਪੂਰਾ ਕਰਕੇ ਦਿੱਤਾ ਸੀ।
ਸਰੂਪ ਦਾਸ ਭਲਾ ਮਹਿਮਾ ਪ੍ਰਕਾਸ਼ ਸਾਖੀ 14ਵੀਂ ਹਵਾਲਾ ਨਉਨਿਧਿ ਪੰਨਾ 43

ਮੌਜੂਦ ਹਨ, ਇਸ ਲਈ ਇਹ ਮੰਨਣ ਵਿੱਚ ਕਠਨਾਈ ਨਹੀਂ ਹੋਣੀ ਚਾਹੀਦੀ ਕਿ ਸੰਗੀਤ-ਸ਼ਾਸਤਰ ਦੀ ਸਿਖਿਆ ਭੀ ਆਪ ਨੂੰ ਬਾਲ ਅਵਸਥਾ ਤੋਂ ਹੀ ਮਿਲੀ ਹੋਵੇਗੀ। ਡਾਕਟਰ ਗੁਰਚਰਨ ਸਿੰਘ ਮਹਿਤਾ[1] ਨੇ ਬਾਬਕ ਰਬਾਬੀ, ਵਬੇ ਤੇ ਅਬਦੁਲੀ ਢਾਡੀ ਨੂੰ ਆਪਦੇ ਸੰਗੀਤ ਸਿਖਾਉਣ ਵਾਲੇ ਮੰਨਿਆ ਹੈ। ਗਿਆਨੀ ਗਿਆਨ ਸਿੰਘ ਰਚਿਤ ਸ੍ਰੀ ਪੰਥ ਪ੍ਰਕਾਸ਼[2] ਵਿੱਚ ਇੱਕ ਸਾਖੀ ਦਿੱਤੀ ਹੋਈ ਹੈ ਜਿਸ ਵਿੱਚ ਦੱਸਿਆ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਪੂਰਬ ਦੀ ਯਾਤਰਾ ਸਮੇਂ ਇੱਕ ਸਿੱਖ ਦੇ ਕੀਰਤਨ ਤੋਂ ਪ੍ਰਸੰਨ ਹੋ ਕੇ ਨਿਜੀ ਮ੍ਰਿਦੰਗ ਇਨਾਮ ਵਜੋਂ ਦੇ ਦਿੱਤਾ ਸੀ।

ਇਸ ਸਾਖੀ ਤੋਂ ਇਹ ਅੰਦਾਜ਼ਾ ਲਾਉਣਾ ਗਲਤ ਨਹੀਂ ਕਿ ਗੁਰੂ ਜੀ ਮ੍ਰਿਦੰਗ ਵਜਾਉਣਾ ਜਾਣਦੇ ਸਨ ਤੇ ਆਪਣਾ ਮ੍ਰਿਦੰਗ ਵਜਾਉਣ ਦਾ ਸ਼ੌਕ ਇਤਨਾ ਪ੍ਰਬਲ ਸੀ ਕਿ ਮ੍ਰਿਦੰਗ ਜਿਹਾ ਵੱਡਾ ਸਾਜ਼ ਯਾਤਰਾ ਸਮੇਂ ਭੀ ਨਾਲ ਰਹਿੰਦਾ ਸੀ। ਗੁਰੂ ਜੀ ਦਾ ਮ੍ਰਿਦੰਗ-ਵਾਦਕ ਹੋਣਾ ਇਹ ਸਿੱਧ ਕਰਦਾ ਹੈ ਕਿ ਆਪ ਨੂੰ ਲੈਅ ਅਤੇ ਤਾਲ ਦਾ ਪੂਰਾ ਗਿਆਨ ਸੀ।

ਉਪਰੋਕਤ ਅਧਿਐਨ ਤੋਂ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਵਿੱਚ ਕਾਵਿ ਬਾਣੀ ਅਤੇ ਸੰਗੀਤ ਦਾ ਵਿਸ਼ੇਸ਼ ਮਹੱਤਵ ਸਹਿਜੇ ਹੀ ਸਮਝਿਆ ਜਾ ਸਕਦਾ ਹੈ।

---

1. ਗੁਰਮਤ ਪ੍ਰਕਾਸ਼ (ਮਾਸਿਕ) ਅੰਮ੍ਰਿਤਸਰ ਦਸੰਬਰ, 1975, ਪੰਨਾ 145
2. <u>ਪੰਥ ਪ੍ਰਕਾਸ਼, ਪੂਰਬਾਰਧ</u>, ਗਿ: ਕ੍ਰਿਪਾਲ ਸਿੰਘ ਸੰਪਾਦਿਕ 1972 ਪੰਨਾ 1025

## 2.) ਸਿੱਖ ਸੰਸਥਾ ਵਿੱਚ ਕਵਿਤਾ ਅਤੇ ਸੰਗੀਤ ਦਾ ਮਹੱਤਵ

ਸਿੱਖ ਸੰਸਥਾ ਵਿੱਚ ਕਵਿਤਾ ਨੂੰ ਬਾਣੀ ਕਿਹਾ ਜਾਂਦਾ ਹੈ। ਜਦੋਂ ਇਸ ਬਾਣੀ ਨੂੰ ਸੁਰ ਤਾਲ ਅਤੇ ਲੈਅ ਨਾਲ ਸੰਗੀਤ ਵਿੱਚ ਗਾਇਆ ਜਾਂਦਾ ਹੈ ਤਾਂ ਇਹ ਕੀਰਤਨ ਬਣ ਜਾਂਦੀ ਹੈ।[1] ਕੀਰਤਨ ਦਾ ਮਹੱਤਵ ਗੁਰੂ ਨਾਨਕ ਦੇਵ ਜੀ ਨੇ ਹੀ ਪਛਾਣ ਲਿਆ ਸੀ ਇਸ ਲਈ ਭਾਈ ਗੁਰਦਾਸ ਜੀ ਨੇ ਉਹਨਾਂ ਦੇ ਸਮੇਂ ਧਰਮਸਾਲ ਵਿੱਚ ਕੀਰਤਨ ਕੀਤੇ ਜਾਣ ਦਾ ਜ਼ਿਕਰ ਕੀਤਾ ਹੈ।[2] ਗੁਰੂ ਨਾਨਕ ਦੇਵ ਜੀ ਨੇ ਤਲਵੰਡੀ, ਸੁਲਤਾਨਪੁਰ ਅਤੇ ਕਰਤਾਰਪੁਰ ਵਿੱਚ ਕੀਰਤਨ ਕਰਨ ਦੀ ਮਰਯਾਦਾ ਨੂੰ ਜਾਰੀ ਰੱਖਿਆ। ਕਰਤਾਰਪੁਰ ਦੇ ਨਿਤਨੇਮ ਦਾ ਵਰਣਨ ਕਰਦਿਆਂ ਭਾਈ ਗੁਰਦਾਸ ਜੀ ਲਿਖਦੇ ਹਨ:

> ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪੁ ਉਚਾਰਾ।[3]

ਇਸ ਪਉੜੀ ਦਾ ਟੀਕਾ ਭਾਈ ਮਨੀ ਸਿੰਘ ਨੇ ਕੀਤਾ ਹੈ ਉਹਨਾਂ ਅਨੁਸਾਰ:

'ਕਰਤਾਰ ਪੁਰ ਵਿੱਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜ੍ਹਦਿਆਂ ਤੀਕਰ ਬਾਣੀ ਦੀ ਚਰਚਾ ਹੋਵੇ ਫੇਰ ਆਰਤੀ ਪੜ੍ਹੀਏ। ਤੀਸਰੇ ਪਹਿਰ ਕੀਰਤਨ ਕਰਾਏ। ਸੰਧਿਆ ਰਹਿਰਾਸ ਪੜ੍ਹੀਏ, ਫੇਰ ਕੀਰਤਨ ਗਾਵੀਏ, ਪਹਿਰ ਰਾਤ ਗਈ ਸੋਹਿਲਾ ਪੜ੍ਹੀਏ ਅਰ ਪਿਛਲੀਰਾਤ ਜਪ ਪੜ੍ਹੀਏ ਅਰ ਆਸਾ ਦੀ ਵਾਰ ਪੜ੍ਹੀਏ।'[4]

ਇਸ ਤਰ੍ਹਾਂ ਦੋ ਵਾਰ ਕੀਰਤਨ ਅਤੇ ਇੱਕ ਵਾਰ ਆਸਾ ਦੀ ਵਾਰ ਪੜ੍ਹਨ ਦਾ ਜ਼ਿਕਰ ਇਹ ਸਿੱਧ ਕਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਵੇਲੇ ਕੀਰਤਨ ਸੰਸਥਾਤਮਕ ਰੂਪ ਵਿੱਚ ਸਥਾਪਤ ਹੋ ਚੁਕਾ ਸੀ।

ਗੁਰੂ ਨਾਨਕ ਦੇਵ ਜੀ ਦੇ ਵੇਲੇ ਕੀਰਤਨ ਕਰਨ ਅਤੇ ਸੁਣਨ ਦੀ ਮਹੱਤਤਾ ਬਾਰੇ ਵੀ ਵਿਚਾਰਾਂ ਹੁੰਦੀਆਂ ਸਨ। ਕੀਰਤਨ ਦੀ ਮਹੱਤਤਾ ਬਾਰੇ ਸਿੱਖਾਂ ਦੀ ਭਗਤਮਾਲਾ ਵਿੱਚ 'ਮਾਲੋ ਅਤੇ ਮਾਘਾ' ਦੇ ਸਿੱਖਾਂ ਦੀ ਸਾਖੀ ਵਿੱਚ ਬਾਕੀ ਕਰਮਾਂ ਦੇ ਮੁਕਾਬਲੇ ਤੇ ਕੀਰਤਨ-ਫਲ ਦੀ ਮਹਿਮਾ ਨੂੰ ਬੜੇ

---

1. ਕਾਹਨ ਸਿੰਘ ਨਾਭਾ, ਗੁਰਮਤ ਪ੍ਰਭਾਕਰ ਪੰਨਾ 617
2. ਘਰਿ ਘਰਿ ਅੰਦਰ ਧਰਮ ਸਾਲ ਹੋਵੈ ਕੀਰਤਨ ਸਦਾ ਵਿਸੋਆ। ਭਾਈ ਗੁਰਦਾਸ, ਵਾਰ1, ਪਉੜੀ 27
3. ਭਾਈ ਗੁਰਦਾਸ, ਵਾਰ 1, ਪਉੜੀ 38
4. ਗਿਆਨ ਰਤਨਾਵਲੀ, ਹਵਾਲਾ - ਹਰਬੰਸ ਸਿੰਘ, ਨਿਰਬਾਣ ਕੀਰਤਨ, ਪੰਨਾ 32

ਸੁੰਦਰ ਦ੍ਰਿਸ਼ਟਾਂਤਾਂ ਨਾਲ ਵਾਰਤਾਲਾਪ ਰੂਪ ਵਿੱਚ ਇਉਂ ਦਰਸਾਇਆ ਗਿਆ ਹੈ:-

"ਤੁਸਾਂ ਬਚਨ ਕੀਤਾ ਹੈ ਜੁ ਕਰਮ ਸੁਗਮ ਹੈ ਕਥਾ ਕੀਰਤਨ, ਤੇ ਫਲੁ ਵਡਾ ਹੈ। ਏਹ ਅਸਾਡੇ ਸਮਝ ਵਿੱਚ ਕੈਸੇ ਆਵੈ? ਤਾਂ ਬਚਨ ਹੋਇਆ ਜੋ ਲਕੜਹਾਰੇ ਲਕੜੀਆਂ ਲਿਆਵਦੇ ਹੈਨਿ ਤੇ ਪਾਂਡੀ ਪੰਡਾਂ ਲਿਆਂਵਦੇ ਹੈਨ, ਸੋ ਮਜੂਰੀ ਵੱਡੀ ਕਰਦੇ ਹੈਨਿ ਤੇ ਨਫਾ ਥੋੜਾ ਹੁੰਦਾ ਹੈ ਤੇ ਜੋ ਕੂਟ ਅੰਨ ਦੀ ਹੱਟੀ ਕਰਦੇ ਹੈਨਿ, ਮਜੂਰੀ ਉਨ੍ਹਾਂ ਦੀ ਥੋੜੀ ਹੁਦੀ ਹੈ ਤੇ ਨਫਾ ਅਧਿਕ ਹੁੰਦਾ ਹੈ ਤੇ ਸਰਾਫ ਤੇ ਬਜਾਜ ਉਨ੍ਹਾਂ ਥੀਂ ਭੀ ਮਜੂਰੀ ਘਟ ਕਰਦੇ ਹੈਨਿ, ਭੂਖਣਾਂ ਤੇ ਰੁਪਯਾਂ ਦਾ ਸੌਦਾ ਕਰਦੇ ਹੈਨ ਤੇ ਨਫਾ ਬਹੁਤ ਹੁੰਦਾ ਹੈ ਤੇ ਜਵਾਹਰੀ ਹੀਰੇ ਮੋਤੀ ਦਾ ਸੌਦਾ ਕਰਦੇ ਹੈਨਿ ਤੇ ਸੁਖ ਨਾਲਿ ਬੈਠੇ ਰਹਿੰਦੇ ਹਨ, ਪਰ ਨਫਾ ਬਹੁਤ ਉਹਨਾਂ ਨੂੰ ਹੁੰਦਾ ਹੈ। ਜੋ ਉਨ੍ਹਾਂ ਦੀ ਸੇਵਾ ਕਰਦਾ ਹੈ ਸੋਭੀ ਮੋਤੀ ਹੀਰੇ ਦੀ ਪਰਖ ਸਿਖਦਾ ਹੈ। ਤੈਸੇ ਹੋਰ ਜੋ ਤਪ ਹੈਨਿ, ਸੋ ਸਰੀਰ ਉਪਰ ਕਸ਼ਟ ਹੁੰਦਾ ਹੈ, ਤੇ ਗਿਆਨ ਦੀ ਪ੍ਰਾਪਤ ਨਹੀਂ ਹੁੰਦੀ ਕਥਾ ਕੀਰਤਨ ਦੇ ਪੜ੍ਹਨ ਸੁਣਨੇ ਕਰ ਪ੍ਰਿਥਮੇ ਤਾਂ ਉਪਾਸਨਾ ਦ੍ਰਿੜ ਹੁੰਦੀ ਹੈ, ਪਿਛੋਂ ਇਸ ਦੇ ਵਿੱਚੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਤੇ ਇਹ ਸਾਂਤਕੀ ਤਪ ਹੈ ਨਫਾ ਬਹੁਤ ਹੈ ਤਾਂ ਏਹੁ ਬਚਨੁ ਸੁਣਕੇ ਭਾਈ ਮਾਲੋ ਪੋਥੀ ਗੁਰੂ ਕੀ ਬਾਣੀ ਦੀ ਕਥਾ ਕਰੇ ਤੇ ਭਾਈ ਮਾਂਗਾ ਸਨਮੁਖ ਬੈਠ ਕੇ ਸਭ ਇੰਦ੍ਰੀਆਂ ਤੇ ਮਨ ਨੂੰ ਸੰਕੋਚ ਕੇ ਸੁਣੈ, ਤੇ ਦੋਨੋਂ ਮਿਲ ਕੇ ਫੇਰ ਕੀਰਤਨ ਕਰਨਿ, ਤਾਂ ਉਨ੍ਹਾਂ ਦੀ ਰਸਨਾ ਥੀਂ ਐਸਾ ਸਿੱਖਾਂ ਨੂੰ ਰਸ ਆਵੇ ਕਿ ਜੋ ਕੋਈ ਸੁਣੈ, ਸਭ ਪਾਪਾਂ ਦਾ ਤਿਆਗੁ ਕਰਨਿ।"[1]

ਗੁਰੂ ਨਾਨਕ ਦੇਵ ਜੀ ਨੇ ਜਿਥੇ ਕੀਰਤਨ ਦੀ ਮਹੱਤਤਾ ਦੱਸੀ ਹੈ ਉਥੇ ਕੀਰਤਨ ਦੇ ਸਰੋਤਿਆਂ ਬਾਰੇ ਵੀ ਨਿਰਣਾ ਕਰ ਦਿੱਤਾ ਹੈ। ਭਾਈ ਮਨੀ ਸਿੰਘ ਜੀ ਗਿਆਨ ਰਤਨਾਵਲੀ ਵਿੱਚ ਇਸ ਸੰਬੰਧੀ ਇੱਕ ਸਾਖੀ ਦਸਦੇ ਹਨ ----

'ਕਾਗ ਭਸੁੰਡ ਬਾਬੇ ਨੂੰ ਮਥਾ ਟੇਕਿਆ। ਬਾਬੇ ਕਹਿਆ ਪੰਜ ਪ੍ਰਕਾਰਾਂ[2] ਦੇ ਸ੍ਰੋਤੇ ਕੀਰਤਨ

---

1. ਭਾਈ ਮਨੀ ਸਿੰਘ, ਸਿੱਖਾਂ ਦੀ ਭਗਤਮਾਲਾ ਪੰਨਾ 45-47

2. ਇਥੇ ਚਾਰ ਪ੍ਰਕਾਰ ਦੇ ਸਰੋਤੇ ਬਣਦੇ ਹਨ। ਪੰਜ ਪ੍ਰਕਾਰਾਂ ਦੇ ਲਿਖਣੇ ਲਿਖਾਰੀ ਦੀ ਭੁੱਲ ਹੈ।

ਕੇ ਹੋਤੇ ਹੈਂ ----

ਇਕ ਰਾਗ ਰਾਗਨੀਆਂ ਸਮਝਦੇ ਹੈਨ।
ਇਕ ਸੁਰ ਨੂੰ ਸਮਝਦੇ ਹੈਨ।
ਇਕ ਸਾਜ ਨੂੰ ਸਮਝਦੇ ਹੈਨ।
ਇਕ ਸਬਦ ਦੇ ਤਾਤਪਰਜ ਨੂੰ ਸਮਝਦੇ ਹੈਨ।

ਤੁਮ ਵਡੇ ਸ੍ਰੋਤੇ ਹੋ ਜੋ ਸ਼ਬਦ ਦੇ ਤਾਤਪਰਜ ਨੂੰ ਸਮਝੇ ਹੋ। ਕਾਗ ਭਸੁੰਡ ਕਹਿਆ ਉਤਮ ਹੈ ਜੋ ਮਹਾਰਾਜ ਦੇ ਕੀਰਤਨ ਦੇ ਤਾਤਪਰਜ ਨੂੰ ਸਮਝਦੇ ਹੈਂ, ਸੋ ਰਸ ਪਾਵਤੇ ਹੈਂ। ਜੋ ਰਾਗਾਂ ਨੂੰ ਆਰਾਂ ਸਮਝਦੇ ਹੈਂ ਸੋ ਛਿਲ ਖਾਤੇ ਹੈਂ।[1]

ਇਸ ਸਾਖੀ ਵਿੱਚ ਜਿੱਥੇ ਸਰੋਤੇ ਦਾ ਸਥਾਨ ਨਿਸ਼ਚਿਤ ਕੀਤਾ ਗਿਆ ਹੈ ਉਥੇ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਨੂੰ ਬਾਣੀ ਦੇ ਅਧੀਨ ਰੱਖਿਆ ਹੈ।

ਕੀਰਤਨ ਦੀ ਸੰਸਥਾ ਨੂੰ ਸਦਾ ਸਦਾ ਲਈ ਜਾਰੀ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਪ੍ਰਬੰਧ ਕਰ ਦਿੱਤਾ ਸੀ। ਜਿਵੇਂ ਕਿ ਅਸੀਂ ਪਹਿਲਾਂ ਦੱਸ ਚੁਕੇ ਹਾਂ ਕਿ ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰ ਗੱਦੀ ਦਿੱਤੀ ਤਾਂ ਬਾਣੀ ਦੀਆਂ ਪੋਥੀਆਂ ਦੇਣ ਦੇ ਨਾਲ ਨਾਲ ਬਾਣੀ ਦਾ ਗਾਇਨ ਕਰਨ ਲਈ ਬਲਵੰਡ ਰਬਾਬੀ ਵੀ ਨਾਲ ਭੇਜਿਆ ਤੇ ਕਿਹਾ---

ਬਲਵੰਡ ਰਬਾਬੀ ਤੁਮ ਸੰਗ ਜਾਵੈ।
ਸਮੇ ਸਮੇ ਹਰਿ ਕੀਰਤਨ ਗਾਵੈ।[2]

ਗੁਰੂ ਨਾਨਕ ਦੇਵ ਜੀ ਤੋਂ ਬਾਦ ਸਿੱਖ ਸਮਾਜ ਦਾ ਕੇਂਦਰ ਉਹ ਸਥਾਨ ਹੀ ਬਣਿਆ ਜਿਥੇ ਗੁਰ ਵਿਅਕਤੀਆਂ ਦਾ ਨਿਵਾਸ ਸੀ। ਗੁਰੂ ਅੰਗਦ ਦੇਵ ਜੀ ਕਰਤਾਰਪੁਰ ਤੋਂ ਖਡੂਰ ਆ ਗਏ। ਇਥੇ ਆ ਕੇ ਆਪਣੇ ਉਹ ਮਰਯਾਦਾ ਹੀ ਕਾਇਮ ਕੀਤੀ ਜਿਹੜੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਕਰਤਾਰਪੁਰ ਵਿਖੇ ਸੀ। ਇਥੇ ਵੀ ਸਵੇਰੇ ਸ਼ਾਮ ਬਲਵੰਡ ਰਬਾਬੀ ਅਤੇ ਸਤਾ[3] ਕੀਰਤਨ ਕਰਨ ਲੱਗੇ।

---

1. ਭਾਈ ਮਨੀ ਸਿੰਘ, ਗਿਆਨ ਰਤਨਾਵਲੀ, ਹਵਾਲਾ ਨਿਰਬਾਣ ਕੀਰਤਨ ਗਿ. ਹਰਬੰਸ ਸਿੰਘ, ਪੰਨਾ 31-32
2. ਸਰੂਪ ਦਾਸ ਭਲਾ, ਮਹਿਮਾ ਪ੍ਰਕਾਸ਼, ਛੰਦ 165
3. ਹੁਤੋ ਡੂਮ ਬਲਵੰਡ ਮਹਾਨਾ
ਸਤਾ ਤਿਸਕੋ ਅਨੁਜ ਸੁਜਾਨਾ

ਸੂਰਜ ਪ੍ਰਕਾਸ਼ ਰਾਸ 3-43

ਭਾਈ ਵੀਰ ਸਿੰਘ ਜੀ ਅਨੁਸਾਰ ---

'ਏਹੁ ਸੱਤੇ ਬਲਵੰਡ ਦੀ ਚੌਕੀ ਖਡੂਰ ਵਿਖੇ ਗੁਰੂ ਜੀ(ਅੰਗਦ ਦੇਵ ਜੀ) ਦੇ ਹਜ਼ੂਰ ਆਰੰਭ ਹੋਈ। ਜਿਹਨਾਂ ਦੀ ਔਲਾਦ ਹੁਣ ਤਾਈਂ ਖਡੂਰੀਏ ਰਬਾਬੀ ਕਹਾਉਂਦੀ ਹੈ।'[1]

ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਕੀਰਤਨ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਸੀ ਕਿਉਂਕਿ ਇਥੇ ਸੱਤਾ ਅਤੇ ਬਲਵੰਡ ਤੋਂ ਬਿਨਾਂ ਭਾਈ ਮਰਦਾਨੇ ਦੇ ਪੋਤਰੇ ਭਾਈ ਸਾਦੂ ਤੇ ਬਾਦੂ[2] ਅਤੇ ਜਮਾਦਾਨਾਂ ਦੇ ਰਬਾਬੀਆਂ ਦੇ ਕੀਰਤਨ ਕਰਨ ਦੇ ਹਵਾਲੇ ਮਿਲਦੇ ਹਨ।[3]

ਗੁਰੂ ਅੰਗਦ ਦੇਵ ਜੀ ਤੋਂ ਬਾਦ ਸਿੱਖ ਸੰਸਥਾ ਦਾ ਕੇਂਦਰ ਗੋਇੰਦਵਾਲ ਬਣ ਗਿਆ। ਤੀਜੇ ਗੁਰੂ ਅਮਰਦਾਸ ਜੀ ਨੇ ਆਪਣਾ ਰਿਹਾਇਸ਼ ਇਥੇ ਹੀ ਰੱਖੀ ਸੀ। ਗੁਰੂ ਅਮਰਦਾਸ ਜੀ ਨੇ ਸਮੂਹ ਸਿੱਖਾਂ ਨੂੰ ਬਾਣੀ ਗਾਉਣ ਦੀ ਪ੍ਰੇਰਨਾ ਦਿੱਤੀ ਹੈ:

ਆਵਹੁ ਸਿੱਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ।
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ।[4]

ਇਹ ਤੁਕਾਂ ਦਰਸਾਉਂਦੀਆਂ ਹਨ ਕਿ ਗੁਰੂ ਘਰ ਵਿੱਚ ਕੇਵਲ ਸੱਚੀ ਬਾਣੀ ਦਾ ਹੀ ਕੀਰਤਨ ਪ੍ਰਵਾਨ ਸੀ। ਇਸ ਬਾਣੀ ਤੋਂ ਬਿਨਾਂ ਹੋਰ ਬਾਣੀ ਦਾ ਗਾਇਨ ਕਰਨਾ ਉਚਿਤ ਨਹੀਂ ਕਿਉਂਕਿ ਗੁਰੂ ਅਮਰਦਾਸ ਜੀ ਨੇ ਸੰਕੇਤ ਕੀਤਾ ਹੈ:

'ਸਤਿਗੁਰੂ ਬਿਨਾਂ ਹੋਰ ਕਚੀ ਹੈ ਬਾਣੀ।[5]

ਗੁਰੂ ਅਮਰਦਾਸ ਜੀ ਦੇ ਦਰਬਾਰ ਦੀ ਮਰਯਾਦਾ ਦਾ ਵਰਣਨ ਗਿਆਨੀ ਗਿਆਨ ਸਿੰਘ ਨੇ ਇੰਜ ਕੀਤਾ ਹੈ:

'ਗੁਰੂ ਅਮਰਦਾਸ ਜੀ ਨਿੱਤ ਅੰਮ੍ਰਿਤ ਵੇਲੇ ਡੇਢ ਪਹਿਰ ਦੇ ਤੜਕੇ ਜਾਗਦੇ। ਸਾਧ ਸੰਗਤ ਨੂੰ ਭੀ ਉਸੇ ਵੇਲੇ ਜਾਗ ਕਰਕੇ ਇਸ਼ਨਾਨ ਤੇ ਨਾਮ ਜਪਣ ਦਾ ਹੁਕਮ ਦੇ ਰੱਖਿਆ ਸੀ,----- ਪ੍ਰਭੂ

---

1. ਵੀਰ ਸਿੰਘ (ਭਾ.) <u>ਅਸ਼ਟ ਗੁਰੂ ਚਮਤਕਾਰ</u>, ਪੰਨਾ 251
2. ਗਿਆਨ ਸਿੰਘ, <u>ਤਵਾਰੀਖ ਗੁਰੂ ਖਾਲਸਾ</u>, ਪੰਨਾ 294
3. ਹਰਬੰਸ ਸਿੰਘ, <u>ਨਿਰਬਾਣ ਕੀਰਤਨ</u>, ਪੰਨਾ 38
4. <u>ਆਦਿ ਗ੍ਰੰਥ</u>, ਪੰਨਾ 920
5. - ਉਹੀ - ਪੰਨਾ 920

ਫੁਟੀ ਤੋਂ ਸਫੈਦ ਪੁਸ਼ਾਕਾਂ ਪਹਿਨ ਕੇ ਸਿੰਘਾਸਨ ਉੱਤੇ ਆ ਬੈਠਦੇ, ਭਾਈ ਸਾਦੂ ਬਾਦੂ ਕੀਰਤਨ ਕਰਦੇ ਤੇ ਗੁਰੂ ਜੀ ਸਿੱਖਾਂ ਨੂੰ ਦਰਸ਼ਨ ਉਪਦੇਸ਼ ਦੇ ਕੇ ਨਿਹਾਲ ਕਰਦੇ।'[1]

ਆਪ ਦੇ ਦਰਬਾਰ ਵਿੱਚ ਕੂੱਲਾ ਪਿੰਡ ਦੇ ਰਹਿਣ ਵਾਲੇ ਭਾਈ ਪਾਧਾ ਅਤੇ ਬੂਲਾ ਵੀ ਕੀਰਤਨ ਕੀਤਾ ਕਰਦੇ ਸਨ। ਇਸ ਗੱਲ ਦੀ ਪੁਸ਼ਟੀ ਭਾਈ ਗੁਰਦਾਸ ਜੀ ਨੇ ਕੀਤੀ ਹੈ:-

'ਪਾਧਾ ਬੂਲਾ ਜਾਣੀਐ ਗੁਰਬਾਣੀ ਗਾਇਣ ਲੇਖਾਰੀ।'[2]

ਇਸ ਤਰ੍ਹਾਂ ਗੁਰੂ ਅਮਰਦਾਸ ਜੀ ਦੇ ਵੇਲੇ ਵੀ ਬਾਣੀ ਦਾ ਗਾਇਨ ਕਰਨ ਦੀ ਪ੍ਰਥਾ ਪਹਿਲਾਂ ਵਾਂਗ ਹੀ ਪ੍ਰਚੱਲਤ ਸੀ।

ਗੁਰੂ ਅਮਰਦਾਸ ਜੀ ਤੋਂ ਬਾਦ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਪ੍ਰਾਪਤ ਹੋਈ। ਗੁਰੂ ਰਾਮਦਾਸ ਜੀ ਦੇ ਵੇਲੇ ਸਿੱਖੀ ਦਾ ਕੇਂਦਰ ਅੰਮ੍ਰਿਤਸਰ ਸੀ। ਆਪਦੇ ਦਰਬਾਰ ਦੀ ਮਰਯਾਦਾ ਦਾ ਪਤਾ ਆਪਦੇ ਨਿਤਨੇਮ ਤੋਂ ਲਗਦਾ ਹੈ। ਇਹ ਗੁਰੂ ਸਾਹਿਬ ਭੀ ਪਿਛਲੇ ਗੁਰੂਆਂ ਵਾਂਗ ਨਿੱਤ ਸਵਾ ਪਹਿਰ ਦੇ ਤੜਕੇ ਸੌਚ ਇਸ਼ਨਾਨ ਕਰ ਆਤਮਾ ਪ੍ਰਮਾਤਮਾ ਦੇ ਸਰੂਪ ਵਿੱਚ ਮਨ ਨੂੰ ਜੋੜ ਕੇ ਤਾੜੀ ਲਾ ਬੈਠਦੇ। ਪੋਹ ਫੁਟੀ ਤੋਂ ਸਭਾ ਵਿੱਚ ਆ ਕਰ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਜੋ ਸੱਤਾ ਬਲਵੰਡ ਕਰਿਆ ਕਰਦੇ।[3] ਗੁਰੂ ਰਾਮਦਾਸ ਜੀ ਨੇ ਸਿੱਖ ਬਣਨ ਲਈ ਗੁਰਬਾਣੀ ਦਾ ਗਾਇਨ ਕਰਨਾ ਵੀ ਲਾਜ਼ਮੀ ਦੱਸਿਆ ਹੈ:

ਗੁਰ ਸਤਿਗੁਰ ਕਾ ਜੋ ਸਿਖ ਅਖਾਏ

- - - - - - - - - - - -

ਫਿਰ ਚੜੈ ਦਿਵਸ ਗੁਰਬਾਣੀ ਗਾਵੈ।[4]

ਇਸ ਤਰ੍ਹਾਂ ਗੁਰੂ ਰਾਮਦਾਸ ਜੀ ਦੇ ਦਰਬਾਰ ਵਿੱਚ ਵੀ ਗੁਰਬਾਣੀ ਦੇ ਕੀਰਤਨ ਦਾ ਪ੍ਰਵਾਹ ਚਲਦਾ ਰਹਿੰਦਾ ਸੀ।

---

1. ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰਨਾ 317-18
2. ਵਾਰਾਂ ਭਾਈ ਗੁਰਦਾਸ, ਵਾਰ 11 ਪਉੜੀ 16
3. ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਪੰਨਾ 346
4. ਆਦਿ ਗ੍ਰੰਥ, ਪੰਨਾ 305

ਗੁਰੂ ਅਰਜਨ ਦੇਵ ਜੀ ਦੇ ਵੇਲੇ ਬਾਣੀ ਅਤੇ ਕੀਰਤਨ ਦੀ ਮਹੱਤਤਾ ਸਿਖਰਾਂ ਤੇ ਪੁੱਜ ਗਈ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਸੰਕਲਨ ਤੇ ਸੰਪਾਦਨ ਕੀਤਾ। ਬੀੜ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿੱਚ ਕਰਕੇ ਬਾਣੀ ਦੇ ਕੀਰਤਨ ਕਰਨ ਦੀ ਮਰਯਾਦਾ ਨੂੰ ਪ੍ਰਚਲਤ ਕੀਤਾ ਗਿਆ। ਹਰਿਮੰਦਰ ਵਿੱਚ ਭਾਈ ਸੱਤਾ ਤੇ ਬਲਵੰਡਾ ਕੀਰਤਨ ਕਰਿਆ ਕਰਦੇ ਸਨ।

ਗੁਰੂ ਅਰਜਨ ਦੇਵ ਜੀ ਨੇ ਸੰਗੀਤ ਵਿਦਿਆ ਨੂੰ ਖਾਨਦਾਨੀ ਚਾਰਦੀਵਾਰੀ ਵਿੱਚੋਂ ਕੱਢ ਕੇ ਹਰ ਸਿੱਖ ਨੂੰ ਸੰਗੀਤ ਵਿਦਿਆ ਸਿੱਖਣ ਦੀ ਪ੍ਰੇਰਨਾ ਦਿੱਤੀ। ਆਪਣੇ ਦੋ ਸਿੱਖਾਂ ਝਾਜੂ ਅਤੇ ਮੁਕੰਦ ਨੂੰ ਕੀਰਤਨ ਦੀ ਮਹੱਤਤਾ ਦਸਦਿਆਂ ਕਿਹਾ, 'ਬਾਣੀ ਦਾ ਪਾਠ ਏਹੁ ਹੈ ਜੋ ਆਪਣੇ ਖੂਹ ਦੀ ਪੈਲੀ ਪਾਣੀ ਦੇ ਕੇ ਝਬਦੇ ਪਕਾਈ ਦੀ ਹੈ ਅਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ; ਤੈਸੇ ਬਾਣੀ ਦੇ ਪਾਠ ਦਾ ਫਲ ਹੋਤਾ ਹੈ। ਪਰ ਖੂਹ ਦਾ ਪਾਣੀ ਦੂਜੇ ਦੀ ਪੈਲੀ ਨਜਦੀਕ ਹੋਵੇ ਤਾਂ ਉਸ ਨੂੰ ਭੀ ਪਹੁੰਚਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹੈਨਿ।[1]

ਉਪਰੋਕਤ ਕਥਨ ਤੋਂ ਸਪਸ਼ਟ ਹੈ ਕਿ ਗੁਰਬਾਣੀ ਦੇ ਪਾਠ ਤੋਂ ਗੁਰਬਾਣੀ ਦਾ ਕੀਰਤਨ ਵਧੇਰੇ ਮਹੱਤਵਸ਼ਾਲੀ ਸਮਝਿਆ ਜਾਂਦਾ ਸੀ।

ਗੁਰੂ ਅਰਜਨ ਦੇਵ ਜੀ ਦੇ ਵੇਲੇ ਕੀਰਤਨ ਦੀ ਮਹਾਨਤਾ ਨੂੰ ਭਾਈ ਗੁਰਦਾਸ ਜੀ ਨੇ ਵੀ ਦਰਸਾਇਆ ਹੈ:

ਸਚ ਵਣਜ ਗੁਰ ਹਟੀਐ ਸਾਧ ਸੰਗਤਿ
ਕੀਰਤਨ ਕਰਤਾਰਾ।[2]
ਸਚੀ ਭਗਤ ਭੰਡਾਰ ਸਚ
ਰਾਗ ਰਤਨ ਕੀਰਤਨ ਭਾਵੰਦਾ।[3]

ਗੁਰੂ ਅਰਜਨ ਦੇਵ ਜੀ ਦਾ ਆਪਣਾ ਕਥਨ ਹੈ:

ਗੁਰਦੁਆਰੇ ਹਰਿ ਕੀਰਤਨ ਸੁਣੀਐ
ਸਤਿਗੁਰ ਭੇਟਿ ਹਰਿ ਜਸੁ ਮੁਖ ਭਣੀਐ।[4]

---

1. ਮਨੀ ਸਿੰਘ (ਭਾ.) ਸਿਖਾਂ ਦੀ ਭਗਤ ਮਾਲਾ, ਪੰਨਾ 91-92
2. ਵਾਰਾਂ ਭਾਈ ਗੁਰਦਾਸ ਵਾਰ 31 ਪਉੜੀ 1
3. ਉਹੀ, ਵਾਰ 26 ਪਉੜੀ 1
4. ਆਦਿ ਗ੍ਰੰਥ, 1075 (ਪੰਨਾ)

ਗੁਰੂ ਅਰਜਨ ਦੇਵ ਜੀ ਨੇ ਕੀਰਤਨ ਕਰਨ ਵਾਲੇ ਕੀਰਤਨੀਏ ਦੀ ਵਡਿਆਈ ਗਾਉਂਦਿਆਂ ਕਿਹਾ ਹੈ:

ਭਲੇ ਭਲੇ ਹੈ ਕੀਰਤਨੀਆ
ਰਾਮ ਰਮਾ ਰਾਮਾ ਗੁਨ ਗਾਉ।[1]

ਭਾਈ ਗੁਰਦਾਸ ਜੀ ਕੀਰਤਨ ਕਰਨ ਵਾਲਿਆਂ ਦੀ ਉਸਤਤੀ ਕਰਦੇ ਹਨ:

ਕਤ ਪੁਨਿ ਰਾਗ ਨਾਦ ਬਾਦ ਸੰਗਤਿ ਰੀਤਿ
ਸ੍ਰੀ ਗੁਰ ਸਬਦਿ ਸੁਨਿ ਸੁਨਿ ਪੁਨਿ ਗਾਈਐ।[2]

ਭਾਈ ਗੁਰਦਾਸ ਜੀ ਹੱਥਾਂ ਦੀ ਸਫਲਤਾ ਲਈ ਹੋਰ ਸ਼ੁਭ ਕਰਮਾਂ ਵਿੱਚ ਮ੍ਰਿਦੰਗ ਅਤੇ ਰਬਾਬ ਵਜਾਉਣਾ ਵੀ ਦਸਦੇ ਹਨ:

ਗੁਰਬਾਣੀ ਲਿਖ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੈ।[3]

ਗੁਰੂ ਅਰਜਨ ਦੇਵ ਜੀ ਦੇ ਵੇਲੇ ਕੀਰਤਨ ਕਰਨ ਦੀ ਮਹੱਤਤਾ ਦੇ ਨਾਲ ਕੀਰਤਨ ਸੁਣਨ ਦੀ ਮਹੱਤਤਾ ਵੀ ਦਰਸਾਈ ਗਈ ਹੈ:

ਜਾਗਨਾ ਜਾਗਨ ਨੀਕਾ ਹਰਿ ਕੀਰਤਨ ਮਹਿ ਜਾਗਨਾ।[4]

ਭਾਈ ਗੁਰਦਾਸ ਜੀ ਕੀਰਤਨ ਵਿੱਚ ਜਾਣ ਨੂੰ ਸਭ ਤੋਂ ਪੁਨੀਤ ਕਰਮ ਦਸਦੇ ਹਨ।[5] ਗੁਰੂ ਅਰਜਨ ਦੇਵ ਜੀ ਦੇ ਵੇਲੇ ਸਿੱਖ ਸੰਸਥਾ ਵਿੱਚ ਕੀਰਤਨ ਇਤਨਾ ਸੁੰਦਰ ਹੋਣ ਲੱਗ ਪਿਆ ਸੀ ਕਿ ਇੱਕ ਵਾਰ ਤਾਨਸੈਨ ਨੇ ਵੀ ਇਹ ਕੀਰਤਨ ਸੁਣ ਕੇ ਸ਼ਾਸਤਰੀ ਸੰਗੀਤ ਦੇ ਉੱਚ ਪੱਧਰ ਦੀ ਦਾਦ ਦਿੱਤੀ।[6]

ਗੁਰੂ ਅਰਜਨ ਦੇਵ ਜੀ ਦੇ ਵੇਲੇ ਬਾਣੀ ਦਾ ਕੀਰਤਨ ਸਿੱਖਾਂ ਦੇ ਸੰਸਕਾਰਾਂ ਸਮੇਂ ਵੀ ਹੋਣ ਲੱਗ ਪਿਆ ਸੀ। ਗੁਰੂ ਹਰਿ ਗੋਬਿੰਦ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਜੋਤੀ ਸਮਾਉਣ ਤੇ ਜਿਹੜੀ

---

1. ਆਦਿ ਗ੍ਰੰਥ, ਪੰਨਾ 884
2. ਭਾਈ ਗੁਰਦਾਸ ਜੀ, ਕਬਿੱਤ ਸਵਯੇ, ਪੰਨਾ 227
3. ਵਾਰਾਂ ਭਾਈ ਗੁਰਦਾਸ, ਵਾਰ 6 ਪਉੜੀ 12
4. ਆਦਿ ਗ੍ਰੰਥ, ਪੰਨਾ 1018
5. ਕਤ ਪੁਨਿ ਮਾਨਸ ਜਨਮ ਕਰੁ ਸਾਧ ਸੰਗ
   ਨਿਸਾਕੁਨ ਕੀਰਤਨ ਸਮੈ ਚਲਿ ਜਾਈਐ
   ਭਾਈ ਗੁਰਦਾਸ ਜੀ, ਕਬਿੱਤ-ਸਵੱਯੇ, ਪੰਨਾ 227
6. ਤਾਰਾ ਸਿੰਘ, 'ਵਾਦਨ ਕਲਾ', ਪੰਨਾ 280

ਰੀਤ ਕੀਤੀ ਭਾਈ ਸੰਤੋਖ ਅਨੁਸਾਰ ਉਸ ਵਿੱਚ ਕੀਰਤਨ ਪ੍ਰਮੁਖ ਸੀ।[1]

ਗੁਰੂ ਹਰਿ ਗੋਬਿੰਦ ਜੀ ਨੇ ਕੀਰਤਨ ਦੀ ਮਰਯਾਦਾ ਵਿੱਚ ਇੱਕ ਮਹੱਤਵਪੂਰਨ ਵਾਧਾ ਕੀਤਾ। ਜਿੱਥੇ ਪਹਿਲਾਂ ਕੇਵਲ ਗੁਰਬਾਣੀ ਦਾ ਕੀਰਤਨ ਕੀਤਾ ਸੁਣਿਆ ਜਾਂਦਾ ਸੀ ਉੱਥੇ ਗੁਰੂ ਹਰਿ ਗੋਬਿੰਦ ਜੀ ਸ਼ਾਮ ਨੂੰ ਵਿਸ਼ੇਸ਼ ਦੀਵਾਨ ਸਜਾ ਕੇ ਉਸ ਵਿੱਚ ਢਾਡੀਆਂ ਪਾਸੋਂ ਬੀਰ-ਰਸੀ ਵਾਰਾਂ ਦਾ ਗਾਇਨ ਸੁਣਦੇ ਸਨ ਭਾਈ ਨੱਥਾ ਅਤੇ ਅਬਦੁਲਾ ਵਰਣਨ ਯੋਗ ਢਾਡੀ ਸਨ।[2]

ਇਸ ਵੇਲੇ ਸਿੱਖ ਸੰਗਤ ਵਿੱਚ ਅਜੇਹੇ ਮਹਾਂਪੁਰਸ਼ ਮੌਜੂਦ ਸਨ ਜੋ ਹੋਰ ਕਾਰਜਾਂ ਵਿੱਚ ਪ੍ਰਬੀਣ ਹੋਣ ਦੇ ਨਾਲ ਨਾਲ ਸੰਗੀਤ ਕਲਾ ਦੇ ਵੀ ਮਾਹਿਰ ਸਨ। ਭਾਈ ਬਾਬਕ ਇੱਕ ਮਹਾਨ ਯੋਧਾ ਹੋਣ ਦੇ ਨਾਲ ਨਾਲ ਇੱਕ ਚੰਗਾ ਰਬਾਬੀ ਵੀ ਸੀ। ਗੁਰੂ ਤੇਗ ਬਹਾਦਰ ਜੀ ਨੇ ਸੰਗੀਤ ਕਲਾ ਦਾ ਗਿਆਨ ਭਾਈ ਬਾਬਕ ਤੋਂ ਵੀ ਪ੍ਰਾਪਤ ਕੀਤਾ ਸੀ।[3]

ਗੁਰੂ ਹਰਿ ਰਾਇ ਜੀ ਵੇਲੇ ਵੀ ਕੀਰਤਨ ਦੀ ਇਹੀ ਰੀਤ ਪ੍ਰਚਲਤ ਰਹੀ ਹੈ। ਗੁਰੂ ਹਰਿ ਰਾਇ ਜਦੋਂ ਯਾਤਰਾ ਤੇ ਹੁੰਦੇ ਸਨ ਉੱਥੇ ਵੀ ਉਹ ਥਾਂ ਪਰ ਥਾਂ ਦੀਵਾਨ ਸਜਾ ਕੇ ਕੀਰਤਨ ਸੁਣਦੇ ਸਨ। ਮਾਲਵੇ ਦੇਸ ਦੀ ਯਾਤਰਾ ਸਮੇਂ ਦਾ ਹਾਲ ਲਿਖਦਿਆਂ ਗਿਆਨੀ ਗਿਆਨ ਸਿੰਘ ਦੱਸਦੇ ਹਨ, 'ਜਿੱਥੇ ਗੁਰੂ ਜੀ ਜਾਣ ਦੋ ਵੇਲੇ ਦੀਵਾਨ ਲੱਗੇ, ਭਾਈ ਜਸ ਦਰਿਆ, ਚਤਰਾ, ਲੱਬੂ ਆਦਿਕ ਰਬਾਬੀ ਇੱਕ ਵੇਲੇ ਚੌਕੀ ਕਰਨ ਦੂਜੇ ਵੇਲੇ ਭਾਈ ਸੇਵਾ, ਰੱਤਾ ਪੰਜਾਬ ਆਦਿਕ ਕੀਰਤਨ ਕਰਨ, ਕਥਾ ਕੀਰਤਨ ਸਤਸੰਗ ਦਾ ਪ੍ਰਵਾਹ ਚਲਿਆ ਰਹੇ'।[4]

ਭਾਈ ਹਰਬੰਸ ਸਿੰਘ[5] ਅਨੁਸਾਰ ਗੁਰੂ ਹਰਿ ਕ੍ਰਿਸ਼ਨ ਅਤੇ ਗੁਰੂ ਤੇਗ ਬਹਾਦਰ ਜੀ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਲਾਈ ਹੋਈ ਕੀਰਤਨ ਦੀ ਰਹੁ ਰੀਤੀ ਨੂੰ ਪਿਆਰਦੇ ਅਤੇ ਸਤਿਕਾਰਦੇ ਰਹੇ।

ਗੁਰੂ ਤੇਗ ਬਹਾਦਰ ਜੀ ਆਪ ਸੰਗੀਤ ਗਿਆਤਾ ਸਨ ਅਤੇ ਕੀਰਤਨੀਏ ਸਿੱਖਾਂ ਨੂੰ ਇਨਾਮ ਦੇ ਕੇ ਸਤਿਕਾਰਦੇ ਸਨ। ਜੌਨ ਪੁਰ ਦੇ ਇੱਕ ਮਸੰਦ ਗੁਰਬਖਸ਼ ਨੇ ਗੁਰੂ ਜੀ ਨੂੰ ਕੀਰਤਨ ਸੁਣਾਇਆ।

---

1. ਰਹਹਿ ਰਬਾਬੀ ਕੀਰਤਨ ਆ ਕੇ
   ਕਰਿ ਸਿਖ ਗਾਇ ਜਿ ਰਾਗੀ ਬਨੇ। ਗੁਰ ਪ੍ਰਤਾਪ ਸੂਰਜ, ਰਾਸਿ 4 ਅਧਿਆਇ 45
2. ਨੱਥ ਢੱਡ ਬਜਾਇਆ: ਅਬਦੁੱਲਾ ਹਥ ਰਬਾਬ।
3. ਡਾ. ਗੁਰਚਰਨ ਸਿੰਘ ਮਹਿਤਾ, 'ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਬਲੀਦਾਨ ਅਤੇ ਸੰਦੇਸ਼', 'ਗੁਰਮਤਿ ਪ੍ਰਕਾਸ਼' ਦਸੰਬਰ 1975, ਪੰਨਾ 145
4. ਤਵਾਰੀਖ ਗੁਰੂ ਖਾਲਸਾ ਪੰਨਾ 603

ਗੁਰੂ ਜੀ ਉਸਦੇ ਕੀਰਤਨ ਤੋਂ ਇਤਨੇ ਪ੍ਰਸੰਨ ਹੋਏ ਕਿ ਉਸਨੂੰ ਆਪਣਾ ਨਿੱਜੀ ਮ੍ਰਿਦੰਗ ਇਨਾਮ ਵਜੋਂ ਦੇ ਦਿੱਤਾ।[1]

ਗੁਰੂ ਗੋਬਿੰਦ ਸਿੰਘ ਜੀ ਨੇ ਕੀਰਤਨ ਨੂੰ ਲਾਜ਼ਮੀ ਅੰਗ ਬਣਾ ਦਿੱਤਾ। ਆਪ ਜੀ ਦੇ ਦਰਬਾਰ ਵਿੱਚ ਸੱਦੂ ਅਤੇ ਮੱਦੂ[2] ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ। ਗੁਰ ਸਿੱਖਾਂ ਦੀ ਰਹਿਤ ਵਿੱਚ ਕੀਰਤਨ ਜ਼ਰੂਰੀ ਹੈ।

ਗੁਰ ਸਿਖ ਰਹਿਤ ਸੁਨਹੁ ਹੇ ਮੀਤ
ਪਰਭਾਤੇ ਉਠ ਕਰ ਹਿਤ ਚੀਤ
ਵਾਹਗੁਰੂ ਗੁਰ ਮੰਤ੍ਰ ਸੁ ਜਾਪ
ਕਰ ਇਸਨਾਨ ਪੜੌਂ ਜਪ ਜਾਪ।
ਸੰਧਿਆ ਸਮੇਂ ਸੁਨੇ ਰਹਿਰਾਸ।
ਕੀਰਤਨ ਕਥਾ ਸੁਨੇ ਹਰਿ ਯਾਸ।[3]

ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਸਾਧ ਸੰਗਤ ਵਿੱਚ ਨਾ ਜਾਣ ਵਾਲਾ ਸਿੱਖ ਅਤੇ ਸੰਗਤ ਵਿੱਚ ਜਾ ਕੇ ਕਥਾ ਕੀਰਤਨ ਵੇਲੇ ਗੱਲਾਂ ਕਰਨ ਵਾਲਾ ਸਿੱਖ ਸਜ਼ਾ ਯੋਗ ਗਿਣਿਆ ਗਿਆ ਹੈ:

ਪ੍ਰਾਤਕਾਲ ਸਤਸੰਗ ਨ ਜਾਵੈ।
ਤਨਖਾਹ ਦਾਰ ਵਹ ਬਡਾ ਕਹਾਵੈ।
- - - - - - - - - - - -
ਸਤਸੰਗ ਜਾਇ ਕਰ ਚਿਤ ਡੁਲਾਵੈ
ਹਰਿ ਯਸ ਸੁਨਤੇ ਬਾਤ ਚਲਾਵੈ
- - - - - - - - - - - -
ਸੋ ਤਨਖਾਹੀ ਮੂਲ ਕਹਾਵੈ।[4]

---

1. ਤਵਾਰੀਖ ਗੁਰੂ ਖਾਲਸਾ, ਪੰਨਾ 675
2. ਸਦੂ ਮਦੂ ਆਸਾ ਵਾਰ
   ਕੀਰਤਨ ਕਰਤੇ ਰਾਗ ਸੁਧਾਰ।
   ਹਵਾਲਾ-ਭਾਈ ਸੰਤੋਖ ਸਿੰਘ - ਨਿਰਬਾਣ ਕੀਰਤਨ, ਪੰਨਾ 49
3. ਪ੍ਰਸ਼ਨ ਉਤਰ ਭਾਈ ਨੰਦ ਲਾਲ ਕਾ
   ਹਵਾਲਾ ਕਾਹਨ ਸਿੰਘ ਨਾਭਾ - ਗੁਰਮਤ ਸੁਧਾਕਰ, ਪੰਨਾ 261
4. ਤਨਖਾਹ ਨਾਮਾ
   ਹਵਾਲਾ ਕਾਹਨ ਸਿੰਘ ਨਾਭਾ - ਗੁਰਮਤ ਸੁਧਾਕਰ, ਪੰਨਾ 254

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਬਾਣੀ ਅਤੇ ਸੰਗੀਤ ਇੱਕ ਅਟੁੱਟ ਰਿਸ਼ਤੇ ਵਿੱਚ ਬੱਝ ਕੇ ਕੀਰਤਨ ਬਣ ਚੁੱਕੇ ਸਨ ਅਤੇ ਕੀਰਤਨ ਸਿੱਖ ਸੰਸਥਾ ਦਾ ਇੱਕ ਜ਼ਰੂਰੀ ਅੰਗ ਸੀ।

ਹੁਣ ਤੱਕ ਦੇ ਅਧਿਐਨ ਤੋਂ ਇਹ ਪੱਖ ਉਜਾਗਰ ਹੋਏ ਹਨ ਕਿ ਗੁਰਬਾਣੀ ਜਿਸ ਪਿੱਠ ਭੂਮੀ ਵਿੱਚ ਪੈਦਾ ਹੋਈ ਉਸ ਵਿੱਚ ਕਾਵਿ ਅਤੇ ਸੰਗੀਤ ਦਾ ਅਟੁੱਟ ਰਿਸ਼ਤਾ ਸੀ, ਜਿਹਨਾਂ ਗੁਰੂ ਕਵੀਆਂ ਨੇ ਬਾਣੀ ਰਚੀ ਉਹ ਆਪ ਕਵਿਤਾਂ ਅਤੇ ਸੰਗੀਤ ਦੇ ਮਹੱਤਵ ਨੂੰ ਸਮਝਦੇ ਸਨ ਅਤੇ ਇਹਨਾਂ ਦੋਹਾਂ ਕਲਾਵਾਂ ਵਿੱਚ ਮਾਹਿਰ ਸਨ ਅਤੇ ਗੁਰਬਾਣੀ ਜਿਸ ਸੰਸਥਾ ਨਾਲ ਸੰਬੰਧਿਤ ਹੈ ਉਸ ਵਿੱਚ ਕਾਵਿ ਅਤੇ ਸੰਗੀਤ ਦੇ ਸੁਮੇਲ-ਪ੍ਰਬੰਧ (ਕੀਰਤਨ) ਦਾ ਵਿਸ਼ੇਸ਼ ਸਤਿਕਾਰ ਯੋਗ ਸਥਾਨ ਹੈ। ਹੁਣ ਅਸੀਂ ਗੁਰਬਾਣੀ ਦਾ ਅਧਿਐਨ ਕਰਦਿਆਂ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਗੁਰਬਾਣੀ ਵਿੱਚ ਗੁਰੂ ਸਾਹਿਬਾਨ ਨੇ ਕਵਿਤਾ ਅਤੇ ਸੰਗੀਤ ਦੇ ਸੰਬੰਧ ਬਾਰੇ ਕਿਹੜੇ ਭਾਵ ਪ੍ਰਗਟਾਏ ਹਨ ਅਤੇ ਗੁਰਬਾਣੀ ਵਿੱਚ ਕੀਰਤਨ ਦੀ ਕੀ ਮਹੱਤਤਾ ਹੈ?

### 3. ਗੁਰੂ ਕਾਵਿ ਵਿੱਚ ਕਵਿਤਾ ਅਤੇ ਸੰਗੀਤ ਦੇ ਸੰਬੰਧਾਂ ਦੀ ਚੇਤਨਾ

ਅਸੀਂ ਪਹਿਲਾਂ ਵੇਖ ਚੁਕੇ ਹਾਂ ਕਿ ਗੁਰੂ ਕਾਵਿ ਜਿਸ ਪਿੱਠਭੂਮੀ ਵਿੱਚ ਰਚਿਆ ਗਿਆ ਉਸ ਵਿੱਚ ਕਾਵਿ ਅਤੇ ਸੰਗੀਤ ਦੇ ਸੁਮੇਲ ਦੀ ਪਰੰਪਰਾ ਪ੍ਰਚਲਤ ਰਹੀ ਹੈ, ਗੁਰੂ ਕਾਵਿ ਜਿਹਨਾਂ ਕਵੀਆਂ ਦੀ ਰਚਨਾ ਹੈ ਉਹ ਕਵਿਤਾ ਅਤੇ ਸੰਗੀਤ ਦੇ ਗਿਆਤਾ ਸਨ ਅਤੇ ਇਹ ਜਿਸ ਸੰਸਥਾ ਨਾਲ ਸੰਬੰਧਤ ਹੈ ਉਸ ਵਿੱਚ ਸੰਗੀਤਮਈ ਬਾਣੀ ਦਾ ਬੜਾ ਸਤਿਕਾਰਯੋਗ ਸਥਾਨ ਹੈ ਇਸ ਲਈ ਗੁਰੂ ਕਾਵਿ ਵਿੱਚ ਕਵਿਤਾ ਅਤੇ ਸੰਗੀਤ ਦੇ ਸੁਮੇਲ ਦੀ ਚੇਤਨਾ ਦਾ ਹੋਣਾ ਕੁਦਰਤੀ ਵੀ ਹੈ ਅਤੇ ਲਾਜ਼ਮੀ ਵੀ।

ਗੁਰੂ ਕਾਵਿ ਵਿੱਚ ਕਵਿਤਾ ਨੂੰ ਬਾਣੀ ਕਿਹਾ ਗਿਆ ਹੈ। ਇਹ ਬਾਣੀ ਸਧਾਰਨ ਕਵਿਤਾ ਨਹੀਂ ਸਗੋਂ ਇਹ 'ਖਸਮ ਕੀ ਬਾਣੀ'[1], 'ਸਚ ਕੀ ਬਾਣੀ'[2] ਅਤੇ 'ਧੁਰ ਕੀ ਬਾਣੀ'[3] ਹੈ। ਬਾਣੀ ਦੇ ਵਿੱਚ ਹੀ ਇਹ ਸੁਝਾਉ ਦਿੱਤਾ ਗਿਆ ਹੈ ਕਿ ਇਸ ਨੂੰ ਸਧਾਰਨ ਕਵਿਤਾ ਵਾਂਗ ਨਹੀਂ ਪੜ੍ਹਨਾ, ਸਗੋਂ ਸੁਰ ਅਤੇ ਤਾਲ ਨਾਲ ਇਸਦਾ ਗਾਇਨ ਕਰਨਾ ਹੈ:

ੳ. ਆਵਹੁ ਸਿੱਖ ਸਤਿਗੁਰ ਕੇ ਪਿਆਰਿਹੋ ਗਾਵਹੁ ਸਚੀ ਬਾਣੀ।[4]

ਅ. ਗੁਰਬਾਣੀ ਗਾਵਹੁ ਭਾਈ ਓਹ ਸਫਲ ਸਦਾ ਸੁਖਦਾਈ।[5]

ੲ. ਹਰਿ ਦਿਨੁ ਰੈਣ ਕੀਰਤਨ[6] ਗਾਈਐ।[7]

ਸ. ਜੈਸੇ ਗੁਰਿ ਉਪਦੇਸਿਆ ਮੈ ਤੈਸੇ ਕਹਿਆ ਪੁਕਾਰਿ।
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ।[8]

ਹ. ਸਾਧੋ ਗੋਬਿੰਦ ਕੇ ਗੁਨ ਗਾਵਉ।[9]

---

1. ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ। } ਆਦਿ ਗ੍ਰੰਥ, ਪੰਨਾ 722
2. ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ। }
3. ਧੁਰ ਕੀ ਬਾਣੀ ਆਈ। ਤਿਨਿ ਸਗਲੀ ਚਿੰਤ ਮਿਟਾਈ। ਉਹੀ, ਪੰਨਾ 628
4. ਆਦਿ ਗ੍ਰੰਥ, ਪੰਨਾ 920
5. ਉਹੀ, ਪੰਨਾ 669
6. 'ਬਾਣੀ ਦਾ ਸੁਰ ਅਤੇ ਲੈ ਸਹਿਤ ਗਾਇਨ ਕਰਨ ਨੂੰ ਕੀਰਤਨ ਕਿਹਾ ਜਾਂਦਾ ਹੈ।' - ਕਾਹਨ ਸਿੰਘ, ਗੁਰਮਤ ਪ੍ਰਭਾਕਰ, ਪੰਨਾ 617 -
7. ਆਦਿ ਗ੍ਰੰਥ, ਪੰਨਾ 623.
8. ਉਹੀ , ਪੰਨਾ 214
9. ਆਦਿ ਗ੍ਰੰਥ, ਪੰਨਾ 219

ਕ. ਮਨ ਮਹਿ ਸਿੰਚਹੁ ਹਰਿ ਹਰਿ ਨਾਮਾ।
ਅਨਦਿਨ ਕੀਰਤਨੁ ਹਰਿ ਗੁਣ ਗਾਮਾ।[1]

ਗੁਰੂ ਬਾਣੀ ਵਿੱਚ ਗੁਰੂ ਕਵੀਆਂ ਨੇ ਜਿੱਥੇ ਸਰੋਤਿਆਂ ਨੂੰ ਬਾਣੀ ਦਾ ਗਾਇਨ ਕਰਨ ਦੀ ਪ੍ਰੇਰਨਾ ਦਿੱਤੀ ਹੈ ਉਥੇ ਪਰਮਾਤਮਾ ਕੋਲੋਂ ਮੰਗ ਵੀ ਗੁਣ ਗਾਉਣ ਦੀ ਹੀ ਮੰਗੀ ਹੈ:

ਖ. ਮਨ ਮਹਿ ਚਿਤਵਉ ਚਿਤਵਨੀ ਉਦਮ ਕਰਹੁ ਉਠਿ ਨੀਤ।
ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ।[2]

ਗ. ਪ੍ਰਭੁ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹ।[3]

ਘ. ਕਰਿ ਦਇਆ ਦਇਆਲ ਸਾਰੇ ਸਬਦਿ ਮਿਲਿ ਗੁਣ ਗਾਵਓ।[4]

ਬਾਣੀ ਵਿੱਚ ਕੀਰਤਨ ਦੀ ਬੜੀ ਮਹਿਮਾ ਕੀਤੀ ਗਈ ਹੈ। ਕੀਰਤਨ ਸਾਰੇ ਯਗਾਂ, ਦਾਨਾਂ ਅਤੇ ਇਸ਼ਨਾਨਾਂ ਨਾਲੋਂ ਉੱਤਮ ਹੈ।[5] ਬਾਣੀ ਨਾਲ ਸੰਗੀਤ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ ਜਦੋਂ ਕਿਹਾ ਜਾਂਦਾ ਹੈ:

ਕਲਿਜੁਗ ਮਹਿ ਕੀਰਤਨ ਪਰਧਾਨਾ
ਗੁਰਮੁਖ ਜਪੀਅਹਿ ਲਾਇ ਧਿਆਨਾ।[6]
ਕੀਰਤਨ ਨਿਰਮੋਲਕ ਹੀਰਾ। ਆਨੰਦ ਗੁਣੀ ਗਹੀਰਾ।[6]
ਗ੍ਰਿਹ ਤਾ ਕੇ ਬਸੰਤ ਗਨੀ
ਜਾ ਕੈ ਕੀਰਤਨ ਹਰਿ ਧੁਨੀ।[7]

ਬਾਣੀ ਦੇ ਕੀਰਤਨ ਦੀ ਇਤਨੀ ਮਹੱਤਤਾ ਹੈ ਤਾਂ ਕੀਰਤਨ ਕਰਨ ਵਾਲੇ ਦੀ ਮਹਿਮਾ ਵੀ ਕੋਈ ਘੱਟ ਨਹੀਂ।

---

1. ਆਦਿ ਗ੍ਰੰਥ, ਪੰਨਾ 807
2. ਉਹੀ, ਪੰਨਾ 519
3. ਆਦਿ ਗ੍ਰੰਥ, ਪੰਨਾ 132
4. ਉਹੀ, ਪੰਨਾ 436
5. ਅਸਮੇਧ ਜਗਨੇ, ਤੁਲਾ ਪੁਰਖ ਦਾਨੇ।
(ਪ੍ਰਾਗ) ਅਸ਼ਨਾਨੇ ਤਉ ਨ ਪੁਜਹਿ ਹਰਿ ਕੀਰਤਨ ਨਾਮਾ।
ਆਦਿ ਗ੍ਰੰਥ, ਪੰਨਾ 873
6. ਆਦਿ ਗ੍ਰੰਥ, ਪੰਨਾ 1075
7. ਆਦਿ ਗ੍ਰੰਥ, ਪੰਨਾ 1180

ਭਲੋ ਭਲੋ ਰੇ ਕੀਰਤਨੀਆ

ਰਾਮ ਰਮਾ ਰਾਮਾ ਗੁਨ ਗਾਉ।[1]

ਜੋ ਤੁਮਰਾ ਜਸ ਗਾਵਹਿ ਕਰਤੇ ਸੇ ਜਨ ਕਬਹੁ ਨ ਮਰਤੇ ਝੂਰਿ।[2]

ਕਹੁ ਨਾਨਕ ਸੋਈ ਨਰ ਸੁਖੀਆ ਰਾਮ ਨਾਮ ਗੁਨ ਗਾਵੈ।[3]

ਸਾ ਰਸਨਾ ਧੰਨ ਧੰਨ ਹੈ ਮੇਰੀ ਜਿੰਦੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ।[4]

ਕੀਰਤਨ ਕਰਨ ਵਾਲੇ ਬਾਰੇ ਹੀ ਨਹੀਂ ਸਗੋਂ ਕੀਰਤਨ ਸੁਣਨ ਵਾਲੇ ਬਾਰੇ ਵੀ ਗੁਰਬਾਣੀ ਵਿੱਚ ਮਹੱਤਵਪੂਰਨ ਕਥਨ ਕਹੇ ਗਏ ਹਨ:

ਤੇ ਸ੍ਰਵਣ ਭਲੇ ਸੋਭਨੀਕ ਹਾਹਿ ਮੇਰੀ ਜਿੰਦੜੀਏ ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ[5]

ਗੁਰਦੁਆਰੈ ਹਰਿ ਕੀਰਤਨੁ ਸੁਣੀਐ।

ਸਤਿਗੁਰੂ ਭੇਟਿ ਹਰਿ ਜਸੁ ਮੁਖਿ ਭਣੀਐ।

ਕਲਿ ਕਲੇਸ ਮਿਟਾਏ ਸਤਿਗੁਰ ਹਰਿ ਦਰਗਹ ਦੇਵੈ ਮਾਨਾ ਹੇ।[6]

ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ।[7]

ਇਸ ਤਰ੍ਹਾਂ ਗੁਰਬਾਣੀ ਦੇ ਗਾਇਨ ਦੀ ਮਹੱਤਤਾ ਦੱਸਣ ਦੇ ਨਾਲ ਨਾਲ ਕੀਰਤਨ ਕਰਨ ਅਤੇ ਸੁਣਨ ਵਾਲੇ ਦੀ ਮਹਿਮਾ ਵੀ ਕੀਤੀ ਗਈ ਹੈ। ਪਰ ਇਸ ਦੇ ਨਾਲ ਹੀ ਗੁਰਬਾਣੀ ਦਾ ਗਾਇਨ ਕਿਵੇਂ ਕਰਨਾ ਹੈ। ਇਸ ਬਾਰੇ ਵੀ ਵਿਚਾਰ ਦਰਸਾਏ ਗਏ ਹਨ।

ਗੁਰਬਾਣੀ ਨੂੰ ਗਾਇਨ ਕਰਨ ਲਈ ਰਾਗਾਂ ਦਾ ਨਿਰਦੇਸ਼ ਤਾਂ ਦਿੱਤਾ ਹੀ ਗਿਆ ਹੈ। ਪਰ

---

1. ਆਦਿ ਗ੍ਰੰਥ, ਪੰਨਾ 885
2. ਉਹੀ, ਪੰਨਾ 716
3. ਉਹੀ, ਪੰਨਾ 831
4. ਉਹੀ, ਪੰਨਾ 540
5. ਉਹੀ, ਪੰਨਾ 540
6. ਉਹੀ, ਪੰਨਾ 1075
7. ਉਹੀ, ਪੰਨਾ 1300

ਰਾਗਾਂ ਦੇ ਪ੍ਰਯੋਗ ਤੋਂ ਵੀ ਗੁਰੂ ਕਵੀ ਬੜੇ ਸੁਚੇਤ ਹਨ। ਇਸ ਵਿੱਚ ਰਾਗ ਦੇ ਪ੍ਰਯੋਗ ਕਰਨ ਤੋਂ ਉਹ ਭਾਵ ਬਿਲਕੁਲ ਨਹੀਂ ਲਿਆ ਜਾ ਸਕਦਾ ਜਿਸ ਤਰ੍ਹਾਂ ਦਾ ਉਸ ਵੇਲੇ ਦੇ ਦਰਬਾਰੀ ਗਾਇਕ ਲੈਂਦੇ ਸਨ। ਦਰਬਾਰੀ ਗਾਇਕਾਂ ਦੇ ਰਾਗ ਕੇਵਲ ਸ਼ਿੰਗਾਰ ਰਸੀ ਭਾਵ ਪੈਦਾ ਕਰਕੇ ਆਪਣੇ ਦਾਤਿਆਂ ਦੀਆਂ ਵਿਲਾਸੀ ਰੁਚੀਆਂ ਨੂੰ ਤ੍ਰਿਪਤ ਕਰਦੇ ਸਨ ਪਰ ਗੁਰਬਾਣੀ ਵਿੱਚ ਵੱਖ ਵੱਖ ਰਾਗਾਂ ਦੇ ਨਾਮ ਲੈ ਕੇ ਉਹਨਾਂ ਦੇ ਗਾਇਨ ਸੰਬੰਧੀ ਚਿਤਾਵਨੀ ਦਿੱਤੀ ਗਈ ਹੈ:

<u>ਸ੍ਰੀ ਰਾਗ ਬਾਰੇ:-</u>

ਰਾਗਾਂ ਵਿਚਿ ਸ੍ਰੀ ਰਾਗ ਹੈ ਜੇ ਸਚਿ ਧਰੇ ਪਿਆਰੁ।
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ।[1]

<u>ਗਉੜੀ ਰਾਗ ਬਾਰੇ:-</u>

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ।
ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ।[2]

<u>ਗੂਜਰੀ ਰਾਗ ਬਾਰੇ:-</u>

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ।
ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ।[3]

<u>ਵਡਹੰਸ ਰਾਗ ਬਾਰੇ:-</u>

ਸਬਦਿ ਰਤੇ ਵਡਹੰਸ ਹੈ, ਸਚੁ ਨਾਮੁ ਉਰਿ ਧਾਰਿ।
ਸਚੁ ਸੰਗ੍ਰਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ।[4]

<u>ਸੋਰਠ ਰਾਗ ਬਾਰੇ:-</u>

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ। [5]
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ।

---

1. ਆਦਿ ਗ੍ਰੰਥ, ਪੰਨਾ 83
2. ਉਹੀ, ਪੰਨਾ 311
3. ਉਹੀ, ਪੰਨਾ 516
4. ਉਹੀ, ਪੰਨਾ 585
5. ਉਹੀ, ਪੰਨਾ 1425

ਧਨਾਸਰੀ ਰਾਗ ਬਾਰੇ:-

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ।
ਤਨੁ ਮਨੁ ਸਉਂਪੇ ਜੀਅ ਸਉ ਭਾਈ ਲਏ ਹੁਕਮਿ ਫਿਰਾਉ।[1]

ਬਿਲਾਵਲ ਰਾਗ ਬਾਰੇ:-

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲ ਰਾਗੁ।
ਉਪਦੇਸ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ।[2]

ਰਾਮਕਲੀ ਰਾਗ ਬਾਰੇ:-

ਰਾਮਕਲੀਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ।
ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ।[3]

ਮਾਰੂ ਰਾਗ ਬਾਰੇ:-

ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗ ਬੈਰਾਗੁ।
ਜੀਤੇ ਪੰਚ ਬੈਰਾਈਆ, ਨਾਨਕ ਸਫਲ ਮਾਰੂ ਇਹੁ ਰਾਗ।[4]

ਕੇਦਾਰਾ ਰਾਗ ਬਾਰੇ:-

ਕੇਦਾਰਾ ਰਾਗਾਂ ਵਿਚਿ ਜਾਣੀਐ ਭਾਈ ਜੇ ਸਬਦੇ ਕਰੇ ਪਿਆਰੁ।
ਸਤ ਸੰਗਤਿ ਸਿਉ ਮਿਲ ਦੋ ਰਹੈ ਸਚੇ ਧਰੇ ਪਿਆਰੁ।[5]

ਸਮੁੱਚੇ ਰੂਪ ਵਿੱਚ ਬਾਣੀ ਵਿੱਚ ਰਾਗਾਂ ਵਿੱਚੋਂ ਉਹਨਾਂ ਰਾਗਾਂ ਨੂੰ ਭਲਾ ਕਿਹਾ ਗਿਆ ਹੈ

---

1. ਆਦਿ ਗ੍ਰੰਥ, ਪੰਨਾ 1419
2. ਉਹੀ, ਪੰਨਾ 849
3. ਉਹੀ, ਪੰਨਾ 950
4. ਉਹੀ, ਪੰਨਾ 1425
5. ਉਹੀ, ਪੰਨਾ 1087

ਜਿਸ ਨਾਲ ਬਾਣੀ ਦਾ ਭਾਵ ਹਿਰਦੇ ਵਿੱਚ ਵਸ ਜਾਵੇ।[1] ਇਸੇ ਤਰ੍ਹਾਂ ਉਹ ਰਾਗ ਵੀ ਧੰਨ ਮੰਨੇ ਗਏ ਹਨ ਜਿਹਨਾਂ ਨਾਲ ਮਨੁੱਖ ਦੀ ਤ੍ਰਿਸ਼ਨਾ ਬੁਝ ਜਾਂਦੀ ਹੈ।[2] ਬਾਣੀ ਨਾਲ ਸੰਗੀਤ ਦਾ ਸੁਮੇਲ ਕਰਨ ਵੇਲੇ ਬਾਣੀਕਾਰ ਕੇਵਲ ਰਾਗਾਂ ਬਾਰੇ ਹੀ ਸੁਚੇਤ ਨਹੀਂ ਸਗੋਂ ਸੰਗੀਤ ਦੇ ਸਾਰੇ ਅੰਗਾਂ ਬਾਰੇ ਸੁਚੇਤ ਹਨ। ਬਾਣੀ ਵਿੱਚ ਗਾਇਨ ਵਾਦਨ ਅਤੇ ਨਿਰਤ ਤਿੰਨਾਂ ਬਾਰੇ ਮੌਲਿਕ ਸਿਧਾਂਤ ਦਿੱਤੇ ਗਏ ਹਨ:

<u>ਗਾਇਨ</u> -- ਓਅੰਕਾਰਿ ਏਕ ਧੁਨਿ, ਏਕੈ ਏਕੈ ਰਾਗ ਅਲਾਪੇ।----

- - - - - - - - - - - - - - -

ਭਲੋ ਭਲੋ ਰੇ ਕੀਰਤਨੀਆਂ ਰਾਮ ਰਮਾ ਰਾਮਾ ਗੁਨ ਗਾਉ।
ਛੋਡਿ ਮਾਇਆ ਕੇ ਧੰਧ ਸੁਆਉ।[3]

———

ਗਾਵਹਿ ਗੀਤੇ ਚੀਤਿ ਅਨੀਤੇ
ਰਾਗ ਸੁਣਾਇ ਕਹਾਵਹਿ ਬੀਤੇ।
ਬਿਨ ਨਾਵੇ ਮਨਿ ਝੂਠੁ ਅਨੀਤੇ।[4]

———

ਇਕ ਗਾਵਤ ਰਹੇ ਮਨ ਸਾਦੁ ਨਾ ਪਾਇ
ਹਉਮੈ ਵਿਚਿ ਗਾਵਹਿ ਬਿਰਥਾ ਸਭ ਜਾਇ।[5]

<u>ਵਾਦਨ ਅਤੇ ਨ੍ਰਿਤ</u>:

ਵਾਜਾ ਮਤਿ ਪਖਾਵਜੁ ਭਾਉ।

ਹੋਇ ਅਨੰਦ ਸਦਾ ਮਨ ਚਾਉ।

———

ਏਹਾ ਭਗਤਿ ਏਹੋ ਤਪ ਤਾਉ।

- - - - - - - - - -

ਹੋਰੁ ਨਚਣਾ ਖੁਸੀਆ ਮਨ ਮਾਹ।

---

1. 'ਸਭਨਾਂ ਰਾਗਾਂ ਵਿੱਚ ਸੋ ਭਲਾ ਭਾਈ ਜਿਤ ਵਸਿਆ ਮਨਿ ਆਇ' ਆਦਿ ਗ੍ਰੰਥ ਪੰਨਾ 1423
2. ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿੱਖ ਜਾਇ।--ਆਦਿ ਗ੍ਰੰਥ, ਪੰਨਾ 958
3. ਆਦਿ ਗ੍ਰੰਥ, ਪੰਨਾ 885
4. ਓਹੀ ਪੰਨਾ 414-15
5. ਆਦਿ ਗ੍ਰੰਥ, ਪੰਨਾ 158

332534

ਸਤੁ ਸੰਤੋਖੁ ਦੁਇ ਕਰ ਤਾਲ।
ਪੈਰੀ ਵਾਜਾ ਸਦਾ ਨਿਹਾਲ।
ਰਾਗੁ ਨਾਦੁ ਨਹੀਂ ਦੂਜਾ ਭਾਉ।
ਇਤ ਰੰਗ ਨਾਚਹੁ ਰਖਿ ਪਾਉ।[1]

---

ਬਹੁਤ ਤਾਲ ਪੂਰੇ ਵਾਜੇ ਵਜਾਏ ਨਾ ਕੋ ਸੁਣੇ ਨ ਮੰਨਿ ਵਸਾਏ।
ਮਾਇਆ ਕਾਰਣਿ ਪਿੜ ਬੰਧਿ ਨਾਚੈ ਦੂਜੈ ਭਾਇ ਦੁਖੁ ਪਾਵਣਿਆ।[2]
ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ।
ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦੁ ਸਬਦੁ ਵਜਾਵੈ।[3]

ਪੰਚ ਬਜਿਤ੍ਰ ਕਹੇ ਸੰਤੋਖਾ ਸਾਤ ਸੁਰਾ ਲੈ ਚਾਲੈ।
ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ।

ਇਸ ਤਰ੍ਹਾਂ ਗੁਰਬਾਣੀ ਵਿੱਚ ਸੰਗੀਤ-ਸ਼ਬਦਾਵਲੀ ਦਾ ਪ੍ਰਯੋਗ ਕਰਦਿਆਂ ਇਸ ਨੂੰ ਬਾਣੀ ਨਾਲ ਸੰਬੰਧਿਤ ਕੀਤਾ ਗਿਆ ਹੈ।

ਉਪਰੋਕਤ ਸਾਰੇ ਅਧਿਐਨ ਤੋਂ ਇਹ ਸਪਸ਼ਟ ਹੈ ਕਿ ਗੁਰੂ ਕਵੀਆਂ ਦੇ ਜੀਵਨ ਵਿੱਚ, ਗੁਰ-ਸੰਸਥਾ ਵਿੱਚ ਅਤੇ ਗੁਰਬਾਣੀ ਵਿੱਚ ਕਵਿਤਾ ਅਤੇ ਸੰਗੀਤ ਦਾ ਸੁਮੇਲ ਭਲੀ ਭਾਂਤ ਦ੍ਰਿਸ਼ਟੀਗੋਚਰ ਹੁੰਦਾ ਹੈ। ਅਗਲੇ ਅਧਿਆਇ ਵਿੱਚ ਅਸੀਂ ਵੇਖਾਂਗੇ ਕਿ ਗੁਰੂ-ਕਾਵਿ ਵਿੱਚ ਅਨੁਭਵ ਦਾ ਅਤੇ ਰਾਗ ਦਾ ਆਪਸ ਵਿੱਚ ਕੀ ਸੰਬੰਧ ਹੈ।

---

1. ਆਦਿ ਗ੍ਰੰਥ, ਪੰਨਾ 350
2. ਉਹੀ, ਪੰਨਾ 122
3. ਉਹੀ, ਪੰਨਾ 381
4. ਉਹੀ, ਪੰਨਾ 885

ਅਧਿਆਇ ਤੀਜਾ

# ਗੁਰੂ ਕਾਵਿ ਵਿੱਚ ਅਨੁਭਵ ਅਤੇ ਸੰਗੀਤ ਦਾ ਸਬੰਧ

ਪਹਿਲੇ ਅਧਿਆਇ ਵਿੱਚ ਅਸੀਂ ਸਿੱਧ ਕਰ ਚੁੱਕੇ ਹਾਂ ਕਿ ਜਿਸ ਸਾਹਿਤਿਕ ਤੇ ਸਾਂਸਕ੍ਰਿਤਕ ਪਿੱਠ ਭੂਮੀ ਵਿੱਚ ਗੁਰਬਾਣੀ ਰਚੀ ਗਈ ਉਸ ਵਿੱਚ ਕਵਿਤਾ ਤੇ ਸੰਗੀਤ ਦੇ ਸੁਮੇਲ ਦੀ ਬੜੀ ਲੰਮੀ ਪ੍ਰਥਾ ਚਲੀ ਆ ਰਹੀ ਸੀ। ਦੂਜੇ ਅਧਿਆਇ ਵਿੱਚ ਅਸੀਂ ਗੁਰੂ ਵਿਅਕਤੀਆਂ ਦੇ ਜੀਵਨ, ਸਿੱਖ ਸੰਸਥਾ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਕਵਿਤਾ ਤੇ ਸੰਗੀਤ ਦੇ ਮਹੱਤਵ ਉਪਰ ਝਾਤ ਮਾਰੀ ਸੀ।

ਇਸ ਅਧਿਆਇ ਵਿੱਚ ਅਸੀਂ ਗੁਰੂ ਕਾਵਿ ਵਿੱਚ ਅਨੁਭਵ ਦੀ ਵਿਸ਼ੇਸਤਾ ਅਤੇ ਉਸ ਦੇ ਸੰਗੀਤ ਨਾਲ ਸੰਬੰਧਿਤ ਹੋਣ ਬਾਰੇ ਚਰਚਾ ਕਰਾਂਗੇ। ਇਸ ਮਨੋਰਥ ਅਧੀਨ ਇਸ ਅਧਿਆਇ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:-

1. ਗੁਰੂ ਕਾਵਿ ਵਿੱਚ ਅਨੁਭਵ ਅਤੇ ਪ੍ਰਗਟਾਉ ਦੀ ਵਿਸ਼ੇਸ਼ਤਾ
2. ਗੁਰੂ ਕਾਵਿ ਵਿੱਚ ਅਨੁਭਵ ਅਤੇ ਰਾਗ ਦਾ ਸੰਬੰਧ

## ਗੁਰੂ ਕਾਵਿ ਵਿੱਚ ਅਨੁਭਵ ਅਤੇ ਪ੍ਰਗਟਾਉ ਦੀ ਵਿਸ਼ੇਸ਼ਤਾ:-

ਮਨੁੱਖ ਜਦੋਂ ਬਾਹਰਲੇ ਜਗਤ ਦੇ ਸੰਪਰਕ ਵਿੱਚ ਆਉਂਦਾ ਹੈ ਉਦੋਂ ਉਸਨੂੰ ਬਾਹਰਲੇ ਜਗਤ ਦਾ ਅਨੁਭਵ ਪ੍ਰਾਪਤ ਹੁੰਦਾ ਹੈ। ਕਈ ਵਾਰ ਮਨੁੱਖ ਆਪਣੀ ਕਲਪਨਾਂ ਨਾਲ ਆਪਣੇ ਅੰਦਰਲੇ ਅਤੇ ਬਾਹਰਲੇ ਯਥਾਰਥ ਦੇ ਮੇਲ ਨਾਲ ਇੱਕ ਕਾਲਪਨਿਕ ਸੰਸਾਰ ਸਿਰਜ ਕੇ ਉਸ ਨੂੰ ਵੀ ਅਨੁਭਵ ਕਰਨ ਲੱਗ ਪੈਂਦਾ ਹੈ। ਅਨੁਭਵ ਨੂੰ ਨਿਸ਼੍ਚਿਤ ਕਰਨ ਲਈ ਮਨੁੱਖ ਦੀ ਕਲਪਨਾ, ਮਨੋਭਾਵ, ਗਿਆਨ ਅਤੇ ਮਨੋਰਥ ਅਹਿਮ ਰੋਲ ਅਦਾ ਕਰਦੇ ਹਨ। ਇਹਨਾਂ ਕਰਕੇ ਕਈ ਵਾਰ ਕੋਈ ਅਨੁਭਵ ਬੜਾ ਸਰਲ ਹੁੰਦਾ ਹੈ ਅਤੇ ਕੋਈ ਅਨੁਭਵ ਬੜਾ ਜਟਿਲ ਹੁੰਦਾ ਹੈ। ਆਮ ਤੌਰ ਤੇ ਮਨੁੱਖ ਦੀ ਬੁੱਧੀ ਦੀ ਪਕੜ ਵਿੱਚ ਨਾ ਆ ਸਕਣ ਵਾਲੇ ਅਨੁਭਵ ਜਟਿਲ ਹੁੰਦੇ ਹਨ। ਇਹ ਅਨੁਭਵ ਪ੍ਰਾਪਤ ਵੀ ਸਾਧਾਰਨ ਮਨੁੱਖਾਂ ਨੂੰ ਨਹੀਂ ਹੁੰਦੇ। ਸਗੋਂ ਜਿਹਨਾਂ ਪੁਰਖਾਂ ਨੂੰ ਇਹ ਅਨੁਭਵ ਪ੍ਰਾਪਤ ਹੁੰਦੇ ਹਨ ਉਹਨਾਂ ਨੂੰ ਸਾਧਾਰਨ

ਲੋਕ ਮਹਾਂ-ਪੁਰਖ ਸੰਤ, ਬ੍ਰਹਮ ਗਿਆਨੀ ਆਦਿ ਦੀ ਪਦਵੀ ਦੇ ਦਿੰਦੇ ਹਨ। ਅਧਿਆਤਮਕ ਖੇਤਰ ਵਿੱਚ ਅਜਿਹੇ ਅਨੁਭਵ ਨੂੰ 'ਗੁੰਗੇ ਦੀ ਮਠਿਆਈ' ਨਾਲ ਤੁਲਨਾ ਦਿੱਤੀ ਗਈ ਹੈ। ਅਜੇਹੇ ਅਨੁਭਵਾਂ ਨੂੰ ਹੋਰ ਮਨੁੱਖਾਂ ਨਾਲ ਸਾਂਝਾ ਕਰਨਾ ਸਧਾਰਨ ਸਾਧਨਾਂ ਦੇ ਵੱਸ ਦੀ ਗੱਲ ਨਹੀਂ। ਇਹਨਾਂ ਨੂੰ ਅਸਾਧਾਰਨ ਢੰਗ ਨਾਲ ਹੀ ਪ੍ਰਗਟ ਕੀਤਾ ਜਾ ਸਕਦਾ ਹੈ। ਕਈ ਅਨੁਭਵੀ ਮਹਾਂਪੁਰਖਾਂ ਨੇ ਇਸ ਨੂੰ ਪ੍ਰਗਟ ਕਰਨ ਲਈ ਚੁੱਪ ਨੂੰ ਹੀ ਆਪਣਾ ਸਾਧਨ ਬਣਾਇਆ ਹੈ। ਮਹਾਤਮਾ ਬੁਧ ਬਾਰੇ ਕਿਹਾ ਜਾਂਦਾ ਹੈ ਕਿ ਇੱਕ ਵਾਰ ਉਹਨਾਂ ਕੋਲੋਂ ਮਹਾਂ ਸੱਚ ਦੇ ਸੰਬੰਧ ਵਿੱਚ ਤਿੰਨ ਪ੍ਰਸ਼ਨ ਪੁੱਛੇ ਗਏ, ਉਹਨਾਂ ਤਿੰਨੇ ਵਾਰ ਚੁੱਪ ਧਾਰਨ ਕੀਤੀ ਰੱਖੀ। ਜਦੋਂ ਉਹਨਾਂ ਤੋਂ ਉੱਤਰ ਨਾ ਦੇਣ ਦਾ ਕਾਰਨ ਪੁੱਛਿਆ ਗਿਆ ਤਾਂ ਉਹਨਾਂ ਨੇ ਕਿਹਾ, "ਮੈਂ ਉੱਤਰ ਦੇ ਚੁੱਕਾ ਹਾਂ। ਉਹ ਮਹਾਂ ਸੱਚ 'ਚੁਪ' ਵਾਂਗ ਅਸ਼ਬਦ ਹੈ।" ਇਸੇ ਤਰ੍ਹਾਂ ਕਬੀਰ ਜੀ ਬਾਰੇ ਇੱਕ ਦੰਤ-ਕਥਾ ਪ੍ਰਚਲਤ ਹੈ ਕਿ ਇੱਕ ਵਾਰ ਇੱਕ ਫ਼ਕੀਰ ਕੋਹ ਕੋਹ ਪੈਂਡਾ ਮਾਰ ਕੇ ਉਹਨਾਂ ਨੂੰ ਮਿਲਣ ਆਇਆ ਅਤੇ ਦੋਵੇਂ ਜਣੇ ਇੱਕ ਦੂਜੇ ਦਾ ਹੱਥ ਫੜੀ ਸਾਰੀ ਰਾਤ ਚੁਪ ਚਾਪ ਬੈਠੇ ਰਹੇ ਦੂਜੇ ਦਿਨ ਉਹ ਫਕੀਰ ਵਾਪਸ ਚਲਾ ਗਿਆ ਤਾਂ ਲੋਕਾਂ ਨੇ ਕਬੀਰ ਜੀ ਨੂੰ ਪੁੱਛਿਆ, "ਏਨੀ ਦੂਰ ਤੋਂ ਆ ਕੇ ਉਹ ਫਕੀਰ ਜੀ ਚੁੱਪ ਰਹੇ ਅਤੇ ਤੁਸੀਂ ਵੀ ਕੁਝ ਨਹੀਂ ਬੋਲੇ, ਇਸ ਦਾ ਕੀ ਕਾਰਨ ਹੈ?" ਕਬੀਰ ਜੀ ਨੇ ਕਿਹਾ —"ਸਾਡੇ ਦੋਹਾਂ ਵਿੱਚ ਏਨੀਆਂ ਗੱਲਾਂ ਹੋਈਆਂ ਹਨ ਕਿ ਉਹ ਬੋਲ ਕੇ ਦਸੀਆਂ ਨਹੀਂ ਜਾ ਸਕਦੀਆਂ। ਮਨ ਦੇ ਉਹਨਾਂ ਭਾਵਾਂ ਨੂੰ ਜੇ ਮੈਂ ਮੂੰਹ ਦੀ ਭਾਸ਼ਾ ਰਾਹੀਂ ਬੋਲਾਂਗਾ ਤਾਂ ਉਸ ਵਿੱਚ ਫਰਕ ਆ ਜਾਵੇਗਾ ਅਤੇ ਤੁਸੀਂ ਅਸਲ ਭਾਵ ਨੂੰ ਅਨੁਭਵ ਨਹੀਂ ਕਰ ਸਕੋਗੇ।"

ਇਹਨਾਂ ਘਟਨਾਵਾਂ ਤੋਂ ਭਾਵੇਂ ਇਹ ਲਗਦਾ ਹੈ ਕਿ ਰੱਬੀ ਅਨੁਭਵ ਕੇਵਲ ਅਨੁਭਵ ਕਰਨ ਤਕ ਸੀਮਿਤ ਰਹਿੰਦਾ ਹੈ ਅਤੇ ਇਸ ਨੂੰ ਭਾਸ਼ਾ ਵਿੱਚ ਪ੍ਰਗਟ ਨਹੀਂ ਕੀਤਾ ਜਾ ਸਕਦਾ ਪਰ ਡਾ: ਪੀਤਾਂਬਰ ਦੱਤ ਬੜਥਵਲ ਅਨੁਸਾਰ, "ਅਧਿਆਤਮਕ ਅਨੁਭਵ ਨੂੰ ਪ੍ਰਗਟ ਕਰਨ ਲਈ ਭਾਸ਼ਾ ਦਾ ਸਾਧਨ ਭਾਵੇਂ ਨਾਕਾਫ਼ੀ ਹੈ ਅਤੇ ਉਸ ਰੱਬੀ ਅਨੁਭਵ ਦੇ ਪ੍ਰਗਟ ਰੂਪ ਦੇ ਅਰਥ ਨੂੰ ਸਮਝਣਾ ਦੂਜਿਆਂ ਲਈ ਅਤਿਅੰਤ ਔਖਾ ਹੈ, ਫਿਰ ਵੀ ਉਸ 'ਸੱਚ' ਦੇ ਅਨੁਭਵ ਤੋਂ ਉਪਜੇ ਅਨੰਦ ਨੂੰ ਆਪਣੀ ਹਿੱਕ ਵਿੱਚ ਛੁਪਾ ਕੇ ਨਾ ਰੱਖ ਸਕਣ ਦੇ ਕਾਰਨ 'ਸੱਚ ਦਾ ਸਾਧਕ'

ਉਸਨੂੰ ਪ੍ਰਗਟ ਕਰਨ ਦੇ ਆਹਰ ਵਿੱਚ ਜੁੱਟ ਜਾਂਦਾ ਹੈ।[1] ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਵੀ ਠੀਕ ਲਿਖਿਆ ਹੈ, "ਅਧਿਆਤਮ ਮੰਡਲਾਂ ਵਿੱਚ ਲਗਾਤਾਰ ਸਾਧਨਾ ਕਰਨ ਤੋਂ ਉਪਰੰਤ ਪ੍ਰਾਪਤ ਕੀਤੇ ਅਧਿਆਤਮਕ ਤਜਰਬਿਆਂ ਨੂੰ ਆਪਣੇ ਸਨਿ ਦੀ ਚਾਰ ਦੀਵਾਰੀ ਵਿੱਚ ਰੋਕ ਰਖਣਾ ਇੱਕ ਸਾਧਕ ਲਈ ਬਿਲਕੁਲ ਔਖਾ ਹੈ। ਇਹਨਾਂ ਸੱਚੇ ਅਨੁਭਵਾਂ ਨੂੰ ਪ੍ਰਗਟ ਕਰਨ ਲਈ ਸਾਧਕ ਬਿਹਬਲ ਹੋ ਉਠਦਾ ਹੈ।[2] ਗੁਰੂ ਕਵੀਆਂ ਨੇ ਆਪਣੀ ਬਾਣੀ ਵਿੱਚ ਕਈ ਥਾਂਈਂ ਜ਼ਿਕਰ ਕੀਤਾ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਉਹ ਆਪਣੇ ਅਨੁਭਵ ਨੂੰ ਆਪ ਸੁਚੇਤ ਤੌਰ ਤੇ ਪ੍ਰਗਟ ਨਹੀਂ ਸੀ ਕਰਦੇ ਸਗੋਂ ਕੋਈ ਮਹਾਂ-ਸ਼ਕਤੀ ਉਹਨਾਂ ਨੂੰ ਬੋਲਣ ਲਈ ਮਜ਼ਬੂਰ ਕਰਦੀ ਸੀ।

'ਹਉ ਆਪਹੁ ਬੋਲ ਨ ਜਾਣਦਾ ਮੈਂ ਕਹਿਆ ਸਭ ਹੁਕਮਾਉ ਜੀਉ।'[3]

ਜਦੋਂ ਉਹ ਸੱਚ ਦੇ ਅਨੁਭਵ ਨਾਲ ਇੰਨੇ ਭਰਪੂਰ ਹੋ ਜਾਂਦੇ ਸਨ ਤਾਂ ਉਸ ਅਨੁਭਵ ਦੀ ਸ਼ਿੱਦਤ ਅਧੀਨ ਉਹ ਬਾਣੀ ਰਚਨਾ ਕਰਦੇ ਸਨ। ਇਸੇ ਬਾਣੀ ਨੂੰ ਉਹ 'ਖਸਮ ਕੀ ਬਾਣੀ'[4] ਅਤੇ ਧੁਰ ਕੀ ਬਾਣੀ'[5] ਨਾਲ ਸੰਕੇਤਤ ਕਰਦਿਆਂ ਆਮ ਭਾਸ਼ਾ ਨਾਲੋਂ ਨਿਖੇੜ ਦਿੰਦੇ ਸਨ।

ਗੁਰੂ ਕਵੀਆਂ ਨੇ ਸਾਧਾਰਨ ਭਾਸ਼ਾ ਲਈ 'ਅਖਰ' ਸ਼ਬਦ ਦਾ ਪ੍ਰਯੋਗ ਕੀਤਾ ਹੈ।ਉਹ ਦਸਦੇ ਹਨ ਕਿ ਅੱਖਰ ਲੌਕਿਕ ਜਗਤ ਦੇ ਪਰਪੰਚ ਨੂੰ ਪ੍ਰਗਟ ਕਰਦਾ ਹੈ। ਜਪੁਜੀ

---

1. ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਯ, ਪੰਨਾ 375
2. ਗੁਰੂ ਨਾਨਕ ਅਤੇ ਨਿਰਗੁਣ ਧਾਰਾ, ਪੰਨਾ 271
3. ਗੁਰੂ ਨਾਨਕ, ਆਦਿ ਗ੍ਰੰਥ ਪੰਨਾ 763
4. ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।
   ਗੁਰੂ ਨਾਨਕ, ਆਦਿ ਗ੍ਰੰਥ, ਪੰਨਾ 722
5. ਧੁਰ ਕੀ ਬਾਣੀ ਆਈ। , ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 628

ਦੀ ਉਨੀਵੀਂ ਪਉੜੀ ਵਿੱਚ ਦੱਸਿਆ ਹੈ ਕਿ ਨਾਮ, ਸਿਫਤ, ਗਿਆਨ, ਗੀਤ ਗੁਣ, ਲਿਖਣ ਬੋਲਣਾ ਆਦਿ ਸਭ ਅੱਖਰਾਂ ਤੇ ਅਧਾਰਤ ਹਨ ਪਰ ਇਹ ਅੱਖਰ ਅਕਾਲਪੁਰਖ ਜਾਂ ਪ੍ਰਮਾਤਮਾ ਦਾ ਲੇਖਾ ਨਹੀਂ ਕਰ ਸਕਦੇ।[1] ਇਸ ਲਈ ਪ੍ਰਮਾਤਮਾ ਨਾਲ ਸੰਬੰਧਿਤ ਅਨੁਭਵ ਨੂੰ ਪ੍ਰਗਟ ਕਰਨ ਲਈ ਕੋਈ ਅਜੇਹਾ ਸਾਧਨ ਚਾਹੀਦਾ ਹੈ ਜਿਹੜਾ ਪ੍ਰਮਾਤਮਾ ਵਾਂਗ ਸਰਬ ਵਿਆਪਕ ਹੋਵੇ।

ਮਨੁੱਖ ਦੀ ਪਹੁੰਚ ਵਿਚ ਸਭ ਤੋਂ ਨੇੜੇ ਦਾ ਸਾਧਨ ਹੈ ਨਾਦ। ਨਾਦ ਹੀ ਅਜੇਹੀ ਹਸਤੀ ਹੈ ਜਿਹੜੀ ਗੋਚਰ ਜਗਤ ਤੋਂ ਪਾਰ ਦੇ ਵਰਤਾਰਿਆਂ ਦੀ ਥਾਹ ਲਾਉਂਦੀ ਹੈ। 'ਭਾਰਤੀਯ ਸੰਗੀਤ ਕੋਸ਼' ਵਿੱਚ ਨਾਦ ਬਾਰੇ ਲਿਖਿਆ ਹੈ, "ਸ਼ਾਸਤਰਾਂ ਵਿੱਚ ਨਾਦ ਨੂੰ ਬ੍ਰਹਮ ਦੇ ਰੂਪ ਵਿੱਚ ਬਿਆਨ ਕੀਤਾ ਗਿਆ ਹੈ। ਨਾਦ ਅਦੁਤੀ ਅਤੇ ਆਨੰਦਸਰੂਪ ਹੈ। ਨਾਦ ਦੀ ਉਪਾਸਨਾ ਨਾਲ ਪਰਮ ਲਾਭ ਹੁੰਦਾ ਹੈ। ਜਿਵੇਂ ਪ੍ਰਕਾਸ਼ ਦੀ ਖੋਜ ਕਰਦਿਆਂ ਮਣੀ ਦੀ ਪ੍ਰਾਪਤੀ ਹੋ ਜਾਂਦੀ ਹੈ ਇਵੇਂ ਹੀ ਨਾਦ ਦੀ ਉਪਾਸਨਾ ਕਰਦਿਆਂ ਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ।"[2]

ਸੰਸਕ੍ਰਿਤ ਦੇ ਇੱਕ ਸਲੋਕ ਵਿੱਚ ਦੱਸਿਆ ਹੈ ਕਿ ਨਾ ਤਾਂ ਨਾਦ ਬਿਨਾ ਗੀਤ ਹੈ, ਨਾ ਨਾਦ ਬਿਨਾ ਨਿਰਤ ਹੈ, ਇਹ ਸਾਰਾ ਜਗਤ ਹੀ ਨਾਦਾਤਮਕ ਹੈ।[3] ਨਾਦ ਉਪਰ ਅਧਾਰਤ ਸੰਗੀਤ ਕਲਾ ਵਿੱਚ ਵੀ ਪ੍ਰਮਾਤਮਾ ਵਾਂਗ ਕੁਝ ਅਜੇਹੇ ਤੱਥ ਹੁੰਦੇ ਹਨ ਜਿਹੜੇ ਪੂਰੀ ਤਰ੍ਹਾਂ ਸਧਾਰਨ ਭਾਸ਼ਾ ਵਿੱਚ ਬਿਆਨ ਨਹੀਂ ਕੀਤੇ ਜਾ ਸਕਦੇ। ਜਾਰਜ ਥਾਮਸ

---

1. ਅਖਰੀ ਨਾਮੁ ਅਖਰੀ ਸਾਲਾਹ।
ਅਖਰੀ ਗਿਆਨ ਗੀਤ ਗੁਣ ਗਾਹਿ।

ਅਖਰੀ ਲਿਖਣ ਬੋਲਣੁ ਬਾਣਿ।
ਅਖਰਾ ਸਿਰ ਸੰਜੋਗ ਵਿਖਾਣਿ।
ਜਿਨਿ ਇਹਿ ਲਿਖੇ, ਤਿਸੁ ਸਿਰਿ ਨਾਹਿ।
ਜਿਵ ਫੁਰਮਾਏ , ਤਿਵ ਤਿਵ ਪਾਹਿ।
ਜਪੁਜੀ, ਆਦਿ ਗ੍ਰੰਥ ਪੰਨਾ 4

2. ਵਿਮਲਾ ਕਾਂਤ ਰਾਇ ਚੌਧਰੀ, ਭਾਰਤੀਯ ਸੰਗੀਤ ਕੋਸ਼, ਪੰਨਾ 66

3. ਨ ਨਾਦੇਨ ਵਿਨਾ ਗੀਤੰ ਨ ਨਾਦੇਨ ਵਿਨਾ ਸਵਰ।
ਨ ਨਾਦੇਨ ਵਿਨ ਨਿਰਤੰ ਤਸਮਾਨਾਦਤਮਕੰ ਜਗਤ। 'ਸੰਗੀਤ' ਅਪ੍ਰੈਲ, 1967

4.

[redacted] ਜੇ ਅਸੀਂ ਸੰਗੀਤ ਨੂੰ [redacted] ਪੂਰੀ ਤਰ੍ਹਾਂ ਸਮਝਣ ਦਾ ਜਤਨ ਕਰੀਏ ਤਾਂ ਵੀ ਉਸ ਵਿੱਚ ਕਾਫੀ ਕੁਝ ਅਜੇਹਾ ਬਾਕੀ ਬਚ ਜਾਂਦਾ ਹੈ ਜਿਹੜਾ ਸਾਡੀ ਬੁੱਧੀ ਦੀ ਪਕੜ ਵਿੱਚ ਨਹੀਂ ਆ ਸਕਦਾ। ਕੁਝ ਲੋਕਾਂ ਦਾ ਵਿਚਾਰ ਹੈ ਕਿ ਨਾਦ ਦ੍ਰਿਸ਼ ਨਾਲੋਂ ਜ਼ਿਆਦਾ ਪ੍ਰਭਾਵਤ ਕਰਦਾ ਹੈ। ਇਸੇ ਲਈ ਸ਼ਾਪਨਆਵਰ[1] ਨੇ ਇਸ ਨੂੰ ਬ੍ਰਹਿਮੰਡੀ ਭਾਸ਼ਾ ਦਾ ਨਾਂ ਦਿੱਤਾ ਹੈ। ਉਸ ਅਨੁਸਾਰ ਸਮੁੱਚਾ ਸੰਸਾਰ ਹੀ ਸੰਗੀਤ ਰੂਪ ਹੈ। ਗੁਰੂ ਨਾਨਕ ਦੇਵ ਜੀ ਵੀ ਸੋਦਰੁ ਵਾਲੀ ਪਉੜੀ ਵਿੱਚ ਰਬੀ ਦਰਬਾਰ ਦੇ ਸੰਗੀਤਕਾਰਾਂ ਦਾ ਜ਼ਿਕਰ ਕਰਦਿਆਂ ਦਸਦੇ ਹਨ ਕਿ ਉਸਦੇ ਦਰਬਾਰ ਵਿੱਚ ਚਿਤਰ-ਗੁਪਤ, ਧਰਮਰਾਜ, ਈਸ਼੍ਵਰ, ਬ੍ਰਹਮਾ, ਦੇਵੀ ਦੇਵਤੇ, ਸਿੱਧ, ਜਤੀ ਸਤੀ, ਜੋਧੇ ਆਦਿ ਹੀ ਨਹੀਂ ਗਾ ਰਹੇ ਸਗੋਂ ਪੌਣ ਪਾਣੀ ਅੱਗ, ਲੋਕ, ਤਾਰਿਕਾ ਮੰਡਲ ਅਤੇ ਸਮੁਚਾ ਬ੍ਰਹਿਮੰਡ-ਸਮੁਚੀ ਸ੍ਰਿਸ਼ਟੀ ਗਾ ਰਹੀ ਹੈ।[2] ਇੰਜ ਸੰਗੀਤ ਵੀ ਲਗਭਗ ਪਰਮਾਤਮਾ ਵਾਂਗ ਹੀ ਸਰਬ ਵਿਆਪਕ ਹੈ।

ਗੁਰਬਾਣੀ ਵਿੱਚ ਨਾਦ ਦੇ ਅਰਥਾਂ ਲਈ 'ਸ਼ਬਦ' ਦਾ ਪ੍ਰਯੋਗ ਕੀਤਾ ਗਿਆ ਹੈ। ਗੁਰੂ ਅਮਰਦਾਸ ਜੀ 'ਸ਼ਬਦ' ਨੂੰ ਸ੍ਰਿਸ਼ਟੀ ਦੇ ਆਦਿ ਅਤੇ ਅੰਤ ਦਾ ਕਾਰਣ ਦਸਦੇ ਹਨ —

ਉਤਪਾਤ ਪਰਲਉ ਸ਼ਬਦੇ ਹੋਵੈ।  
ਸ਼ਬਦੇ ਹੀ ਫਿਰਿ ਓਪਤਿ ਹੋਵੈ।[3]

ਇਸ ਲਈ ਨਾਦ ਜਾਂ ਸ਼ਬਦ ਅਧਿਆਤਮਕ ਅਨੁਭਵ ਨੂੰ ਪ੍ਰਗਟ ਕਰਨ ਲਈ ਸਧਾਰਨ ਭਾਸ਼ਾ ਨਾਲੋਂ ਵਧੇਰੇ ਕਾਰਗਰ ਸਾਧਨ ਹੈ। ਮਨੁੱਖ ਦੀਆਂ ਅਤਿ ਸੂਖਮ ਅਤੇ ਬ੍ਰਹਿਮੰਡੀ ਭਾਵਨਾਵਾਂ ਦਾ ਪ੍ਰਗਟਾਵਾ ਨਾਦ ਰਾਹੀਂ ਵਧੇਰੇ ਢੁਕਵੇਂ ਅਤੇ ਸੰਖਿਪਤ ਢੰਗ ਨਾਲ ਕੀਤਾ ਜਾ ਸਕਦਾ ਹੈ। ਡਾ. ਸਮਿਨ ਸੰਗੀਤਕ ਸੁਰ ਦੀ ਸ਼ਕਤੀ ਦਸਦਾ ਲਿਖਦਾ ਹੈ ਕਿ ਅਸੀਂ ਆਪਣੀਆਂ ਭਾਵਨਾਵਾਂ ਦੀ ਅਭਿਵਿਅਕਤੀ ਇੱਕ ਲੰਮੇ ਲੇਖ ਨਾਲੋਂ ਕੇਵਲ ਇੱਕ ਹੀ ਸੁਰ ਰਾਹੀਂ ਭਲੀਭਾਂਤ ਅਤੇ ਵਧੇਰੇ

---

1. Schopenhauer, The World as Will and Idea vol. I Page 341.
2. ਜਪੁਜੀ, ਆਦਿ ਗ੍ਰੰਥ, ਪੰਨਾ 6
3. ਆਦਿ ਗ੍ਰੰਥ, ਪੰਨਾ 117

ਪ੍ਰਭਾਵਸ਼ਾਲੀ ਢੰਗ ਨਾਲ ਕਰ ਸਕਦੇ ਹਾਂ।[1] ਡਾਕਟਰ ਹਰਿਭਜਨ ਸਿੰਘ ਕਲਾ ਦਾ ਪ੍ਰਯੋਜਨ ਬਿਆਨ ਕਰਦਿਆਂ ਲਿਖਦਾ ਹੈ, "ਮਨੁੱਖੀ ਅਨੁਭਵ ਦੇ ਜੋ ਪੱਖ ਵਿਗਿਆਨ ਰਾਹੀਂ ਬਿਆਨ ਨਹੀਂ ਕੀਤੇ ਜਾ ਸਕਦੇ ਉਹਨਾਂ ਨੂੰ ਪੇਸ਼ ਕਰਨਾ ਹੀ ਕਲਾ ਦਾ ਮੁੱਖ ਪ੍ਰਯੋਜਨ ਹੈ।"[2] ਗੁਰੂ ਕਵੀਆਂ ਨੇ ਅਧਿਆਤਮਕ ਅਨੁਭਵ ਦੇ ਅਧਾਰ ਪਰਮਾਤਮਾ ਨੂੰ ਅਗੋਚਰ , ਅਜੂਨੀ, ਅਕਥ, ਅਕਾਲ ਆਦਿ ਵਿਸ਼ੇਸ਼ਣਾਂ ਨਾਲ ਪੁਕਾਰਦਿਆਂ ਭਾਵੇਂ ਉਸ ਤੱਕ ਬੁੱਧੀ ਦੀ ਪਹੁੰਚ ਅਸੰਭਵ ਦਸੀ ਹੈ ਪਰ ਨਾਲ ਹੀ ਉਸ ਨੂੰ ਬਿਆਨ ਕਰਨ ਲਈ ਢਾਡੀ ਨੂੰ ਯੋਗ ਕਰਾਰ ਦਿੱਤਾ ਹੈ। ਉਹਨਾਂ ਨੇ ਜਿਥੇ ਆਪਣੇ ਆਪ ਨੂੰ ਢਾਢੀ ਕਿਹਾ[3] ਉਥੇ ਨਾਲ ਹੀ ਇਹ ਸਪਸ਼ਟ ਕੀਤਾ ਹੈ ਕਿ ਪਰਮਾਤਮਾ ਭਾਵੇਂ ਅਕੱਥ ਹੈ ਪਰ ਢਾਢੀ ਉਸਨੂੰ 'ਸ਼ਬਦ' ਦੀ ਸਹਾਇਤਾ ਨਾਲ ਕਥ ਸਕਦਾ ਹੈ।[4]

ਭਾਰਤੀ ਸੰਗੀਤ ਵਿੱਚ 'ਢਾਢੀ' ਇੱਕ ਖਾਸ ਤਰ੍ਹਾਂ ਦਾ ਗਾਇਕ ਹੈ। ਇਹ ਜਸ ਗਾਉਣ ਲਈ ਸੰਗੀਤ ਅਤੇ ਭਾਸ਼ਾ ਦੋਹਾਂ ਨੂੰ ਸੁਮਿਲਤ ਰੂਪ ਵਿੱਚ ਪ੍ਰਯੋਗ ਕਰਦਾ ਹੈ। ਇਸ ਲਈ ਪ੍ਰਮਾਤਮਾ ਦੇ ਅਨੁਭਵ ਨੂੰ ਪ੍ਰਗਟ ਕਰਨ ਲਈ ਗੁਰੂ ਸਾਹਿਬਾਨ ਨੇ ਕੇਵਲ ਭਾਸ਼ਾ ਨੂੰ ਨਹੀਂ ਸਗੋਂ ਭਾਸ਼ਾ ਦੇ ਨਾਲ ਨਾਲ ਸੰਗੀਤ ਨੂੰ ਵੀ ਸੰਬੰਧਿਤ ਕੀਤਾ ਹੈ। ਇਸ ਤਰ੍ਹਾਂ ਇਹ ਅਨੁਭਵ ਜਿਥੇ ਸਧਾਰਨ ਮਨੁੱਖ ਦੀ ਪਕੜ ਵਿੱਚ ਆਉਣ ਦੇ ਕਾਬਿਲ ਹੋ ਗਿਆ ਉਥੇ ਸੰਗੀਤ ਨੇ ਇਸ ਦੀ ਪੇਸ਼ਕਾਰੀ ਨੂੰ ਤਿੱਖਾ ਅਤੇ ਗਹਿਰ ਗੰਭੀਰ ਵੀ ਬਣਾ ਦਿੱਤਾ ਹੈ। ਸੰਗੀਤ ਜਿਸਦਾ ਅਧਾਰ ਨਾਦ [illegible] ਹੈ ਅਤੇ ਜਿਸਦੀ ਕਲਾ ਕਿਰਤ

---

1. ਹਵਾਲਾ, ਪੰਨਾ ਲਾਲ ਮਦਾਨ, ਸੰਗੀਤ ਕਲਾ ਕਾ ਇਤਿਹਾਸ, ਪੰਨਾ 5
2. ਡਾ: ਹਰਿਭਜਨ ਸਿੰਘ, ਸਾਹਿਤ ਵਿਗਿਆਨ, ਪੰਨਾ 53
3. ਹਉ ਢਾਢੀ ਵੇਕਾਰੁ ਕਾਰੈ ਲਾਇਆ। ਗੁਰੂ ਨਾਨਕ, ਆਦਿ ਗ੍ਰੰਥ, ਪੰਨਾ 150
4. ਢਾਢੀ ਕਥੇ ਅਕਥੁ ਸਬਦਿ ਸਵਾਰਿਆ। ਗੁਰੂ ਨਾਨਕ, ਆਦਿ ਗ੍ਰੰਥ, ਪੰਨਾ 149

ਰਾਗ ਹੈ, ਦਾ ਪ੍ਰਯੋਗ ਗੁਰੂ ਕਾਵਿ ਵਿੱਚ ਬੜੇ ਵਿਆਪਕ ਅਤੇ ਵੰਨਸੁਵੰਨੇ ਰੂਪ ਵਿੱਚ ਹੋਇਆ ਹੈ। ਇਸਦੀ ਵੰਨ ਸੁਵੰਨਤਾ ਦਾ ਅਧਾਰ ਗੁਰੂ ਕਵੀਆਂ ਦੇ ਅਨੁਭਵ ਦੀ ਵੰਨਸੁਵੰਨਤਾ ਤੇ ਅਧਾਰਤ ਹੈ। ਸਾਰੀ ਬਾਣੀ ਵਿੱਚ ਕਾਵਿ ਅਨੁਭਵ ਕੇਵਲ ਪ੍ਰਮਾਤਮਾ ਨਾਲ ਸਬੰਧਿਤ ਹੈ। ਪਰ ਉਸ ਪ੍ਰਮਾਤਮਾ ਦਾ ਚਿਤਵਨ ਕਈ ਰੂਪਾਂ ਵਿੱਚ ਕੀਤਾ ਗਿਆ ਹੈ। ਪ੍ਰਮਾਤਮਾ ਅਤੇ ਗੁਰੂ ਕਵੀ ਦਾ ਰਿਸ਼ਤਾ ਕਈ ਰੂਪ ਧਾਰਨ ਕਰਦਾ ਹੈ। ਕਿਧਰੇ ਗੁਰੂ ਕਵੀ ਦਾਰਸ਼ਨਿਕ ਬਣ ਕੇ ਪ੍ਰਮਾਤਮਾ ਦੀ ਅਸੀਮਤਾ ਨੂੰ ਅਨੁਭਵ ਕਰਦੇ ਹਨ। ਕਈ ਥਾਵਾਂ ਤੇ ਪ੍ਰੀਤਮ-ਪ੍ਰੇਮਿਕਾ, ਪਤੀ-ਪਤਨੀ, ਭਗਤ-ਇਸ਼ਟ, ਪਿਤਾ-ਪੁੱਤਰ ਆਦਿ ਰਿਸ਼ਤਿਆਂ ਰਾਹੀਂ ਉਸ ਅਨੁਭਵ ਨੂੰ ਪ੍ਰਗਟ ਕੀਤਾ ਗਿਆ ਹੈ। ਗੁਰੂ ਨਾਨਕ ਜੀ ਹੇਠ ਲਿਖੇ ਸ਼ਬਦ ਵਿੱਚ ਆਪਣੇ ਅਤੇ ਪ੍ਰਮਾਤਮਾ ਦੇ ਰਿਸ਼ਤੇ ਨੂੰ ਸਮਝਾ ਰਹੇ ਹਨ --

ਹਰਣੀ ਹੋਵਾ ਬਨਿ ਵਸਾ ਕੰਦ ਮੂਲ ਚੁਣਿ ਖਾਉ।
ਗੁਰਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ।।
ਮੈ ਬਨਜਾਰਨਿ ਰਾਮ ਕੀ ਤੇਰਾ ਨਾਮੁ ਵਖਰੁ ਵਾਪਾਰੁ ਜੀ।।
ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ।
ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ।
ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ।
ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ।
ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ।
ਨਾਨਕ ਸਦਾ ਸੁਹਾਗਣੀ ਜਿਨ ਜੋਤੀ ਜੋਤਿ ਸਮਾਇ।।[1]

ਇਸੇ ਤਰ੍ਹਾਂ ਗੁਰੂ ਕਵੀ ਪ੍ਰਮਾਤਮਾ ਨੂੰ ਵੱਖ ਵੱਖ ਸਥਿਤੀਆਂ ਵਿੱਚ ਅਨੁਭਵ ਕਰਦੇ ਹਨ

1. ਗੁਰੂ ਨਾਨਕ, ਆਦਿ ਗ੍ਰੰਥ, ਪੰਨਾ 157

ਇਸ ਲਈ ਇਹਨਾਂ ਸਥਿਤੀਆਂ ਅਨੁਸਾਰ ਕਾਵਿ ਅਨੁਭਵ ਵਿੱਚ ਅੰਤਰ ਆ ਜਾਂਦਾ ਹੈ। ਇਸ ਕਾਵਿ ਅਨੁਭਵ ਦੀ ਵਿਸ਼ੇਸ਼ਤਾ ਕਾਰਨ ਉਹਨਾਂ ਨੇ ਰਾਗ ਵੀ ਵਿਸ਼ੇਸ਼ ਹੀ ਪ੍ਰਯੋਗ ਕੀਤੇ ਹਨ। ਰਾਗ ਵੱਖ ਵੱਖ ਸੁਰਾਂ ਦੇ ਪ੍ਰਬੰਧ ਨਾਲ ਬਣਦੇ ਹਨ। ਵੱਖ ਵੱਖ ਰਾਗਾਂ ਵਿੱਚ ਵੱਖ ਵੱਖ ਸੁਰਾਂ ਦਾ ਵਧੇਰੇ ਪ੍ਰਯੋਗ ਕੀਤਾ ਜਾਂਦਾ ਹੈ। ਜਿਸ ਕਾਰਨ ਰਾਗਾਂ ਦੇ ਭਾਵ ਵੀ ਬਦਲਦੇ ਰਹਿੰਦੇ ਹਨ। ਗਲਬਾਤ ਕਰਦਿਆਂ ਭਾਵ ਦੀ ਕਿਸਮ ਅਨੁਸਾਰ ਮਨੁੱਖੀ ਅਵਾਜ਼ ਵਿੱਚ ਵੀ ਤਬਦੀਲੀ ਆ ਜਾਂਦੀ ਹੈ ਅਤੇ ਕਈ ਵਾਰ ਵਾਧੂ ਅਵਾਜ਼ ਦਾ ਵੀ ਪ੍ਰਯੋਗ ਕੀਤਾ ਜਾਂਦਾ ਹੈ। ਭਾਸ਼ਾ ਦੀ ਵਿਆਕਰਣ ਬਾਰੇ ਸੰਕੀਰਨ ਦ੍ਰਿਸ਼ਟੀਕੋਣ ਰਖਣ ਵਾਲਿਆਂ ਲਈ ਇਹ ਆਵਾਜ਼ ਕੋਈ ਅਰਥ ਭਾਵੇਂ ਨਾ ਹੀ ਰਖਦੀ ਹੋਵੇ ਪਰ ਜਿਵੇਂ 'ਅਭਿਨਵ ਭਾਰਤੀ'[1] ਵਿੱਚ ਦਸਿਆ ਹੈ," ਭਾਵ ਪ੍ਰਗਟਾਵੇ ਦੇ ਸਾਧਨਾ ਵਿੱਚ ਨਾਦ ਦੇ ਉਸ ਰੂਪ ਦਾ ਵੀ ਮਹੱਤਵਪੂਰਨ ਥਾਂ ਹੈ ਜਿਹੜਾ ਵਿਆਕਰਣ ਦੀ ਦ੍ਰਿਸ਼ਟੀ ਤੋਂ ਨਿਰਾਰਥਕ ਹੁੰਦਾ ਹੈ।

ਭਾਸ਼ਾ ਦੇ ਸਧਾਰਨ ਸ਼ਬਦ ਦੇ ਨਾਲ ਜਦੋਂ ਨਾਦ ਜਾਂ ਸੁਰ ਨੂੰ ਸੰਬੰਧਿਤ ਕੀਤਾ ਜਾਂਦਾ ਹੈ ਤਾਂ ਉਸ ਦੇ ਅਰਥ ਸਧਾਰਨ ਨਹੀਂ ਰਹਿੰਦੇ ਸਗੋਂ ਅਸਾਧਾਰਨ ਹੋ ਜਾਂਦੇ ਹਨ। ਸ਼ਬਦ ਦਾ ਉਚਾਰਨ ਮਨੁੱਖ ਦੇ ਮਨ ਦੀ ਭਾਵਨਾ ਉਪਰ ਅਧਾਰਤ ਹੁੰਦਾ ਹੈ। ਇਸ ਉਚਾਰਨ ਨਾਲ ਅਰਥਾਂ ਵਿੱਚ ਵੀ ਅੰਤਰ ਆ ਜਾਂਦਾ ਹੈ। ਇਸੇ ਲਈ ਰਿਚਰਡਜ਼[2] ਦਾ ਵਿਚਾਰ ਹੈ ਕਿ ਸ਼ਬਦਾਂ ਵਿੱਚ ਕੋਈ ਅੰਤਰਾਵ, ਨਿਜੀ ਜਾਂ ਸਾਹਿਤਿਕ ਰੰਗ ਨਹੀਂ ਹੁੰਦਾ। ਨਾ ਕੋਈ ਸ਼ਬਦ ਕੋਝੇ ਹੁੰਦੇ ਹਨ ਨਾ ਸੁੰਦਰ, ਨਾ ਚੁਭਵੇਂ ਜਾਂ ਪ੍ਰਸੰਨ ਕਰਨ ਵਾਲੇ, ਸਗੋਂ ਹਰ ਸ਼ਬਦ ਦੇ ਕਈ ਪ੍ਰਕਾਰ ਦੇ ਖੇਤਰ ਹਨ ਜਿਨ੍ਹਾਂ ਵਿੱਚ ਅੰਤਰ ਇਉਂ ਆਉਂਦਾ ਹੈ ਕਿ ਅਸੀਂ ਉਹਨਾਂ ਨੂੰ ਕਿਵੇਂ ਲੈਂਦੇ ਹਾਂ। — ਕਿਸੇ ਸ਼ਬਦ ਦੀ ਅਵਾਜ਼ ਅਸੀਂ ਆਪਣੇ ਮਨ ਵਿੱਚ ਕੰਮ ਰਹੇ ਭਾਵ ਅਨੁਸਾਰ ਉਚਾਰਦੇ ਹਾਂ। ਠਾਕੁਰ ਜੈ ਦੇਵ ਸਿੰਘ ਨੇ ਵੀ ਇਸੇ ਲਈ ਲਿਖਿਆ ਹੈ, "ਭਾਵੇਂ ਸ਼ਬਦ ਇੱਕ ਹੀ ਹੁੰਦਾ ਹੈ ਪਰ ਫਿਰ ਵੀ ਜੇ ਉਸ ਸ਼ਬਦ ਨੂੰ ਵੱਖ ਵੱਖ ਸੁਰਾਂ ਵਿੱਚ ਗਾਇਆ ਜਾਵੇ ਤਾਂ ਉਹ

---

ਹਵਾਲਾ

1. ਅਚਾਰੀਆ ਬ੍ਰਿਹਸਪਤੀ, ਭਾਰਤ ਕਾ ਸੰਗੀਤ ਸਿਧਾਂਤ ਪੰਨਾ 256

2. Richerd, Principals of Literary Criticism, Page 137.

ਭਿੰਨ ਭਿੰਨ ਭਾਵਾਂ ਨੂੰ ਵਿਅਕਤ ਕਰਦਾ ਹੈ।[1] ਮਨੁੱਖੀ ਭਾਵਾਂ ਅਤੇ ਸ਼ਬਦਾਂ ਦੇ ਉਚਾਰਨ ਸੰਬੰਧੀ ਆਵਾਜ਼ ਦੇ ਉਤਰਾਉ-ਚੜਾਓ ਨੂੰ ਸੰਗੀਤ ਚਿੰਤਾਮਣੀ ਵਿੱਚ ਬੜੇ ਸਪਸ਼ਟ ਰੂਪ ਨਾਲ ਪੇਸ਼ ਕੀਤਾ ਗਿਆ ਹੈ," ਵਿਭਨ ਭਾਵਾਂ ਨੂੰ ਪ੍ਰਗਟ ਕਰਦੇ ਸਮੇਂ ਸਾਡੀ ਬੋਲੀ ਵਿੱਚ ਉਤਰਾਓ ਚੜ੍ਹਾਓ ਦੇ ਨਾਲ ਹੀ ਸਾਡੀਆਂ ਚੇਸ਼ਟਾਵਾਂ ਅਤੇ ਪ੍ਰਯੁਕਤ ਸ਼ਬਦਾਂ ਦੀ ਗਤੀ ਵਿਚ ਵਿਬਧਤਾ ਆਉਂਦੀ ਹੈ। ਕਾਹਲੀ ਦਾ ਡਰ ਪ੍ਰਗਟ ਕਰਦਿਆਂ ਸਾਡੇ ਸ਼ਬਦਾਂ ਦੀ ਗਤੀ ਤੇਜ਼ ਹੋ ਜਾਂਦੀ ਹੈ। ਵਿਚਾਰ ਜਾਂ ✗ ਤਰਕ ਆਦਿ ਅਵਸਥਾਵਾਂ ਵਿੱਚ ਸਾਡੇ ਸ਼ਬਦਾਂ ਦੀ ਗਤੀ ਵਿਲੰਬਿਤ ਹੋ ਜਾਂਦੀ ਹੈ। ਆਮ ਉਚਾਰਨ ਵਿਚ ਸਾਡੇ ਬੋਲਾਂ ਦੀ ਗਤੀ 'ਮੱਧ' (ਨਾ ਬਹੁਤੀ ਤੇਜ਼ ਤੇ ਨਾ ਬਹੁਤੀ ਹੌਲੀ) ਰਹਿੰਦੀ ਹੈ।[2]

ਇਸਤਰ੍ਹਾਂ ਮਨੁੱਖੀ ਭਾਵ ਨੂੰ ਪ੍ਰਗਟ ਕਰਨ ਵੇਲੇ ਮਨੁੱਖ ਦਾ ਉਚਾਰਨ ਅਰਥਾਤ ਦਾ ਉਤਰਾਉ-ਚੜ੍ਹਾਉ ਉਸ ਭਾਵ ਦੇ ਅਨੁਕੂਲ ਹੁੰਦਾ ਹੈ। ਗੁਰੂ ਕਵੀਆਂ ਦੀ ਕਾਵਿ-ਰਚਨਾ ਨੂੰ ਪੜ੍ਹਨ ਵੇਲੇ ਸਾਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਉਹਨਾਂ ਨੇ ਬਾਣੀ ਵਿਚ ਪੇਸ਼ ਵੱਖ ਵੱਖ ਭਾਵਾਂ ਦੇ ਅਨੁਕੂਲ ਹੀ ਰਾਗਾਂ ਦੀ ਚੋਣ ਕੀਤੀ ਹੈ।

ਰਾਗ ਵੱਖ ਵੱਖ ਤਰ੍ਹਾਂ ਦੀਆਂ ਉਚੀਆਂ ਨੀਵੀਆਂ ਸੁਰਾਂ ਦੇ ਵੱਖ ਵੱਖ ਪ੍ਰਬੰਧ ਕਾਰਨ ਬਣਦੇ ਹਨ। ਇਹਨਾਂ ਰਾਗਾਂ ਦਾ ਵੱਖ ਵੱਖ ਤਰਤੀਬ ਵਿੱਚ ਅਤੇ ਵੱਖ ਵੱਖ ਮਾਤਰਾ ਵਿੱਚ ਕੀਤਾ ਪ੍ਰਯੋਗ ਰਾਗਾਂ ਨੂੰ ਵੱਖ ਵੱਖ ਭਾਵਾਂ ਦੇ ਅਨੁਕੂਲ ਬਣਾਉਂਦਾ ਹੈ।

---

1. 'ਸੰਗੀਤ ਸੁਨਣੇ ਕੀ ਕਲਾ,' ਸੰਗੀਤ(ਪੱਤਰ) ਅਪਰੈਲ, 1955 ਪੰਨਾ 3-4
2. ਆਚਾਰੀਆ ਬ੍ਰਹਿਸਪਤੀ, <u>ਸੰਗੀਤ ਚਿੰਤਾਮਣੀ</u>, ਪੰਨਾ 394

## ਗੁਰੂ ਕਾਵਿ ਵਿੱਚ ਅਨੁਭਵ ਅਤੇ ਰਾਗ ਦਾ ਸੰਬੰਧ

ਅਸੀਂ ਵੇਖ ਚੁਕੇ ਹਾਂ ਕਿ ਗੁਰੂ ਕਾਵਿ ਦਾ ਅਨੁਭਵ ਇੱਕ ਵਿਲੱਖਣ ਅਨੁਭਵ ਹੈ। ਇਸ ਲਈ ਇਸਨੂੰ ਰਾਗ ਅਤੇ ਕਾਵਿ ਦੇ ਸੰਜੋਗ ਨਾਲ ਹੀ ਪ੍ਰਗਟ ਕੀਤਾ ਜਾ ਸਕਦਾ ਸੀ।ਗੁਰੂ ਕਵੀਆਂ ਨੇ ਆਪਣੇ ਅਨੁਭਵ ਦੀਆਂ ਵੱਖ ਵੱਖ ਵੰਨਗੀਆਂ ਨੂੰ ਪ੍ਰਗਟ ਕਰਨ ਲਈ ਵੱਖਰੇ ਵੱਖਰੇ ਰਾਗਾਂ ਦੀ ਚੋਣ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਮੁੱਖ ਰਾਗਾਂ ਨਾਲ ਨਾਲ ਕਈ ਮਿਸ਼ਰਤ ਰਾਗਾਂ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਇੱਕ ਰਾਗ ਅਧੀਨ ਆਈ ਬਾਣੀ ਦੇ ਕਾਵਿ ਅਨੁਭਵ ਦੀ ਵਿਸ਼ੇਸ਼ਤਾ ਵੇਖਣ ਲਈ ਉਸ ਵਿਚਲੇ ਭਾਵ, ਕਲਪਨਾ ਆਦਿ ਦਾ ਅਧਿਐਨ ਕਰਨਾ ਪੈਂਦਾ ਹੈ। ਮਨੁੱਖੀ ਮਨ ਜਾਂ ਆਤਮਾ ਵਿੱਚ ਵਰਤ ਰਹੀਆਂ ਘਟਨਾਵਾਂ ਤੋਂ ਅਨੁਭਵ ਦੀ ਵਿਸ਼ੇਸ਼ਤਾ ਉਜਾਗਰ ਹੁੰਦੀ ਹੈ।"ਇਸ ਵਿੱਚ ਭਾਵਕ, ਬੌਧਿਕ, ਕਾਲਪਨਿਕ ਸਭ ਤਰ੍ਹਾਂ ਦੀਆਂ ਘਟਨਾਵਾਂ ਸ਼ਾਮਲ ਹਨ। ਬਿੰਬਾਂ ਦੀ ਵਰਤੋਂ ਵੇਲੇ ਕਵੀ ਬਾਹਰਲੇ ਜਗਤ ਦੀ ਟੁੰਬ ਨਾਲ ਪੈਦਾ ਹੋਏ ਅਤ ਆਪਣੇ ਅੰਦਰਲੇ ਅਨੁਭਵਾਂ ਨੂੰ ਪ੍ਰਗਟ ਕਰਦਾ ਹੈ। ਰਹੱਸਵਾਦੀ ਕਵਿਤਾ ਵਿਚ ਆਤਮਕ ਅਨੁਭਵਾਂ ਨੂੰ ਬਿੰਬਾਂ ਦੀ ਸਹਾਇਤਾ ਨਾਲ ਅੰਦਰੋਂ ਬਾਹਰ ਲਿਆਂਦਾ ਜਾਂਦਾ ਹੈ।"[1] ਇਸ ਲਈ ਅਸੀਂ ਇੱਕ ਰਾਗ ਅਧੀਨ ਆਈ ਬਾਣੀ ਦੇ ਬਿੰਬਾਂ ਉਪਰ ਧਿਆਨ ਕੇਂਦਰਿਤ ਕਰਕੇ ਉਸਦੇ ਅਨੁਭਵ ਨੂੰ ਪਛਾਨਣ ਦਾ ਜਤਨ ਕਰਾਂਗੇ ਅਤੇ ਫੇਰ ਨਾਲ ਹੀ ਉਸ ਅਨੁਭਵ ਅਤੇ ਉਸ ਰਾਗ ਦੇ ਸੰਬੰਧ ਦਾ ਅਧਿਐਨ ਕਰਾਂਗੇ। ਇਸ ਪ੍ਰਯੋਜਨ ਲਈ 31 ਰਾਗਾਂ ਦੀ ਤਰਤੀਬ ਅਨੁਸਾਰ ਅਧਿਐਨ ਕਰਨਾ ਉਚਿਤ ਹੈ।

### ਸਿਰੀ ਰਾਗ:-

ਸਿਰੀ ਰਾਗ ਦੀ ਬਾਣੀ ਵਿੱਚ ਮੁੱਖ ਭਾਵ ਮਾਇਆ ਦੀ ਮੁਕਤੀ ਨੂੰ ਬਿਆਨ ਕਰਕੇ

---

1. ਪ੍ਰੋ. ਰਾਮ ਸਿੰਘ, ਗੁਰੂ ਨਾਨਕ ਦੀ ਸੁਹਜਕਲਾ, ਪੰਨਾ 16

ਫਿਰ ਉਸਦੀ ਵਿਅਰਥਤਾ ਨੂੰ ਦਰਸਾਉਂਦਾ ਹੈ। ਇਸ ਰਾਗ ਦੇ ਪਹਿਲੇ ਸ਼ਬਦ[1] ਵਿੱਚ ਜਿਹਨਾਂ ਬਿੰਬਾਂ ਦਾ ਪ੍ਰਯੋਗ ਹੋਇਆ ਹੈ ਉਹਨਾਂ ਤੋਂ ਪਤਾ ਲਗਦਾ ਹੈ ਕਿ ਮਨੁੱਖ ਭਾਵੇਂ ਕਿਸੇ ਖੇਤਰ ਵਿੱਚ ਵੀ ਮਾਇਆ-ਸੰਸਾਰ ਦੀ ਉੱਚਤਮ ਪ੍ਰਾਪਤੀ ਕਰ ਲਵੇ, ਉਹ ਰੱਬੀ ਸੰਸਾਰ ਦੀ ਪ੍ਰਾਪਤੀ ਅੱਗੇ ਹੇਚ ਹੈ। ਇਥੇ ਮੋਤੀ, ਰਤਨ, ਹੀਰੇ, ਲਾਲ, ਕਸਤੂਰੀ, ਅਗਰ, ਚੰਦਨ, ਮੋਹਣੀ, ਇਸਤ੍ਰੀ ਜੜਾਉ, ਪਲੰਘ, ਰਿਧੀਆਂ ਸਿਧੀਆਂ ਦਾ ਧਾਰਨੀ ਅਤੇ ਗੁਪਤ ਪਰਗਟ ਸ਼ਕਤੀਆਂ ਦਾ ਮਾਲਕ ਸਿੱਧ ਅਤੇ ਲਸ਼ਕਰਾਂ ਵਾਲਾ ਸੁਲਤਾਨ ਇਹ ਸਭ ਮਾਇਆ ਸੰਸਾਰ ਦੀਆਂ ਪ੍ਰਾਪਤੀਆਂ ਹਨ ਪਰ ਇਥੇ ਨਾਲ ਹੀ ਇਹਨਾਂ ਦਾ ਖੰਡਨ ਅਤੇ ਨਾਮ ਦੀ ਪ੍ਰਾਪਤੀ ਦੀ ਦਾਤ ਮੰਗੀ ਗਈ ਹੈ। ਇਸ ਰਾਗ ਦੀ ਹੋਰ ਬਾਣੀ ਵਿੱਚ ਵੀ ਅਜਿਹੇ ਭਾਵ ਪ੍ਰਤੀਨਿਧ ਹਨ ---

ਰਸੁ ਸੁਇਨਾ ਰਸੁ ਰੁਪਾ ਕਾਮਣਿ, ਰਸੁ ਪਰਮਲ ਕੀ ਵਾਸੁ।
ਰਸੁ ਘੋੜੇ ਰਸੁ ਸੇਜਾ ਮੰਦਿਰ, ਰਸੁ ਮੀਠਾ ਰਸੁ ਮਾਸੁ।
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ।[2]

ਚੰਦਨ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ।
ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ॥[3]
ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ॥

ਜੇ ਲਖ ਇਸਤਰੀਆਂ ਭੋਗ ਕਰਹਿ ਨਵਖੰਡ ਰਾਜੁ ਕਮਾਹਿ।
ਬਿਨ ਸਤਿਗੁਰ ਸੁਖੁ ਨ ਪਾਵਹੀ ਫਿਰਿ ਜੋਨੀ ਪਾਹਿ।[4]

ਇਸੇ ਤਰ੍ਹਾਂ ਹੀ ਕਈ ਸ਼ਬਦਾਂ ਵਿੱਚ ਮਹਿਲ, ਕਿਲੇ, ਘੋੜੇ, ਹਾਥੀ, ਲਸ਼ਕਰ,[5] ਰਾਜ ਮਿਲਖ,[6]

---

1. ਗੁਰੂ ਨਾਨਕ, ਆਦਿ ਗ੍ਰੰਥ ਪੰਨਾ 14
2. ਉਹੀ, ਪੰਨਾ 15
3. ਉਹੀ, ਪੰਨਾ 19
4. ਉਹੀ ਪੰਨਾ, 26
5. ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ।
   ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ
   ਕਿਸਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ। ਆਦਿ ਗ੍ਰੰਥ, ਪੰਨਾ 63
6. ਰਾਜ ਮਿਲਕ ਸਿਕਦਾਰੀਆਂ ਰਸ ਭੋਗਣ ਬਿਸਥਾਰ।
   ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ। (ਆਦਿ ਗ੍ਰੰਥ, ਪੰਨਾ 70

ਛਤ੍ਰਧਾਰੀ ਬਾਦਸ਼ਾਹੀਆਂ[1] ਅਤੇ ਸੁਇਨਾ, ਰੁਪਾ, ਧਨ, ਦੌਲਤ[2] ਆਦਿ ਦਾ ਖੰਡਨ ਕਰਦਿਆਂ ਪ੍ਰਭੂ ਮਾਰਗ ਦਾ ਜੀਵਨ ਜੀਉਣ ਦੀ ਪਰੇਰਨਾ ਦਿੱਤੀ ਹੈ। ਇਸ ਰਾਗ ਦੀ ਬਾਣੀ ਵਿੱਚ ਮਾਇਆ ਦੀ ਅੱਗ ਤੋਂ ਬਚ ਕੇ ਬਾਣੀ ਦੇ ਨਿਰਮਲ ਗਿਆਨ ਵਿੱਚ ਵਿਚਰਨ ਦਾ ਉਪਦੇਸ਼ ਦਿੱਤਾ ਗਿਆ ਹੈ।

ਇਸ ਰਾਗ ਦੀ ਬਾਣੀ ਵਿੱਚ ਤਿਆਗ ਦਾ ਭਾਵ ਛਾਇਆ ਰਹਿੰਦਾ ਹੈ। ਤਿਆਗ ਦੇ ਇਹਨਾਂ ਭਾਵਾਂ ਨੂੰ ਪ੍ਰਗਟ ਕਰਨ ਲਈ ਸਿਰੀ ਰਾਗ ~~[illegible]~~ ਬੜਾ ਢੁਕਵਾਂ ਰਾਗ ਹੈ। ਇਸ ਦੇ ਸੁਰ-ਪ੍ਰਬੰਧ ਦਾ ਅਧਿਐਨ ਕੀਤਾ ਜਾਵੇ ਤਾਂ ਇਹ ਗੱਲ ਹੋਰ ਵੀ ਸਪਸ਼ਟ ਹੋ ਜਾਂਦੀ ਹੈ। ਇਸ ਰਾਗ ਵਿੱਚ ਰਿਸ਼ਭ ਅਤੇ ਧੈਵਤ ~~[illegible]~~ ਕੋਮਲ ਰੂਪ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ। ਸੰਗੀਤ ਆਚਾਰੀਆ ਦਸਦੇ ਹਨ ਕਿ ਜਿਹਨਾਂ ਰਾਗਾਂ ਵਿੱਚ ਇਹ ਸੁਰ ਪ੍ਰਯੋਗ ਹੋਣ ਉਹ ਰਾਗ ਸ਼ਾਂਤ ਅਤੇ ਕਰੁਣ ਭਾਵਾਂ ਨੂੰ ਪ੍ਰਗਟ ਕਰਨ ਲਈ ਬੜੇ ਢੁਕਵੇਂ ਹੁੰਦੇ ਹਨ।[3] ਕਈ ਵਿਦਵਾਨ ਦਸਦੇ ਹਨ ਕਿ ਸਿਰੀ ਰਾਗ ਨੂੰ ਜੇਠ-ਹਾੜ ਅਤੇ ਮਾਘ ਫੱਗਣ ਦੇ ਮਹੀਨੇ ਵਿੱਚ ਤਪਸਵੀ ਲੋਕ ਬਨਾਂ ਵਿੱਚ ਗਾਉਂਦੇ ਹਨ।[4] ~~ਇਸ ਰਾਗ ਦੀ ਬਾਣੀ ਵਿੱਚ [illegible] ਕਿਤੇ ਕਿਤੇ~~ ਇਸ ਰਾਗ ਦੀ ਬਾਣੀ ਵਿੱਚ ਕਿਤੇ ਕਿਤੇ ਸ਼ਿੰਗਾਰਕ ਭਾਵਾਂ ਦੀ ਝਲਕ ਪੈਂਦੀ ਹੈ। ਪਰ ਇਹਨਾਂ ਭਾਵਾਂ ਵਿੱਚ ਵੀ ਵਿਜੋਗ ਪ੍ਰਧਾਨ ਹੈ ਜਿਵੇਂ:-

ਨਿਸ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ।
ਅਕਿ ਜਲਉ ਤਨੁ ਜਾਲੀਅਉ ਮਨ ਧਨੁ ਜਲਿ ਬਲਿ ਜਾਇ।
ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ।[5]

---

1. ਮਨ ਬਿਲਾਸੁ ਬਹੁ ਰੰਗ ਘਣਾ ਦ੍ਰਿਸਟਿ ਭੂਲਿ ਖੁਸੀਆ।
   ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ। ਆਦਿ ਗ੍ਰੰਥ, ਪੰਨਾ 42
2. ਸੁਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ।
   ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ। ਆਦਿ ਗ੍ਰੰਥ, ਪੰਨਾ 63
3. ਭਾਤ ਖੰਡੇ, ਕ੍ਰਮਕ ਪੁਸਤਕ ਮਾਲਿਕਾ (ਪਾਂਚਵੀਂ ਪੁਸਤਕ) ਪੰਨਾ 37
4. ਡਾ. ਚਰਨ ਸਿੰਘ, ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ (ਭਾਗ ਚੌਥਾ) ਪੰਨਾ 18
5. ਗੁਰੂ ਨਾਨਕ, ਆਦਿ ਗ੍ਰੰਥ, ਪੰਨਾ 54

ਇਹ ਭਾਵ ਵੀ ਸਿਰੀ ਰਾਗ ਵਿੱਚ ਬੜੇ ਢੁਕਵੇਂ ਰੂਪ ਵਿੱਚ ਪ੍ਰਗਟ ਹੋ ਸਕਦੇ ਹਨ ਕਿਉਂਕਿ ਸਿਰੀ ਰਾਗ ਵਿੱਚ ਲੱਗਣ ਵਾਲਾ ਤੀਬਰ ਮਧਮ ਭਾਵੇ ਸ਼੍ਰਿੰਗਾਰਕ ਭਾਵਾਂ ਦੇ ਅਨੁਕੂਲ ਹੈ ਪਰ ਇਸ ਵਿੱਚ ਕੋਮਲ ਰਿਸ਼ਭ ਅਤੇ ਗੰਧਾਰ ਦਾ ਪ੍ਰਭਾਵ ਜ਼ਿਆਦਾ ਹੈ ਜਿਸ ਨਾਲ ਤੀਬਰ ਮੱਧਮ ਦਾ ਪ੍ਰਭਾਵ ਕਮਜ਼ੋਰ ਪੈ ਜਾਂਦਾ ਹੈ ਅਤੇ ਇਸ ਤਰ੍ਹਾਂ ਇਸ ਰਾਗ ਵਿੱਚ ਪ੍ਰਕ੍ਰਿਤੀ ਸ਼ਾਂਤ ਅਤੇ ਕਰੁਣ ਹੀ ਬਣੀ ਰਹਿੰਦੀ ਹੈ। ਸੋ ਭਾਵੇਂ ਕਿਤੇ ਕਿਤੇ ਇਸ ਰਾਗ ਦੀ ਬਾਣੀ ਵਿੱਚ ਕੁਝ ਹੋਰ ਭਾਵ ਵੀ ਝਲਕਦੇ ਹਨ ਪਰ ਸਮੁੱਚੇ ਰੂਪ ਵਿੱਚ ਬਾਣੀ ਸ਼ਾਂਤ ਅਤੇ ਕਰੁਣ ਦੇ ਭਾਵਾਂ ਨੂੰ ਪ੍ਰਗਟ ਕਰਦੀ ਹੈ।

ਰਾਗ ਮਾਝ:-

ਮਾਝ ਰਾਗ ਵਿੱਚ ਕੇਵਲ ਸਿਖ ਗੁਰੂ ਸਾਹਿਬਾਨ ਦੀ ਬਾਣੀ ਹੀ ਦਰਜ ਹੈ। ਡਾ. ਤਾਰਨ ਸਿੰਘ ਅਨੁਸਾਰ, "ਇਹ ਪੰਜਾਬ ਦੇ ਮਾਝੇ ਇਲਾਕੇ ਦੀ ਸਥਾਨਕ ਦੇਸੀ ਰਾਗਣੀ ਹੈ ਜੋ ਦੁਪਹਿਰ ਤੋਂ ਪਿਛੋਂ ਗਾਈ ਜਾਂਦੀ ਹੈ। - - - - - ਭਗਤਾਂ ਦੀ ਇਸ ਰਾਗ ਵਿੱਚ ਕੋਈ ਬਾਣੀ ਨਹੀਂ ਕਿਉਂਕਿ ਇਹ ਪੰਜਾਬ ਦਾ ਸਥਾਨਕ ਰਾਗ ਹੈ।"1

ਇਸ ਰਾਗ ਵਿੱਚ ਗੁਰੂ ਸਾਹਿਬਾਨ ਨੇ ਪ੍ਰਭੂ ਮਿਲਾਪ ਲਈ ਤੀਬਰ ਇੱਛਾ ਅਤੇ ਸਥਾਨਕ x ਭੈੜੀਆਂ ਕੀਮਤਾਂ ਦਾ ਵਿਰੋਧ ਕਰਨ ਵਾਲੇ x ਭਾਵਾਂ ਦਾ ਪ੍ਰਗਟਾਵਾ ਕੀਤਾ ਹੈ।

ਪ੍ਰਭੂ ਮਿਲਾਪ ਦੀ ਖੁਸ਼ੀ ਦੇ ਭਾਵ ਬਿਆਨ ਕਰਦਿਆਂ ਮੋਹ ਦਾ ਪ੍ਰਤੀਕ ਵਧੇਰੇ

---

1. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 72

ਪ੍ਰਯੋਗ ਕੀਤਾ ਗਿਆ ਹੈ:-

ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ।[1]

ਹੁਕਮੀ ਵਰਸਣ ਲਾਗੇ ਮੇਹਾ।[2]

ਭਏ ਕ੍ਰਿਪਾਲ ਗੋਵਿੰਦ ਗੁਸਾਈ।

ਮੇਘੁ ਵਰਸੈ ਸਭਨੀ ਥਾਈ।[3]

ਮੀਹੁ ਪਾਇਆ ਪਰਮੇਸਰਿ ਪਾਇਆ

ਜੀਅ ਜੰਤ ਸਭਿ ਸੁਖੀ ਵਸਾਇਆ।[4]

ਪਾਰਬ੍ਰਹਮਿ ਪ੍ਰਭਿ ਮੇਘੁ ਪਠਾਇਆ।

ਜਲਿ ਥਲਿ ਮਹੀਅਲਿ ਦਹ ਦਿਸਿ ਵਰਸਾਇਆ।

ਸਾਂਤਿ ਭਈ ਬੁਝੀ ਸਭ ਤ੍ਰਿਸਨਾ ਅਨਦੁ ਭਇਆ ਸਭ ਠਾਈ ਜੀਉ।[5]

ਅਜੇਹੇ ਭਾਵਾਂ ਦਾ ਪ੍ਰਗਟਾਵਾ ਵੀ ਉਸੇ ਇਲਾਕੇ ਦੇ ਰਾਗ ਵਿੱਚ ਢੁਕਵਾਂ ਹੋ ਸਕਦਾ ਸੀ, ਜਿਸ ਇਲਾਕੇ ਦੇ ਲੋਕ ਮੀਂਹ ਲਈ ਤੀਬਰ ਇੱਛਾ ਰਖਦੇ ਹਨ। ਮਾਝ ਰਾਗ ਜਿਥੇ ਪੰਜਾਬ ਦਾ ਸਥਾਨਕ ਰਾਗ ਹੈ, ਉਥੇ ਇਸ ਰਾਗ ਨੂੰ ਵਰਖਾ ਰੁੱਤ ਨਾਲ ਵੀ ਸੰਬੰਧਿਤ ਕੀਤਾ ਗਿਆ ਹੈ।[6] ਇਸੇ ਲਈ ਜਿਥੇ ਇਸ ਰਾਗ ਵਿੱਚ ਮੀਂਹ ਦੇ ਅਲੰਕਾਰ ਵਰਤੇ ਹਨ ਉਥੇ ਇਸ ਰਾਗ ਦੀ ਬਾਣੀ ਵਿੱਚ 'ਚਾਤ੍ਰਿਕ', 'ਬੂੰਦ' ਅਤੇ 'ਜਲ' ਦੇ ਬਿੰਬ ਦਾ ਵਿਸ਼ੇਸ਼ ਰੂਪ ਵਿੱਚ ਪ੍ਰਯੋਗ ਕੀਤਾ ਗਿਆ ਹੈ ---

---

1. ਗੁਰੂ ਅਰਜਨ ਦੇਵ ਜੀ, <u>ਆਦਿ ਗ੍ਰੰਥ</u> ਪੰਨਾ 102
2. ਉਹੀ, ਪੰਨਾ 104
3. ਉਹੀ, ਪੰਨਾ 105
4. ਉਹੀ ਪੰਨਾ 105
5. ਉਹੀ ਪੰਨਾ, 106
6. ਪ੍ਰੋ: ਜੀ.ਐਸ.ਟਿਡਨ 'ਆਦਿ ਗ੍ਰੰਥ ਵਿੱਚ ਸੰਗੀਤ, <u>ਗੁਰਮਤਿ ਕਾਵਿ</u> ਭਾਸ਼ਾ ਵਿਭਾਗ ਪੰਜਾਬ, ਪੰਨਾ 97- 102

ਹਮ ਚਾਤ੍ਰਿਕ ਦੀਨ ਸਤਿਗੁਰ ਸਰਣਾਈ।
ਹਰਿਹਰਿ ਨਾਮ ਬੂੰਦ ਮੁਖਿ ਪਾਈ।
ਹਰ ਜਲਨਿਧਿ ਹਮ ਜਲ ਕੇ ਮੀਨੇ ਜਨ ਨਾਨਕ ਜਲ ਬਿਨੁ ਮਰੀਐ ਜੀਉ।[1]

ਤੂ ਜਲਨਿਧਿ ਹਮ ਮੀਨ ਤੁਮਾਰੇ।
ਤੇਰਾ ਨਾਮ ਬੂੰਦ ਹਮ ਚਾਤ੍ਰਿਕ ਤਿਖਹਾਰੇ
ਤੁਮਰੀ ਆਸ ਪਿਆਸਾ ਤੁਮਰੀ ਤੁਮਹੀ ਸੰਗਿ ਮਨ ਲੀਨਾ ਜੀਉ।
ਤ੍ਰਿਖਾਵੰਤ ਜਲੁ ਪੀਵਤ ਠੰਡਾ ਤਿਉ ਹਰਿ ਸੰਗਿ ਇਹੁ ਮਨ ਭੀਨਾ ਜੀਉ।[2]

ਮੇਰਾ ਮਨ ਲੋਚੈ ਗੁਰਦਰਸ਼ਨ ਤਾਈ।
ਬਿਲਪ ਕਰੇ ਚਾਤ੍ਰਿਕ ਕੀ ਨਿਆਈ।[3]

ਮਾਝ ਰਾਗ ਦੀ ਬਾਣੀ ਵਿੱਚ ਸ਼ਿੰਗਾਰਕ ਭਾਵ ਵੀ ਪ੍ਰਗਟ ਹੋਏ ਹਨ। ਗੁਰੂ ਨਾਨਕ[4] ਗੁਰੂ ਰਾਮਦਾਸ[5] ਅਤੇ ਗੁਰੂ ਅਰਜਨ ਦੇਵ ਜੀ[6] ਰਚਿਤ ਕਈ ਪਦਿਆਂ ਵਿੱਚ ਸ਼ਿੰਗਾਰ ਦੇ ਖਾਸ ਕਰਕੇ ਵਿਜੋਗ ਨਾਲ ਸਬੰਧਿਤ ਭਾਵਾਂ ਦਾ ਪ੍ਰਗਟਾਵਾ ਹੋਇਆ ਹੈ। ਇਹਨਾਂ ਭਾਵਾਂ ਨੂੰ ਪ੍ਰਗਟਾਉਣ ਲਈ ਵੀ ਮਾਝ ਰਾਗ ਇੱਕ ਢੁਕਵਾਂ ਰਾਗ ਹੈ ਕਿਉਂਕਿ ਇਸ ਰਾਗ ਵਿੱਚ ਰਿਸ਼ਭ ਸਥਾਈ ਸੁਰ ਹੈ ਅਤੇ ਜਿਹਨਾਂ ਰਾਗਾਂ ਵਿੱਚ ਰਿਸ਼ਭ ਅਤੇ ਧੈਵਤ ਸੁਰ ਸ਼ੁਧ ਰੂਪ ਵਿੱਚ ਪ੍ਰਯੋਗ ਹੋਣ ਉਹ ਰਾਗ ਭਾਤਖੰਡੇ ਅਨੁਸਾਰ ਸ਼ਿੰਗਾਰਕ ਦੇ ਭਾਵਾਂ ਨੂੰ ਪ੍ਰਗਟਾਉਣ ਦੇ ਅਨੁਕੂਲ ਹੁੰਦੇ ਹਨ।

ਇਸ ਰਾਗ ਵਿੱਚ ਰਚੀ ਵਾਰ ਅੰਦਰ ਬੀਰਤਾ ਦੇ ਭਾਵ ਉਜਾਗਰ ਹੋਏ ਹਨ। ਇਹ ਰਾਗ ਇਹਨਾਂ ਭਾਵਾਂ ਨੂੰ ਵੀ ਸਫਲਤਾ ਨਾਲ ਪ੍ਰਗਟ ਕਰਦਾ ਹੈ ਕਿਉਂਕਿ ਨਾਟ ਸ਼ਾਸਤਰ ਵਿੱਚ ਲਿਖਿਆ

---

1. ਗੁਰੂ ਰਾਮਦਾਸ ਜੀ, ਆਦਿ ਗ੍ਰੰਥ, ਪੰਨਾ 95
2. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 100
3. ਉਹੀ, ਪੰਨਾ 96
4. ਆਦਿ ਗ੍ਰੰਥ, ਪੰਨਾ 109
5. ਉਹੀ, ਪੰਨਾ 94
6. ਉਹੀ, ਪੰਨਾ 96
7. ਭਾਤਖੰਡੇ, ਕ੍ਰਮਕ ਪੁਸਤਕ ਮਲਿਕਾ (ਪਾਂਚਵੀਂ ਪੁਸਤਕ) ਪੰਨਾ 37

ਹੈ ਜਿਹਨਾਂ ਰਾਗਾਂ ਵਿੱਚ ਰਿਸ਼ਭ ਵਾਦੀ ਸੁਰ ਹੋਵੇ ਉਹ ਰਾਗ ਵੀਰ ਰੌਦਰ ਅਤੇ ਅਦਭੁਤ ਭਾਵਾਂ ਦਾ ਪ੍ਰਗਟਾਵਾ ਕਰਨ ਦੇ ਅਨੁਕੂਲ ਹੁੰਦੇ ਹਨ।[1]

ਸੋ ਇਸ ਰਾਗ ਦੀ ਬਾਣੀ ਕਿਸੇ ਇੱਕ ਭਾਵ ਦੀ ਥਾਂ ਸ਼ਿੰਗਾਰ, ਵਿਜੋਗ ,ਵੀਰ ਆਦਿ ਭਾਵਾਂ ਨੂੰ ਪ੍ਰਗਟ ਕਰਦੀ ਹੈ ਉਥੇ ਇਸ ਵਿੱਚ ਇਹਨਾਂ ਭਾਵਾਂ ਦਾ ਗਾਇਨ ਕਰਨ ਲਈ ਉਸ ਰਾਗ ਦਾ ਪ੍ਰਯੋਗ ਹੋਇਆ ਹੈ ਜੋ ਇਹਨਾਂ ਭਾਵਾਂ ਦਾ ਸਫਲਤਾ ਪੂਰਨ ਪ੍ਰਗਟਾਵਾ ਕਰ ਸਕਦਾ ਹੈ।

## ਗਉੜੀ:-

ਗਉੜੀ ਰਾਗ ਵਿੱਚ ਸਾਰੇ ਗੁਰੂ ਕਵੀਆਂ ਨੇ ਗੰਭੀਰ ਵਿਸ਼ਿਆਂ ਨਾਲ ਸਬੰਧਿਤ ਕਾਵਿ ਰਚਨਾ ਕੀਤੀ ਹੈ। ਇਸ ਵਿੱਚ ਮਨੁੱਖ ਦੀ ਅਸਲੀਅਤ, ਬ੍ਰਹਮ, ਆਤਮਾ, ਪ੍ਰਕਿਰਤੀ ਅਤੇ ਭਗਤੀ ਬਾਰੇ ਦਾਰਸ਼ਨਿਕ ਪੱਧਰ ਦੇ ਸਿਧਾਂਤਕ ਵਿਚਾਰ ਪ੍ਰਗਟ ਕੀਤੇ ਹਨ। ਡਾ: ਤਾਰਨ ਸਿੰਘ ਇਸ ਰਾਗ ਦੀ ਬਾਣੀ ਦਾ ਵਿਸ਼ਲੇਸ਼ਣ ਕਰਦਿਆਂ ਲਿਖਦੇ ਹਨ, "ਗੁਰੂ ਨਾਨਕ ਸਾਹਿਬ ਨੇ 'ਭੈ' ਤੇ 'ਭਗਤੀ' ਦਾ ਸੰਬੰਧ ਦੱਸਿਆ ਹੈ, 'ਓਹ ਨ ਮੂਆ ਜੋ ਰਹਿਆ ਸਮਾਇ' ਤੇ ਜ਼ੋਰ ਦਿੱਤਾ ਹੈ; 'ਪਾਪ ਪੁੰਨੁ ਬੀਜ ਕੀ ਪੋਟ' ਦਾ ਚੇਤਾ ਕਰਾਇਆ ਹੈ, ' ਤਰਵਰ ਪੰਖੀ ਬਹੁ ਨਿਸਿ ਬਾਸਾ' ਦੀ ਅਸਲੀਅਤ ਪ੍ਰਗਟ ਕੀਤੀ ਹੈ। ਗੁਰੂ ਅਮਰਦਾਸ ਜੀ ਨੇ 'ਗੁਰਿ ਮਿਲਿਐ ਸਭ ਸੋਝੀ ਹੋਈ' 'ਕਰਮ ਹੋਵੈ ਸਤਸੰਗਿ ਮਿਲਾਏ', 'ਮਨ ਮਾਰੇ ਧਾਤੁ ਮਰਿ ਜਾਇ', 'ਹਉਮੈ ਵਿਚਿ ਸਭ ਜਗ [illegible] ਬਉਰਾਨਾ'। 'ਏਕਸ ਤੇ ਸਭਿ ਰੂਪ ਹਹਿ ਰੰਗਾ', 'ਗੁਰ ਸੇਵਾ ਜੁਗ ਚਾਰੇ ਹੋਈ' ਦੇ ਸਿਧਾਂਤ ਦਰਸਾਏ ਹਨ। ਗੁਰੂ ਅਰਜਨ ਸਾਹਿਬ ਨੇ ਸੁਖਮਨੀ ਤੇ ਬਾਵਨ ਅਖਰੀ ਵਿੱਚ ਫਿਲਾਸਫੀ ਨੂੰ ਕਾਵਿ ਰੂਪ ਵਿੱਚ ਪੇਸ਼ ਕੀਤਾ ਹੈ।[2] ਇਸ ਰਾਗ ਦੀ ਬਾਣੀ ਵਿੱਚ ਤੱਤ-ਗਿਆਨ ਅਤੇ ਆਤਮ ਗਿਆਨ

---

1. ਹਵਾਲਾ -ਦਿਨੇਸ਼ ਚੰਦਰ ਗੁਪਤ(ਡਾ.), <u>ਭਗਤੀ ਕਾਲੀਨ ਕਾਵਯ ਮੇਂ ਰਾਗ ਔਰ ਰਸ</u>, ਪੰਨਾ 84
2. ਤਾਰਨ ਸਿੰਘ, <u>ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਇਤਿਹਾਸ</u> ਪੰਨਾ 73

ਦੇ ਚਾਨਣੈ ਵਿੱਚ ਸਰੀਰ, ਜਗਤ ਅਤੇ ਬ੍ਰਹਮ ਦਾ ਵਰਣਨ ਕੀਤਾ ਗਿਆ ਹੈ। ਜਿਥੇ ਗਿਆਨ ਹੈ ਉਥੇ ਚੰਚਲਤਾ ਨਹੀਂ ਹੋ ਸਕਦੀ ਇਸ ਲਈ ਇਸ ਰਾਗ ਵਿੱਚ ਗੁਰੂ ਕਵੀਆਂ ਦਾ ਅਨੁਭਵ ਸ਼ਾਂਤ ਭਰਪੂਰ ਹੈ। ਅਜੇਹੇ ਅਨੁਭਵ ਨੂੰ ਪ੍ਰਗਟ ਕਰਨ ਲਈ ਰਾਗ ਗਉੜੀ ਇੱਕ ਅਨੁਕੂਲ ਰਾਗ ਹੈ।

ਇਸ ਰਾਗ ਵਿੱਚ ਕੋਮਲ ਰਿਸ਼ਭ ਅਤੇ ਕੋਮਲ ਧੈਵਤ ਸੁਰਾਂ ਦਾ ਪ੍ਰਯੋਗ ਹੁੰਦਾ ਹੈ, ਇਸ ਲਈ ਇਹ ਰਾਗ ਕਰੁਣ ਅਤੇ ਸ਼ਾਂਤ ਭਾਵਾਂ ਨੂੰ ਪ੍ਰਗਟ ਕਰਨ ਵਿੱਚ ਸਹਾਇਕ ਹੁੰਦਾ ਹੈ। ਗਉੜੀ ਰਾਗ ਵਿੱਚ ਗੰਭੀਰਤਾ ਦੇ ਭਾਵ ਪ੍ਰਗਟ ਕਰਨ ਦੀ ਵਿਸ਼ੇਸ਼ ਸ਼ਕਤੀ ਹੈ। ਭਾਰਤੀ ਸੰਗੀਤ ਕੋਸ਼ ਅਨੁਸਾਰ ਪੰਜ ਗਾਇਨ ਗੀਤ-ਪਦਤੀਆਂ ਸ਼ੁਧਾ, ਭਿੰਨਾ, ਗੌੜੀ, ਵੇਸਰਾ ਜਾਂ ਵੇਗਸਰਾਂ ਅਤੇ ਸਧਾਰਣੀ ਵਿੱਚੋਂ ਗਉੜੀ ਤੀਜੇ ਥਾਂ ਤੇ ਹੈ। ਗੌੜੀ ਬਾਰੇ ਦਸਿਆ ਹੈ -- ਗੰਭੀਰ, ਮੰਦਰ, ਮੱਧ, ਤਾਰ ਦੇ ਸਥਾਨ ਤੇ ਠੀਕ ਗਮਕ ਭਰਪੂਰ ਅਤੇ ਅਖੰਡ ਗੀਤ ਹੈ।

ਧਰੁਪਦ ਗਾਇਨ ਵਿੱਚ ਇੱਕ ਗੌੜਹਾਰ ਬਾਣੀ ਪ੍ਰਚਲਿਤ ਹੈ। ਇਸ ਬਾਰੇ ਲਿਖਿਆ ਹੈ --- ਸਰਲ ਅਤੇ ਗੰਭੀਰ ਗੀਤਿ ਵਿੱਚ ਇਸ ਬਾਣੀ ਦਾ ਵਿਵਹਾਰ ਹੁੰਦਾ ਹੈ।[1] ਗੁਰਬਾਣੀ ਦੀ ਗੰਭੀਰਤਾ ਅਤੇ ਗਉੜੀ ਰਾਗ ਦੇ ਅਨੁਕੂਲ ਹੋਣ ਦਾ ਪਤਾ ਇਥੋਂ ਵੀ ਲਗਦਾ ਹੈ ਕਿ ਇਸ ਰਾਗ ਦੀ ਬਾਣੀ ਨਾਲ ਰਬਾਬ ਸਾਜ ਪ੍ਰਯੋਗ ਕੀਤਾ ਜਾਂਦਾ ਹੈ।[2]

ਇਸ ਰਾਗ ਦੀ ਬਾਣੀ ਵਿੱਚ ਕਈ ਥਾਈਂ ਸੰਜੋਗ-ਸ਼ਿੰਗਾਰ ਅਤੇ ਵਿਜੋਗ ਸ਼ਿੰਗਾਰ ਦੇ ਭਾਵਾਂ ਦਾ ਪ੍ਰਦਰਸ਼ਨ ਵੀ ਹੋਇਆ ਹੈ। ਜਿਵੇਂ:-

<u>ਸੰਜੋਗ ਸ਼ਿੰਗਾਰ</u>:-

ਮੇਰੀ ਇਛ ਪੁਨੀ ਜੀਉ ਹਮ ਘਰ ਸਾਜਨ ਆਇਆ।
ਮਿਲਿ ਵਰੁ ਨਾਰੀ ਮੰਗਲ ਗਾਇਆ।[3]

---

1. ਵਿਮਲਾ ਕਾਂਤ ਰਾਇ ਚੌਧਰੀ, <u>ਭਾਰਤੀਯ ਸੰਗੀਤ ਕੋਸ਼</u>, ਪੰਨਾ 30-31

2. ਉਹੀ, ਪੰਨਾ 10

3. <u>ਆਦਿ ਗ੍ਰੰਥ</u>, ਪੰਨਾ 242

ਵਿਜੋਗ ਸ਼੍ਰਿੰਗਾਰ:-

ਭੁਇ ਨਾਹ ਪ੍ਰਭੁ ਜੀਉ ਇਕਲੜੀ ਬਨ ਮਾਹੇ।

ਕਿਉ ਧੀਰੈਗੀ ਨਾਹ ਬਿਨ ਪ੍ਰਭ ਵੇਪਰਵਾਹੇ।[1]

ਇਹ ਭਾਵ ਵੀ ਗਉੜੀ ਰਾਗ ਵਿੱਚ ਪ੍ਰਗਟ ਹੋ ਸਕਦੇ ਹਨ। ਇਸ ਰਾਗ ਨਾਲ ਪੁਰਾਤਨ ਕਾਲ ਵਿੱਚ ਅਤੇ ਆਧੁਨਿਕ ਕਾਲ ਵਿੱਚ ਸ਼੍ਰਿੰਗਾਰ ਦੇ ਭਾਵ ਵੀ ਸਬੰਧਿਤ ਕੀਤੇ ਜਾਂਦੇ ਰਹੇ ਹਨ। ਪੁਰਾਤਨ ਕਾਲ ਦੇ ਸੰਗੀਤ ਗ੍ਰੰਥ ਸੰਗੀਤ ਦੁਰਪਣ[2] ਵਿੱਚ ਗਉੜੀ ਰਾਗ ਦਾ ਜਿਹੜਾ ਭਾਵ ਚਿੱਤਰ ਵਰਣਨ ਕੀਤਾ ਗਿਆ ਹੈ ਉਹ ਸ਼੍ਰਿੰਗਾਰਕ ਹੈ ਅਤੇ ਆਧੁਨਿਕ ਕਾਲ ਦੇ ਵਿਦਵਾਨ ਡਾ. ਦਿਨੇਸ਼ ਚੰਦਰ ਵੀ ਇਸ ਰਾਗ ਨੂੰ ਸ਼੍ਰਿੰਗਾਰ ਰਸ ਦਾ ਪ੍ਰਤੀਕ ਮੰਨਦੇ ਹਨ।[3] ਇਸ ਲਈ ਇਹ ਰਾਗ ਜਿੱਥੇ ਗੰਭੀਰ ਭਾਵਾਂ ਲਈ ਢੁਕਵਾਂ ਹੈ ਉੱਥੇ ਸ਼੍ਰਿੰਗਾਰ ਦੇ ਭਾਵਾਂ ਨੂੰ ਪ੍ਰਗਟਾਉਣ ਦੇ ਅਨੁਕੂਲ ਵੀ ਹੈ।

ਰਾਗ ਆਸਾ:-

ਆਸਾ ਰਾਗ ਦੀ ਬਾਣੀ ਵਿੱਚ ਆਸ਼ਾਵਾਦੀ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਹੋਇਆ ਹੈ। ਇਸ ਬਾਣੀ ਵਿੱਚ ਸੁਸਤੀ ਨੂੰ ਦੂਰ ਕਰਕੇ ਉਤਸ਼ਾਹਤ ਕਰਨ ਦੇ ਭਾਵ ਪ੍ਰਬਲ ਹਨ —

ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ।[4]

ਵਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ।[5]

ਉਠਿ ਵਞੁ ਵਟਾਊੜਿਆ ਤੈ ਕਿਆ ਚਿਰੁ ਲਾਇਆ।[6]

1. ਆਦਿ ਗ੍ਰੰਥ, ਪੰਨਾ 24
2. ਦਮੋਦਰ ਪੰਡਤ, ਸੰਗੀਤ ਦਰਪਣ ਪੰਨਾ 92
3. ਭਗਤੀ ਕਾਲੀਨ ਕਾਵਯ ਮੇਂ ਰਾਗ ਔਰ ਰਸ ਪੰਨਾ 112
4. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 456
5. ਉਹੀ, ਪੰਨਾ 460
6. ਉਹੀ, ਪੰਨਾ 459

ਇਸ ਰਾਗ ਵਿੱਚ ਆਸ਼ਾਵਾਦੀ ਭਾਵਾਂ ਦੇ ਨਾਲ ਨਾਲ ਗੁਰੂ ਸਾਹਿਬਾਨ 'ਆਸ਼ਾ' ਸ਼ਬਦ ਦਾ ਪ੍ਰਯੋਗ ਚੰਗੀ ਅਤੇ ਮਾੜੀ 'ਆਸਾ' ਵਾਸਤੇ ਕਰਦੇ ਹਨ। ਉਸ ਆਸ ਦਾ ਖੰਡਨ ਕੀਤਾ ਹੈ ਜਿਹੜੀ ਮਨੁੱਖ ਨੂੰ ਨਿਰਾਸ਼ਾ ਵੱਲ ਲੈ ਜਾਂਦੀ ਹੈ। 'ਆਸ' ਸ਼ਬਦ ਇਸ ਰਾਗ ਦੀ ਬਾਣੀ ਵਿੱਚ ਬਹੁਤ ਪ੍ਰਯੋਗ ਹੋਇਆ ----

ਖਾਣ ਜੀਵਣ ਕੀ ਬਹੁਤੀ ਆਸ।[1]

ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ।[2]

ਆਸ ਨਿਰਾਸੀ ਤਉ ਸੰਨਿਆਸੀ।[3]

ਏਸੇ ਤਰ੍ਹਾਂ ਪੰਨਾ 354 ਤੋਂ ਲੈ ਕੇ ਪੰਨਾ 462 ਤਕ 31 ਤੋਂ ਵੀ ਵਧੀਕ ਵਾਰ 'ਆਸ' ਸ਼ਬਦ ਦਾ ਪ੍ਰਯੋਗ ਹੋਣਾ ਇਸ ਰਾਗ ਦੀ ਬਾਣੀ ਨੂੰ ਭਾਵ ਪੱਖੋਂ ਵਿਲੱਖਣ ਬਣਾਉਂਦਾ ਹੈ ਅਤੇ ਇਸ ਦਾ ਰਾਗ ਆਸਾ ਨਾਲ ਨੇੜਲਾ ਸੰਬੰਧ ਦਰਸਾਉਂਦਾ ਹੈ।

ਰਾਗ ਆਸਾ ਇਹਨਾਂ ਆਸ਼ਾਵਾਦੀ ਭਾਵਾਂ ਦੇ ਅਨੁਕੂਲ ਹੈ ਕਿਉਂਕਿ ਗੁਰਮਤਿ ਸੰਗੀਤ ਰਤਨ ਭੰਡਾਰ[4] ਅਨੁਸਾਰ ਇਸ ਰਾਗ ਵਿੱਚ ਰਿਸ਼ਭ ਵਾਦੀ ਹੈ ਅਤੇ ਭਰਤ ਦੇ ਸੰਗੀਤ ਸਿਧਾਂਤ ਅਨੁਸਾਰ[5] ਜਿਹਨਾਂ ਰਾਗਾਂ ਵਿੱਚ ਇਹ ਸੁਰ ਵਾਦੀ ਹੋਵੇ ਉਹ ਬੀਰ ਰਸੀ ਭਾਵਾਂ ਜਿਹਨਾਂ ਦਾ ਸਥਾਈ ਭਾਵ ਉਤਸ਼ਾਹ ਹੈ, ਨੂੰ ਪ੍ਰਗਟ ਕਰਨ ਦੇ ਅਨੁਕੂਲ ਹੁੰਦੇ ਹਨ। ਇਸ ਲਈ ਉਤਸ਼ਾਹ ਦੇ ਭਾਵਾਂ ਨੂੰ ਵਧੇਰੇ ਮਾਤਰਾ ਵਿੱਚ ਇਸ ਰਾਗ ਰਾਹੀਂ ਪ੍ਰਗਟ ਕਰਨਾ ਕੋਈ ਅਚੇਤ ਕਾਰਜ ਜਾਂ ਅਢੁਕਵਾਂ ਨਹੀਂ।

---

1. ਗੁਰੂ ਨਾਨਕ, <u>ਆਦਿ ਗ੍ਰੰਥ</u>, ਪੰਨਾ 354
2. ਉਹੀ, ਪੰਨਾ 356
3. ਉਹੀ, ਪੰਨਾ 356
4. ਪ੍ਰੇਮ ਸਿੰਘ, <u>ਗੁਰਮਤਿ ਸੰਗੀਤ ਰਤਨ ਭੰਡਾਰ</u>, ਪੰਨਾ 34
5. ਬ੍ਰਿਹਸਪਤੀ, <u>ਭਰਤ ਕਾ ਸੰਗੀਤ ਸਿਧਾਂਤ</u>, ਪੰਨਾ 270

ਇਸ ਰਾਗ ਵਿੱਚ ਕਿਤੇ ਸੰਜੋਗ ਸਿੰਗਾਰ ਨਾਲ ਸੰਬੰਧਿਤ ਭਾਵ ਵੀ ਪ੍ਰਗਟ ਹੋਏ ਹਨ ---

ਨਿਕਟਿ ਆਨਿ ਪ੍ਰਿਅ ਸੇਜ ਧਰੀ।
ਕਾਢਿ ਕਵਨ ਤੈ ਛੂਟਿ ਪਰੀ।[1]

ਮੇਰੀ ਸੇਜੜੀਐ ਆਡੰਬਰੁ ਬਣਿਆ।
ਮਨਿ ਆਨਦੁ ਭਇਆ ਪ੍ਰਭੁ ਆਵਤੁ ਸੁਣਿਆ।[2]

ਆਚਾਰੀਆ ਬ੍ਰਿਹਸਪਤੀ, ਭਾਰਤ ਦੇ ਸੰਗੀਤ ਸਿਧਾਂਤ ਬਾਰੇ ਲਿਖਦਿਆਂ ਦਸਦੇ ਹਨ ਕਿ ਜਿਹਨਾਂ ਰਾਗਾਂ ਵਿੱਚ ਮਧਮ ਸੁਰ ਵਾਦੀ ਹੁੰਦਾ ਹੈ ਉਹ ਰਾਗ ਸਿੰਗਾਰ ਰਸ ਨੂੰ ਪ੍ਰਗਟਾਉਣ ਦੇ ਯੋਗ ਹੁੰਦੇ ਹਨ।[3] ਆਸਾ ਰਾਗ ਵਿੱਚ ਕਿਉਂਕਿ ਮਧਮ ਸੁਰ ਵਾਦੀ ਹੈ ਇਸ ਲਈ ਇਸ ਰਾਗ ਰਾਹੀਂ ਸਿੰਗਾਰ ਰਸੀ ਭਾਵਾਂ ਦਾ ਪ੍ਰਗਟਾਓ ਕਰਨਾ ਬੇਮੇਲ ਨਹੀਂ ਹੈ।

ਸਮੁੱਚੇ ਰੂਪ ਵਿੱਚ ਇਸ ਰਾਗ ਦੀ ਬਾਣੀ ਵਿੱਚ ਕਰੁਣਾ ਦਾ ਅਭਾਵ ਹੈ ਅਤੇ ਉਤਸ਼ਾਹ ਅਤੇ ਖੁਸ਼ੀ ਦਾ ਪ੍ਰਗਟਾਵਾ ਵਧੇਰੇ ਹੈ। ਇਸ ਲਈ ਇਹ ਰਾਗ ਇਹਨਾਂ ਭਾਵਾਂ ਨੂੰ ਪ੍ਰਗਟਾਉਣ ਵਿੱਚ ਵਧੇਰੇ ਸਫਲ ਹੈ। ਇਸ ਰਾਗ ਦੀ ਬਾਣੀ ਦੇ ਭਾਵ ਅਤੇ ਰਾਗ ਬਾਰੇ ਡਾ. ਧਰਮਪਾਲ ਮੈਣੀ ਦੇ ਸ਼ਬਦ ਬੜੇ ਢੁਕਵੇਂ ਹਨ -- "ਗੰਭੀਰ ਆਤਮ-ਚਿੰਤਨ ਜਿਸ ਵਿਵੇਕ ਨੂੰ ਜਾਗ੍ਰਿਤ ਕਰਦਾ ਹੈ, ਉਹ 'ਆਸਾ' ਲੈ ਕੇ ਅਗੇ ਵਧਦਾ ਹੈ ਅਤੇ ਇਹ ਰਾਗ ਉਸੇ ਆਸ਼ਾਵਾਦੀ ਦ੍ਰਿਸ਼ਟੀਕੋਣ ਦੀ ਪਛਾਣ ਵਿੱਚ ਹੀ ਆਪਣੇ ਨਾਮ ਦੀ ਸਾਰਥਕਤਾ ਛਿਪਾਈ ਬੈਠਾ ਹੈ।"[4]

---

1. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 384
2. ਉਹੀ ਪੰਨਾ, 459
3. ਭਾਰਤ ਕਾ ਸੰਗੀਤ ਸਿਧਾਂਤ, ਪੰਨਾ 271
4. ਡਾ. ਧਰਮਪਾਲ ਮੈਣੀ, ਸ੍ਰੀ ਗੁਰੂ ਗ੍ਰੰਥ ਏਕ ਪਰਿਚੈ, ਪੰਨਾ 61

## ਰਾਗ ਗੂਜਰੀ :-

ਰਾਗ ਗੂਜਰੀ ਦੀ ਬਾਣੀ ਵਿੱਚ ਪੂਜਾ ਦਾ ਵਾਤਾਵਰਣ ਬਣਿਆ ਰਹਿੰਦਾ ਹੈ। ਇਸ ਵਿੱਚ ਪੂਜਾ ਦੇ ਅੰਗ ਮੂਰਤੀ ਆ ਨਿਰਤ ਆਦਿ ਬਾਰੇ ਵਿਚਾਰ ਪ੍ਰਗਟ ਕੀਤੇ ਗਏ ਹਨ। ਪਰ ਇਸ ਕਰਮਕਾਂਡੀ ਪੂਜਾ ਨੂੰ ਆਤਮਿਕ ਪੂਜਾ ਦੇ ਡੂੰਘੇਰੇ ਅਰਥ ਪ੍ਰਦਾਨ ਕਰਕੇ ਵਰਣਨ ਕੀਤਾ ਗਿਆ ਹੈ:-

ਤੇਰਾ ਨਾਮੁ ਕਰੀ ਚਨਣਾਠੀਆ, ਜੇ ਮਨੁ ਉਰਸਾ ਹੋਇ।
ਕਰਣੀ ਕੁੰਗੂ ਜੇ ਰਲੈ, ਘਟ ਅੰਤਰਿ ਪੂਜਾ ਹੋਇ।[1]

ਹਿੰਦੂ ਪੂਜਾ ਪਦਤੀ ਵਿੱਚ ਨਿਰਤ ਦਾ ਵਿਸ਼ੇਸ਼ ਸਥਾਨ ਰਿਹਾ ਹੈ ਇਸ ਲਈ ਗੁਰੂ ਕਵੀਆਂ ਨੇ 'ਨਿਰਤ' ਬਾਰੇ ਆਪਣੇ ਵਿਚਾਰ ਵਿਲੱਖਣ ਰੂਪ ਵਿੱਚ ਪ੍ਰਗਟ ਕੀਤੇ ਹਨ —

ਨਾਚੁ ਰੇ ਮਨ ਗੁਰ ਕੈ ਆਗੈ।
ਗੁਰ ਕੈ ਭਾਣੈ ਨਾਚਹਿ ਤਾ ਸੁਖੁ ਪਾਵਹਿ ਅੰਤੇ ਜਮ ਭਉ ਭਾਗੈ।[2]

ਇਸ ਰਾਗ ਦੀ ਬਾਣੀ ਵਿੱਚ ਗੁਰੂ ਕਵੀ ਆਪਣੇ ਆਪ ਨੂੰ ਸ਼ਰਧਾਲੂ ਅਤੇ ਪੁਜਾਰੀ ਦੇ ਰੂਪ ਪੇਸ਼ ਕਰਦਿਆਂ ਪਰਮਾਤਮਾ ਪ੍ਰਤੀ ਸ਼ਰਧਾ ਭਾਵ ਨੂੰ ਪ੍ਰਗਟਾਉਂਦੇ ਹਨ। ਇੱਥੇ ਗੰਭੀਰ ਸਿਧਾਂਤਕ ਵਿਚਾਰ ਦਾ ਪ੍ਰਗਟਾਵਾ ਨਹੀਂ ਹੋਇਆ ਅਤੇ ਨਾ ਹੀ ਪ੍ਰੇਮੀ-ਪ੍ਰੇਮਿਕਾ, ਪਤੀ-ਪਤਨੀ ਆਦਿ ਰਿਸ਼ਤਿਆਂ ਦੇ ਬਿੰਬਾਂ ਦਾ ਸਹਾਰਾ ਲਿਆ ਗਿਆ ਹੈ।

ਇਹਨਾਂ ਭਾਵਾਂ ਦਾ ਪ੍ਰਗਟਾਵਾ ਗੂਜਰੀ ਰਾਗ ਵਿੱਚ ਉਚਿਤ ਰੂਪ ਵਿੱਚ ਹੋ ਸਕਦਾ ਹੈ। ਡਾ. ਤਾਰਨ ਸਿੰਘ ਇਸ ਰਾਗ ਨੂੰ ਕ੍ਰਿਸ਼ਨ ਪੂਜਾ ਦਾ ਰਾਗ ਦਸਦੇ ਹਨ।[3] ਇਸ ਰਾਗ ਦਾ

---

1. ਗੁਰੂ ਨਾਨਕ , ਆਦਿ ਗ੍ਰੰਥ, ਪੰਨਾ 489
2. ਗੁਰੂ ਅਮਰਦਾਸ ਜੀ, ਆਦਿ ਗ੍ਰੰਥ, ਪੰਨਾ 506
3. ਡਾ. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਇਤਿਹਾਸ, ਪੰਨਾ 75

ਨਾਮ 'ਗੂਜਰੀ' ਵੀ ਗੋਪੀਆਂ ਅਤੇ ਕ੍ਰਿਸ਼ਨ ਦੇ ਰਿਸ਼ਤੇ ਵੱਲ ਸੰਕੇਤ ਕਰਦਾ ਹੈ।

ਇਸ ਰਾਗ ਦੇ ਬਹੁਤੇ ਸ਼ਬਦਾਂ ਵਿੱਚ ਬੇਨਤੀ ਅਤੇ ਉਪਦੇਸ਼ ਦੇ ਰੂਪ ਵਿੱਚ ਸੰਬਾਦ ਚਲਦਾ ਹੈ —

ਮੇਰੇ ਠਾਕੁਰ ਰਖਿ ਲੇਵਹੁ ਕਿਰਪਾਧਾਰੀ।[1]

ਗੋਵਿੰਦ ਤੁਝ ਬਿਨੁ ਅਵਰ ਨ ਠਾਉ।[2]

ਉਪਦੇਸਮਈ ਸ਼ਬਦਾਂ ਵਿੱਚ ਭਾਈ,[3] ਬੀਰ,[4] ਮਾਈ,[5] ਪੂਤਾ,[6] ਸਾਜਨ[7] ਆਦਿ ਸੰਬੋਧਨ ਪ੍ਰਯੋਗ ਕੀਤੇ ਗਏ ਹਨ।

ਕਈ ਥਾਵਾਂ ਤੇ ਇਸ ਰਾਗ ਵਿੱਚ ਉਤਸ਼ਾਹ ਭਰਪੂਰ ਭਾਵਾਂ ਦਾ ਪ੍ਰਗਟਾਵਾ ਹੋਇਆ ਹੈ —

ਉਦਮ ਕਰੇਦਿਆ ਜੀਉ ਤੂ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂ ਪ੍ਰਭ ਮਿਲੁ ਨਾਨਕ ਉਤਰੀ ਚਿੰਤ॥[8]

—

ਮਾਇਆ ਹੋਈ ਨਾਗਨੀ ਜਗਤ ਰਹੀ ਲਪਟਾਇ।
ਗੁਰਮੁਖ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ।[9]

ਇਸ ਰਾਗ ਵਿੱਚ ਭਾਵੇਂ ਕੋਮਲ ਰਿਸ਼ਭ ਅਤੇ ਕੋਮਲ ਧੈਵਤ ਜੋ ਕਰੁਣ ਅਤੇ ਸ਼ਾਂਤ ਭਾਵਾਂ ਦੇ ਅਨੁਕੂਲ ਹੁੰਦੇ ਹਨ, ਦਾ ਪ੍ਰਯੋਗ ਹੁੰਦਾ ਹੈ ਪਰ ਤੀਬਰ ਮਧਮ ਅਤੇ ਕੋਮਲ ਗੰਧਾਰ ਸ਼ਾਂਤ ਅਤੇ ਕਰੁਣ ਭਾਵਾਂ ਨੂੰ ਕਮਜ਼ੋਰ ਕਰ ਦਿੰਦੇ ਹਨ ਅਤੇ ਇਹ ਰਾਗ ਉਤਸ਼ਾਹ ਅਤੇ

---

1. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 495
2. ਉਹੀ, ਪੰਨਾ 502
3. ਉਹੀ, ਪੰਨਾ 492
4. ਗੁਰੂ ਰਾਮਦਾਸ ਜੀ, ਆਦਿ ਗ੍ਰੰਥ, ਪੰਨਾ 494
5. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 495
6. ਉਹੀ, ਪੰਨਾ 496
7. ਉਹੀ, ਪੰਨਾ 499
8. ਉਹੀ, ਆਦਿ ਗ੍ਰੰਥ, ਪੰਨਾ 522
9. ਗੁਰੂ ਅਮਰਦਾਸ ਜੀ, ਆਦਿ ਗ੍ਰੰਥ, ਪੰਨਾ 510

ਹੋਰ ਨਾਲਿਬ ਭਾਵ ਪ੍ਰਗਟਾਉਣ ਦੇ ਯੋਗ ਹੋ ਜਾਂਦਾ ਹੈ।

ਕਈ ਸੰਗੀਤ ਗ੍ਰੰਥਾਂ ਵਿੱਚ ਇਸ ਰਾਗ ਦਾ ਵਾਦੀ ਸੁਰ ਧੈਵਤ ਦੱਸਿਆ ਗਿਆ ਹੈ ਪਰ ਕਈ ਸੰਗੀਤ ਗ੍ਰੰਥ 'ਪੰਚਮ' ਨੂੰ ਇਸ ਦਾ ਵਾਦੀ ਸੁਰ ਮੰਨਦੇ ਹਨ। ਇਸ ਲਈ ਇਸ ਰਾਗ ਰਾਹੀਂ ਕਿਸੇ ਖਾਸ ਭਾਵ ਨੂੰ ਹੀ ਸੰਬੰਧਿਤ ਨਹੀਂ ਕੀਤਾ ਜਾ ਸਕਦਾ। ਗੁਰੂ ਕਵੀਆਂ ਨੇ ਇਸ ਰਾਹੀਂ ਜਿਹੜੇ ਭਾਵ ਪ੍ਰਗਟਾਏ ਹਨ ਉਹਨਾਂ ਕਰਕੇ ਇਸ ਰਾਗ ਦੀ ਬਾਣੀ ਦੇ ਭਾਵ ਅਤੇ ਰਾਗ ਦਾ ਸੰਬੰਧ ਵਿਲੱਖਣ ਰੂਪ ਧਾਰਨ ਕਰ ਲੈਂਦਾ ਹੈ।

## ਰਾਗ ਦੇਵਗੰਧਾਰੀ:-

ਇਸ ਰਾਗ ਵਿੱਚ ਕੇਵਲ ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਪਦੇ ਹੀ ਦਰਜ ਹਨ। ਇਹਨਾਂ ਪਦਿਆਂ ਵਿੱਚ ਪ੍ਰਮਾਤਮਾ ਨਾਲ ਮਿਲਾਪ , ਉਸਦੇ ਗੁਣ ਗਾਉਣ ਅਤੇ ਉਪਦੇਸ਼ਮਈ ਭਾਵ ਪ੍ਰਗਟ ਕੀਤੇ ਗਏ ਹਨ। ਕਿਤੇ ਕਿਤੇ ਸਵੈ/ਪੜਚੋਲ ਵੀ ਕੀਤੀ ਗਈ ਹੈ।

ਪ੍ਰਮਾਤਮਾ ਦੇ ਮਿਲਾਪ ਨਾਲ ਸੰਬੰਧਿਤ —

ਮੇਰੋ ਸੁੰਦਰੁ ਕਹੁ ਮਿਲੈ ਕਿਤੁ ਗਲੀ।[1]

—

ਸੋ ਪ੍ਰਭ ਜਤ ਕਤ ਪੇਖਿਓ ਨੈਣੀ।[2]

—

ਮੀਤਾ ਐਸੇ ਹਰਿ ਜੀਉ ਪਾਏ।
ਛੋਡ ਨ ਜਾਈ ਸਦ ਹੀ ਸੰਗੇ ਅਨਦਿਨ ਗੁਰ ਮਿਲਿ ਗਾਏ।[3]

---

1. ਗੁਰੂ ਰਾਮਦਾਸ ਜੀ, ਆਦਿ ਗ੍ਰੰਥ, ਪੰਨਾ 527
2. ਉਹੀ, ਪੰਨਾ 530
3. ਉਹੀ, ਪੰਨਾ 533

ਉਪਦੇਸ਼ਮਈ ਪਦਿਆਂ ਵਿੱਚ ਮੁਖਹੁ ਹਰਿ ਹਰਿ ਬੋਲਣ[1] ਅਤੇ ਗੁਰ ਚਰਣੀ ਚਿਤ ਲਾਉਣ,[2] ਲਈ ਪ੍ਰੇਰਿਆ ਗਿਆ ਹੈ।

ਮਨ ਕਹ ਅਹੰਕਾਰਿ ਅਫਾਰਾ।
ਦੁਰਗੰਧ ਅਪਵਿਤ੍ਰ ਅਪਾਵਨ ਭੀਤਰਿ ਜੋ ਦੀਸੈ ਸੋ ਛਾਰਾ।[3]

ਰਚਨੁ ਸੁਪਨੈ ਹੀ ਉਰਝਾਇਓ[4]

ਯਹ ਮਨੁ ਨੈਕ ਨ ਕਹਿਓ ਕਰੈ।[5]

ਪ੍ਰਮਾਤਮਾ ਦੇ ਗੁਣ ਗਾਉਣ ਵਾਲੇ ਪ੍ਰਤੀ ਸ਼ਰਧਾ ਪ੍ਰਗਟ ਕਰਦਿਆਂ ਕਿਹਾ ਹੈ —

ਹਰਿ ਗੁਣ ਗਾਵੈ ਹਉ ਤਿਸੁ ਬਲਿਹਾਰੀ।[6]

ਮਾਈ ਜੋ ਪ੍ਰਭ ਕੇ ਗੁਨ ਗਾਵੈ।
ਸਫਲ ਆਇਆ ਜੀਵਨ ਫਲੁ ਤਾ ਕੋ ਪਾਰਬ੍ਰਹਮ ਲਿਵ ਲਾਵੈ।[7]

ਇਸ ਤਰ੍ਹਾਂ ਦੇਵ ਰਾਗ ਵਿੱਚ ਕਰੁਣਾ ਜਾਂ ਸ਼ਿੰਗਾਰ ਆਦਿ ਦੇ ਭਾਵਾਂ ਦਾ ਅਭਾਵ ਹੈ। ਇਸ ਰਾਗ ਵਿੱਚ ਬਹੁਤੇ ਗੰਭੀਰ ਭਾਵਾਂ ਦਾ ਪ੍ਰਗਟਾਵਾ ਨਹੀਂ ਹੋ ਸਕਦਾ ਕਿਉਂਕਿ ਇਸ ਰਾਗ ਦੀ ਤਾਸੀਰ ਖੁਸ਼ੀ ਵਾਲੀ ਦਸੀ ਗਈ ਹੈ।[8] ਭਾਵੇਂ ਇਸ ਰਾਗ ਵਿੱਚ ਮਧਮ ਸੁਭਾਏ

---

1. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 527
2. ਉਹੀ, ਪੰਨਾ 528
3. ਉਹੀ, ਪੰਨਾ 530
4. ਉਹੀ, ਪੰਨਾ 531
5. ਉਹੀ, ਪੰਨਾ 536
6. ਉਹੀ, ਪੰਨਾ 528
7. ਉਹੀ, ਪੰਨਾ 531
8. ਮਾਸਟਰ ਪ੍ਰੇਮ ਸਿੰਘ, ਗੁਰਮਤ ਸੰਗੀਤ ਰਤਨ ਭੰਡਾਰ, , ਪੰਨਾ 39

ਸੁਰ ਹੈ ਪਰ ਇਸ ਰਾਗ ਵਿੱਚ ਸ਼ਿੰਗਾਰ ਰਸ ਵਾਲੀ ਚੰਚਲਤਾ ਦਾ ਪ੍ਰਗਟਾਵਾ ਵੀ ਨਹੀਂ ਹੋਇਆ। ਕਿਉਂਕਿ ਇਸ ਰਾਗ ਵਿੱਚ ਕੋਮਲ ਗੰਧਾਰ ਅਤੇ ਕੋਮਲ ਨਿਸ਼ਾਦ[1] ਵੀ ਪ੍ਰਯੋਗ ਕੀਤੇ ਜਾਂਦੇ ਹਨ ਇਸ ਲਈ ਇਹ ਰਾਗ ਵੀਰ ਰਸੀ ਭਾਵਾਂ ਦਾ ਪ੍ਰਗਟਾਵਾ ਕਰ ਸਕਦਾ ਹੈ। ਪਰ ਇਸ ਰਾਗ ਵਿੱਚ ਰੇ ਧਾ ਤੀਬਰ ਪ੍ਰਯੋਗ ਹੁੰਦੇ ਹਨ ਇਸ ਲਈ ਇਸ ਵਿੱਚ ਸ਼ਿੰਗਾਰਕ ਭਾਵਾਂ ਦਾ ਪ੍ਰਗਟਾਵਾ ਵੀ ਹੋ ਸਕਦਾ ਹੈ।[2] ਸੋ ਸਮੁੱਚੇ ਰੂਪ ਵਿੱਚ ਇਹ ਰਾਗ ਕਿਸੇ ਖਾਸ ਇੱਕ ਭਾਵ ਨਾਲ ਸੰਬੰਧਿਤ ਨਹੀਂ ਕੀਤਾ ਜਾ ਸਕਦਾ ਇਸ ਲਈ ਗੁਰੂ ਕਵੀਆਂ ਰਾਹੀਂ ਇਸ ਰਾਗ ਦੀ ਬਾਣੀ ਵਿੱਚ ਪ੍ਰਗਟਾਏ ਭਾਵ ਆਸਾਨੀ ਨਾਲ ਇਸ ਰਾਗ ਨਾਲ ਸੰਬੰਧਿਤ ਕੀਤੇ ਜਾ ਸਕਦੇ ਹਨ।

ਰਾਗ ਬਿਹਾਗੜਾ:-

ਇਸ ਰਾਗ ਵਿੱਚ ਪ੍ਰਮਾਤਮਾ ਨਾਲ ਮਿਲਾਪ ਅਤੇ ਵਿਛੋੜੇ ਦੇ ਭਾਵ ਭਾਵੁਕ ਪੱਧਰ ਤੇ ਬਿਆਨ ਕੀਤੇ ਗਏ ਹਨ। ਵਿਛੋੜੇ ਦੇ ਭਾਵ ਵਾਲੇ ਕਾਵਿ ਬੰਦਾਂ ਵਿੱਚ ਮਿਲਾਪ ਲਈ ਤਾਂਘ ਦਾ ਪ੍ਰਗਟਾਵਾ ਹੋਇਆ ਹੈ —

ਕਰ ਕਿਰਪਾ ਪ੍ਰਭ ਆਇ ਮਿਲੁ ਮੇਰੀ ਜਿੰਦੁੜੀਏ,
ਗੁਰਮਤਿ ਨਾਮੁ ਪਰਗਾਸੇ ਰਾਮ।
ਹਉ ਹਰਿ ਬਾਝੁ ਉਡੀਣੀਆ ਮੇਰੀ ਜਿੰਦੁੜੀਏ,[3]
ਜਿਉ ਜਲ ਬਿਨੁ ਕਮਲ ਉਦਾਸੇ ਰਾਮ।

---

1. ਅਚਾਰੀਆ ਭਾਤਖੰਡੇ, ਕ੍ਰਮਕ ਪੁਸਤਕ ਮਾਲਿਕਾ (ਭਾਗ5) ਪੰਨਾ 37
2. ਉਹੀ, ਪੰਨਾ 37
3. ਗੁਰੂ ਰਾਮ ਦਾਸ ਜੀ , ਆਦਿ ਗ੍ਰੰਥ, ਪੰਨਾ 538

ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ[1] ਨੇ ਪ੍ਰਭੂ-ਦਰਸ ਲਈ ਤਾਂਘ ਦਾ ਪ੍ਰਗਟਾਵਾ ਕੀਤਾ ਹੈ।

ਇਸ ਰਾਗ ਦੀ ਬਾਣੀ ਵਿੱਚ ਮਿਲਾਪ ਦੀ ਖੁਸ਼ੀ ਦਾ ਵੀ ਭਰਪੂਰ ਵਰਣਨ ਕੀਤਾ ਗਿਆ ਹੈ —

ਸੰਤਨ ਕੈ ਪਰਸਾਦਿ ਹਰਿ ਹਰਿ ਪਾਇਆ ਰਾਮ।
ਇਛ ਪੁੰਨੀ ਮਨਿ ਸ਼ਾਂਤ ਤਪਤਿ ਬੁਝਾਇਆ ਰਾਮ।[2]

—

ਤਿਤੁ ਗ੍ਰਿਹਿ ਸੋਹਿਲੜੇ ਕੋੜ ਅਨੰਦਾ।
ਮਨਿ ਤਨਿ ਰਵਿ ਰਹਿਆ ਪ੍ਰਭ ਪਰਮਾਨੰਦਾ।[3]

—

ਸੋ ਦਿਨੁ ਸਫਲੁ ਗਣਿਆ ਹਰਿ ਪ੍ਰਭੂ ਮਿਲਾਇਆ ਰਾਮ।
ਸਭਿ ਸੁਖ ਪਰਗਟਿਆ ਦੁਖ ਦੂਰਿ ਪਰਾਇਆ ਰਾਮ।[4]

ਰਾਗ ਬਿਹਾਗੜਾ ਉਪਰੋਕਤ ਭਾਵਾਂ ਨੂੰ ਪ੍ਰਗਟਾਉਣ ਲਈ ਇੱਕ ਢੁੱਕਵਾਂ ਰਾਗ ਹੈ ਕਿਉਂਕਿ ਇਸ ਰਾਗ ਵਿੱਚ ਵਾਦੀ ਸੁਰ ਮਧਮ ਲਗਦਾ ਹੈ।[5] ਇਹ ਅਸੀਂ ਪਹਿਲਾਂ ਦੱਸ ਆਏ ਹਾਂ ਕਿ ਜਿਹਨਾਂ ਰਾਗਾਂ ਵਿੱਚ ਮਧਮ ਸਥਾਈ ਸੁਰ ਹੋਵੇ ਉਹ ਰਾਗ ਸ਼ਿੰਗਾਰਕ ਭਾਵਾਂ ਨੂੰ ਪ੍ਰਗਟਾਉਣ ਵਿੱਚ ਵਧੇਰੇ ਸਫਲ ਹੁੰਦੇ ਹਨ। ਇਸੇ ਲਈ ਇਸ ਰਾਗ ਦੀ

---

1. ਸੇਜ ਏਕ ਪ੍ਰਿਉ ਸੰਗਿ ਦਰਸੁ ਨ ਪਾਈਐ ਰਾਮ।
   ਅਵਗਨ ਮੋਹਿ ਅਨੇਕ ਕਤ ਮਹਲਿ ਬੁਲਾਈਐ ਰਾਮ।
   ਬਿਹਾਗੜਾ ਮਹਲਾ 5, ਆਦਿ ਗ੍ਰੰਥ, ਪੰਨਾ 543
2. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 543
3. ਉਹੀ ਪੰਨਾ 544
4. ਉਹੀ, ਪੰਨਾ 547
5. ਰਾਗ ਕੋਸ਼, ਪੰਨਾ 18

ਸਾਰੀ ਬਾਣੀ ਵਿੱਚ ਗੰਭੀਰ ਭਾਵਾਂ ਦੀ ਘਾਟ ਹੈ। ਇੱਕ ਵਿਸ਼ੇਸ਼ ਤਰ੍ਹਾਂ ਦੀ ਸਰਸਤਾ ਅਤੇ ਲਲਿਤ ਭਾਵਾਂ ਦਾ ਪ੍ਰਗਟਾਅ ਹੈ।

ਰਾਗ ਵਡਹੰਸ:-

ਇਸ ਰਾਗ ਦੀ ਬਾਣੀ ਵਿੱਚ ਅੰਤ ਦੀ ਗਮੀ ਦੇ ਭਾਵ ਦਰਜ ਹੋਏ ਹਨ। ਗੁਰੂ ਨਾਨਕ ਦੇਵ ਜੀ ਦੀ ਵਿਜੋਗ ਦੇ ਭਾਵਾਂ ਪ੍ਰਗਟ ਕਰਨ ਵਾਲੀ ਪ੍ਰਸਿਧ ਰਚਨਾ 'ਮੋਰੀ ਰੁਣ ਝੁਣ ਲਾਇਆ। ਭੈਣੇ ਸਾਵਣ ਆਇਆ।'[1] ਇਸੇ ਰਾਗ ਵਿੱਚ ਰਚੀ ਗਈ ਹੈ। ਇਸ ਰਚਨਾ ਦਾ ਵਿਜੋਗੀ ਭਾਵ ਇੰਨਾ ਤੀਬਰ ਹੈ ਕਿ ਸਾਰੇ ਰਾਗ ਦੀ ਬਾਣੀ ਇਸ ਤੋਂ ਪ੍ਰਭਾਵਿਤ ਹੋਈ ਲਗਦੀ ਹੈ:-

ਦੋਹਾਗਣੀ ਖਰੀਆ ਬਿਲਲਾਦੀਆ ਤਿਨਾ ਮਹਲੁ ਨ ਪਾਇ।
ਦੂਜੈ ਭਾਇ ਕਰੂਪੀ ਦੂਖੁ ਪਾਵਹਿ ਆਗੈ ਜਾਇ।[2]

—

ਮੇਰਾ ਹਰਿ ਪ੍ਰਭ ਸੁੰਦਰੁ ਮੈ ਸਾਰ ਨ ਜਾਣੀ।
ਹਉ ਹਰਿ ਪ੍ਰਭ ਛੋਡਿ ਦੂਜੈ ਲੋਭਾਣੀ।[3]

—

ਹਉ ਭਈ ਉਡੀਣੀ ਕੰਤ ਕਉ ਅੰਮਾਲੀ ਸੋ ਪਿਰੁ ਕਦਿ ਨੈਣੀ ਦੇਖਾ।
ਸਭਿ ਰਸ ਭੋਗਣ ਵਿਸਰੇ ਬਿਨੁ ਪਿਰ ਕਿਤੈ ਨ ਲੇਖਾ।
ਇਹੁ ਕਾਪੜੁ ਤਨਿ ਨ ਸੁਖਾਵਈ ਕਰਿ ਨ ਸਕਉ ਹਉ ਵੇਸਾ।[4]

---

1. ਗੁਰੂ ਨਾਨਕ, *ਆਦਿ ਗ੍ਰੰਥ*, ਪੰਨਾ 557-58
2. ਗੁਰੂ ਅਮਰਦਾਸ ਜੀ, *ਆਦਿ ਗ੍ਰੰਥ*, ਪੰਨਾ 559
3. ਗੁਰੂ ਰਾਮਦਾਸ ਜੀ, *ਆਦਿ ਗ੍ਰੰਥ*, ਪੰਨਾ 561
4. ਗੁਰੂ ਅਰਜਨ ਦੇਵ ਜੀ, *ਆਦਿ ਗ੍ਰੰਥ*, ਪੰਨਾ 564

ਵਿਜੋਗ ਦੇ ਭਾਵਾਂ ਵਾਲੀ ਇਹ ਬਾਣੀ ਵਡਹੰਸ ਰਾਗ ਵਿੱਚ ਇਸ ਲਈ ਰਚੀ ਗਈ ਹੈ ਕਿਉਂਕਿ ਵਡਹੰਸ ਰਾਗ ਵਿੱਚ ਪੰਚਮ ਵਾਦੀ ਸੁਰ ਹੈ ਅਤੇ ਅਚਾਰੀਆ ਬ੍ਰਿਹਸਪਤੀ ਅਨੁਸਾਰ ਜਿਹਨਾਂ ਰਾਗਾਂ ਵਿੱਚ ਪੰਚਮ ਸੁਰ ਸਥਾਈ ਹੋਵੇ ਉਹ ਰਾਗ ਬਿਜੋਗ ਸ਼੍ਰਿੰਗਾਰ ਦੇ ਭਾਵਾਂ ਲਈ ਪ੍ਰਯੋਗ ਕੀਤੇ ਜਾ ਸਕਦੇ ਹਨ।[1] ਇਸ ਰਾਗ ਵਿੱਚ ਘੋੜੀਆਂ ਵੀ ਰਚੀਆਂ ਗਈਆਂ ਜਿਹੜੀਆਂ ਖੁਸ਼ੀ ਦਾ ਪ੍ਰਤੀਕ ਹਨ ਅਤੇ ਅਲਾਹੁਣੀਆਂ ਨੂੰ ਜੋ ਸੋਗ ਨੂੰ ਪ੍ਰਗਟਾਉਂਦੀਆਂ ਹਨ, ਵੀ ਦਰਜ ਕੀਤਾ ਗਿਆ ਹੈ। ਇਹ ਗੱਲ ਭਾਵੇਂ ਬੜੀ ਅਜੀਬ ਲਗਦੀ ਹੈ ਪਰ ਸੱਯਦ ਨਜਮ ਹੁਸੈਨ ਹੋਰਾਂ ਦਾ ਹੇਠ ਲਿਖਿਆ ਕਥਨ ਇਸ ਗੁੱਥੀ ਨੂੰ ਬੜੇ ਸਪਸ਼ਟ ਰੂਪ ਵਿੱਚ ਸਮਝਾ ਦਿੰਦਾ ਹੈ," ਵਿਆਹ ਜੀਵਨ ਦੀ ਇਕ ਜੂਨ ਵਿੱਚੋਂ ਨਿਕਲ ਕੇ ਦੂਜੀ ਵਿੱਚ ਪੈਣ ਵਾਲੀ ਗਲ ਏ। ਐਸੇ ਕਰਕੇ ਵਿਆਹ ਦਾ ਬੂਹਾ ਵੀ ਮੌਤ ਹਾਰ ਹਯਾਤੀ ਦੇ ਇੱਕ ਰੂਪ ਦਾ ਅੰਤ ਏ ਤੇ ਅਗਮ ਦੀਆਂ ਕੋਈ ਨਹੀਂ ਜਾਣਦਾ। ਐਸੇ ਕਰਕੇ ਵਿਆਹ ਦੀ ਰਸਮ ਰੀਤ ਤੇ ਮੌਤ ਦੀ ਰਸਮ ਰੀਤ ਵਿਚ ਘਣੀ ਨੇੜ ਏ। ਹਾਰ ਸ਼ਿੰਗਾਰ, ਡੋਲੀ ਕਹਾਰ ਦੋਵੀਂ ਥਾਈਂ ਹੋਂਦਾ ਏ ਤੇ ਵਿਆਹ ਦੇ ਸੁਹਾਗ ਗਾਵਣ ਤੇ ਖਾਰੇ ਮੌਤ ਦਿਆਂ ਵੈਣਾਂ ਨਾਲ ਜਾ ਖਹਿੰਦੇ ਨੇ।"[2] ਇਸ ਲਈ ਘੋੜੀਆਂ ਨੂੰ ਇਥੇ ਖੁਸ਼ੀ ਦਾ ਪ੍ਰਤੀਕ ਨਹੀਂ ਮੰਨਿਆ ਜਾ ਸਕਦਾ ਹੈ। ਉਂਜ ਵੀ ਇਹਨਾਂ ਘੋੜੀਆਂ ਦਾ ਵਿਸ਼ਾ ਮੌਤ ਨਾਲ ਸੰਬੰਧਿਤ ਹੈ। ਮਨੁੱਖੀ ਦੇਹ ਨੂੰ ਘੋੜੀ ਅਤੇ ਮੌਤ ਤੋਂ ਬਾਅਦ ਵਾਲੇ ਸਮੇਂ ਨੂੰ ਵਿਆਹਤਾ ਸਮਾਂ ਕਿਹਾ ਗਿਆ ਹੈ।

ਇਸ ਲਈ ਵਡਹੰਸ ਰਾਗ ਵਿੱਚ ਰਾਗ ਦੀ ਪ੍ਰਕਿਰਤੀ ਅਨੁਸਾਰ ਵਿਯੋਗ ਦੇ ਭਾਵ ਹੀ ਦਰਜ ਹੋਏ ਹਨ।

---

1. ਆਚਾਰੀਆ ਬ੍ਰਿਹਸਪਤੀ, ਸੰਗੀਤ ਚਿੰਤਾਮਣੀ ਪੰਨਾ 395

2. ਸੈਧਾਂ, ਸੰਪਾਦਕ ਪ੍ਰਦੁਮਨ ਸਿੰਘ ਬੇਦੀ, ਸਾਹਿਤਕਲਾ ਪ੍ਰਕਾਸ਼ਨ ਲੁਧਿਆਣਾ, 1977 ਪੰਨਾ 81

ਰਾਗ ਸੋਰਠਿ:-

ਸੋਰਠਿ ਰਾਗ ਦੀ ਬਾਣੀ ਵਿੱਚ ਪ੍ਰਮਾਤਮਾ ਦੇ ਗੁਣ ਗਾਉਣ ਦੀ ਚਰਚਾ ਵਧੇਰੇ ਹੋਈ ਹੈ।

ਸਹਜੇ ਮਾਤਾ ਸਦਾ ਰੰਗਿ [redacted] ਰਾਤਾ ਸਾਚੇ ਕੇ ਗੁਣ ਗਾਵੈ।[1]

ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲ।[2]

ਹਮ ਢਾਢੀ ਹਰਿ ਪ੍ਰਭ ਖਸਮ ਕੇ, ਨਿਤ ਗਾਵਹ ਹਰਿ ਗੁਣ ਛੰਤਾ।
ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ ਤਿਸੁ ਕਵਲਾ ਕੰਤਾ।[3]

ਗੁਰੂ ਅਰਜਨ ਦੇਵ ਜੀ ਨੇ ਇਸ ਰਾਗ ਵਿੱਚ ਰਚੇ ਇੱਕ ਪਦੇ ਵਿੱਚ ਦੱਸਿਆ ਹੈ ਕਿ ਕੀਰਤਨ ਸਾਰੇ ਕਰਮਕਾਂਡਾਂ ਤੋਂ ਉੱਚਾ ਸਥਾਨ ਰਖਦਾ ਹੈ। ਕਰਮਕਾਂਡਾ ਬਾਰੇ ਆਪ ਦਸਦੇ ਹਨ —

ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ

ਇਸੇ ਸ਼ਬਦ ਦੇ ਅੰਤ ਵਿੱਚ ਕੀਰਤਨ ਦੀ ਮਹਿਮਾ ਕੀਤੀ ਗਈ ਹੈ —

ਤੇਰੋ ਸੇਵਕੁ ਇਹ ਰੰਗਿ ਮਾਤਾ।
ਭਇਓ ਕ੍ਰਿਪਾਲੁ ਦੀਨ ਦੁਖ ਭੰਜਨ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ।[4]

ਗੁਰੂ ਤੇਗ ਬਹਾਦਰ ਜੀ ਦੀ ਬਹੁਤੀ ਬਾਣੀ ਭਾਵੇਂ ਸ਼ਾਂਤ ਭਾਵਾਂ ਨਾਲ ਭਰਪੂਰ ਹੈ, ਪਰ ਇਥੇ ਉਹਨਾਂ ਨੇ ਵੀ ਪ੍ਰਭੂ ਗੁਣ ਗਾਉਣ ਦੀ ਪ੍ਰੇਰਨਾ ਦਿੱਤੀ ਹੈ —

ਰੇ ਮਨ ਰਾਮ ਸਿਉ ਕਰ ਪ੍ਰੀਤਿ॥
ਸ੍ਰਵਨ ਗੋਬਿੰਦ ਗੁਨ ਸੁਨਉ ਅਰੁ ਗਾਉ ਰਸਨਾ ਗੀਤਿ।[5]

---

1. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 634
2. ਗੁਰੂ ਅਮਰਦਾਸ ਜੀ, ਆਦਿ ਗ੍ਰੰਥ, ਪੰਨਾ 600
3. ਗੁਰੂ ਰਾਮਦਾਸ ਜੀ, ਆਦਿ ਗ੍ਰੰਥ, ਪੰਨਾ 650
4. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 642
5. ਗੁਰੂ ਤੇਗ ਬਹਾਦਰ, ਆਦਿ ਗ੍ਰੰਥ, ਪੰਨਾ 631

ਸੋਰਠਿ ਰਾਗ ਵਿੱਚ ਰਿਸ਼ਭ ਅਤੇ ਧੈਵਤ ਦਾ ਸ਼ੁਧ ਰੂਪ ਵਿੱਚ ਪ੍ਰਯੋਗ ਹੁੰਦਾ ਹੈ। ਸੁਰ ਪ੍ਰਬੰਧ ਦੇ ਪੱਖੋਂ ਇਹ ਸ਼੍ਰਿੰਗਾਰਕ ਭਾਵਾਂ ਨੂੰ ਪ੍ਰਗਟਾਉਣ ਵਾਲਾ ਰਾਗ ਹੈ।[1] ਪਰ ਗੁਰੂ ਕਵੀਆਂ ਨੇ ਇਸ ਰਾਗ ਰਾਹੀਂ ਜਿਹੜੇ ਭਾਵ ਪ੍ਰਗਟ ਕੀਤੇ ਹਨ ਉਹਨਾਂ ਵਿੱਚ ਸ਼੍ਰਿੰਗਾਰਕ ਭਾਵਾਂ ਦੀ ਘਾਟ ਹੈ। ਇੱਕ ਦੋ ਥਾਵਾਂ ਤੇ ਸ਼੍ਰਿੰਗਾਰਕ ਭਾਵ ਮਿਲਦੇ ਹਨ[2] ਪਰ ਬਹੁਤੀ ਬਾਣੀ ਵਿੱਚ ਗੁਰੂ ਕਵੀਆਂ ਨੇ ਇਸ ਰਾਗ ਦਾ ਆਪਣੇ ਵਿਸ਼ੇਸ਼ ਭਾਵ ਪ੍ਰਗਟ ਕਰਨ ਲਈ ਪ੍ਰਯੋਗ ਕੀਤਾ ਹੈ ਕਿਉਂਕਿ ਗੁਰੂ ਸਾਹਿਬਾਨ ਨੇ ਰਾਗਾਂ ਦਾ ਪ੍ਰਯੋਗ ਉਹਨਾਂ ਦੀ ਪਰੰਪਰਾਗਤ ਰੂੜ੍ਹੀ ਵਿੱਚੋਂ ਕੱਢ ਕੇ ਕੀਤਾ ਹੈ। ਉਹਨਾਂ ਦੱਸਿਆ ਹੈ ਕਿ ਸੋਰਠਿ ਰਾਗ ਰਾਹੀਂ ਸ਼੍ਰਿੰਗਾਰਕ ਭਾਵਾਂ ਤੋਂ ਬਿਨਾਂ ਵੀ ਭਾਵ ਪ੍ਰਗਟ ਕੀਤੇ ਜਾ ਸਕਦੇ ਹਨ –

ਸੋਰਠਿ ਸਦਾ ਸੋਹਾਵਣੀ ਜੇ ਸਚਾ ਮਨਿ ਹੋਇ।
ਦੰਦੀ ਮੈਲੁ ਨਾ ਕਤੁ ਮਨਿ ਜੀਭੈ ਸਚਾ ਸੋਇ।[3]

—

ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ।[4]

—

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ।[5]

ਇਸ ਰਾਗ ਦੀ ਬਾਣੀ ਵਿੱਚ ਜਿਥੇ ਹਰੀ ਗੁਣ ਗਾਉਣ ਦੀ ਪ੍ਰੇਰਣਾ ਦਿੱਤੀ ਗਈ ਹੈ ਉਥੇ ਇਸ ਵਿੱਚ ਹਨੇਰੇ ਅਤੇ ਪ੍ਰਕਾਸ਼ ਦੇ ਪ੍ਰਤੀਕਾਂ ਨੂੰ ਵੀ ਵਿਸ਼ੇਸ਼ ਰੂਪ ਵਿੱਚ ਪ੍ਰਯੋਗ ਕੀਤਾ ਹੈ –

ਗੁਰ ਸਾਖੀ ਕਾ ਉਜੀਆਰਾ।
ਤਾ ਮਿਟਿਆ ਸਗਲ ਅੰਧਿਆਰਾ।[6]

---

1. ਭਾਤਖੰਡੇ, ਕ੍ਰਮਕ ਪੁਸਤਕ ਮਾਲਿਕਾ (ਪੰਜਵੀਂ ਪੁਸਤਕ) ਹਾਥਰਸ 1954, ਪੰਨਾ 37
2. ਸਬਦਿ ਰਤੇ ਹਉਮੈ ਗਈ ਸੋਭਾਵੰਤੀ ਨਾਰਿ।
   ਪਿਰ ਕੈ ਭਾਣੈ ਸਦਾ ਚਲੈ ਤਾ ਬਨਿਆ ਸੀਗਾਰੁ।
   ਸੇਜ ਸੁਹਾਵੀ ਸਦਾ ਪਿਰੁ ਰਾਵੈ ਹਰਿ ਵਰੁ ਪਾਇਆ ਨਾਰਿ।
   ਗੁਰੂ ਅਮਰਦਾਸ ਜੀ, ਆਦਿ ਗ੍ਰੰਥ, ਪੰਨਾ 651
3. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 642
4. ਗੁਰੂ ਰਾਮਦਾਸ ਜੀ, ਆਦਿ ਗ੍ਰੰਥ, ਪੰਨਾ 642
5. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 1425
6. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 599

ਹਮ ਮੂੜ ਮੁਗਧ ਸਦਾ ਸੇ ਭਾਈ ਗੁਰ ਕੈ ਸਬਦਿ ਪ੍ਰਗਾਸਾ।[1]

—

ਪੂਰੈ ਗੁਰ ਮੇਟਿਓ ਭਰਮ ਅੰਧੇਰਾ।[2]

ਹਨੇਰੇ ਅਤੇ ਪ੍ਰਕਾਸ਼ ਦੇ ਇਹਨਾਂ ਪ੍ਰਤੀਕਾਂ ਰਾਹੀਂ ਭਾਵ ਪ੍ਰਗਟਾਵਾ ਸੋਰਠਿ ਰਾਗ ਦੇ ਸਮੇਂ ਦੇ ਅਨੁਕੂਲ ਹੈ। ਇਹ ਰਾਗ ਰਾਤ ਨੂੰ ਗਾਇਆ ਜਾਂਦਾ ਹੈ।[3] ਇਸ ਲਈ ਇਸ ਰਾਗ ਰਾਹੀਂ ਅਜੇਹਾ ਵਾਤਾਵਰਣ ਪੈਦਾ ਕਰਨਾ ਢੁਕਵਾਂ ਪ੍ਰਤੀਤ ਹੁੰਦਾ ਹੈ।

ਪਰ ਸਮੁੱਚੇ ਰੂਪ ਵਿੱਚ ਗੁਰੂ ਕਵੀਆਂ ਨੇ ਇਸ ਰਾਗ ਦੀ ਬਾਣੀ ਦੇ ਭਾਵਾਂ ਦਾ ਅਤੇ ਰਾਗ ਸੋਰਠਿ ਦੇ ਭਾਵਾਂ ਦਾ ਸੰਜੋਗ ਪਰੰਪਰਾ ਤੋਂ ਹਟ ਕੇ ਵਿਲੱਖਣ ਰੂਪ ਵਿੱਚ ਕੀਤਾ ਹੈ। ਇੰਜ ਉਹ ਕਾਵਿ ਅਤੇ ਰਾਗ ਦੇ ਸੰਜੋਗ ਦੀਆਂ ਵਿਲਖਣ ਲੀਹਾਂ ਪਾਉਂਦੇ ਨਜ਼ਰ ਆਉਂਦੇ ਹਨ।

ਰਾਗ ਧਨਾਸਰੀ:-

ਧਨਾਸਰੀ ਰਾਗ ਦੀ ਬਾਣੀ ਵਿੱਚ ਕੋਈ ਭਿੰਨ ਭਾਵ ਦਰਜ ਨਹੀਂ ਹੋਇਆ। ਇਸ ਬਾਣੀ ਵਿੱਚ ਆਰਤੀ ਦੇ ਸ਼ਬਦਾਂ ਦਾ ਵਿਸ਼ੇਸ਼ ਸਥਾਨ ਹੈ। ਗੁਰੂ ਨਾਨਕ ਦੀ ਪ੍ਰਸਿੱਧ ਰਚਨਾ 'ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ'[4] ਇਸੇ ਰਾਗ ਵਿੱਚ ਦਰਜ ਹੈ। ਡਾ. ਤਾਰਨ ਸਿੰਘ ਦਸਦੇ ਹਨ,' ਇਸ ਰਾਗ ਦੀ ਆਤਮਾ ਵਿੱਚ ਆਰਤੀ ਸਮਾਈ ਹੋਈ ਹੈ'।[5] ਪਰਮਾਤਮਾ ਦੀ ਆਰਤੀ ਉਚਾਰਨ ਸਮੇਂ ਕੁਦਰਤੀ ਹੈ ਕਿ ਉਸ ਦੀ ਮਹਾਨਤਾ ਦਾ ਗਾਇਨ ਕੀਤਾ ਜਾਵੇਗਾ ਇਸ ਲਈ ਪਰਮਾਤਮਾ ਦੇ ਅਨੁਰੂਪ ਵੱਖ ਵੱਖ ਭਾਵਾਂ ਦਾ ਪ੍ਰਗਟਾਵਾ

---

1. ਗੁਰੂ ਅਮਰਦਾਸ ਜੀ, ਆਦਿ ਗ੍ਰੰਥ, ਪੰਨਾ 601,
2. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 615
3. ਰਾਜਾ ਨਵਾਬ ਅਲੀ, ਮਾਰਿਫੁਨਗਮਾਤ, ਪੰਨਾ 149
4. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 663
5. ਤਾਰਨ ਸਿੰਘ , ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 69

ਹੋਵੇਗਾ। ਇਸ ਰਾਗ ਦੀ ਬਾਣੀ ਵਿੱਚ ਇਹ ਭਾਵ ਸਪਸ਼ਟ ਰੂਪ ਵਿੱਚ ਦਰਜ ਹੋਏ ਹਨ। 

ਪਰਮਾਤਮਾ ਨੂੰ ਮਿਲਣ ਦੀ ਤਾਂਘ ਅਤੇ ਵਿਜੋਗ ਦੀ ਕਸਕ ਨੂੰ ਇੰਜ ਬਿਆਨ ਕੀਤਾ ਹੈ –

ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ।
ਮਸਤਕਿ ਲਿਖਿਅੜਾ ਲੇਖ ਪੁਰਬਿ ਕਮਾਇਆ ਜੀਉ।
- - - - - - - - - - - - - - - - - -
ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ।[1]

ਇਹਨਾਂ ਭਾਵਾਂ ਨੂੰ ਪ੍ਰਗਟ ਕਰਨ ਲਈ ਧਨਾਸਰੀ ਰਾਗ ਦੀ ਚੋਣ ਢੁਕਵੀਂ ਹੈ। ਧਨਾਸਰੀ ਰਾਗ ਵਿੱਚ ਪੰਚਮ ਸੁਰ ਸਥਾਈ ਹੈ ਇਸ ਲਈ ਇਸ ਰਾਗ ਵਿੱਚ ਵਿਜੋਗ ਸ਼ਿੰਗਾਰ ਦੇ ਭਾਵਾਂ ਦੀ ਅਭਿਵਿਅਕਤੀ ਹੁੰਦੀ ਹੈ।[2] ਧਨਾਸਰੀ ਰਾਗ ਦੀ ਬਾਣੀ ਵਿੱਚ ਜਿਹੜੇ ਵੀ ਭਾਵਾਂ ਦਾ ਪ੍ਰਗਟਾਵਾ ਹੋਇਆ ਉਹਨਾਂ ਸਾਰਿਆਂ ਲਈ ਇਹ ਰਾਗ ਬੜਾ ਅਨੁਕੂਲ ਹੈ।

ਗੁਰੂ ਕਵੀਆਂ ਨੇ ਪਾਖੰਡ ਦਾ ਵਰਣਨ ਕਰਕੇ ਉਸ ਨੂੰ ਦੂਰ ਕਰਨ ਲਈ ਜਤਨਸ਼ੀਲ ਹੋਣ ਦੀ ਪ੍ਰੇਰਨਾ ਦਿੱਤੀ ਹੈ। ਇਸ ਨਾਲ ਉਤਸ਼ਾਹ ਦਾ ਭਾਵ ਜਾਗਦਾ ਹੈ–

ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤੁ ਕਾ ਢਬੁ।
ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ।
- - - - - - - - - - - - - - - -
ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।[3]

---

1. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 689
2. ਬ੍ਰਿਹਸਪਤੀ, ਭਰਤ ਕਾ ਸੰਗੀਤ ਸਿਧਾਂਤ, ਪੰਨਾ 271
3. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 662-663

ਗੁਰੂ ਅਰਜਨ ਦੇਵ ਜੀ 'ਸੂਰੇ' ਦੀ ਪਰਿਭਾਸ਼ਾ ਦਿੰਦੇ ਹਨ —

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰ ਪੂਰਾ।[1]

ਧਨਾਸਰੀ ਰਾਗ ਵਿੱਚ ਕੋਮਲ ਗੰਧਾਰ ਅਤੇ ਕੋਮਲ ਨਿਸ਼ਾਦ ਪ੍ਰਯੋਗ ਕੀਤੇ ਜਾਂਦੇ ਹਨ। ਇਸ ਲਈ ਇਸ ਰਾਗ ਰਾਹੀਂ ਵੀਰ ਤੇ ਉਤਸ਼ਾਹ ਵਾਲੇ ਭਾਵਾਂ ਦਾ ਪ੍ਰਗਟਾਵਾ ਕਰਨਾ ਉਚਿਤ ਹੈ।

ਗੁਰੂ ਨਾਨਕ ਦੇਵ ਜੀ ਨੇ ਆਰਤੀ ਵਾਲੇ ਸ਼ਬਦ ਵਿੱਚ ਵਿਸਮਾਦ ਭਰਪੂਰ ਅਦਭੁਤ ਭਾਵ ਦਾ ਪ੍ਰਗਟਾਵਾ ਕੀਤਾ ਹੈ। [redacted] ਭਰਤ ਨੇ ਆਪਣੇ ਨਾਟ ਸ਼ਾਸਤਰ ਵਿੱਚ ਦੱਸਿਆ ਹੈ ਕਿ ਉਤਸਾਹ ਜਾਂ ਵੀਰ ਰਸ ਦੇ ਭਾਵਾਂ ਤੋਂ ਅਦਭੁਤ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ।[2] ਇਸ ਤਰ੍ਹਾਂ ਧਨਾਸਰੀ ਰਾਗ ਵਿੱਚ ਗੁਰੂ ਕਵੀਆਂ ਨੇ ਜਿਹੜੀ ਕਾਵਿ ਰਚਨਾ ਕੀਤੀ ਹੈ ਉਸ ਵਿੱਚ ਭਾਵ ਅਤੇ ਰਾਗ ਦਾ ਸਫਲ ਸੰਜੋਗ ਹੋਇਆ ਹੈ।

[redacted]
ਰਾਗ ਜੈਤਸਰੀ:-

ਇਸ ਰਾਗ ਵਿੱਚ ਕਾਵਿ ਰਚਨਾ ਘਟ ਮਾਤਰਾ ਵਿੱਚ ਹੈ। ਪਰ ਇਸ ਵਿੱਚ ਮੁੱਖ ਭਾਵ ਸ਼ਾਂਤ, ਕਰੁਣਾ ਅਤੇ ਸ਼ਿੰਗਾਰ ਦੇ ਹਨ। ਸ਼ਾਂਤ ਭਾਵਾਂ ਵਿੱਚ ਦੱਸਿਆ ਹੈ ਕਿ ਇਸ ਜਗ ਵਿੱਚ ਪ੍ਰਮਾਤਮਾ ਤੋਂ ਬਿਨਾਂ ਕੋਈ [redacted] ਮੀਤ ਨਹੀਂ। ਸਭ ਰਿਸ਼ਤੇਦਾਰ ਅੰਤ ਵਿੱਚ [redacted] ਸਹਾਈ ਨਹੀਂ ਹੋਣ ਲੱਗੇ।[3] ਗੁਰੂ ਤੇਗ ਬਹਾਦਰ ਜੀ ਨੇ ਵੀ ਸੰਸਾਰ ਨੂੰ ਮਿਥਿਆ ਦੱਸਿਆ ਹੈ—

ਮਨ ਰੇ ਸਾਚਾ ਗਹੋ ਬਿਚਾਰਾ।
ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ।[4]

---

1. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 680
2. ਭਰਤ, ਨਾਟ ਸ਼ਾਸਤਰ, ਗਾਇਕਵਾੜ ਦੂਸਰਾ ਸੰਸਕਰਣ ਅਧਿਆਇ 6, ਪੰਨਾ 297-98 ਹਵਾਲਾ ਭਰਤ ਕਾ ਸੰਗੀਤ ਸਿਧਾਂਤ ਪੰਨਾ 258
3. ਕੋਈ ਜਾਨੈ ਕਵਨੁ ਈਹਾ ਜਗਿ ਮੀਤੁ।
   ਜਿਸੁ ਹੋਇ ਕ੍ਰਿਪਾਲ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ।। ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ ਪੰਨਾ 700
4. ਗੁਰੂ ਤੇਗ ਬਹਾਦਰ ਜੀ, ਆਦਿ ਗ੍ਰੰਥ, ਪੰਨਾ 703

ਕਿਤੇ ਕਿਤੇ ਕਰੁਣਾ ਦਾ ਭਵ ਵੀ ਉਪਜਾਇਆ ਗਿਆ ਹੈ —

ਹਰਿਜੂ ਰਾਖਿ ਲੇਹੁ ਪਤਿ ਮੇਰੀ।
ਜਮ ਕੋ ਤ੍ਰਾਸੁ ਭਇਓ ਉਰ ਅੰਤਰਿ ਸਰਨ ਗਹੀ ਕਿਰਪਾ ਨਿਧ ਤੇਰੀ।[1]

ਇਹਨਾਂ ਭਾਵਾਂ ਦਾ ਪ੍ਰਗਟਾਵਾ ਜੈਤਸਰੀ ਰਾਗ ਰਾਹੀਂ ਹੋ ਸਕਦਾ ਹੈ ਕਿਉਂਕਿ ਇਸ ਰਾਗ ਵਿੱਚ ਕੋਮਲ ਰਿਸ਼ਭ ਅਤੇ ਕੋਮਲ ਧੈਵਤ ਸੁਰ ਲਗਦੇ ਹਨ। ਜਿਵੇਂ ਕਿ ਪਹਿਲਾਂ ਅਸੀਂ ਦਸ ਆਏ ਹਾਂ ਕਿ ਜਿਹਨਾਂ ਰਾਗਾਂ ਵਿੱਚ ਇਹਨਾਂ ਸੁਰਾਂ ਦਾ ਪ੍ਰਯੋਗ ਹੋਵੇ ਉਹ ਰਾਗ ਕਰੁਣ ਅਤੇ ਸ਼ਾਂਤ ਭਾਵਾਂ ਦਾ ਪ੍ਰਗਟਾਵਾ ਕਰਨ ਦੇ ਅਨੁਕੂਲ ਹੁੰਦੇ ਹਨ।

ਜੈਤਸਰੀ ਰਾਗ ਦੀ ਬਾਣੀ ਵਿੱਚ ਖੁਸ਼ੀ ਦੇ ਭਾਵ ਵੀ ਪ੍ਰਗਟਾਏ ਗਏ ਹਨ —

ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ।
ਵਰ ਲੋੜੀਦਾ ਆਇਆ ਵਜੀ ਵਧਾਈ।[2]

ਇਸ ਰਾਗ ਰਾਹੀਂ ਖੁਸ਼ੀ ਦੇ ਭਾਵਾਂ ਦਾ ਪ੍ਰਗਟਾਵਾ ਵੀ ਹੋ ਸਕਦਾ ਹੈ ਕਿਉਂਕਿ ਗੁਰਮਤ ਸੰਗੀਤ ਰਤਨ ਭੰਡਾਰ ਵਿੱਚ ਇਸ ਨੂੰ ਖੁਸ਼ੀ ਨਾਲ ਸੰਬੰਧਿਤ ਕੀਤਾ ਗਿਆ ਹੈ।

ਇਸ ਤਰ੍ਹਾਂ ਜੈਤਸਰੀ ਰਾਗ ਦੀ ਬਾਣੀ ਵਿੱਚ ਭਾਵ ਅਤੇ ਰਾਗ ਦਾ ਸਫਲ ਸੰਜੋਗ ਸਿਰਜਿਆ ਗਿਆ ਹੈ।

## ਰਾਗ ਟੋਡੀ:-

ਇਸ ਰਾਗ ਦੀ ਬਾਣੀ ਵਿੱਚ ਮਾਇਆ ਦੇ ਪ੍ਰਭਾਵ, ਜੀਵ ਦਾ ਮਾਇਆ ਅਧੀਨ ਹੋਣ, ਵਿਜੋਗ ਦੀ ਤੜਪ ਆਦਿ ਵਿਸ਼ਿਆਂ ਨੂੰ ਬਿਆਨ ਕੀਤਾ ਗਿਆ ਹੈ। ਇਹਨਾਂ ਵਿਸ਼ਿਆਂ ਨਾਲ ਸੰਬੰਧਿਤ ਭਾਵ ਦੀਆਂ ਕੁਝ ਤੁਕਾਂ ਇਸ ਪ੍ਰਕਾਰ ਹਨ —

ਮਾਈ ਮਾਇਆ ਛਲੁ।
ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿੰਦ ਭਜਨ ਬਿਨੁ ਹੜ ਕਾ ਜਲੁ।[4]

---

1. ਗੁਰੂ ਤੇਗ ਬਹਾਦਰ ਜੀ, ਆਦਿ ਗ੍ਰੰਥ, ਪੰਨਾ 703
2. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 704
3. ਮਾਸਟਰ ਪ੍ਰੇਮ ਸਿੰਘ, ਗੁਰਮਤ ਸੰਗੀਤ ਰਤਨ ਭੰਡਾਰ, ਪੰਨਾ 51
4. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 717

ਕਹਉ ਕਹਾ ਅਪਨੀ ਅਧਮਾਈ ।

ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ।[1]

ਰਾਗ ਟੋਡੀ ਵਿੱਚ ਇਹਨਾਂ ਭਾਵਾਂ ਦਾ ਪ੍ਰਗਟਾਵਾ ਠੀਕ ਰੂਪ ਵਿੱਚ ਹੋ ਸਕਦਾ ਹੈ ਕਿਉਂਕਿ ਇਸ ਰਾਗ ਵਿੱਚ ਰਿਸ਼ਭ ਅਤੇ ਧੈਵਤ ਕੋਮਲ ਰੂਪ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ। ਇਸ ਲਈ ਇਹ ਰਾਗ ਸ਼ਾਂਤ ਅਤੇ ਕਰੁਣ ਭਾਵਾਂ ਨੂੰ ਪ੍ਰਗਟਾਉਣ ਵਿੱਚ ਸਹਾਇਕ ਹੈ।[2]

ਇਸ ਰਾਗ ਅਧੀਨ ਦਰਜ ਹੋਈ ਬਾਣੀ ਵਿੱਚੋਂ ਕਈ ਅਜੇਹੀਆਂ ਉਦਾਹਰਨਾਂ ਵੀ ਮਿਲਦੀਆਂ ਹਨ ਜਿਹਨਾਂ ਵਿੱਚ ਪ੍ਰਭੂ ਤੋਂ ਵਿਛੋੜੇ ਦੀ ਹਾਲਤ ਦਾ ਵਰਣਨ ਕਰਦਿਆਂ ਮਿਲਣ ਦੀ ਤਾਂਘ ਦਰਸਾਈ ਗਈ ਹੈ —

ਮਾਈ ਮੇਰੇ ਮਨ ਕੀ ਪਿਆਸ।

ਇਕੁ ਖਿਨੁ ਰਹਿ ਨ ਸਕਉ ਬਿਨੁ ਪ੍ਰੀਤਮ ਦਰਸਨ ਦੇਖਨ ਕਉ ਧਾਰਿ ਮਨਿ ਆਸ।[3]

---

ਹਰ ਬਿਨੁ ਰਹਿ ਨ ਸਕੈ ਮਨੁ ਮੇਰਾ।

ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰ ਮੇਲੇ ਬਹੁਰਿ ਨ ਭਵਜਲਿ ਫੇਰਾ।[4]

ਟੋਡੀ ਰਾਗ ਵਿੱਚ ਇਹਨਾਂ ਭਾਵਾਂ ਦਾ ਪ੍ਰਗਟਾਵਾ ਹੋਣਾ ਕੋਈ ਅਣਉਚਿਤ ਨਹੀਂ ਕਿਉਂਕਿ ਡਾ. ਚਰਨ ਸਿੰਘ ਨੇ ਲਿਖਿਆ ਹੈ ਕਿ ਟੋਡੀ ਰਾਗ ਵਿਜੋਗੀ ਭਾਵਾਂ ਨੂੰ ਪ੍ਰਗਟਾਉਣ ਵਿੱਚ ਸਹਾਈ ਹੁੰਦਾ ਹੈ।[5] ਪਰ ਇਸ ਰਾਗ ਵਿੱਚ ਕਈ ਥਾਈਂ ਖੁਸ਼ੀ ਦੇ ਭਾਵ ਵੀ ਪ੍ਰਗਟਾਏ ਗਏ ਹਨ —

ਮਾਈ ਮੇਰੇ ਮਨ ਕੋ ਸੁਖ।

ਕੋਟਿ ਆਨੰਦ ਰਾਜ ਸੁਖੁ ਭੁਗਵੈ ਸਿਮਰਤ ਪਾਵਤ ਤਨਮਨ ਸੁਖ।[6]

---

1. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 718
2. ਸ੍ਰੀ ਤੁਲਸੀ ਦਾਸ, ਦੇਵਥਨ, ਭਾਰਤੀ ਸੰਗੀਤ ਕੇ ਰਸੋਤਪਾਦਕ ਅੰਗ, ਸੰਗੀਤ (ਪ੍ਰਤ੍ਰਕਾ) ਫਰਵਰੀ, 1958 , ਪੰਨਾ 15
3. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ ਪੰਨਾ 716
4. ਗੁਰੂ ਰਾਮ ਦਾਸ ਜੀ, ਆਦਿ ਗ੍ਰੰਥ, ਪੰਨਾ 711
5. ਡਾ. ਚਰਨ ਸਿੰਘ, ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ (ਭਾਗ 4) ਪੰਨਾ 20
6. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 717-718

ਮਾਸਟਰ ਮੋਹਨ ਸਿੰਘ ਨੇ ਇਸ ਰਾਗ ਨੂੰ ਖੁਸ਼ੀ ਨਾਲ ਸਬੰਧਿਤ ਬਿਆਨ ਕੀਤਾ ਹੈ।[1] ਰਾਗ ਟੋਡੀ ਕੇਵਲ ਇੱਕ ਭਾਵ ਨੂੰ ਨਹੀਂ ਪ੍ਰਗਟਾਉਂਦਾ ਸਗੋਂ ਆਪਣੀ ਲਚਕੀਲੀ ਬਿਰਤੀ ਕਰਨ ਕਈਆਂ ਭਾਵਾਂ ਨੂੰ ਪ੍ਰਗਟਾਉਣ ਵਿੱਚ ਸਹਾਈ ਹੁੰਦਾ ਹੈ। ਇਸ ਲਈ ਜਿਥੇ ਇਹ ਸ਼ਾਂਤ, ਕਰੁਣ, ਸੋ ਵਿਜੋਗ , ਖੁਸ਼ੀ ਆਦਿ ਭਾਵਾਂ ਦਾ ਪ੍ਰਗਟਾਵਾ ਕਰਨ ਵਿੱਚ ਸਹਾਈ ਹੁੰਦਾ ਹੈ ਉਥੇ ਇਹ ਭਗਤੀ ਭਾਵਨਾ ਨੂੰ ਵੀ ਪ੍ਰਗਟ ਕਰਨ ਵਿੱਚ ਸਹਾਈ ਹੁੰਦਾ ਹੈ। ਗੁਰੂ ਕਵੀਆਂ ਨੇ ਅਜਿਹੇ ਭਾਵਾਂ ਵਾਲੀ ਕਾਵਿ ਰਚਨਾ ਵੀ ਕੀਤੀ ਹੈ –

> ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ॥
> ਤੈਸੀ ਬੁਧਿ ਕਰਹੁ ਪਰਗਾਸਾ ਲਾਗੈ ਪ੍ਰਭ ਸੰਗਿ ਪ੍ਰੀਤਿ॥[2]

ਉਪਰੋਕਤ ਭਾਵ ਵੀ ਟੋਡੀ ਰਾਗ ਰਾਹੀਂ ਪ੍ਰਗਟ ਕੀਤਾ ਜਾ ਸਕਦਾ ਹੈ ਕਿਉਂਕਿ ਮਾਸਟਰ ਮੋਹਨ ਸਿੰਘ ਲਿਖਦੇ ਹਨ,' ਟੋਡੀ ਭਗਤੀ ਰਸ ਲਈ ਬਹੁਤ ਅਨੰਦਦਾਇਕ ਹੈ।[3]

ਸੋ ਸਮੁੱਚੇ ਰੂਪ ਵਿੱਚ ਜਿਥੇ ਟੋਡੀ ਰਾਗ ਵਿੱਚ ਰਚੀ ਬਾਣੀ ਵਿੱਚ ਭਾਵਾਂ ਦੀ ਵੰਨ-ਸੁਵੰਨਤਾ ਹੈ ਉਥੇ ਟੋਡੀ ਰਾਗ ਨੂੰ ਇਹਨਾਂ ਵੰਨਸੁਵੰਨੇ ਭਾਵਾਂ ਨੂੰ ਪ੍ਰਗਟਾਉਣ ਦੀ ਸਮਰਥਾ ਵੀ ਹਾਸਲ ਹੈ।

ਰਾਗ ਬੈਰਾੜੀ:-

ਇਸ ਰਾਗ ਦੀ ਬਾਣੀ ਵਿੱਚ ਹਰੀ ਗੁਣ ਗਾਉਣ ਦੀ ਪ੍ਰੇਰਨਾ ਦਿੱਤੀ ਗਈ ਹੈ:-

> ਹਰਿ ਜਨ ਰਾਮ ਨਾਮ ਗੁਨ ਗਾਵੈ।
> ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ।[4]

> ਸੰਤ ਜਨਾ ਮਿਲਿ ਹਰਿ ਜਸੁ ਗਾਇਓ।
> ਕੋਟਿ ਜਨਮ ਕੇ ਦੂਖ ਗਵਾਇਓ।[5]

---

1. ਮੋਹਨ ਗੁਰਮਤ ਸੰਗੀਤ ਮਾਲਾ, ਪੰਨਾ 11
2. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 712
3. ਮੋਹਨ ਗੁਰਮਤ ਸੰਗੀਤ ਮਾਲਾ, ਪੰਨਾ 11
4. ਗੁਰੂ ਰਾਮਦਾਸ ਜੀ, ਆਦਿ ਗ੍ਰੰਥ ਪੰਨਾ 719-20
5. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 720

ਇਸ ਰਾਗ ਦੀ ਬਾਣੀ ਵਿੱਚ ਜਿਹੜੇ ਭਾਵ ਪ੍ਰਗਟਾਏ ਗਏ ਹਨ ਉਹ ਰਾਗ ਦੇ ਭਾਵ ਤੋਂ ਵਖਰੇ ਹਨ। ਬੈਰਾੜੀ ਰਾਗ ਵਿੱਚ ਗੰਧਾਰ ਵਾਦੀ ਸੁਰ ਹੈ, ਇਸ ਲਈ ਇਹ ਰਾਗ ਕਰੁਣ ਰਸ ਦਾ ਪ੍ਰਗਟਾਵਾ ਕਰਨ ਦੇ ਅਨੁਕੂਲ ਹੈ।[1] ਪਰ ਇਸ ਰਾਗ ਦੀ ਬਾਣੀ ਵਿੱਚ ਅਜੇਹੇ ਭਾਵ ਸਪਸ਼ਟ ਰੂਪ ਵਿੱਚ ਨਹੀਂ ਪ੍ਰਗਟਾਏ ਗਏ। ਗੁਰੂ ਕਵੀਆਂ ਨੇ ਮੁੱਖ ਰੂਪ ਵਿੱਚ ਭਗਤੀ ਭਾਵਨਾ ਨੂੰ ਹੀ ਇਸ ਰਾਗ ਵਿੱਚ ਵਿਅਕਤ ਕੀਤਾ ਹੈ।

<u>ਰਾਗ ਤਿਲੰਗ:-</u>

ਰਾਗ ਤਿਲੰਗ ਦੀ ਬਾਣੀ ਵਿੱਚ ਮੁਸਲਮਾਨੀ ਸ਼ਬਦਾਵਲੀ ਦੀ ਭਰਮਾਰ ਹੈ। ਕੁਝ ਸ਼ਬਦ ਤਾਂ ਬਿਲੁ ਬਿਲਕੁਲ ਹੀ ਫਾਰਸੀ ਰੰਗ ਵਿੱਚ ਉਚਾਰੇ ਗਏ ਹਨ —

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸਕੁਨ ਕਰਤਾਰ[2]

———

ਖਾਕ ਨੂਰ ਕਰਦੰ ਆਲਮ ਦੁਨੀਆਇ।[3]

ਇਸ ਰਾਗ ਵਿੱਚ ਦਰਜ ਭਗਤ ਕਬੀਰ ਅਤੇ ਭਗਤ ਨਾਮ ਦੇਵ ਜੀ ਦੇ ਸਾਰੇ ਪਦਿਆਂ ਵਿੱਚ ਮੁਸਲਮਾਨੀ ਸ਼ਬਦਾਵਲੀ ਦਾ ਬਹੁਤਾ ਪ੍ਰਯੋਗ ਹੋਇਆ ਹੈ। ਡਾ. ਧਰਮਪਾਲ ਮੈਣੀ ਦਸਦੇ ਹਨ ਕਿ ਤਿਲੰਗ ਰਾਗ ਮੁਸਲਮਾਨਾਂ ਦਾ ਮਨ ਭਾਉਂਦਾ ਰਾਗ ਹੈ।[4] ਇਸ ਲਈ ਮੁਸਲਮਾਨੀ ਸ਼ਬਦਾਵਲੀ ਨਾਲ ਭਰਪੂਰ ਭਾਵ ਜੋ ਤਿਲੰਗ ਰਾਗ ਵਿੱਚ ਪੇਸ਼ ਹੋਏ ਹਨ ਤਾਂ ਇਹ ਕੋਈ ਅਣਉਚਿਤ ਗੱਲ ਨਹੀਂ।

ਇਸ ਰਾਗ ਵਿੱਚ ਕਰੁਣਾ ਭਾਵ ਦੀ ਪੇਸ਼ਕਾਰੀ ਵੀ ਹੋਈ ਹੈ।[5] ਇਹ ਰਾਗ ਇਸ ਭਾਵ ਨੂੰ ਵੀ ਪ੍ਰਗਟਾਉਣ ਵਿੱਚ ਸਹਾਇਤਾ ਕਰ ਸਕਦਾ ਹੈ ਕਿਉਂਕਿ ਇਸ ਰਾਗ ਦਾ ਵਾਦੀ ਸੁਰ ਗੰਧਾਰ

---

1. ਭਰਤ, ਨਾਟ ਸ਼ਾਸਤਰ, ਅਧਿਆਇ 29 ਪੰਨਾ 32 ਹਵਾਲਾ ~~ਭਗਤਕਾਲੀਨ ਕਾਵਯ~~ ਮੇਂ ਰਾਗ ਔਰ ਰਸ ਪੰਨਾ 84
2. ਗੁਰੂ ਨਾਨਕ ਆਦਿ ਗ੍ਰੰਥ, ਪੰਨਾ 721
3. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 723
4. ਸ੍ਰੀ ਗੁਰੂ ਗ੍ਰੰਥ ਸਾਹਿਬ ਏਕ ਪਰਿਚੈ, ਪੰਨਾ 67
5. ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ
   ਵੇਖੋ ਇਹ ਸਾਰਾ ਸ਼ਬਦ — ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 722

ਹੈ ਅਤੇ ਅਸੀਂ ਪਹਿਲਾਂ ਦੱਸ ਚੁਕੇ ਹਾਂ ਕਿ ਜਿਹਨਾਂ ਰਾਗਾਂ ਵਿੱਚ ਗੰਧਾਰ ਵਾਦੀ ਸੁਰ ਹੁੰਦਾ ਹੈ ਅਤੇ ਉਹ ਰਾਗ ਕਰੁਣ ਭਾਵ ਦਾ ਪ੍ਰਗਟਾਵਾ ਕਰਨ ਦੇ ਅਨੁਕੂਲ ਮੰਨੇ ਜਾਂਦੇ ਹਨ।

ਗੁਰੂ ਸਾਹਿਬਾਨ ਨੇ ਇਸ ਰਾਗ ਵਿੱਚ ਸ਼ਿੰਗਾਰਕ ਸ਼ਬਦਾਵਲੀ ਭਰਪੂਰ ਕੁਝ ਪਦੇ ਵੀ ਰਚੇ ਹਨ ਪਰ ਇਹਨਾਂ ਵਿੱਚ ਭਗਤੀ ਭਾਵ ਪ੍ਰਧਾਨ ਹੈ –

ਇਹ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਇ।
ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਇ।
- - - - - - - - - - - - - - - - - - - - - - -

ਜਿਨੀ ਚੋਲੜੇ ਰਤੜੇ ਪਿਆਰੇ ਕੰਤ ਤਿਨਾ ਕੈ ਪਾਸਿ

- - - - - - - - - - - - - - - - - - - - -

ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇ।
ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ।[1]

---

ਇਆਨੜੀਏ ਮਾਨੜਾ ਕਾਇ ਕਰੇਹਿ।

ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ।

ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ।[2]

ਤਿਲੰਗ ਰਾਗ ਨੂੰ ਕਈ ਵਿਦਵਾਨਾਂ ਨੇ ਸ਼ਿੰਗਾਰ ਰਸ ਨਾਲ ਵੀ ਸੰਬੰਧਿਤ ਕੀਤਾ ਹੈ।[3]

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਤਿਲੰਗ ਰਾਗ ਵਿੱਚ ਰਚੀ ਬਾਣੀ ਭਾਵ ਅਤੇ ਰਾਗ ਦੇ ਪੱਖੋਂ ਸੁਮੇਲਤਾ ਰਖਦੀ ਹੈ।

---

1. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ ਪੰਨਾ 721-22
2. ਉਹੀ, ਪੰਨਾ 722
3. ਡਾ ਹਰਬੰਸ ਸਿੰਘ (ਗਿਆਨੀ) ਗੁਰਬਾਣ ਕੀਰਤਨ ਪੰਨਾ 215

## ਰਾਗ ਸੂਹੀ:-

ਇਸ ਰਾਗ ਦੀ ਬਾਣੀ ਵਿੱਚ ਘਰੋਗੀ ਵਾਤਾਵਰਣ ਪਸਰਿਆ ਹੈ। ਇਸ ਦਾ ਭਾਵ ਪ੍ਰਬੰਧ ਦੰਪਤੀ ਜੀਵਨ (ਪਤੀ-ਪਤਨੀ) ਦੇ ਦੁਆਲੇ ਉਸਰਿਆ ਹੋਇਆ ਹੈ। ਗੁਰੂ ਸਾਹਿਬਾਨ ਨੇ ਬਹੁਤੇ ਅਲੰਕਾਰ, ਚਿੰਨ ਅਤੇ ਬਿੰਬ ਵਿਆਹ ਦੀ ਰਸਮ ਵਿਚੋਂ ਲਏ ਹਨ—

ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ।
ਮਾਨੈ ਹੁਕਮੁ ਤਜੈ ਅਭਿਮਾਨੈ। ---1

ਸਭਿ ਅਵਗੁਣ ਮੈ ਗੁਣੁ ਨਹੀ ਕੋਈ।
ਕਿਉਂ ਕਰਿ ਕੰਤ ਮਿਲਾਵਾ ਹੋਈ। ---2

ਇਸ ਰਾਗ ਵਿੱਚ ਦਸਿਆ ਗਿਆ ਹੈ ਕਿ ਬੁਰੀ ਪਤਨੀ[3] ਅਤੇ ਚੰਗੀ[4] ਪਤਨੀ ਵਿੱਚ ਕੀ ਅੰਤਰ ਹੈ। ਇਸ ਰਾਗ ਦੇ ਕੁਝ ਪਦਿਆਂ ਵਿੱਚ ਵਿਆਹ ਦਾ ਵਾਤਾਵਰਨ ਇਨਾ ਪ੍ਰਬਲ ਹੈ ਕਿ ਇਹ ਅੱਜ ਵੀ ਸਿੱਖ ਧਰਮ ਨਾਲ ਸੰਬੰਧਿਤ ਵਿਆਹ ਦੀ ਰਸਮ ਵਿੱਚ ਇਹ ਪੜ੍ਹੇ ਸੁਣੇ ਜਾਂਦੇ ਹਨ—

ਬਰਾਤ ਦੇ ਢੁਕਾਉ ਵੇਲੇ —

ਹਮ ਘਰਿ ਸਾਜਨ ਆਏ।
ਸਾਚੈ ਮੇਲਿ ਮਿਲਾਏ।[5]

ਲਾਵਾਂ ਵੇਲੇ —

ਹਰ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਰਾਮ ਜੀਉ[6]

ਚਾਰੇ ਲਾਵਾਂ ਲੈਣ ਸਮੇਂ ਇਹਨਾਂ ਚਾਰ ਬੰਦਾਂ ਦਾ ਗਾਇਨ ਕੀਤਾ ਜਾਂਦਾ ਹੈ। ਗੁਰੂ ਸਾਹਿਬਾਨ ਨੇ ਇਸ ਰਾਗ ਵਿੱਚ ਪਤੀ ਅਤੇ ਪਤਨੀ ਦੇ ਅਸਲੀ ਰਿਸ਼ਤੇ ਬਾਰੇ ਦੱਸਿਆ ਹੈ—

ਧਨ ਪਿਰ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ।[7]
ਏਕ ਜੋਤ ਦੁਇ ਮੂਰਤੀ ਧਨ ਪਿਰ ਕਹੀਐ ਸੋਇ।

---

1. ਗੁਰੂ ਅਰਜਨ ਦੇਵ ਜੀ, *ਆਦਿ ਗ੍ਰੰਥ*, ਪੰਨਾ 737
2. ਗੁਰੂ ਨਾਨਕ ਦੇਵ ਜੀ, ਉਹੀ, ਪੰਨਾ 750
3. ਗੁਰੂ ਨਾਨਕ ਦੇਵ ਜੀ, "ਕੁਚੱਜੀ", *ਆਦਿ ਗ੍ਰੰਥ*, ਪੰਨਾ 762
4. ਸੁਚੱਜੀ, ਉਹੀ, ਪੰਨਾ 762
5. ਗੁਰੂ ਨਾਨਕ ਦੇਵ ਜੀ, *ਆਦਿ ਗ੍ਰੰਥ*, ਪੰਨਾ 764
6. ਗੁਰੂ ਰਾਮਦਾਸ ਜੀ, *ਆਦਿ ਗ੍ਰੰਥ*, ਪੰਨਾ 773
7. ਗੁਰੂ ਅਮਰਦਾਸ ਜੀ, *ਆਦਿ ਗ੍ਰੰਥ*, ਪੰਨਾ 788

ਇਸ ਰਾਗ ਵਿੱਚ ਪਤਨੀ ਬਾਰੇ ਸਤੀ ਹੋਣ ਸੰਬੰਧੀ ਵੀ ਵਿਚਾਰ ਪ੍ਰਗਟ ਕੀਤੇ ਗਏ ਹਨ।

ਸਤੀਆ ਏਹੁ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ।[1]

ਰਾਗ ਸੂਹੀ ਇਹਨਾਂ ਭਾਵਾਂ ਨੂੰ ਪ੍ਰਗਟਾਉਣ ਵਿੱਚ ਬੜੀ ਚੰਗੀ ਤਰ੍ਹਾਂ ਸਮਰਥ ਹੈ ਕਿਉਂਕਿ ਇਸ ਰਾਗ ਵਿੱਚ ਪੰਚਮ ਸੁਰ ਸਥਾਈ ਹੈ ਇਸ ਲਈ ਇਸ ਰਾਗ ਵਿੱਚ ਸ਼ਿੰਗਾਰ ਦੇ ਭਾਵਾਂ ਦਾ ਪ੍ਰਗਟਾਵਾ ਹੋ ਸਕਦਾ ਹੈ।

ਸੂਹੀ ਰਾਗ ਦੀ ਬਾਣੀ ਵਿੱਚ 'ਰੱਤੀ' (ਲਾਲ) ਸ਼ਬਦ ਦਾ ਪ੍ਰਯੋਗ ਇਸ ਰਾਗ ਦੇ ਨਾਮ ਸੂਹੀ (ਰੱਤੀ ਜਾਂ ਲਾਲ) ਦੇ ਅਨੁਕੂਲ ਲਗਦਾ ਹੈ। ਵਾਰ ਸੂਹੀ ਵਿੱਚ 'ਰੱਤਾ' ਸ਼ਬਦ ਲਾਲ ਰੰਗ ਦੇ ਅਰਥਾਂ ਵਿੱਚ ਪ੍ਰਯੋਗ ਕੀਤਾ ਗਿਆ ਹੈ।

ਇਸ ਰਾਗ ਦੀ ਬਾਣੀ ਵਿੱਚ 'ਬਸੰਤ' ਰੁੱਤ ਬਾਰੇ ਵੀ ਕੁਝ ਸਲੋਕ ਦਰਜ ਹੋਏ ਹਨ।[2] ਕਿਉਂਕਿ ਸੂਹੀ ਰਾਗ ਨੂੰ ਕਈ ਵਿਦਵਾਨਾਂ ਨੇ ਬਸੰਤ ਰੁੱਤ ਨਾਲ ਸੰਬੰਧਿਤ ਕੀਤਾ ਹੈ।[3]

ਸਮੁੱਚੇ ਰੂਪ ਵਿੱਚ ਇਸ ਰਾਗ ਦੀ ਬਾਣੀ ਵਿੱਚ ਕਾਵਿਕ ਭਾਵ ਅਤੇ ਰਾਗ ਦੇ ਸੁੰਦਰ ਸੁਮੇਲ ਦੀ ਚੰਗੀ ਮਿਸਾਲ ਕਾਇਮ ਹੋਈ ਹੈ।

## ਰਾਗ ਬਿਲਾਵਲ:-

ਰਾਗ ਬਿਲਾਵਲ ਦੀ ਬਾਣੀ ਦਾ ਬਹੁਤਾ ਹਿੱਸਾ ਸ਼ਿੰਗਾਰਕ ਅਤੇ ਖੁਸ਼ੀ ਦੇ ਭਾਵਾਂ ਨੂੰ ਪ੍ਰਗਟਾਉਣ ਵਾਲਾ ਹੈ —

ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ।[4]

---

1. ਗੁਰੂ ਅਮਰਦਾਸ, ਆਦਿ ਗ੍ਰੰਥ, ਪੰਨਾ 787
2. ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ।
   —— ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ ਪੰਨਾ 79
   ਨਾਨਕ ਤਿਨਾ ਬਸੰਤੁ ਹੈ ਜਿਨਿ ਘਰਿ ਵਸਿਆ ਕੰਤੁ।
   —— ਗੁਰੂ ਅੰਗਦ ਦੇਵ ਜੀ, ਆਦਿ ਗ੍ਰੰਥ, ਪੰਨਾ 89
   ਪਹਿਲ ਬਸੰਤੈ ਆਗਮਨਿ ਤਿਸਕਾ ਕਰਹੁ ਬੀਚਾਰੁ।
   — ਗੁਰੂ ਅੰਗਦ ਦੇਵ ਜੀ, ਆਦਿ ਗ੍ਰੰਥ ਪੰਨਾ 79
3. ਮਾਸਟਰ ਪ੍ਰੇਮ ਸਿੰਘ, ਗੁਰਮਤ ਸੰਗੀਤ ਰਤਨ ਭੰਡਾਰ ਪੰਨਾ 59
4. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 844

ਹਰਿ ਹਰਿ ਹਾਰੁ ਕੰਠਿ ਹੈ ਬਣਿਆ ਮਨੁ ਮੋਤੀ ਚੂਰੁ ਵਡ ਗਹਨ ਗਹਨਾਇਆ।

ਹਰਿ ਹਰਿ ਸ੍ਰਧਾ ਸੇਜ ਵਿਛਾਈ ਪ੍ਰਭੁ ਛੋਡਿ ਨ ਸਕੈ ਬਹੁਤੁ ਮਨਿ ਭਾਇਆ।[1]

—

ਸੁਣਿ ਪਾਈ ਗੁਰਿ ਸਤਿਗੁਰਿ ਪੂਰੈ।

ਸੁਖ ਉਪਜੇ ਬਾਜੇ ਅਨਹਦ ਤੂਰੇ।[2]

—

ਮੰਗਲ ਸਾਜ ਭਇਆ ਪ੍ਰਭੁ ਅਪਨਾ ਗਾਇਆ ਰਾਮ।[3]

ਬਿਲਾਵਲ ਰਾਗ ਵਿੱਚ ਅਜੇਹੇ ਖੁਸ਼ੀ ਦੇ ਭਾਵ ਰਾਗ ਦੇ ਭਾਵ ਅਨੁਕੂਲ ਹੀ ਪ੍ਰਗਟ ਹੋਏ ਹਨ ਕਿਉਂਕਿ ਇਹ ਰਾਗ ਕੇਵਲ ਖੁਸ਼ੀ ਦੇ ਭਾਵਾਂ ਦਾ ਪ੍ਰਗਟਾਵਾ ਹੀ ਕਰ ਸਕਦਾ ਹੈ। ਇਸ ਰਾਗ ਦਾ ਸੁਰ ਵਿਧਾਨ ਦੱਸਦਾ ਹੈ ਕਿ ਇਸ ਵਿੱਚ ਰਿਸ਼ਭ ਅਤੇ ਧੈਵਤ ਸੁਰ ਸੁਧ ਰੂਪ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ ਇਸ ਲਈ ਭਾਤਖੰਡੇ ਅਨੁਸਾਰ ਇਹ ਰਾਗ ਸ਼ਿੰਗਾਰ ਰਸੀ ਭਾਵਾਂ ਨੂੰ ਪ੍ਰਗਟਾਉਂਦਾ ਹੈ।[4] ਇਸ ਰਾਗ ਦੇ ਚਿਤਰਾਂ ਵਿੱਚੋਂ ਵੀ ਸ਼ਿੰਗਾਰਕ ਭਾਵਾਂ ਦੀ ਨਿਸ਼ਪਤੀ ਹੁੰਦੀ ਹੈ।[5]

ਗੁਰੂ ਕਵੀਆਂ ਨੇ ਇਸ ਰਾਗ ਵਿੱਚ ਰਚੀ ਬਾਣੀ ਵਿੱਚ ਬਸੰਤ ਰੁਤ ਦੇ ਵਾਤਾਵਰਣ ਨੂੰ ਵੀ ਚਿਤਰਤ ਕੀਤਾ ਹੈ —

ਸੋਹੇ ਬੰਕ ਦੁਆਰ ਸਗਲਾ ਬਨ ਹਰਾ।[6]

—

ਵਣੁ ਤ੍ਰਿਣੁ ਤ੍ਰਿਭਵਣ ਹਰਿਆ ਹੋਇ ਸਗਲੇ ਜੀਅ ਸਾਧਾਰਿਆ।[7]

—

ਇਹ ਵੀ ਬਿਲਾਵਲ ਰਾਗ ਦੇ ਅਨੁਕੂਲ ਹੈ ਕਿਉਂਕਿ ਬਿਲਾਵਲ ਰਾਗ ਨੂੰ ਬਸੰਤ

---

1. ਗੁਰੂ ਰਾਮ ਦਾਸ ਜੀ, ਆਦਿ ਗ੍ਰੰਥ, ਪੰਨਾ 836
2. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 806
3. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ ਪੰਨਾ 845
4. ਕ੍ਰਮਕ ਪੁਸਤਕ ਮਲਿਕਾ (ਪਾਂਚਵੀਂ ਪੁਸਤਕ) ਪੰਨਾ 27
5. ਸਗਤ ਸਿੰਘ, "ਰਾਜਸਥਾਨੀ ਚਿਤਰਕਲਾ ਮੇਂ ਰਾਗੋਂ ਕਾ ਸਰੂਪ," ਨਿਬੰਧ ਸੰਗੀਤ, ਪੰਨਾ 437
6. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ ਪੰਨਾ 847
7. ਉਹੀ, ਪੰਨਾ 807

ਰੁੱਤ ਨਾਲ ਸੰਬੰਧਿਤ ਕੀਤਾ ਜਾਂਦਾ ਹੈ।[1]



ਸਮੁੱਚੇ ਰੂਪ ਵਿੱਚ ਇਸ ਰਾਗ ਦੀ ਬਾਣੀ ਵਿੱਚ ਭਾਵ ਅਤੇ ਰਾਗ ਦਾ ਪੂਰਨ ਸੰਜੋਗ ਕੀਤਾ ਗਿਆ ਹੈ।

ਰਾਗ ਗੌਂਡ:-

ਇਸ ਰਾਗ ਵਿੱਚ ਰਚੀ ਬਾਣੀ ਕਈ ਵਿਸ਼ੇਸ਼ ਭਾਵਾਂ ਨਾਲ ਸੰਬੰਧਿਤ ਉਦਾਹਰਨਾਂ ਮਿਲ ਜਾਂਦੀਆਂ ਹਨ—

ਵਿਛੋੜੇ ਦਾ ਦੁੱਖ :-

ਹਰਿ ਦਰਸਨ ਕਉ ਮੇਰਾ ਮਨ ਬਹੁ ਤਪਤੇ ਜਿਉ ਤ੍ਰਿਖਾਵੰਤ ਬਿਨ ਨੀਰ।
ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ।
ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ। ਰਹਾਉ।—[2]

———

ਸੰਜੋਗ ਦੀ ਖੁਸ਼ੀ:-

ਗੋਬਿੰਦ ਭਗਤ ਕਾ ਮਹਲੁ ਨ ਪਾਇਆ।
ਰਾਮ ਜਨਾ ਮਿਲਿ ਮੰਗਲ ਗਾਇਆ।[3]

ਕਈ ਥਾਵਾਂ ਤੇ ਪੰਜਾਂ ਦੁਸ਼ਮਣਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨੂੰ ਮਾਰਨ ਦਾ ਵਰਣਨ ਕਰਦਿਆਂ ਵੀਰ ਰਸੀ ਉਤਸ਼ਾਹ ਦੇ ਭਾਵ ਪ੍ਰਗਟ ਹੁੰਦੇ ਹਨ—

ਉਨ ਕਉ ਖਸਮਿ ਕੀਨੀ ਠਾਕਹਾਰੇ।
ਦਾਸ ਸੰਗ ਤੇ ਮਾਰਿ ਬਿਦਾਰੇ।[4]

—

ਕਾਮ ਕ੍ਰੋਧ ਇਸ ਤਨ ਤੇ ਮਾਰੇ।[5]

—

ਪੰਚ ਦੂਤ ਭਾਗੇ ਬਿਕਰਾਲ।[6]

---

1. ਮਾਸਟਰ ਪ੍ਰੇਮ ਸਿੰਘ, ਗੁਰਮਤ ਸੰਗੀਤ ਰਤਨ ਭੰਡਾਰ, ਪੰਨਾ 63
2. ਗੁਰੂ ਰਾਮਦਾਸ ਜੀ, ਆਦਿ ਗ੍ਰੰਥ, ਪੰਨਾ 861
3. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 865
4. ਉਹੀ, ਪੰਨਾ 865
5. ਉਹੀ, ਪੰਨਾ 866
6. ਉਹੀ, ਪੰਨਾ 866

ਕਿਤੇ ਮਾਇਆ ਦੇ ਦੰਦ ਭੰਨਣ ਦੀ ਗਲ ਕਰਦਿਆਂ ਜੋਸ਼ ਉਭਾਰਿਆ ਗਿਆ ਹੈ।[1]

ਨਿੰਦਕ ਦੀ ਨਿਖੇਧੀ ਕਰਦਿਆਂ ਗੁੱਸੇ ਦਾ ਪ੍ਰਗਟਾਵਾ ਕੀਤਾ ਗਿਆ ਹੈ —

ਨਿੰਦਕ ਕੈ ਮੁਹਿ ਲਾਗੈ ਛਾਰ।[2]

- - - - - - - - - - -

ਨਿੰਦਕ ਕੈ ਮੁਖਿ ਕੀਨੋ ਰੋਗ।

- - - - - - - - - -

ਜਨ ਨਿਰਵੈਰ ਨਿੰਦਕ ਅਹੰਕਾਰੀ।

ਜਨ ਭਲ ਮਾਨਹਿ ਨਿੰਦਕ ਵੇਕਾਰੀ।

- - - - - - - - - - - -

ਜਨ ਉਬਰੇ ਨਿੰਦਕ ਨਰਕਿ ਪਾਇਆ।[3]

ਭਾਵਾਂ ਦੀ ਗਿਣਤੀ ਐਥੇ ਹੀ ਬਸ ਨਹੀਂ ਹੁੰਦੀ ਸਗੋਂ ਪ੍ਰਭੂ ਅਤੇ ਆਤਮਾ ਦਾ ਬਿਆਨ ਕਰਦਿਆਂ ਅਚਰਜਤਾ ਦੇ ਭਾਵ ਵੀ ਪ੍ਰਗਟਾਏ ਗਏ ਹਨ —

ਸਭੁ ਕਰਤਾ ਸਭੁ ਭੁਗਤਾ।

ਸੁਨਤੋ ਕਰਤਾ ਪੇਖਤ ਕਰਤਾ। - - - - -[4]

———

ਅਚਰਜ ਕਥਾ ਮਹਾ ਅਨੂਪ।

ਪ੍ਰਾਤਮਾ ਪਾਰਬ੍ਰਹਮ ਕਾ ਰੂਪ।[5]

ਇਸ ਰਾਗ ਦੀ ਬਾਣੀ ਵਿੱਚ ਇਨੇ ਭਾਵਾਂ ਦਾ ਪ੍ਰਗਟਾਵਾ ਹੋਇਆ। ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਸਾਰੇ ਭਾਵ ਗੌਂਡ ਰਾਗ ਰਾਹੀਂ ਪ੍ਰਗਟ ਹੋ ਸਕਦੇ ਹਨ। ਇਸ ਰਾਗ ਵਿੱਚ ਰਿਸ਼ਭ ਅਤੇ ਧੈਵਤ ਸੁਰ ਸ਼ੁਧ ਰੂਪ ਵਿੱਚ ਪ੍ਰਯੋਗ ਹੁੰਦੇ ਹਨ ਇਸ ਲਈ ਇਸ ਰਾਗ ਵਿੱਚ ਸ਼ਿੰਗਾਰ ਰਸੀ ਭਾਵ ਪ੍ਰਗਟ ਹੋ ਸਕਦੇ ਹਨ। ਇਸ ਦਾ ਸਥਾਈ ਸੁਰ ਸ਼ੜਜ ਹੈ ਇਸ

---

1. ਨਾਰਾਇਣ ਕਹਤ ਜਮੁ ਭਾਗਿ ਪਲਾਇਣ।
   ਨਾਰਾਇਣ ਦੰਤ ਭਾਨੇ ਡਾਇਣ। — ਗੁਰੂ ਅਰਜਨ ਦੇਵ ਜੀ, <u>ਆਦਿ ਗ੍ਰੰਥ</u>, ਪੰਨਾ 868
2. ਗੁਰੂ ਅਰਜਨ ਦੇਵ ਜੀ , <u>ਆਦਿ ਗ੍ਰੰਥ</u> ~~868~~ ਪੰਨਾ 868
3. ਗੁਰੂ ਅਰਜਨ ਦੇਵ ਜੀ, <u>ਆਦਿ ਗ੍ਰੰਥ</u> ਪੰਨਾ 869
4. ਉਹੀ, ਪੰਨਾ 862
5. ਉਹੀ, ਪੰਨਾ 868

ਨਈ ਇਹ ਰਾਗ ਵੀਰ ਰੌਦਰ ਅਤੇ ਅਦਭੁਤ ਭਾਵਾਂ ਦਾ ਪ੍ਰਗਟਾਵਾ ਕਰਨ ਦੇ ਵੀ ਅਨੁਕੂਲ ਹੈ।[1]

ਰਾਗ ਰਾਮਕਲੀ:-

ਇਸ ਰਾਗ ਦੀ ਬਾਣੀ ਵਿੱਚ ਜੋਗ ਮਤ ਦੀ ਸ਼ਬਦਾਵਲੀ ਦਾ ਵਧੇਰੇ ਪ੍ਰਯੋਗ ਹੋਇਆ ਹੈ। ਅਸਲੀ ਜੋਗ ਅਤੇ ਅਸਲੀ ਆਨੰਦ ਦੀ ਪ੍ਰਾਪਤੀ ਦਾ ਅਨੁਭਵ ਪ੍ਰਗਟਾਇਆ ਗਿਆ ਹੈ:-

ਮੋਹਿ ਗਇਆ ਬੈਰਾਗੀ ਜੋਗੀ, ਘਟਿ ਘਟਿ ਕਿੰਗੁਰੀ ਵਜਾਈ।[2]

—

ਐਸੀ ਕਿੰਗੁਰੀ ਵਜਾਇ ਜੋਗੀ।।
ਜਿਤੁ ਕਿੰਗੁਰੀ ਅਨਹਦੁ ਵਾਜੈ, ਹਰਿ ਸਿਉ ਰਹੈ ਲਿਵ ਲਾਇ।[3]

—

ਕਿਙੁਰੀ ਅਨੂਪ ਵਾਜੈ।।
ਜੋਗੀਆ ਮਤਵਾਰੋ ਰੇ ।।[4]

ਇਸ ਰਾਗ ਵਿੱਚ ਦਰਜ ਭਗਤ ਬਾਣੀ ਵਿੱਚ ਵੀ ਜੋਗ ਮਤ ਨਾਲ ਸੰਬੰਧਿਤ ਭਾਵਾਂ ਦਾ ਪ੍ਰਗਟਾਵਾ ਹੋਇਆ ਹੈ —

ਐਸਾ ਜੋਗ ਕਮਾਵਹੁ ਜੋਗੀ।[5]

ਇਸ ਰਾਗ ਵਿੱਚ ਸਿਧ ਗੋਸਟਿ ਦੀ ਰਚਨਾ ਵੀ ਇਸ ਰਾਗ ਦਾ ਜੋਗੀਆਂ ਨਾਲ ਸੰਬੰਧ ਦਰਸਾਉਂਦੀ ਹੈ। ਸ਼ਬਦਾਰਥ ਵਿੱਚ ਤਾਂ ਸਪਸ਼ਟ ਲਿਖਿਆ ਹੋਇਆ ਹੈ ਕਿ

---

1. ਬ੍ਰਿਹਸਪਤੀ, ਭਰਤ ਕਾ ਸੰਗੀਤ ਸਿਧਾਂਤ, ਪੰਨਾ 270
2. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 907
3. ਗੁਰੂ ਅਮਰਦਾਸ ਜੀ, ਆਦਿ ਗ੍ਰੰਥ, ਪੰਨਾ 908-9
4. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 886
5. ਭਗਤ ਕਬੀਰ ਜੀ, ਆਦਿ ਗ੍ਰੰਥ, ਪੰਨਾ 970

ਰਾਗ ਰਾਮਕਲੀ ਜੋਗੀਆਂ ਵਿੱਚ ਬੜਾ ਪ੍ਰਚਲਤ ਰਿਹਾ ਹੈ।[1]

ਭਾਵੇਂ ' ਇਸ ਰਾਗ ਵਿੱਚ ਜੋਗ ਮਤ ਨਾਲ ਸੰਬੰਧਿਤ ਵਿਚਾਰ ਪ੍ਰਗਟ ਹੋਏ ਹਨ ਪਰ ਫਿਰ ਵੀ ਇਸ ਰਾਗ ਵਿੱਚ ਤਿੰਨ ਭਾਵ ਪ੍ਰਬਲ ਹਨ। ਜੋਗੀਆਂ ਨੂੰ ਭਟਕਣ ਤੋਂ ਬਚਾ ਕੇ ਗੁਰਮਤ ਮਾਰਗ ਵੱਲ ਪ੍ਰੇਰਦਿਆਂ ਸ਼ਾਂਤ ਭਾਵ ਉਜਾਗਰ ਕੀਤੇ ਗਏ ਹਨ—

ਜੋਗੀ ਜੁਗਤਿ ਸਹਜ ਘਰਿ ਵਾਸੈ।
ਏਕ ਦ੍ਰਿਸਟਿ ਏਕੋ ਕਰਿ ਦੇਖਿਆ ਭੀਖਿਆ ਭਾਇ ਸਬਦ ਤ੍ਰਿਪਤਾਸੈ।
- - - - - - - - - - - - - - - - - -
ਗੁਰ ਕਾ ਸਬਦ ਵੀਚਾਰਿ ਜੋਗੀ
ਦੁਖ ਸੁਖ ਸਮ ਕਰਣਾ ਸੋਗ ਬਿਓਗੀ।[2]

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ।
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ।[3]

ਜੀਵ ਦੀ ਭਟਕਣ ਦੇ ਬਿਆਨ ਵਿੱਚੋਂ ਕਰੁਣਾ ਦੇ ਭਾਵ ਪ੍ਰਗਟ ਹੋਏ ਹਨ—

ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ।
ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ।
ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ।
- - - - - - - - - - - - - - - - - - - -
ਪ੍ਰਣਵਤਿ ਨਾਨਕ ਜੈ ਤੂ ਦੇਵਹਿ ਅੰਤਿ ਹੋਇ ਸਖਾਈ।[4]

ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ।[5]

---

1. ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ (ਤੀਜੀ ਪੋਥੀ), ਪੰਨਾ 876
2. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ ਪੰਨਾ 878-79
3. ਗੁਰੂ ਅੰਗਦ ਦੇਵ ਜੀ, ਆਦਿ ਗ੍ਰੰਥ, ਪੰਨਾ 955
4. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 876
5. ਉਹੀ, ਪੰਨਾ 878

ਇਸ ਤਰ੍ਹਾਂ ਇਸ ਰਾਗ ਵਿੱਚ ਸ਼ਾਂਤ ਅਤੇ ਕਰੁਣ ਭਾਵ ਪ੍ਰਗਟ ਹੋਏ। ਇਸ ਰਾਹੀਂ ਇਹਨਾਂ ਭਾਵਾਂ ਦਾ ਪ੍ਰਗਟਾਵਾ ਸੁਭਾਵਕ ਹੈ। ਕਿਉਂਕਿ ਇਸ ਰਾਗ ਵਿੱਚ ਰਿਸਭ ਅਤੇ ਧੈਵਤ ਸੁਰ ਕੋਮਲ ਰੂਪ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ। ਇਹ ਅਸੀਂ ਪਹਿਲਾਂ ਦੱਸ ਹੀ ਆਏ ਹਾਂ ਕਿ ਜਿਹਨਾਂ ਰਾਗਾਂ ਵਿੱਚ ਇਹ ਸੁਰ ਪ੍ਰਯੋਗ ਹੁੰਦੇ ਹਨ ਉਹ ਰਾਗ ਸ਼ਾਂਤ ਅਤੇ ਕਰੁਣ ਰਸ ਦੇ ਭਾਵਾਂ ਨੂੰ ਪ੍ਰਗਟ ਕਰਨ ਵਿੱਚ ਸਹਾਇਕ ਹੁੰਦੇ ਹਨ।

ਇਸ ਰਾਗ ਦੀ ਬਾਣੀ ਵਿੱਚ ਜਿਥੇ ਸ਼ਾਂਤ ਅਤੇ ਕਰੁਣ ਭਾਵਾਂ ਦਾ ਪ੍ਰਗਟਾਵਾ ਹੋਇਆ ਹੈ ਉਥੇ ਪ੍ਰਭੂ-ਮਿਲਾਪ ਦੇ ਅਨੰਦ ਦਾ ਅਨੁਭਵ ਵੀ ਦਰਸਾਇਆ ਹੈ —

ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ
ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ।[1]

—

ਮੰਗਲਾ ਹਰਿ ਮੰਗਲਾ ਮੇਰੇ ਪ੍ਰਭ ਕੈ ਸੁਣੀਐ ਮੰਗਲਾ।[2]

—

ਸਗਲ ਇਛ ਮੇਰੀ ਪੁੰਨੀਆ ਮਿਲਿਆ ਨਿਰੰਜਨ ਰਾਇ ਜੀਉ।
ਅਨਦ ਭਇਆ ਵਡਭਾਗੀਹੋ ਗ੍ਰਿਹਿ ਪ੍ਰਗਟੇ ਪ੍ਰਭ ਆਇ ਜੀਉ।[3]

ਭਾਵੇਂ ਇਸ ਰਾਗ ਦਾ ਸੁਰ ਪ੍ਰਬੰਧ ਸ਼ਾਂਤ ਅਤੇ ਕਰੁਣ ਭਾਵਾਂ ਨਾਲ ਸੰਬੰਧਿਤ ਕੀਤਾ ਜਾਂਦਾ ਹੈ ਪਰ ਇਸ ਰਾਗ ਦੇ ਸਰੂਪ ਦਾ ਵਰਣਨ 'ਸੰਗੀਤ ਦਰਪਣ'[4] ਵਿੱਚ ਖੁਸ਼ੀ ਦੇ ਭਾਵਾਂ ਨੂੰ ਪ੍ਰਗਟਾਉਂਦਾ ਹੈ। ਚਿਤਰਕਾਰਾਂ ਨੇ ਇਸ ਰਾਗ ਦੇ ਚਿਤਰ ਬਣਾਉਣ ਵੇਲੇ ਸ਼ਿੰਗਾਰ ਨੂੰ ਖਾਸ ਥਾਂ ਦਿੱਤੀ ਹੈ।[5] ਸ਼ਾਇਦ ਏਸੇ ਲਈ ਗੁਰੂ ਅਮਰਦਾਸ ਜੀ ਨੇ ਰਾਮਕਲੀ ਰਾਗ ਬਾਰੇ ਆਪਣਾ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਹੈ —

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ।[6]

1. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ ਪੰਨਾ 924
2. ਉਹੀ, ਪੰਨਾ 924
3. ਉਹੀ, ਪੰਨਾ 927
4. ਦਮੋਦਰ, ਸੰਗੀਤ ਦਰਪਣ, ਪੰਨਾ 96
5. ਸਗਤ ਸਿੰਘ, "ਰਾਜਸਥਾਨੀ ਚਿਤਰਕਲਾ ਮੇਂ ਰਾਗੋਂ ਕਾ ਸਰੂਪ, ਨਿਬੰਧ ਸੰਗੀਤ ਪੰਨਾ 437
6. ਗੁਰੂ ਅਮਰਦਾਸ ਜੀ, ਆਦਿ ਗ੍ਰੰਥ, ਪੰਨਾ 950

ਸੋ ਇਸ ਰਾਗ ਦੀ ਬਾਣੀ ਸ਼ਾਂਤ, ਕਰੁਣ ਅਤੇ ਸ਼ਿੰਗਾਰ ਭਾਵਾਂ ਨੂੰ ਪ੍ਰਗਟਾਉਂਦੀ ਹੈ। ਪਰ ਇਸ ਵਿੱਚ ਵਿਸ਼ੇਸ਼ ਵਾਤਾਵਰਣ ਜੋਗਮਤ ਵਾਲਾ ਹੀ ਹੈ। ਰਾਮਕਲੀ ਰਾਗ ਇਸ ਬਾਣੀ ਦੇ ਭਾਵ ਲਈ ਉਚਿਤ ਰਾਗ ਹੈ।

ਰਾਗ ਨਟਨਾਰਾਇਣ:-

ਇਸ ਰਾਗ ਵਿੱਚ ਕੇਵਲ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਹੀ ਦਰਜ ਹੈ। ਇਸ ਬਾਣੀ ਵਿੱਚ ਪ੍ਰਭੂ ਮਿਲਾਪ ਦੀ ਖੁਸ਼ੀ ਦਾ ਪ੍ਰਗਟਾਵਾ ਬਹੁਤੀ ਮਾਤਰਾ ਵਿੱਚ ਹੋਇਆ ਹੈ –

ਹਰਿ ਅਪਨੀ ਕ੍ਰਿਪਾ ਕਰੀ ਆਪ ਗ੍ਰਿਹਿ ਆਇਓ
ਹਮ ਹਰਿ ਕੀ ਗੁਰ ਕੀਈ ਹੈ ਬਸੀਠੀ
ਹਮ ਹਰਿ ਦੇਖੇ ਭਈ ਨਿਹਾਲ ਨਿਹਾਲ ਨਿਹਾਲ।[1]

---

ਹਉ ਵਾਰਿ ਵਾਰਿ ਜਾਉ ਗੁਰ ਗੋਪਾਲ।

- - - - - - - - - - - - - - -

ਦਰਸਨ ਪਿਆਸ ਬਹੁਤ ਮਨਿ ਮੇਰੈ ਨਾਨਕ ਦਰਸ ਨਿਹਾਲ।[2]

ਇਹਨਾਂ ਭਾਵਾਂ ਦਾ ਰਾਗ ਨਟਨਾਰਾਇਣ ਵਿੱਚ ਪ੍ਰਗਟਾਵਾ ਹੋਣਾ ਸੁਭਾਵਿਕ ਹੈ ਕਿਉਂਕਿ ਇਸ ਰਾਗ ਵਿੱਚ ਰਿਸ਼ਭ ਅਤੇ ਧੈਵਤ ਸ਼ੁਧ ਰੂਪ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ ਇਸ ਲਈ ਇਹ ਰਾਗ ਸ਼ਿੰਗਾਰ ਦੇ ਭਾਵਾਂ ਦਾ ਪ੍ਰਗਟਾਵਾ ਕਰਨ ਦੇ ਅਨੁਕੂਲ ਹੈ।

ਭਾਵ ਅਤੇ ਰਾਗ ਦੀ ਇੱਕ ਹੋਰ ਸਾਂਝ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਰਾਗ ਦੀ ਬਾਣੀ [illegible] ਵਿੱਚ ਕਿਤੇ ਕਿਤੇ ਬਰਖਾ ਰੁਤ ਦੇ ਵਾਤਾਵਰਣ ਦੇ ਸੰਕੇਤ ਮਿਲਦੇ ਹਨ–

---

1. ਗੁਰੂ ਰਾਮਦਾਸ ਜੀ ਆਦਿ ਗ੍ਰੰਥ ਪੰਨਾ 977
2. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 980

ਉਨਵਿ ਘਨੁ ਘਨੁ ਘਨਿਹਰੁ ਗਰਜੈ ਮਨਿ ਬਿਗਸੈ ਮੋਰ ਮੁਰਲੈ।[1] ।।1

---

ਮੋਰ ਸੁਮੇਰ ਮੋਰ ਬਹੁ ਨਾਚੇ ਜਬ ਉਨਵੈ ਘਨ ਘਨਹਾਰੇ।[2]

ਅਜੇਹੇ ਵਾਤਾਵਰਣ ਦੇ ਪ੍ਰਗਟ ਹੋਣ ਦਾ ਕਾਰਣ ਹੈ ਕਿ ਰਾਗ ਨਟਨਾਰਾਇਣ ਨੂੰ ਸੰਗੀਤ ਅਚਾਰੀਆਂ ਨੇ ਬਰਖਾ ਰੁਤ ਦਾ ਰਾਗ ਦੱਸਿਆ ਹੈ।[3] ਸੋ ਸਮੂਹ ਰੂਪ ਵਿੱਚ ਇਸ ਰਾਗ ਦੀ ਬਾਣੀ ਵਿੱਚ ਭਾਵ ਅਤੇ ਰਾਗ ਪੱਖੋਂ ਸੁੰਦਰ ਸੁਮੇਲ ਹੋਇਆ ਹੈ।

<u>ਰਾਗ ਮਾਲੀ ਗਉੜਾ:-</u>

ਇਸ ਰਾਗ ਵਿੱਚ ਬਹੁਤ ਥੋੜ੍ਹੀ ਬਾਣੀ ਦਰਜ ਹੈ। ਇਸ ਬਾਣੀ ਵਿੱਚ ਪ੍ਰਗਟ ਮੁੱਖ ਭਾਵ ਖੁਸ਼ੀ ਵਾਲੇ ਹਨ–

ਪ੍ਰਭਿ ਮਸਤਕਿ ਧੁਰਿ ਲੀਖਿਆ ਗੁਰਮਤੀ ਹਰਿ ਲਿਵਲਾਇਓ।
ਪੰਚ ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲੁ ਗਾਇਓ।[4]

---

ਬਹੁ ਮੈਲੇ ਨਿਰਮਲ ਹੋਇਆ ਸਭ ਕਿਲਬਿਖ ਹਰਿ ਜਸਿ ਜਾਲਾ।
ਮਨਿ ਅਨਦੁ ਭਇਆ ਗੁਰੁ ਪਾਇਆ ਜਨ ਨਾਨਕ ਸਬਦਿ ਨਿਹਾਲਾ।[5]

ਕਈ ਥਾਵਾਂ ਤੇ ਪ੍ਰਭੂ ਉਸਤਤ ਅਧੀਨ ਭਗਤੀ ਭਾਵਾਂ ਦਾ ਪ੍ਰਦਰਸ਼ਨ ਹੁੰਦਾ ਹੈ –

ਅਨਿਕ ਜਤਨ ਕਰਿ ਰਹੇ ਹਰਿ ਅੰਤੁ ਨਾਹੀ ਪਾਇਆ।
ਹਰਿ ਅਗਮ ਅਗਮ ਅਗਾਧਿ ਬੋਧਿ ਆਦੇਸ ਹਰਿ ਪ੍ਰਭ ਰਾਇਆ।[6]

---

1. ਗੁਰੂ ਰਾਮਦਾਸ ਜੀ, <u>ਆਦਿ ਗ੍ਰੰਥ,</u> ਪੰਨਾ 975
2. ਉਹੀ, ਪੰਨਾ 983
3. ਮਾਸਟਰ ਪ੍ਰੇਮ ਸਿੰਘ , <u>ਗੁਰਮਤ ਸੰਗੀਤ ਰਤਨ ਭੰਡਾਰ,</u> ਪੰਨਾ 71
4. ਗੁਰੂ ਰਾਮਦਾਸ ਜੀ, <u>ਆਦਿ ਗ੍ਰੰਥ,</u> ਪੰਨਾ 985
5. ਉਹੀ – ਪੰਨਾ ੯੮੫
6. ਉਹੀ, ਪੰਨਾ 984

ਨਾਮ ਦੀ ਮਹਿਮਾ ਦਾ ਗਾਇਨ ਵੀ ਕੀਤਾ ਗਿਆ ਹੈ—

ਐਸੋ ਸਹਾਈ ਹਰਿ ਕੋ ਨਾਮ

ਸਾਧ ਸੰਗਤਿ ਭਜੁ ਪੂਰਨ ਕਾਮ।[1]

ਇਸ ਰਾਗ ਦੀ ਬਾਣੀ ਦਾ ਭਾਵ ਰਾਗ ਦੇ ਸੁਰਾਂ ਨਾਲ ਸੰਬੰਧਿਤ ਕੀਤੇ ਜਾਂਦੇ ਪਰੰਪਰਾਗਤ ਭਾਵ ਨਾਲ ਮਿਲਦਾ ਜੁਲਦਾ ਨਹੀਂ। ਇਸ ਰਾਗ ਵਿੱਚ ਕੋਮਲ ਰਿਸ਼ਭ ਅਤੇ ਕਦੀ ਕਦੀ ਕੋਮਲ ਧੈਵਤ ਦਾ ਪ੍ਰਯੋਗ ਹੁੰਦਾ ਹੈ ਇਸ ਲਈ ਇਸ ਰਾਗ ਰਾਹੀਂ ਸ਼ਾਂਤ ਅਤੇ ਕਰੁਣ ਭਾਵਾਂ ਦਾ ਪ੍ਰਗਟਾਵਾ ਹੋ ਸਕਦਾ ਹੈ। ਪਰ ਕਈ ਅਨੁਭਵੀ ਵਿਦਵਾਨਾਂ ਨੇ ਇਸ ਰਾਗ ਨੂੰ ਖੁਸ਼ੀ ਪੈਦਾ ਕਰਨ ਵਾਲਾ ਰਾਗ ਦੱਸਿਆ ਹੈ।[2] ਇਸ ਅਨੁਸਾਰ ਇਸ ਰਾਗ ਦੀ ਬਾਣੀ ਵਿੱਚ ਭਾਵ ਅਤੇ ਰਾਗ ਇੱਕ ਦੂਜੇ ਦੇ ਅਨੁਕੂਲ ਮੰਨੇ ਜਾ ਸਕਦੇ ਹਨ।

<u>ਰਾਗ ਮਾਰੂ :-</u>

ਰਾਗ ਮਾਰੂ ਦੀ ਬਾਣੀ ਵਿੱਚ ਗੁਰਮਤਿ ਨਾਲ ਸੰਬੰਧਿਤ ਭਾਵ ਤਾਂ ਪ੍ਰਗਟ ਹੋਏ ਹੀ ਹਨ ਪਰ ਇਹਨਾਂ ਭਾਵਾਂ ਵਿੱਚੋਂ ਬੀਰਤਾ ਦੇ ਭਾਵ ਬੜੇ ਸਪਸ਼ਟ ਰੂਪ ਉਘੜਦੇ ਹਨ। ਗੁਰੂ ਸਾਹਿਬਾਨ ਨੇ ਇਸ ਬਾਣੀ ਵਿੱਚ ਜੰਗ-ਜੁਧ ਨਾਲ ਸੰਬੰਧਿਤ ਸ਼ਬਦਾਵਲੀ ਦਾ ਪ੍ਰਯੋਗ ਕਾਫੀ ਕੀਤਾ ਹੈ —

ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ।[3]

ਪੰਚ ਬਾਣ ਲੈ ਜਮ ਕਉ ਮਾਰੈ ਗਗਨੰਤਰਿ ਧਣਖੁ ਚੜਾਇਆ।[4]

ਸ਼ਸਤਰਾਂ ਵਿੱਚੋਂ ਧਨੁਖ ਬਾਣ ਹੀ ਨਹੀਂ ਸਗੋਂ ਖੜਗ, ਖੰਡਾ, ਗਦਾ, ਚਕਰ ਆਦਿ ਤਿਖੇ ਸ਼ਸਤਰਾਂ ਆਦਿ ਦਾ ਜ਼ਿਕਰ ਹੋਇਆ ਹੈ—

ਗਿਆਨ ਖੜਗ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ।[5]

1. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ ਪੰਨਾ 986
2. ਹਰਬੰਸ ਸਿੰਘ, ਨਿਰਬਾਣ ਕੀਰਤਨ, ਪੰਨਾ 217
3. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 993
4. ਉਹੀ, ਪੰਨਾ 1042
5. ਉਹੀ, ਪੰਨਾ 1022

ਖੰਡੇਧਾਰ ਗਲੀ ਅਤਿ ਭੀੜੀ।[1]

ਸੰਖ ਚਕ੍ਰ ਗਦਾ ਹੈ ਧਾਰੀ।[2]

ਸਸਤ੍ਰਿ ਤੀਖਣ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ।[3]

ਇਸ ਰਾਗ ਦੀ ਬਾਣੀ ਵਿੱਚ ਮਾਰਨ ਅਤੇ ਸੰਘਾਰਨ ਆਦਿ ਸ਼ਬਦਾਂ ਦਾ ਪ੍ਰਯੋਗ ਇਹ ਦਰਸਾਉਂਦਾ ਹੈ ਕਿ ਇਸ ਵਿੱਚ ਬੀਰਤਾ ਦੇ ਭਾਵ ਪ੍ਰਗਟ ਹੋ ਰਹੇ ਹਨ—

ਕਾਮ ਕ੍ਰੋਧੁ ਅਹੰਕਾਰ ਨਿਵਾਰੇ।
ਤਸਕਰ ਪੰਚ ਸਬਦਿ ਸੰਘਾਰੇ।[4]

ਕਾਮ ਕ੍ਰੋਧ ਲੈ ਗਰਦਨਿ ਮਾਰੇ ਹਉਮੈ ਲੋਭੁ ਚੁਕਾਇਆ।[5]

ਪਰਮਾਤਮਾ ਦੇ ਸਰੂਪ ਨੂੰ ਵਰਣਨ ਕਰਦਿਆਂ ਉਸ ਦੇ ਬੀਰਤਾ ਵਾਲੇ ਸੁਭਾਅ ਨੂੰ ਵਧੇਰੇ ਉਜਾਗਰ ਕੀਤਾ ਹੈ —

ਅਸੁਰ ਸੰਘਾਰਣੁ ਰਾਮੁ ਹਮਾਰਾ।[6]

ਮਧੁ ਸੂਦਨ ਦਾਮੋਦਰ ਸੁਆਮੀ।[7]

ਮੋਹਨ ਮਾਧਵ ਕ੍ਰਿਸ਼ਨ ਮੁਰਾਰੇ।[8]

ਮਨੁੱਖ ਨੂੰ ਦਿੱਤੇ ਉਪਦੇਸ਼ ਵਿੱਚ ਵੀ ਬੀਰਤਾ ਦੇ ਭਾਵ ਹੀ ਉਜਾਗਰ ਹੁੰਦੇ ਹਨ—

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ।
ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ।[9]

---

1. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 1028
2. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 1082
3. ਉਹੀ, ਪੰਨਾ 1017
4. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 1022
5. ਉਹੀ, ਪੰਨਾ 1040
6. ਉਹੀ, ਪੰਨਾ 1028
7. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 1082
8. ਉਹੀ, ਪੰਨਾ 1082
9. ਉਹੀ, ਪੰਨਾ 1096

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ।
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ।[1]

ਇਸ ਰਾਗ ਦੀ ਬਾਣੀ ਵਿੱਚ ਗੁਰੂ ਕਵੀਆਂ ਵਿੱਚ ਅਤੇ ਭਗਤ ਕਵੀਆਂ ਵਿੱਚ ਬੀਰਤਾ ਦੇ ਇਸ ਭਾਵ ਦੀ ਵਿਲੱਖਣ ਸਾਂਝ ਪ੍ਰਗਟ ਹੁੰਦੀ ਹੈ। ਭਗਤ ਕਬੀਰ ਜੀ ਨੇ ਲਿਖਿਆ ਹੈ –

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ।
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ।
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।
ਪੁਰਜਾ ਪੁਰਜਾ ਕਟ ਮਰੈ ਕਬਹੁ ਨ ਛਾਡੈ ਖੇਤ।[2]

ਭਗਤ ਨਾਮਦੇਵ ਵੀ ਪਰਮਾਤਮਾ ਨੂੰ ਅਸੁਰ ਸੰਘਾਰਨ ਵਾਲੇ ਰੂਪ ਵਿੱਚ ਯਾਦ ਕਰਦੇ ਹਨ –

ਭਗਤ ਹੇਤਿ ਮਾਰਿਓ ਹਰਨਾਖਸੁ ਨਰ ਸਿੰਘ ਰੂਪ ਹੋਇ ਦੇਹਿ ਧਾਰਿਓ।[3]

ਇਸ ਰਾਗ ਵਿੱਚ ਰਚੀ ਬਾਣੀ ਵਿੱਚ ਜਿਥੇ ਬੀਰਤਾ ਦੇ ਭਾਵ ਪ੍ਰਧਾਨ ਹਨ ਉਥੇ ਇਸ ਰਾਗ ਨੂੰ ਵੀ ਬੀਰ ਭਾਵਾਂ ਨੂੰ ਪਰਗਟ ਕਰਨ ਵਾਲਾ ਦਸਿਆ ਗਿਆ ਹੈ। 'ਬੁਧ ਪ੍ਰਕਾਸ਼ ਦਰਪਣ' ਵਿੱਚ ਲਿਖਿਆ ਹੈ ਕਿ ਇਸ ਰਾਗ ਦੇ ਗਾਇਨ ਨਾਲ ਕਾਇਰਤਾ ਨਹੀਂ ਰਹਿੰਦੀ।[4] ਕਾਹਨ ਸਿੰਘ ਨਾਭਾ ਅਨੁਸਾਰ ਇਹ ਰਾਗ ਜੁੱਧ ਅਤੇ ਮੌਤ ਸਮੇਂ ਗਾਏ ਜਾਣ ਦੀ ਪਰੰਪਰਾ ਹੈ।[5] ਇਸ ਰਾਗ ਦਾ ਜੋ ਚਿਤਰ ~~ਉਪ~~ ਉਪਲਬਧ ਹੈ ਉਸ ਵਿੱਚ ਵੀ ਇਸ ਰਾਗ ਨੂੰ 'ਵੀਰ' ਸਰੂਪ ਵਿੱਚ ਚਿਤਰਿਆ ਗਿਆ ਹੈ।[6]

ਸੋ ਗੁਰੂ ਕਵੀਆਂ ਦੀ ਇਸ ਰਾਗ ਵਿਚ ਕੀਤੀ ਰਚਨਾ ਵਿੱਚ ਭਾਵ ਅਤੇ ਰਾਗ ਦੀ ਪੂਰਨ ਇਕਮਿਕਤਾ ਹੈ।

---

1. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 1102
2. ਭਗਤ ਕਬੀਰ ਜੀ, ਆਦਿ ਗ੍ਰੰਥ, ਪੰਨਾ 1005
3. ਭਗਤ ਨਾਮ ਦੇਵ ਜੀ, ਆਦਿ ਗ੍ਰੰਥ, ਪੰਨਾ 1005
4. ਸੁਨ ਕੇ ਸੁਧ ਨ ਰਹੈ ਕਾਯਰ ਕੀ ਜਬ ਬਾਜੇ ਧੁਨ ਮਾਰੂ। ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ (ਭਾਗ ਚੌਥਾ) ਪੰਨਾ 3
5. ਮਹਾਨ ਕੋਸ਼, ਪੰਨਾ 966
6. ਹਿੰਦੀ ਕੇ ਕ੍ਰਿਸ਼ਨਕਾਲੀਨ ਭਗਤੀ ਕਾਵਯ ਮੇਂ ਸੰਗੀਤ, ਚਿਤਰ ਨੰਬਰ 3

ਰਾਗ ਤੁਖਾਰੀ:-



ਤੁਖਾਰੀ ਰਾਗ ਵਿੱਚ ਰਚੀ ਬਾਣੀ ਪਰਮਾਤਮਾ ਨਾਲ ਵਿਛੋੜੇ ਅਤੇ ਮਿਲਾਪ ਦੇ ਅਨੁਭਵ ਨੂੰ ਪਰਗਟ ਕਰਦੀ ਹੈ। ਸ਼ਿੰਗਾਰਕ ਭਾਵਾਂ ਦਾ ਜਿਨਾ ਕਲਾਮਈ ਢੰਗ ਨਾਲ ਪ੍ਰਗਟਾਵਾ ਇਸ ਰਾਗ ਵਿੱਚ ਹੋਇਆ ਹੈ ਉਨਾ ਹੋਰ ਥਾਂ ਲੱਭਣਾ ਮੁਸ਼ਕਲ ਹੈ। ਇਸ ਰਾਗ ਦੀ ਮੁੱਖ ਅਤੇ ਪਹਿਲੀ ਰਚਨਾ ਗੁਰੂ ਨਾਨਕ ਦੇਵ ਜੀ ਰਚਿਤ ਬਾਰਾਮਾਹ ਹੈ। ਇਸ ਵਿੱਚ ਸ਼ਿੰਗਾਰ ਸਿਰਜਨ ਨੂੰ ਅਧਿਆਤਮਕ ਅਨੁਭਵ ਦਾ ਮਾਧਿਅਮ ਬਣਾਇਆ ਗਿਆ ਹੈ।[1]

ਸਾਵਣ ਸਰਸ ਮਨਾ ਘਣਿ ਵਰਸਹਿ ਰੁਤ ਆਇ।
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਇ। ----2
----- -------------

ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ।[3]

ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਵੀ ਅਜਿਹੇ ਭਾਵਾਂ ਦਾ ਪ੍ਰਗਟਾਵਾ ਕੀਤਾ ਹੈ -

ਅੰਤਰਿ ਪਿਰੀ ਪਿਆਰੁ ਕਿਉ ਪਿਰ ਬਿਨੁ ਜੀਵੀਐ ਰਾਮ।[4]

ਇਹ ਤਨੁ ਮਨੁ ਤੇਰਾ ਸਭਿ ਗੁਣ ਤੇਰੇ।
ਖੰਨੀਐ ਵੰਞਾ ਦਰਸਨ ਤੇਰੇ।
ਦਰਸਨ ਤੇਰੇ ਸੁਣਿ ਪ੍ਰਭ ਮੇਰੇ ਨਿਮਖ ਦ੍ਰਿਸਟਿ ਪੇਖਿ ਜੀਵਾ।[5]

ਜਿਥੇ ਤੁਖਾਰੀ ਰਾਗ ਦੀ ਬਾਣੀ ਵਿੱਚ ਸੰਜੋਗ ਅਤੇ ਵਿਜੋਗ ਦੋਹਾਂ ਤਰ੍ਹਾਂ ਦੇ ਭਾਵਾਂ ਦਾ ਪ੍ਰਗਟਾਵਾ ਹੋਇਆ ਹੈ ਉਥੇ ਇਸ ਰਾਗ ਦੇ ਸੁਰ-ਸੰਦਰਭ ਰਾਹੀਂ ਵੀ ਸ਼ਿੰਗਾਰ ਭਾਵ ਵਾਲੇ ਭਾਵਾਂ

---

1. ਡਾ. ਜਗਬੀਰ ਸਿੰਘ, ਬਾਣੀ ਸੰਸਾਰ, ਪੰਨਾ 11
2. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 1108
3. ਉਹੀ, ਪੰਨਾ 1109
4. ਗੁਰੂ ਰਾਮ ਦਾਸ ਜੀ, ਆਦਿ ਗ੍ਰੰਥ, ਪੰਨਾ 1113
5. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 1117

ਨੂੰ ਉਜਾਗਰ ਕੀਤਾ ਜਾ ਸਕਦਾ ਹੈ। ਇਸ ਰਾਗ ਦਾ ਵਾਦੀ ਸੁਰ ਪੰਚਮ ਹੈ। ਇਸ ਲਈ ਅਚਾਰੀਆ ਬ੍ਰਿਹਸਪਤੀ ਦੇ ਸਿਧਾਂਤ ਅਨੁਸਾਰ ਇਹ ਰਾਗ ਵਿਜੋਗ ਸ਼੍ਰਿੰਗਾਰ ਦੇ ਭਾਵਾਂ ਨੂੰ ਪ੍ਰਗਟ ਕਰਨ ਵਿੱਚ ਸਹਾਈ ਹੋ ਸਕਦਾ ਹੈ।[1] ਰਿਸ਼ਭ ਅਤੇ ਧੈਵਤ ਦਾ ਸ਼ੁੱਧ ਰੂਪ ਵਿੱਚ ਪ੍ਰਯੋਗ ਵੀ ਸ਼੍ਰਿੰਗਾਰਕ ਭਾਵਾਂ ਵੱਲ ਸੰਕੇਤ ਕਰਦਾ ਹੈ।[2]

ਇਸ ਤਰ੍ਹਾਂ ਇਸ ਰਾਗ ਦੀ ਬਾਣੀ ਵਿੱਚ ਅਨੁਭਵ ਅਤੇ ਰਾਗ ਦੀ ਏਕਤਾ ਵਿਦਮਾਨ ਹੁੰਦੀ ਹੈ।

ਰਾਗ ਕੇਦਾਰਾ:-

ਇਸ ਰਾਗ ਦੀ ਬਾਣੀ ਵਿੱਚ ਪਰਮਾਤਮਾ ਦੇ ਪ੍ਰੇਮ ਨਾਲ ਸੰਬੰਧਿਤ ਭਾਵਾਂ ਨੂੰ ਪ੍ਰਗਟਾਇਆ ਗਿਆ ਹੈ -

ਮਾਈ ਸੰਤ ਸੰਗਿ ਜਾਗੀ।
ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ॥ ਰਹਾਉ॥
ਦਰਸਨ ਪਿਆਸ ਲੋਚਨ ਤਾਰ ਲਾਗੀ।
ਬਿਸਰੀ ਤਿਆਸ ਬਿਡਾਨੀ।[3]

——

ਪ੍ਰਿਅ ਕੀ ਪ੍ਰੀਤਿ ਪਿਆਰੀ।
ਮਗਨ ਮਨੈ ਮਹਿ ਚਿਤਵਉ ਆਸਾ ਨੈਨਹੁ ਤਾਰ ਤੁਹਾਰੀ।[4]

——

ਕੇਦਾਰਾ ਰਾਗ ਵਿੱਚ ਇਹਨਾਂ ਭਾਵਾਂ ਦਾ ਪ੍ਰਗਟਾਵਾ ਰਾਗ ਦੀ ਬਿਰਤੀ ਦੇ ਅਨੁਕੂਲ ਹੋਇਆ ਹੈ। ਕਿਉਂਕਿ ਇਸ ਰਾਗ ਵਿੱਚ ਮਧਮ ਸੁਰ ਵਾਦੀ ਹੈ ਇਸ ਲਈ ਇਹ ਸ਼੍ਰਿੰਗਾਰਕ ਭਾਵਾਂ ਨੂੰ ਪ੍ਰਗਟ ਕਰਨ ਵਿੱਚ ਸਹਾਈ ਹੁੰਦਾ ਹੈ।

---

1. ਭਰਤ ਕਾ ਸੰਗੀਤ ਸਿਧਾਂਤ, ਪੰਨਾ 271
2. ਭਾਤਖੰਡੇ, ਕ੍ਰਮਕ ਪੁਸਤਕ ਮਲਿਕਾ, (ਪਾਂਚਵੀਂ ਪੁਸਤਕ) 1954 ਹਾਥਰਸ ਪੰਨਾ 37
3. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 1119
4. ਉਹੀ, ਪੰਨਾ 1120

ਕਿਤੇ ਕਿਤੇ ਇਸ ਰਾਗ ਦੀ ਬਾਣੀ ਵਿੱਚ ਪ੍ਰਭੂ-ਪਿਆਰ, ਪਿਤਾ-ਪੁਤਰ ਦੇ ਰਿਸ਼ਤੇ ਰਾਹੀਂ ਪ੍ਰਗਟ ਕੀਤਾ ਗਿਆ ਹੈ —

> ਹਮ ਬਾਰਿਕ ਹਰਿ ਪਿਤਾ ਪ੍ਰਭ ਮੇਰੇ ਮੋ ਕਉ ਦੇਹੁ ਮਤੀ ਜਿਤ ਹਰਿ ਪਾਵੈਗੇ ਹੈ।
> ਜਿਉ ਬਛੁਰਾ ਦੇਖਿ ਗਉ ਸੁਖੁ ਮਾਨੈ ਤਿਉ ਨਾਨਕ ਹਰਿ ਗਲਿ ਲਾਵੈਗੇ ਹੈ।[1]

ਗੁਰੂ ਕਵੀ ਇਸ ਰਾਗ ਵਿੱਚ ਪ੍ਰਗਟਾਏ ਇਹਨਾਂ ਭਾਵਾਂ ਅਤੇ ਰਾਗ ਦੀ ਸਾਂਝ ਤੋਂ ਚੇਤਨ ਪ੍ਰਤੀਤ ਹੁੰਦੇ ਹਨ ਕਿਉਂਕਿ ਕਈ ਵਿਦਵਾਨਾਂ ਨੇ ਇਸ ਰਾਗ ਨਾਲ ਵਾਤਸਲਿਆ ਭਾਵ ਨੂੰ ਵੀ ਸੰਬੰਧਿਤ ਕੀਤਾ ਹੈ।[2]

ਰਾਗ ਭੈਰਉ :-

ਇਸ ਰਾਗ ਵਿੱਚ ਰਚੀ ਬਾਣੀ ਦੀ ਪ੍ਰਕ੍ਰਿਤੀ ਗੰਭੀਰ ਹੈ। ਇਸ ਵਿੱਚ ਸ਼ਾਂਤ ਅਤੇ ਕਰੁਣ ਭਾਵਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ —

> ਪ੍ਰਥਮੇ ਛੋਡੀ ਪਰਾਈ ਨਿੰਦਾ।
> ਉਤਰਿ ਗਈ ਸਭ ਮਨ ਕੀ ਚਿੰਦਾ।[3]
>
> —
>
> ਸੁਖ ਨਾਹੀ ਬਹੁਤੈ ਧਨਿ ਖਾਟੇ।
> ਸੁਖ ਨਾਹੀ ਪੇਖੇ ਨਿਰਤਿ ਨਾਟੇ।
> ਸੁਖ ਨਾਹੀ ਬਹੁ ਦੇਸ ਕਮਾਏ।
> ਸਰਬ ਸੁਖਾ ਹਰਿ ਹਰਿ ਗੁਣ ਗਾਏ।[4]

ਮਨੁੱਖ ਦੀ ਰਸਾਤਲ ਵਾਲੀ ਅਵਸਥਾ ਨੂੰ ਕਰੁਣਾ ਭਰੇ ਸ਼ਬਦਾਂ ਵਿੱਚ ਬਿਆਨ

---

1. ਗੁਰੂ ਅਰਜਨ ਦੇਵ ਜੀ, ਉਹੀ ਪੰਨਾ 1118 ਆਦਿ ਗ੍ਰੰਥ
2. ਡਾ. ਦਿਨੇਸ਼ ਚੰਦਰ ਗੁਪਤ, ਭਗਤੀ ਕਾਵਯ ਮੇਂ ਰਾਗ ਔਰ ਰਸ, ਪੰਨਾ 159
3. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 1147
4. ਉਹੀ, ਪੰਨਾ 1147

ਕੀਤਾ ਗਿਆ ਹੈ —



ਭਵਜਲ ਬਿਨ ਸਬਦੈ ਕਿਉ ਤਰੀਐ।

ਨਾਮ ਬਿਨਾ ਜਗ ਰੋਗਿ ਬਿਆਪਿਆ ਦੁਬਿਧਾ ਡੁਬ ਡੁਬ ਮਰੀਐ।[1]

—

ਸਗਲੀ ਰੈਣਿ ਸੋਵਤ ਗਲਿ ਫਾਹੀ ਦਿਨਸੁ ਜੰਜਾਲਿ ਗਵਾਇਆ।[2]

—

ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ।[3]

—

ਜੋ ਜੋ ਦੀਸੈ ਸੋ ਸੋ ਰੋਗੀ।[4]

ਰਾਗ ਭੈਰਉ ਵਿੱਚ ਰਿਸ਼ਭ ਅਤੇ ਧੈਵਤ ਸੁਰ ਕੋਮਲ ਰੂਪ ਵਿੱਚ ਲਾਏ ਜਾਂਦੇ ਹਨ। ਇਸ ਲਈ ਇਸ ਰਾਗ ਵਿੱਚ ਸ਼ਾਂਤ ਅਤੇ ਕਰੁਣ ਭਾਵਾਂ ਨੂੰ ਪ੍ਰਗਟ ਕਰਨ ਦੀ ਸਮਰਥਾ ਹੈ। ਇਸ ਰਾਗ ਦੀ ਬਾਣੀ ਵਿੱਚ ਗੁਰੂ ਕਵੀਆਂ ਨੇ ਮਨ ਨੂੰ ਸੰਬੋਧਨ ਕਰਕੇ ਵੀ ਉਪਦੇਸ਼ ਦਿੱਤਾ ਹੈ —

ਮਨ ਰੇ ਰਾਮ ਭਗਤਿ ਚਿਤ ਲਾਈਐ।[5]

—

ਮੇਰੇ ਮਨ ਹਰਿ ਭਜੁ ਨਾਮੁ ਨਰਾਇਣ।[6]

ਇਸ ਰਾਗ ਦੀ ਬਾਣੀ ਵਿੱਚ ਅਜੇਹੇ ਉਪਦੇਸ਼ ਦਿੱਤੇ ਜਾਣੇ ਰਾਗ ਭੈਰਉ ਦੀ ਪ੍ਰਕ੍ਰਿਤੀ ਦੇ ਅਨੁਕੂਲ ਹਨ ਕਿਉਂਕਿ ਪ੍ਰਸਿਧ ਸੰਗੀਤਕਾਰ ਪੰਡਤ ਰਵੀ ਸ਼ੰਕਰ ਦਾ ਵਿਚਾਰ ਹੈ ਕਿ ਭੈਰਵ ਰਾਗ ਦੇ ਗਾਇਨ ਨਾਲ ਮਨੁੱਖ ਦੀ ਚੰਚਲ ਬਿਰਤੀ ਭਗਤੀ ਭਾਵ ਵਾਲੀ ਹੋ ਜਾਂਦੀ ਹੈ।[7] ਭੈਰਵ ਰਾਗ ਸਵੇਰ ਵੇਲੇ ਗਾਏ ਜਾਣ ਵਾਲਾ ਰਾਗ ਹੈ। ਇਸ ਲਈ ਕੁਦਰਤੀ ਹੈ ਕਿ ਗੁਰੂ ਸਾਹਿਬ

---

1. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 1125
2. ਉਹੀ, ਪੰਨਾ 1126
3. ਗੁਰੂ ਅਮਰਦਾਸ ਜੀ, ਆਦਿ ਗ੍ਰੰਥ, ਪੰਨਾ 1130
4. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 1140
5. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 1127
6. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 1134
7. ਸੰਗੀਤ (ਪ੍ਰਤਕਾ) ਅਪ੍ਰੈਲ 1953 ਹਵਾਲਾ ਕ੍ਰਿਸ਼ਨ ਕਾਲੀਨ ਭਗਤੀ ਕਾਵਯ ਮੇਂ ਸੰਗੀਤ ਪੰਨਾ 226

'ਜਾਗਣ' ਦਾ ਉਪਦੇਸ਼ ਇਸ ਰਾਗ ਰਾਹੀਂ ਹੀ ਦੇਣ –

ਰਾਮ ਰਸਾਇਣ ਨਿਤ ਉਠਿ ਪੀਵਹੁ।
ਹਰਿ ਹਰਿ ਹਰਿ ਹਰਿ ਰਸਨਾ ਕਹਹੁ।[1]

—

ਜਨ
ਕਹਤ ਨਾਨਕ/ ਜਾਗੈ ਸੋਇ।
ਗਿਆਨ ਅਜਨ ਜਾ ਕੀ ਨੇਤ੍ਰੀ ਹੋਇ।[2]

ਇਸ ਤਰ੍ਹਾਂ ਰਾਗ ਭੈਰਉ ਦੀ ਬਾਣੀ ਵਿੱਚ ਭਾਵ ਅਤੇ ਰਾਗ ਦਾ ਬੜਾ ਨੇੜਲਾ ਸੰਬੰਧ ਦ੍ਰਿਸ਼ਟੀਗੋਚਰ ਹੁੰਦਾ ਹੈ।

ਰਾਗ ਬਸੰਤ:-

ਰਾਗ ਬਸੰਤ ਦੀ ਬਾਣੀ ਵਿੱਚ ਬਸੰਤ ਰੁੱਤ ਨਾਲ ਸੰਬੰਧਿਤ ਸ਼ਬਦਾਵਲੀ ਰਾਹੀਂ ਖੁਸ਼ੀ ਦੇ ਭਾਵ ਪ੍ਰਗਟਾਏ ਗਏ ਹਨ। ਇਸ ਬਾਣੀ ਦੇ ਅਲੰਕਾਰ ਚਿੰਨ ਪ੍ਰਤੀਕ, ਰੂਪਕ, ਉਪਮਾਵਾਂ, ਬਿੰਬ ਆਦਿ ਬਸੰਤ ਰੁੱਤ ਦੇ ਵਾਤਾਵਰਣ ਨੂੰ ਪ੍ਰਗਟ ਕਰਦੇ ਹਨ –

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤ।
ਪਰਫੜ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦ। 3

—

ਬਨਸਪਤਿ ਮਉਲੀ ਚੜ੍ਹਿਆ ਬਸੰਤ[4]

—

ਬਸੰਤ ਚੜ੍ਹਿਆ ਫੂਲੀ ਬਨਰਾਇ।[5]

ਇਸ ਰਾਗ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਇਹ ਰਾਗ ਬਸੰਤ ਰੁਤ ਨਾਲ ਸੰਬੰਧਿਤ ਹੈ। ਸੰਗੀਤ ਗ੍ਰੰਥਾਂ ਵਿੱਚ ਇਸ ਰਾਗ ਦਾ ਚਿਤਰਣ ਸ਼ਿੰਗਾਰਕ ਭਾਵਾਂ ਨੂੰ ਪ੍ਰਗਟਾਉਂਦਾ ਹੈ।[6] ਇਸ ਰਾਗ ਦੀ ਬਾਣੀ ਜਿਥੇ ਖੇੜੇ ਦੇ ਵਾਤਾਵਰਣ ਨੂੰ ਪੇਸ਼ ਕਰਦੀ ਹੈ ਉਥੇ ਕਿਤੇ

---

1. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ/ਪੰਨਾ 1138
2. ਗੁਰੂ ਅਮਰਦਾਸ ਜੀ, ਆਦਿ ਗ੍ਰੰਥ ਪੰਨਾ 1128
3. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 1168
4. ਗੁਰੂ ਅਮਰਦਾਸ ਜੀ, ਆਦਿ ਗ੍ਰੰਥ, ਪੰਨਾ 1176
5. ਗੁਰੂ ਰਾਮ ਦਾਸ ਜੀ, ਆਦਿ ਗ੍ਰੰਥ, ਪੰਨਾ 1177
6. ਅਹੋਬਲ, ਸੰਗੀਤ ਪਾਰਿਜਾਤ, ਪੰਨਾ 127

ਕਿਤੇ ਸ਼ਾਂਤ ਅਤੇ ਕਰੁਣ ਭਾਵ ਦੀਆਂ ਉਦਾਹਰਨਾਂ ਵੀ ਮਿਲ ਜਾਂਦੀਆਂ ਹਨ—

ਸਾਧੋ ਇਹੁ ਤਨੁ ਮਿਥਿਆ ਜਾਨਉ।
ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ।[1]

—

ਪਾਪੀ ਹੀਐ ਮੈ ਕਾਮੁ ਬਸਾਇ।
ਮਨੁ ਚੰਚਲੁ ਯਾ ਤੇ ਗਹਿਓ ਨ ਜਾਇ।
ਜੋਗੀ ਜੰਗਮ ਅਰ ਸੰਨਿਆਸੁ।
ਸਭ ਹੀ ਪਰ ਡਾਰੀ ਇਹ ਫਾਸ।[2]

ਇਸ ਰਾਗ ਵਿੱਚ ਇਹਨਾਂ ਭਾਵਾਂ ਦਾ ਪ੍ਰਗਟ ਹੋਣਾ ਵੀ ਅਣਉਚਿਤ ਨਹੀਂ ਕਿਉਂਕਿ ਇਸ ਰਾਗ ਵਿੱਚ ਲਗਣ ਵਾਲੇ ਕੋਮਲ ਰਿਸ਼ਭ ਅਤੇ ਕੋਮਲ ਧੈਵਤ ਇਸ ਨੂੰ ਕਰੁਣ ਅਤੇ ਸ਼ਾਂਤ ਭਾਵ ਪ੍ਰਗਟ ਕਰਨ ਦੇ ਕਾਬਿਲ ਬਣਾ ਦਿੰਦੇ ਹਨ।

ਸੋ ਸਮੁੱਚੇ ਰੂਪ ਵਿੱਚ ਇਸ ਰਾਗ ਦੀ ਬਾਣੀ ਦੇ ਭਾਵ ਇੱਕ ਅਨੁਕੂਲ ਰਾਗ ਰਾਹੀਂ ਪ੍ਰਗਟ ਕੀਤੇ ਗਏ ਹਨ।

<u>ਰਾਗ ਸਾਰੰਗ:-</u>

ਇਸ ਰਾਗ ਦੀ ਬਾਣੀ ਵਿੱਚ ਚਾਤ੍ਰਿਕ ਅਤੇ ਮੀਂਹ ਦੇ ਪ੍ਰਤੀਕਾਂ ਰਾਹੀਂ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਅਤੇ ਦਰਸ਼ਨ ਹੋਣ ਤੇ ਮੀਂਹ ਵਰਨ ਵਾਲੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ —

ਜਬ ਲਗੁ ਦਰਸ ਨ ਪਰਸੈ ਪ੍ਰੀਤਮ ਤਬ ਲਗ ਭੂਖ ਪਿਆਸੀ।
ਦਰਸਨ ਦੇਖਤ ਹੀ ਮਨੁ ਮਾਨਿਆ ਜਲ ਰਸਿ ਕਮਲ ਬਿਗਾਸੀ।[3]

ਅਤਿ ਪਿਆਸ ਚਾਤ੍ਰਿਕ ਜਿਉ ਜਲ ਕੀ ਸਫਲ ਦਰਸਨ ਕਦਿ ਪਾਉ।[4]

---

1. ਗੁਰੂ ਤੇਗ ਬਹਾਦਰ ਜੀ, *ਆਦਿ ਗ੍ਰੰਥ,* ਪੰਨਾ 1186
2. ਉਹੀ, ਪੰਨਾ 1186
3. ਗੁਰੂ ਨਾਨਕ ਦੇਵ ਜੀ, *ਆਦਿ ਗ੍ਰੰਥ,* ਪੰਨਾ 1197
4. ਗੁਰੂ ਅਰਜਨ ਦੇਵ ਜੀ, *ਆਦਿ ਗ੍ਰੰਥ,* ਪੰਨਾ 1202

ਪ੍ਰਭ ਦਇਆਲ ਮੋਹਿ ਗ੍ਰਿਹ ਮਹਿ ਪਾਇਆ
ਜਨ ਨਾਨਕ ਤਪਤਿ ਬੁਝਾਈ।[1]

'ਸਾਰੰਗ' ਸ਼ਬਦ ਦਾ ਅਰਥ ਚਾਤ੍ਰਿਕ ਜਾਂ ਪਪੀਹਾ ਹੁੰਦਾ ਹੈ। ਇਸ ਲਈ ਪਿਆਸ ਅਤੇ ਜਲ ਰਾਹੀਂ ਭਾਵਾਂ ਦਾ ਪ੍ਰਗਟਾ ਇਸ ਰਾਗ ਵਿੱਚ ਕੀਤਾ ਜਾਣਾ ਕੁਦਰਤੀ ਹੈ। ਇਸ ਰਾਗ ਦੀ ਬਾਣੀ ਵਿੱਚ ਬਰਖਾ ਰੁਤ ਨਾਲ ਸੰਬੰਧਿਤ ਭਾਵ ਵੀ ਪ੍ਰਗਟ ਹੋਏ ਹਨ। ਇਹ ਭਾਵ ਇਸ ਰਾਗ ਦੇ ਬਰਖਾ ਰੁਤ ਨਾਲ ਸੰਬੰਧਿਤ ਹੋਣ ਵੱਲ ਸੰਕੇਤ ਕਰਦੇ ਹਨ—

ਉਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ ਬੈਰਾਗੈ।
ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰੁ ਧਨ ਸੋਹਾਗੈ।[2]

ਸਾਵਣ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ।[3]

ਵੁਠੇ ਮੇਘ ~~xxx~~ ਸੁਹਾਵਣੇ ਹੁਕਮ ਕੀਤਾ ਕਰਤਾਰ।[4]

ਉਪਰੋਕਤ ਭਾਵਾਂ ਤੋਂ ਬਿਨਾਂ ਕਿਤੇ ਕਿਤੇ ਇਸ ਰਾਗ ਵਿੱਚ ਮਨੁੱਖ ਦੀ ਰਸਾਤਲੀ ਦਸ਼ਾ ਨੂੰ ਬਿਆਨ ਕੀਤਾ ਗਿਆ ਹੈ --

ਅਬ ਪੂਛੈ ਕਿਆ ਕਹਾ।
ਲੈਨੇ ਨਾਮ ਅੰਮ੍ਰਿਤ ਰਸੁ ਨੀਕੋ ਬਾਵਰ ਬਿਖੁ ਸਿਉ ਗਹਿ ਰਹਾ।
ਦੁਲਭ ਜਨਮੁ ਚਿਰੰਕਾਲ ਪਾਇਓ ਜਾਤਉ ਕਉਡੀ ਬਦਲਹਾ।[5]

ਇਹ ਭਾਵ ਸ਼ਾਇਦ ਇਸ ਲਈ ਪ੍ਰਗਟ ਹੋਏ ਹਨ ਕਿਉਂਕਿ ਕੁਝ ਵਿਦਵਾਨਾਂ ਨੇ ਸਾਰੰਗ ਰਾਗ ਨੂੰ ਕਰੁਣਾ ਭਾਵ ਨਾਲ ਵੀ ਸੰਬੰਧਿਤ ਕੀਤਾ ਹੈ।[6]

---

1. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ ਪੰਨਾ 1207
2. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 1197
3. ਗੁਰੂ ਰਾਮਦਾਸ ਜੀ, ਆਦਿ ਗ੍ਰੰਥ, ਪੰਨਾ 1250
4. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 1251
5. ਉਹੀ, ਪੰਨਾ 1203
6. ਡਾ. ਊਸ਼ਾ ਗੁਪਤ, ਕ੍ਰਿਸ਼ਨ ਕਾਲੀਨ ਭਗਤੀ ਸਾਹਿਤਯ ਮੇ ਸੰਗੀਤ, ਪੰਨਾ 221

## ਰਾਗ ਮਲਾਰ:-

ਇਸ ਰਾਗ ਦੀ ਬਾਣੀ ਵਿੱਚ ਵੀ ਬਰਖਾ ਰੁਤ ਨਾਲ ਸੰਬੰਧਿਤ ਵਾਤਾਵਰਣ ਚਿਤਰਦਿਆਂ ਕਈ ਭਾਵਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ, ਕਿਉਂਕਿ ਇਹ ਰਾਗ ਬਰਖਾ ਰੁਤ ਵਿੱਚ ਹਰ ਸਮੇਂ ਗਾਇਆ ਜਾਂਦਾ ਹੈ।[1] ਮੀਂਹ ਲਈ ਜਾਚਨਾ ਅਤੇ ਉਸਦੇ ਵਰ੍ਹਨ ਉੱਤੇ ਖੁਸ਼ੀ ਦਾ ਪ੍ਰਗਟਾਵਾ ਇੰਜ ਕੀਤਾ ਹੈ –

ਬਰਸ ਘਨਾ ਮੇਰਾ ਮਨੁ ਭੀਨਾ।
ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰ ਮੋਹੀ ਮਨੁ ਹਰਿ ਰਸਿ ਲੀਨਾ।[2]

–

ਬਰਸ ਮੇਘ ਜੀ ਤਿਲੁ ਬਿਲਮ ਨ ਲਾਉ।
ਬਰਸ ਪਿਆਰੇ ਮਨਹਿ ਸਧਾਰੇ ਹੋਇ ਅਨਦੁ ਸਦਾ ਮਨਿ ਚਾਉ।[3]

–

ਪਰਮੇਸਰ ਹੋਆ ਦਇਆਲੁ।।
ਮੇਘੁ ਵਰਸੈ ਅੰਮ੍ਰਿਤਧਾਰ।।[4]

ਸਾਵਣ ਦੇ ਮਹੀਨੇ ਵਿੱਚ ਦੁਹਾਗਣ ਅਤੇ ਸੁਹਾਗਣ ਇਸਤਰੀ ਦੀ ਸਥਿਤੀ ਦਾ ਵਰਣਨ –

ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ।
ਨਾਨਕ ਝੂਰਿ ਮਰਹਿ ਦੋਹਾਗਣੀ ਜਿਨ ਅਵਰੀ ਲਾਗਾ ਨੇਹੁ।[6]

ਮੀਂਹ ਵਾਸਤੇ ਤਰਸਦੇ ਬਬੀਹੇ ਨੂੰ ਉਪਦੇਸ਼ ਬੜਾ ਮਾਰਮਿਕ ਹੈ–

---

1. ਪੰਡਿਤ ਵਿਨਾਇਕ ਨਰਾਇਣ ਪਟਵਰਧਨ, ਰਾਗ ਵਿਗਿਆਨ(ਤੀਜਾ ਭਾਗ), ਪੰਨਾ 12
2. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 1254
3. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 1268
4. ਉਹੀ, ਪੰਨਾ 1271
5. ਗੁਰੂ ਅੰਗਦ ਦੇਵ ਜੀ, ਆਦਿ ਗ੍ਰੰਥ, ਪੰਨਾ 1280
6. ਉਹੀ, ਪੰਨਾ 1280

ਬਾਬੀਹਾ ਨਾ ਬਿਲਲਾਇ ਨਾ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ।

ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਲਿ ਵੰਨੁ।[1]

ਕਈ ਥਾਂਵਾਂ ਤੇ ਨਿਰੋਲ ਵਿਜੋਗ ਦੇ ਭਾਵਾਂ ਦਾ ਚਿਤਰਣ ਮਿਲਦਾ ਹੈ—

ਮਾਈ ਮੋਹਿ ਪ੍ਰੀਤਮੁ ਦੇਹੁ ਮਿਲਾਈ।

ਸਗਲ ਸਹੇਲੀ ਸੁਖ ਭਰਿ ਸੂਤੀ ਜਿਹ ਘਰਿ ਲਾਲੁ ਬਸਾਈ।[2]

ਵਿਜੋਗ ਦਾ ਇਹ ਅਨੁਭਵ ਵੀ ਮਲਾਰ ਰਾਗ ਵਿੱਚ ਪ੍ਰਗਟ ਹੋਣਾ ਅਣਉਚਿਤ ਨਹੀਂ ਕਿਉਂਕਿ ਮਲਾਰ ਰਾਗ ਵਿੱਚ ਪੰਚਮ ਵਾਦੀ ਸੁਰ ਹੈ ਇਸ ਲਈ ਭਰਤ ਦੇ ਸੰਗੀਤ ਸਿਧਾਂਤ ਅਨੁਸਾਰ ਇਹ ਰਾਗ ਵਿਜੋਗ ਸ਼ਿੰਗਾਰ ਦੇ ਭਾਵਾਂ ਨੂੰ ਪ੍ਰਗਟਾਉਣ ਵਿੱਚ ਸਹਾਇਕ ਹੁੰਦਾ ਹੈ।[3]

ਇਸ ਤਰ੍ਹਾਂ ਰਾਗ ਮਲਾਰ ਵਿੱਚ ਦਰਜ ਬਾਣੀ ਦਾ ਭਾਵ ਰਾਗ ਮਲਾਰ ਦੇ ਅਨੁਕੂਲ ਹੈ।

ਰਾਗ ਕਾਨੜਾ:-

ਇਸ ਰਾਗ ਦੀ ਬਾਣੀ ਵਿੱਚ ਮਿਲਾਪ ਦੀ ਖੁਸ਼ੀ ਵਾਲੇ ਭਾਵ ਪ੍ਰਗਟ ਹੋਏ ਹਨ —

ਮੇਰਾ ਮਨੁ ਸਾਧ ਜਨਾ ਮਿਲਿ ਹਰਿਆ।

ਹਉ ਬਲਿ ਬਲਿ ਬਲਿ ਬਲਿ ਸਾਧ ਜਨਾਂ ਕਉ ਮਿਲਿ ਸੰਗਤਿ ਪਾਰਿ ਉਤਰਿਆ।[4]

——

ਹਰਿ ਕੇ ਸੰਤ ਮਿਲਿ ਪ੍ਰੀਤਿ ਲਗਾਨੀ ਵਿਚੇ ਗਿਰਹ ਉਦਾਸ[5]

ਇਸ ਰਾਗ ਦੀ ਬਾਣੀ ਵਿੱਚ ਜਿਥੇ ਖੁਸ਼ੀ ਦੇ ਅਤੇ ਨਾਮ ਜਪਣ ਵਾਲੇ ਭਾਵ[6] ਪ੍ਰਗਟ ਹੋਏ ਹਨ ਉਥੇ ਇਸ ਰਾਗ ਦਾ ਸੁਰ-ਸੰਧਰਭ ਅਤੇ ਪਰੰਪਰਾਗਤ ਭਾਵ ਵੀਰ ਰਸੀ ਹੈ।

---

1. ਗੁਰੂ ਅਮਰਦਾਸ ਜੀ, ਆਦਿ ਗ੍ਰੰਥ, ਪੰਨਾ 1282
2. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 1267
3. ਬ੍ਰਿਹਸਪਤੀ, ਭਰਤ ਕਾ ਸੰਗੀਤ ਸਿਧਾਂਤ, ਪੰਨਾ 270
4. ਗੁਰੂ ਰਾਮਦਾਸ ਜੀ, ਆਦਿ ਗ੍ਰੰਥ ਪੰਨਾ 1294
5. ਉਹੀ, ਪੰਨਾ 1295
6. ਉਹੀ, ਪੰਨਾ 1295-1296

ਸੰਗੀਤ ਗ੍ਰੰਥਾਂ ਵਿੱਚ ਇਸ ਰਾਗ ਦਾ ਚਿਤਰਣ ਵੀਰਤਾ ਭਾਵ ਨਾਲ ਸੰਬੰਧਿਤ ਕਰਕੇ ਕੀਤਾ ਹੈ।[1]

ਇਸ ਤਰ੍ਹਾਂ ਇਸ ਰਾਗ ਨੂੰ ਗੁਰੂ ਜੀ ਨੇ ਪਰੰਪਰਾਗਤ ਭਾਵਾਂ ਤੋਂ ਨਿਖੇੜ ਕੇ ਆਪਣੇ ਨਿਜੀ ਭਾਵਾਂ ਅਨੁਸਾਰ ਪ੍ਰਯੋਗ ਕੀਤਾ ਹੈ।

ਕਲਿਆਨ:-

ਇਸ ਰਾਗ ਵਿੱਚ ਵੀ ਗੁਰੂ ਕਵੀਆਂ ਨੇ ਰਾਗ ਦੀ ਪ੍ਰਕ੍ਰਿਤੀ ਤੋਂ ਨਿਵੇਕਲੇ ਭਾਵ ਉਜਾਗਰ ਕੀਤੇ ਹਨ।

ਪ੍ਰਭੂ ਉਸਤਤ ਕਰਨ ਸਮੇਂ ਉਸ ਨੂੰ ਪਿਤਾ ਦੇ ਰੂਪ ਵਿੱਚ ਚਿਤਵਿਆ ਹੈ –

ਹਰ ਬਾਰਿਕ ਪ੍ਰਤਿਪਾਰੇ ਤੁਮਰੇ ਤੂ ਬਡ ਪੁਰਖ ਪਿਤਾ ਮੇਰਾ ਮਾਇਆ।[2]

ਹਰੀ ਦੇ ਗੁਣ ਗਾਉਣ ਦੀ ਮਹਿਮਾ ਦਾ ਵਰਣਨ ਭਾਵ ਪੂਰਤ ਢੰਗ ਨਾਲ ਕੀਤਾ ਗਿਆ ਹੈ –

ਹਰਿ ਜਨੁ ਗੁਨ ਗਾਵਤ ਹਸਿਆ।[3]

—

ਮੇਰੇ ਮਨ ਜਪਿ ਹਰਿ ਗੁਨ ਅਕਥ ਸੁਨ ਥਈ।[4]

ਗੁਰੂ ਕਵੀਆਂ ਨੇ ਇਸ ਰਾਗ ਰਾਹੀਂ ਇਸ ਰਾਗ ਦੇ ਸੁਰ ਸੰਬੰਧੀ ਭਾਵਾਂ ਨਾਲ ਸੰਬੰਧਿਤ ਭਾਵ ਪ੍ਰਗਟ ਕਰਨ ਤੋਂ ਗੁਰੇਜ਼ ਕੀਤਾ ਹੈ। ਇਸ ਵਿੱਚ ਰਿਸ਼ਭ ਅਤੇ ਧੈਵਤ ਸੁਰ ਸ਼ੁਧ ਰੂਪ ਵਿੱਚ ਲਗਦੇ ਹਨ ਇਸ ਲਈ ਇਹ ਸ਼ਿੰਗਾਰ ਭਾਵ ਪ੍ਰਗਟ ਕਰਨ ਵਿੱਚ ਸਹਾਈ ਹੁੰਦਾ ਹੈ। ਪਰ ਗੁਰੂ ਸਾਹਿਬਾਨ ਨੇ ਸ਼ਿੰਗਾਰ ਦੇ ਭਾਵ ਨਹੀਂ ਪ੍ਰਗਟਾਏ। ਉਂਜ ਕਈ ਵਿਦਵਾਨ ਅਨੁਸਾਰ ਇਹ ਗੰਭੀਰ ਪ੍ਰਕ੍ਰਿਤੀ[5] ਦਾ ਅਤੇ ਸ਼ਾਂਤ ਰਸ[6] ਪ੍ਰਧਾਨ ਰਾਗ ਹੈ।

---

1. ਦਮੋਦਰ ਪੰਡਿਤ, ਸੰਗੀਤ ਦਰਪਣ, ਪੰਨਾ 101
2. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 1319
3. ਗੁਰੂ ਰਾਮਦਾਸ ਜੀ, ਉਹੀ, ਪੰਨਾ 1319
4. ਉਹੀ, ਪੰਨਾ 1320
5. ਜਗਦੀਸ਼ ਨਾਰਾਇਣ ਪਾਠਕ, ਸੰਗੀਤ ਸ਼ਾਸਤਰ ਮੀਮਾਂਸਾ(ਭਾਗ ਪਹਿਲਾ)ਪੰਨਾ 223
6. ਹਰਬੰਸ ਸਿੰਘ, ਨਿਰਬਾਣ ਕੀਰਤਨ, ਪੰਨਾ 218

ਗੁਰੂ ਸਾਹਿਬ ਇਸ ਰਾਗ ਦੇ ਨਾਮ ਦੇ ਸ਼ਾਬਦਿਕ ਅਰਥਾਂ ਤੋਂ ਚੇਤੰਨ ਸਨ ਇਸ ਲਈ 'ਕਲਿਆਨ' ਸ਼ਬਦ ਦਾ ਪ੍ਰਯੋਗ ਇਸ ਬਾਣੀ ਵਿੱਚ ਹੋਇਆ ਲਗਦਾ ਹੈ —

ਮਨਿ ਤਨਿ ਜਾਪੀਐ ਭਗਵਾਨ।

ਗੁਰ ਪੂਰੇ ਸੁਪ੍ਰਸੰਨ ਭਏ ਸਦਾ ਸੁਖ ਕਲਿਆਨ।[1]

—

ਸਰਬ ਸੁਖ ਅਨੰਦ ਨਾਨਕ ਜਪਿ ਰਾਮ ਨਾਮੁ ਕਲਿਆਣ।[2]

ਇਸ ਤਰ੍ਹਾਂ ਇਸ ਰਾਗ ਰਾਹੀਂ ਗੁਰੂ ਕਵੀਆਂ ਨੇ ਆਪਣੇ ਭਾਵ ਇੰਨ ਬਿੰਨ ਰਾਗ ਦੇ ਅਨੁਕੂਲ ਨਹੀਂ ਪ੍ਰਗਟ ਕੀਤੇ ਸਗੋਂ ਆਪਣੇ ਵਿਸ਼ੇਸ਼ ਭਾਵਾਂ ਲਈ ਇਸ ਰਾਗ ਨੂੰ ਪ੍ਰਯੋਗ ਕੀਤਾ ਹੈ।

ਰਾਗ ਪ੍ਰਭਾਤੀ:-

ਇਸ ਰਾਗ ਦੀ ਬਾਣੀ ਵਿੱਚ ਪਰਭਾਤ ਨਾਲ ਆਉਣ ਵਾਲੇ ਪ੍ਰਕਾਸ਼ ਦਾ ਵਰਣਨ ਹੈ। ਮਾਇਆ ਤੇ ਪਾਖੰਡ ਅਧਿਕਾਰ ਹੈ, ਨਾਮ ਪਰਗਾਸ ਹੈ। ਇਸ ਲਈ ਨਾਮ ਦੀ ਮਹਿਮਾ ਦਾ ਵਰਣਨ ਬਹੁਤ ਹੋਇਆ ਹੈ।

'ਜਿਥੇ ਸੁਰਤ ਵਿੱਚ ਤੇਰੇ ਨਾਮ ਰੂਪੀ ਬਖਸ਼ਸ਼ ਹੋਈ ਹੈ ਉਥੇ ਚਾਨਣ ਹੈ'।[3]

ਇਸ ਰਾਗ ਵਿੱਚ ਮਧਮੇ ਵਾਦੀ ਸੁਰ ਹੈ ਇਸ ਲਈ ਸ਼ਾਸਤਰਾਂ ਦੇ ਸਿਧਾਂਤ ਅਨੁਸਾਰ ਇਹ ਰਾਗ ਸੰਜੋਗ ਸ਼ਿੰਗਾਰ ਦੇ ਭਾਵਾਂ ਨੂੰ ਪਰਗਟ ਕਰਨ ਵਿੱਚ ਸਹਾਇਕ ਹੁੰਦਾ ਹੈ। ਪਰ ਇਸ ਰਾਗ ਦੀ ਬਾਣੀ ਵਿੱਚ ਅਜੇਹੇ ਭਾਵ ਪੇਸ਼ ਨਹੀਂ ਹੋਏ। ਉਜ ਇਸ ਰਾਗ ਵਿਚ ਆਈ ਬਾਣੀ

---

1. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ ਪੰਨਾ 1322
2. ਉਹੀ, ਪੰਨਾ 1323
3. ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ।
   ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 1327

ਤੋਂ ਕਈ ਸੰਕੇਤ ਮਿਲਦੇ ਹਨ ਜਿਹਨਾਂ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਇਸ ਰਾਗ ਦੇ ਗਾਇਨ ਸਮੇਂ ਤੋਂ ਸੁਚੇਤ ਸਨ ਏਸੇ ਲਈ ਉਹਨਾਂ ਆਦੇਸ਼ ਦਿੱਤਾ ਹੈ ਕਿ ਦੁਨੀਆਂ ਦੀ ਪਰੀਤ ਛਡ ਕੇ ਸਵੇਰ ਵੇਲੇ ਗੁਰਬਾਣੀ ਦੁਆਰਾ ਹਰੀ ਨਾਮ ਸਿਮਰਨਾ ਚਾਹੀਦਾ ਹੈ।[1]

ਜਾਗਣ ਬਾਰੇ ਕੁਝ ਵਿਚਾਰ ਇਸ ਰਾਗ ਦੀ ਬਾਣੀ ਵਿੱਚ ਪ੍ਰਗਟ ਹੋਏ ਹਨ—

ਜਾਗਤੁ ਬਿਗਸੈ ਮੂਠੋ ਅੰਧਾ।

- - - - - - - - - -

ਜਾਗਸਿ ਜੀਵਣ ਜਾਗਣਹਾਰਾ।[2]

—

ਅਨਦਿਨੁ ਜਾਗੈ ਸਚਿ ਲਿਵ ਲਾਏ।[3]

—

ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ।

ਸਦਾ ਜਾਗਹਿ ਘਰੁ ਆਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ।[4]

—

ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ।[5]

ਪ੍ਰਭਾਤੀ ਰਾਗ ਵਿੱਚ ਜਾਗਣ ਦਾ ਉਪਦੇਸ਼ ਅਤੇ ਨਾਮ ਦੀ ਵਡਿਆਈ ਕਰਦਿਆਂ ਇਸ ਨੂੰ ਚਾਨਣ ਪ੍ਰਦਾਨ ਕਰਨ ਦੱਸਿਆ ਹੈ—

ਨਾਮ ਜਪਤ ਹੋਆ ਪਰਗਾਸੁ।[6]

---

1. ਨਾਉ ਪ੍ਰਭਾਤੇ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ।
   ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 1330
2. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 1330
3. ਉਹੀ, ਪੰਨਾ 1343
4. ਗੁਰੂ ਅਮਰਦਾਸ ਜੀ, ਆਦਿ ਗ੍ਰੰਥ, ਪੰਨਾ 1346
5. ਉਹੀ, ਪੰਨਾ 1346
6. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 1340

ਚਾਨਣ, ਪਰਗਾਸ ਆਦਿ ਦੇ ਭਾਵ ਇਸ ਰਾਗ ਵਿੱਚ ਹੋਰ ਢੁਕਵੇਂ ਲਗਦੇ ਹਨ ਜਦੋਂ ਅਸੀਂ ਵੇਖਦੇ ਹਾਂ ਕਿ ਰਾਗ ਪਰਭਾਤੀ ਦੇ ਨਾਲ ਬਿਭਾਸ ਰਾਗ ਦਾ ਵੀ ਪ੍ਰਯੋਗ ਹੋਇਆ ਹੈ। ਬਿਭਾਸ ਦਾ ਸ਼ਾਬਦਿਕ ਅਰਥ ਚਾਨਣਾ ਹੈ[1] ਅਤੇ ਇਸ ਰਾਗ ਦਾ ਗਾਇਨ ਸਮਾਂ ਵੀ ਸਵੇਰ ਦਾ ਹੈ।

ਇਸ ਤਰ੍ਹਾਂ ਇਸ ਰਾਗ ਦੀ ਬਾਣੀ ਦਾ ਭਾਵ ਅਤੇ ਇਸ ਲਈ ਪ੍ਰਯੋਗ ਕੀਤਾ ਰਾਗ ਪ੍ਰਭਾਤੀ ਬਿਭਾਸ ਦੋਵੇਂ ਇੱਕ ਦੂਜੇ ਦੇ ਪੂਰਕ ਹੋ ਨਿਬੜਦੇ ਹਨ।

## ਰਾਗ ਜੈਜਾਵੰਤੀ:-

ਰਾਗ ਜੈਜਾਵੰਤੀ ਵਿੱਚ ਕੇਵਲ ਗੁਰੂ ਤੇਗ ਬਹਾਦਰ ਜੀ ਦੇ ਚਾਰ ਪਦੇ ਦਰਜ ਹਨ। ਇਹਨਾਂ ਵਿੱਚ ਰਾਮ ਸਿਮਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਮਨੁੱਖ ਦੀ ਅਲਪ ਆਰਜਾ ਅਤੇ ਜਗਤ ਦੀ ਅਸਥਿਰਤਾ ਦੀ ਗੱਲ ਮੁੱਖ ਰੂਪ ਵਿੱਚ ਪੇਸ਼ ਹੋਈ ਹੈ।

ਕਈ ਵਿਦਵਾਨਾਂ ਨੇ ਇਸ ਰਾਗ ਨੂੰ ਖੁਸ਼ੀ ਦੇ ਭਾਵਾਂ ਨਾਲ ਸੰਬੰਧਿਤ ਕੀਤਾ ਹੈ।[2] ਪਰ ਗੁਰੂ ਤੇਗ ਬਹਾਦਰ ਜੀ ਨੇ ਇਸ ਰਾਗ ਵਿੱਚ ਰਚੀ ਬਾਣੀ ਵਿੱਚ ਖੁਸ਼ੀ ਦੇ ਭਾਵ ਨਹੀਂ ਪ੍ਰਗਟਾਏ ਸਗੋਂ ਮਨੁੱਖੀ ਜੀਵਨ ਦੇ ਗੰਭੀਰਤਮ ਭਾਵਾਂ ਨੂੰ ਪੇਸ਼ ਕੀਤਾ ਹੈ। ਇਸ ਲਈ ਇਹ ਕਹਿਣਾ ਠੀਕ ਹੈ ਕਿ ਗੁਰੂ ਜੀ ਨੇ ਇਸ ਰਾਗ ਨੂੰ ਸ਼ਾਸਤਰ ਦੀ ਸੀਮਾਂ ਵਿੱਚੋਂ ਕੱਢ ਕੇ

---

1. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਚੌਥੀ ਪੋਥੀ, ਪੰਨਾ 1335

2. ਮਾਸਟਰ ਪ੍ਰੇਮ ਸਿੰਘ, ਗੁਰਮਤ ਸੰਗੀਤ ਰਤਨ ਭੰਡਾਰ, ਪੰਨਾ 105

ਕੁਝ ਹੋਰ ਵਿਸ਼ੇਸ਼ ਭਾਵਾਂ ਨੂੰ ਪ੍ਰਗਟ ਕਰਨ ਦੇ ਸਮਰਥ ਬਣਾਇਆ ਹੈ।

ਇਸ ਤਰ੍ਹਾਂ ਗੁਰੂ ਸਾਹਿਬਾਨ ਦੀ ਬਾਣੀ ਵਿੱਚ ਜਿਥੇ ਕੁਝ ਰਾਗਾਂ ਦਾ ਸ਼ਾਸਤਰੀ ਪੱਧਤੀ ਅਨੁਸਾਰ ਦੱਸੇ ਗਏ ਸਿਧਾਂਤਾਂ ਅਨੁਸਾਰ ਭਾਵ ਅਤੇ ਰਾਗ ਦਾ ਸੰਜੋਗ ਹੋਇਆ ਹੈ। ਉਥੇ ਕੁਝ ਰਾਗਾਂ ਨੂੰ ਉਹਨਾਂ ਨੇ ਰਾਗਾਂ ਦੀ ਸ਼ਕਤੀ ਵਧਾ ਕੇ ਉਹਨਾਂ ਨੂੰ ਆਪਣੇ ਮਨ ਭਾਉਂਦੇ ਭਾਵ ਪ੍ਰਗਟ ਕਰਨ ਦੇ ਯੋਗ ਵੀ ਬਣਾਇਆ ਹੈ।

# ਅਧਿਆਇ ਚੌਥਾ

## ਗੁਰੂ ਕਾਵਿ ਵਿਚ ਰੂਪ ਵਿਧਾਨ ਅਤੇ ਸੰਗੀਤ

ਇਸ ਤੋਂ ਪਹਿਲੇ ਅਧਿਆਇ ਵਿੱਚ ਅਸੀਂ ਗੁਰੂ ਕਵੀਆਂ ਦੇ ਕਾਵਿ ਅਨੁਭਵ ਅਤੇ ਸੰਗੀਤ ਦੇ ਸੰਬੰਧ ਬਾਰੇ ਚਰਚਾ ਕੀਤੀ ਸੀ ਅਤੇ ਵੇਖਿਆ ਸੀ ਕਿ ਗੁਰੂ ਕਾਵਿ ਵਿੱਚ ਭਾਵ ਅਤੇ ਰਾਗ ਦੀ ਵਿਸ਼ੇਸ਼ ਸਾਂਝ ਹੈ। ਵਿਸ਼ੇਸ਼ ਭਾਵਾਂ ਅਨੁਸਾਰ ਵਿਸ਼ੇਸ਼ ਰਾਗਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ਅਸੀਂ ਗੁਰੂ ਕਾਵਿ ਦੇ ਰੂਪ ਵਿਧਾਨ ਅਤੇ ਸੰਗੀਤ ਦੇ ਸੰਬੰਧ ਬਾਰੇ ਚਰਚਾ ਕਰਾਂਗੇ।

ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਤਿੰਨ ਮੁੱਖ ਭਾਗਾਂ ਵਿੱਚ ਵੰਡੀ ਹੋਈ ਹੈ:-

1. ਨਿਤਨੇਮ ਦੀ ਬਾਣੀ
2. ਰਾਗ ਬੱਧ ਬਾਣੀ
3. ਰਾਗ ਰਹਿਤ ਬਾਣੀ

ਰਾਗ ਬੱਧ ਬਾਣੀ ਤੋਂ ਪਹਿਲਾਂ ਜਪੁਜੀ, ਸੋਦਰੁ, ਸੋਪੁਰਖੁ ਅਤੇ ਸੋਹਿਲਾ ਸਿਰਲੇਖਾਂ ਵਾਲੀ ਬਾਣੀ ਰੱਖੀ ਗਈ ਹੈ। ਇਹ ਸਾਰੀਆਂ ਰਚਨਾਵਾਂ ਸਿੱਖ ਰਹਿਤ ਵਿੱਚ ਨਿਤਨੇਮ ਵਜੋਂ ਪਾਠ ਕਰਨ ਲਈ ਹਨ ਅਤੇ ਇਹਨਾਂ ਦਾ ਪਾਠ ਅਜੇ ਵੀ ਨਿਤਨੇਮ ਵਜੋਂ ਕੀਤਾ ਜਾਂਦਾ ਹੈ।

ਰਾਗ ਬੱਧ ਬਾਣੀ ਤੋਂ ਬਾਦ ਅਜੇਹੀ ਬਾਣੀ ਮਿਲਦੀ ਹੈ ਜਿਸ ਉਪਰ ਰਾਗਾਂ ਦੇ ਸਿਰਲੇਖ ਨਹੀਂ ਮਿਲਦੇ। ਇਹਨਾਂ ਵਿੱਚੋਂ ਮੁੱਖ ਰਚਨਾਵਾਂ ਹਨ: ਸਲੋਕ ਸਹਿਸਕ੍ਰਿਤੀ, ਗਾਥਾ, ਫੁਨਹੇ, ਚਉਬੋਲੇ, ਸਲੋਕ, ਸਵੈਯੇ, ਮੁੰਦਾਵਣੀ, ਰਾਗਮਾਲਾ, ਇਹ ਰਚਨਾਵਾਂ ਭਾਸ਼ਾ ਪੱਖੋਂ ਵਿਸ਼ੇਸ਼ ਮੰਨੀਆਂ ਜਾ ਸਕਦੀਆਂ ਹਨ।

ਡਾ. ਧਰਮ ਪਾਲ ਮੈਣੀ ਪਹਿਲੇ ਭਾਗ ਨੂੰ ਵਿਚਾਰ ਪ੍ਰਧਾਨ ਅਤੇ ਤੀਜੇ ਨੂੰ ਅਭਿਵਿਅਕਤੀ (ਭਾਸ਼ਾ-ਸ਼ੈਲੀ) ਪ੍ਰਧਾਨ ਮੰਨਦੇ ਹਨ ਅਤੇ ਵਿਚਕਾਰਲੇ ਭਾਗ ਨੂੰ ਸੰਗੀਤ ਪ੍ਰਧਾਨ ਮੰਨਦੇ ਹਨ।[1] ਪਹਿਲੇ ਅਤੇ ਤੀਜੇ ਭਾਗ ਦੀ ਬਾਣੀ ਦਾ ਸੰਗੀਤ ਨਾਲ ਸਿੱਧਾ ਤੇ ਸਪਸ਼ਟ ਸਬੰਧ ਨਹੀਂ ਹੈ ਇਸ ਲਈ ਇਸ ਅਧਿਆਇ ਵਿੱਚ ਅਸੀਂ ਆਪਣਾ ਅਧਿਐਨ ਵਿਚਕਾਰਲੇ ਭਾਗ (ਰਾਗ ਬੱਧ ਬਾਣੀ) ਤੇ

---

1. ਧਰਮਪਾਲ ਮੈਣੀ (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਏਕ ਪਰਿਚਯ, ਪੰਨਾ 50

ਕੇਂਦਰਿਤ ਕਰਾਂਗੇ। ਇਸ ਭਾਗ ਦੀ ਬਾਣੀ ਰਾਗਾਂ ਅਤੇ ਕਾਵਿ ਰੂਪਾਂ ਦੀ ਵਿਸ਼ੇਸ਼ ਤਰਤੀਬ ਅਨੁਸਾਰ ਸੰਕਲਿਤ ਕੀਤੀ ਗਈ ਹੈ। ਗੁਰੂ ਕਾਵਿ ਦੇ ਕਾਵਿ ਰੂਪਾਂ ਦੇ ਰੂਪ ਵਿਧਾਨ ਦੀ ਚਰਚਾ ਕਰਨ ਤੋਂ ਪਹਿਲਾਂ ਕਾਵਿ ਰੂਪ ਤੇ ਸੰਗੀਤ, ਛੰਦ ਤੇ ਸੰਗੀਤ ਅਤੇ ਸ਼ਬਦਾਵਲੀ ਅਤੇ ਸੰਗੀਤ ਦੇ ਸਬੰਧ ਬਾਰੇ ਚਰਚਾ ਕਰਨੀ ਉਚਿਤ ਹੋਵੇਗੀ।

ਕਾਵਿ ਰੂਪ ਅਤੇ ਸੰਗੀਤ :-

ਗੁਰੂ ਕਾਵਿ ਵਿੱਚ ਜਿਹੜੇ ਕਾਵਿ ਰੂਪ ਪ੍ਰਯੁਕਤ ਹੋਏ ਹਨ ਉਹਨਾਂ ਵਿੱਚੋਂ ਕੁਝ ਸਨਾਤਨ ਕਾਵਿ ਪਰੰਪਰਾ ਨਾਲ ਸਬੰਧਤ ਹਨ ਜਿਵੇਂ ਪਦੇ, ਅਸ਼ਟਪਦੀਆਂ, ਆਰਤੀ, ਅੰਜਲੀਆਂ, ਪੱਟੀ, ਬਾਵਨ ਅਖਰੀ ਆਦਿ ਕੁਝ ਕਾਵਿ ਰੂਪ ਲੋਕ ਗੀਤਾਂ ਦੇ ਕਾਵਿ ਰੂਪਾਂ ਅਨੁਸਾਰ ਢਲੇ ਹੋਏ ਹਨ ਜਿਵੇਂ ਘੋੜੀਆਂ, ਅਲਾਹੁਣੀਆਂ, ਛੰਤ, ਬਾਰਹਮਾਹ, ਵਾਰਾਂ ਆਦਿ ਪੰਜਾਬੀ ਲੋਕ ਗੀਤਾਂ ਅਨੁਸਾਰ ਅਤੇ ਕਾਫੀ ਮੁਸਲਮਾਨੀ ਸੂਫੀ ਕਾਵਿ ਰੂਪ ਅਨੁਸਾਰ ਰਚਿਆ ਗਿਆ ਹੈ। ਭਾਵੇਂ ਇਹਨਾਂ ਕਾਵਿ ਰੂਪਾਂ ਵਿੱਚ ਪਰੰਪਰਾ ਕਰਕੇ ਵੀ ਸੰਗੀਤ ਦੀ ਹੋਂਦ ਬਰਕਰਾਰ ਹੈ ਪਰ ਗੁਰੂ ਕਵੀਆਂ ਨੇ ਇਹਨਾਂ ਨੂੰ ਰਾਗਾਂ ਵਿੱਚ ਦਰਜ ਕਰਕੇ ਇਹਨਾਂ ਨਾਲ ਸੰਗੀਤ ਦਾ ਸੰਬੰਧ ਪੱਕੇ ਰੂਪ ਵਿੱਚ ਸਥਾਪਤ ਕਰ ਦਿੱਤਾ ਹੈ।

ਗੁਰੂ ਕਾਵਿ ਦੇ ਲੋਕ ਕਾਵਿ ਰੂਪਾਂ ਅਤੇ ਸੰਗੀਤ ਦੇ ਸੰਬੰਧ ਬਾਰੇ ਸਰਬਰੀਆ ਕੌਰ[1] ਦਾ ਵਿਚਾਰ ਹੈ ਕਿ ਲੋਕ ਸਾਹਿਤ ਤੋਂ ਪੈਦਾ ਹੋਇਆ ਇਹ ਪੰਜਾਬੀ ਸਾਹਿਤ, ਸਾਹਿਤ ਰੂਪਾਂ ਦੇ ਦ੍ਰਿਸ਼ਟੀਕੋਣ ਤੋਂ ਬੜੀ ਵਿਸ਼ੇਸ਼ ਦਿੱਖ ਰੱਖਦਾ ਸੀ। ਨਾਲੇ ਸਾਹਿਤ-ਰੂਪ ਦਾ ਸੰਕਲਪ ਹੀ ਬਹੁਤ ਵੱਖਰਾ ਸੀ, ਇਹ ਤੁਕਾਂ ਦੇ ਰੂਪ ਨਾਲ ਜੋੜਿਆ ਜਾਂਦਾ ਸੀ ਜਿਹੜਾ ਕੁਝ ਵਿਧੀਆਂ ਉਤੇ ਰਚੀਆਂ ਜਾਣ ਵਾਲੀਆਂ ਕਿਰਤਾਂ ਲਈ ਪਰੰਪਰਾਗਤ ਬਣ ਗਿਆ। ਇੱਕ ਖਾਸ ਕਿ ਵਰਤਾਰਾ ਜਿਹੜਾ ਸ਼ਾਇਦ ਮੌਖਿਕ ਸੁਮੇਲ ਵਿਧੀ ਦਾ ਪ੍ਰਗਟਾਅ ਸੀ, ਰਾਗਾਂ ਦੀ ਪ੍ਰਣਾਲੀ, ਭਾਵ ਕਿਸੇ

---

1. ਸਰਬਰੀਆ ਕੌਰ, "ਗੁਰੂ ਨਾਨਕ ਦਾ ਸਾਹਿਤਿਕ ਵਿਰਸਾ", ਗੁਰੂ ਨਾਨਕ, ਪੰਨਾ 86

ਕਿਰਤ ਦੀ ਸੰਗੀਤਕ ਤਾਲ ਤੇ ਭਾਵਕ ਬਣਤਰ ਨੂੰ ਪੇਸ਼ ਕਰਦੀਆਂ ਪ੍ਰਕਾਰਾਂ ਦੀ ਪ੍ਰਣਾਲੀ ਸੀ।

ਜਿਵੇਂ ਕਿ ਅਸੀਂ ਪਹਿਲਾਂ ਵੇਖ ਚੁੱਕੇ ਹਾਂ ਕਿ ਗੁਰੂ ਕਾਵਿ ਵਿੱਚ ਪ੍ਰਯੁਕਤ ਕਈ ਕਾਵਿ-ਰੂਪ ਲੋਕ ਕਾਵਿ ਰੂਪਾਂ ਦੇ ਅਨੁਸਾਰੀ ਹਨ। ਲੋਕ-ਕਾਵਿ ਤੇ ਸੰਗੀਤ ਦਾ ਬੜਾ ਨੇੜਲਾ ਸਬੰਧ ਹੈ ਕਿਉਂਕਿ ਲੋਕ-ਕਾਵਿ ਆਮ ਤੌਰ ਤੇ ਗਾਉਣ ਲਈ ਹੀ ਰਚਿਆ ਜਾਂਦਾ ਹੈ ਜਾਂ ਇੰਜ ਕਹਿ ਲਈਏ ਕਿ ਇਹ ਕਾਵਿ ਗਾਉਂਦਿਆਂ ਗਾਉਂਦਿਆਂ ਹੀ ਰਚਿਆ ਜਾਂਦਾ ਹੈ। ਭਾਰਤੀ ਸੰਗੀਤ ਦੇ ਬਹੁਤੇ ਰਾਗ ਲੋਕ-ਗੀਤਾਂ ਦੀਆਂ ਧੁਨਾਂ ਤੋਂ ਹੀ ਬਣੇ ਹਨ। ਕਈ ਰਾਗਾਂ ਦੇ ਨਾਂ ਕਿਸੇ ਖਾਸ ਸਥਾਨ ਜਾਂ ਜਾਤੀ ਨਾਲ ਸੰਬੰਧਤ ਹਨ ਜਿਸ ਤੋਂ ਪਤਾ ਲਗਦਾ ਹੈ ਕਿ ਇੱਕ ਵਿਸ਼ੇਸ਼ ਰਾਗ ਉਸ ਵਿਸ਼ੇਸ਼ ਜਾਤੀ ਜਾਂ ਸਥਾਨ ਨਾਲ ਸੰਬੰਧ ਰਖਦਾ ਹੈ। ਕੁਝ ਰਾਗਾਂ ਬਾਰੇ ਤਾਂ ਇਹ ਸੰਕੇਤ ਸਪਸ਼ਟ ਰੂਪ ਵਿੱਚ ਮਿਲਦੇ ਹਨ :-

ਮਾਝ ਰਾਗ ਬਾਰੇ ਅਸੀਂ ਦੱਸ ਚੁੱਕੇ ਹਾਂ ਕਿ ਇਹ ਰਾਗ ਮਾਝੇ ਦੇ ਇਲਾਕੇ ਨਾਲ ਸੰਬੰਧਤ ਕੀਤਾ ਜਾਂਦਾ ਹੈ। ਕੁਝ ਵਿਦਵਾਨ ਇਸ ਨੂੰ ਮੱਧ ਪ੍ਰਦੇਸ਼ ਦਾ ਰਾਗ ਵੀ ਕਹਿੰਦੇ ਹਨ।[1] ਪੰਜਾਬੀ ਵਿੱਚ 'ਮਾਝਾ' ਨਾਂ ਦਾ ਇੱਕ ਕਾਵਿ ਰੂਪ ਵੀ ਉਪਲਭਦ ਹੈ।

ਗਉੜੀ ਨੂੰ ਗਉੜ ਦੇਸ਼ ਨਾਲ ਸੰਬੰਧਤ ਕੀਤਾ ਜਾਂਦਾ ਹੈ। ਗੌੜਹਾਰ ਨਾਮਕ ਇੱਕ ਲੋਕ ਗੀਤ ਸ਼ੈਲੀ ਦਾ ਰੂਪ ਵੀ ਮਿਲਦਾ ਹੈ।[2] ਕੁਝ ਹੋਰ ਰਾਗਾਂ ਅਤੇ ਉਹਨਾਂ ਦੇ ਇਲਾਕਿਆਂ ਦਾ ਵੇਰਵਾ ਇਸ ਪ੍ਰਕਾਰ ਹੈ:-

ਗੂਜਰੀ ------- ਗੁਜਰਾਤ ਜਾਂ ਗੁਰਜਰ ਦੇਸ਼ ਦਾ

ਸੋਰਠ ------- ਸੋਰਠ ਜਾਂ ਸੁਰਾਸ਼ਟਰ ਦੇਸ਼ ਦਾ

ਮਾਰੂ ------- ਮਾਰੂ ਦੇਸ਼ ਜਾਂ ਰਾਜਸਥਾਨ ਦਾ

1. ਸੀਤਾ ਬਿੰਬਰਾਓ, "ਨਿਰਗੁਣ ਕਾਵਿਯ ਮੇਂ ਸੰਗੀਤ ਤੱਤਵ" (ਅਣਛਪਿਆ ਥੀਸਿਸ) ਕੁਰਕਸ਼ੇਤਰ ਯੂਨੀ. ਪੰਨਾ 201

2. ਵਿਮਲਾ ਕਾਂਤ ਰਾਇ ਚੌਧਰੀ, ਭਾਰਤੀਯ ਸੰਗੀਤ ਕੋਸ਼, ਪੰਨਾ 10

ਕਾਨੜਾ - - - - - - - - - ਕੰਨੜ ਦੇਸ ਦਾ

ਤਿਲੰਗ - - - - - - - - - - ਤਿਲੰਗਾਨਾ ਦੇਸ ਦਾ

ਬੈਰਾੜੀ - - - - - - - - - ਬੈਰਾੜ ਦੇਸ ਦਾ

ਟੋਡੀ - - - - - - - - - ਟੋਡਾ ਜਾਤੀ ਦਾ

ਗੌੜ - - - - - - - - - - ਗੌੜਾ ਜਾਤੀ ਦਾ

ਇਸੇ ਤਰ੍ਹਾਂ ਰਾਗ ਆਸਾ ਬਾਰੇ ਕਿਹਾ ਜਾਂਦਾ ਹੈ ਕਿ ਇਹ ਰਾਗ ਬਣਨ ਤੋਂ ਪਹਿਲਾਂ ਪੰਜਾਬ ਦੇ ਇਲਾਕੇ ਦੀ ਇੱਕ ਲੋਕ ਧੁਨ ਸੀ।[1]

ਰਾਗ ਧਨਾਸਰੀ ਬਾਰੇ ਪ੍ਰਸਿੱਧ ਹੈ ਕਿ ਫਸਲ ਕੱਟਣ ਵੇਲੇ ਇਹ ਰਾਗ ਗਾਇਆ ਜਾਂਦਾ ਹੈ। ਇਸ ਨੂੰ 'ਅੰਨ ਦੀ ਬਹੁਲਤਾ' ਦਾ ਰਾਗ ਵੀ ਕਿਹਾ ਜਾਂਦਾ ਹੈ।[2] ਇਸ ਤਰ੍ਹਾਂ ਇਹ ਰਾਗ ਵੀ ਲੋਕ ਧਾਰਨਾ ਦੇ ਨੇੜੇ ਪੁਜ ਜਾਂਦਾ ਹੈ। ਸਾਰੰਗ ਰਾਗ ਤੇ ਅਨੇਕਾਂ ਲੋਕ ਗੀਤਾਂ ਦੀਆਂ ਧੁਨਾਂ ਅਧਾਰਿਤ ਹਨ। ਚਰਵਾਹਿਆਂ ਦੀ ਵੰਝਲੀ ਅਤੇ ਸਪੇਰਾ ਬੀਨਾਂ ਉਤੇ ਇਸ ਰਾਗ ਦੀਆਂ ਮਧੁਰ ਸੁਰਾਂ ਵਾਲੀਆਂ ਧੁਨਾਂ ਸੁਣਾਈ ਦਿੰਦੀਆਂ ਹਨ।[3] ਮਲਾਰ ਖੁਸ਼ੀ ਦੇ ਗੀਤਾਂ ਨੂੰ ਵੀ ਕਿਹਾ ਜਾਂਦਾ ਹੈ ਅਤੇ ਇਹ ਇੱਕ ਰਾਗ ਵੀ ਹੈ। ਸੋ ਲੋਕ ਕਾਵਿ ਅਤੇ ਸੰਗੀਤ ਆਪਸ ਵਿੱਚ ਅੰਤਰ ਸੰਬੰਧਤ ਕਹੇ ਜਾ ਸਕਦੇ ਹਨ।

ਗੁਰੂ ਕਾਵਿ ਵਿਚ ਪ੍ਰਯੁਕਤ ਕਾਵਿ ਰੂਪ ਵੀ ਕਾਫੀ ਹੱਦ ਤੱਕ ਲੌਕਿਕ ਗਾਇਨ ਸ਼ੈਲੀਆਂ ਤੋਂ ਪ੍ਰਭਾਵਿਤ ਹੋ ਕੇ ਰਚੇ ਗਏ ਹਨ। ਡਾ: ਕਰਨੈਲ ਸਿੰਘ ਥਿੰਦ[4] ਅਨੁਸਾਰ ਲੌਕਿਕ ਗਾਇਨ ਸ਼ੈਲੀਆਂ ਤੋਂ ਭਾਵ ਅਜਿਹੀਆਂ ਧੁਨਾਂ, ਤਰਜ਼ਾਂ, ਤਾਨ ਤੇ ਬਹਿਰਾਂ ਹਨ ਜਿਹਨਾਂ ਨੂੰ ਲੋਕ ਗੀਤਾਂ ਵਿਚੋਂ ਲੈ ਕੇ ਕਵੀਆਂ ਨੇ ਆਪਣੀਆਂ ਕਾਵਿ ਰਚਨਾਵਾਂ ਦਾ ਆਧਾਰ ਬਣਾਇਆ ਹੈ। ਕੁਝ ਗੁਰੂ ਕਵੀਆਂ ਰਾਹੀਂ ਰਚੇ ਕਾਵਿ-ਰੂਪਾਂ ਜਿਵੇਂ-ਕਾਫੀਆਂ, ਛੰਤ, ਅਲਾਹੁਣੀਆਂ, ਵਾਰਾਂ ਘੋੜੀਆਂ, ਬਿਰਹੜੇ ਆਦਿ ਵਿੱਚ ਵਿਸ਼ੇ ਦੀ ਵਿਲੱਖਣਤਾ ਦੇ ਬਾਵਜੂਦ ਲੋਕ ਗੀਤਾਂ ਦਾ ਸੰਗੀਤਕ ਪੱਖ ਕਾਇਮ ਰਹਿੰਦਾ ਹੈ।

ਇਹਨਾਂ ਕਾਵਿ ਰੂਪਾਂ ਵਿੱਚ ਲੁਕੀ ਹੋਈ ਲੋਕ ਗੀਤਾਂ ਦੀ ਆਤਮਾ ਲੋਕ ਸੰਗੀਤ

1. ਤਾਰਾ ਸਿੰਘ (ਪ੍ਰੋ.) ਗੁਰ ਤੇਗ ਬਹਾਦਰ ਰਾਗ ਰਤਨਾਵਲੀ, ਪੰਨਾ 33
2. ਪ੍ਰਗਿਆਨਾ ਨੰਦ (ਸੁਆਮੀ) ਕਾਫੀ ਥਾਟ ਕਾ ਰਾਗ 'ਧਨਸ਼ੀ' ਸੰਗੀਤ (ਮਾਸਿਕ) ਜਨਵਰੀ 1958, ਪੰਨਾ 32-33
3. ਪ੍ਰੋ: ਤਾਰਾ ਸਿੰਘ, ਸ੍ਰੀ ਗੁਰੂ ਅਮਰਦਾਸ ਰਾਗ ਰਤਨਾਵਲੀ, ਪੰਨਾ 100
4. ਕਰਨੈਲ ਸਿੰਘ ਥਿੰਦ, ਲੋਕਯਾਨ ਤੇ ਮਧਕਾਲੀਨ ਪੰਜਾਬੀ ਸਾਹਿਤ, ਪੰਨਾ 155

ਦੇ ਰੂਪ ਵਿਚ ਉਜਾਗਰ ਹੁੰਦੀ ਹੈ। ਇਹ ਕਵਿਤਾਵਾਂ ਲੋਕ ਗੀਤਾਂ ਦੀਆਂ ਧਾਰਨਾਵਾਂ ਵਿੱਚ ਹਨ ਅਤੇ ਹਰ ਰੂਪ ਆਪਣੇ ਆਪ ਵਿੱਚ ਇੱਕ ਗਾਇਨ ਸ਼ੈਲੀ ਦਾ ਲਖਾਇਕ ਹੈ। ਇਸ ਤਰ੍ਹਾਂ ਇਹਨਾਂ ਕਾਵਿ ਰੂਪਾਂ ਦਾ ਸੰਗੀਤ ਨਾਲ ਬੜਾ ਨੇੜਲਾ ਸੰਬੰਧ ਦ੍ਰਿਸ਼ਟੀਗੋਚਰ ਹੁੰਦਾ ਹੈ।

## <u>ਛੰਦ ਅਤੇ ਸੰਗੀਤ</u> :-

ਜਿਥੇ ਗੁਰੂ ਕਾਵਿ ਵਿਚ ਪ੍ਰਯੁਕਤ ਕਾਵਿ ਰੂਪ ਸੰਗੀਤ ਨਾਲ ਸੰਬੰਧਤ ਹਨ ਉਥੇ ਇਹਨਾਂ ਕਾਵਿ ਰੂਪਾਂ ਦਾ ਅੰਦਰੂਨੀ ਛੰਦ ਵੀ ਸੰਗੀਤ ਦੇ ਤੱਤਾਂ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ। ਗੁਰੂ ਕਾਵਿ ਵਿੱਚ ਪ੍ਰਯੁਕਤ ਛੰਦਾਂ ਬਾਰੇ ਬੜਾ ਵਾਦ ਵਿਵਾਦ ਪ੍ਰਚਲਤ ਰਿਹਾ ਹੈ। ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ, "ਕਈ ਗਿਆਨੀ ਆਖਦੇ ਅਤੇ ਲਿਖਦੇ ਵੀ ਹਨ ਕਿ ਗੁਰਬਾਣੀ ਛੰਦ ਤੋਂ ਬਾਹਰ ਹੈ, ਪਰੰਤੂ ਇਹ ਉਹਨਾਂ ਦੀ ਭੁੱਲ ਹੈ, ਹਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਅਸੀਂ ਸਾਰੇ ਛੰਦਾਂ ਦੇ ਰੂਪ ਨਹੀਂ ਜਾਣਦੇ।[1] "ਸੰਤ ਸਿੰਘ ਸੇਖੋਂ ਇਸ ਸੰਬੰਧ ਵਿਚ ਲਿਖਦੇ ਹਨ, "ਕਈ ਲੋਕ ਕਹਿ ਦੇਂਦੇ ਹਨ ਕਿ ਗੁਰਬਾਣੀ ਛੰਦ ਦੀ ਨਵੀਂ ਅਥਵਾ ਸੰਗੀਤ ਦੀ ਲੋੜ ਅਨੁਸਾਰ ਸੂਤਰ ਬੱਧ ਕੀਤੀ ਹੋਈ ਹੈ, ਪਰ ਇਸ ਕਥਨ ਦੇ ਕੋਈ ਅਰਥ ਨਹੀਂ। " ਅੱਗੇ ਜਾ ਕੇ ਆਪ ਲਿਖਦੇ ਹਨ, " ਗੁਰਬਾਣੀ ਉਸੇ ਪ੍ਰਮਾਣਿਕ ਛੰਦ ਪ੍ਰਬੰਧ ਦੇ ਅਨੁਸਾਰ ਰਚੀ ਹੋਈ ਹੈ, ਜਿਸ ਅਨੁਸਾਰ ਇਸ ਤੋਂ ਕੋਈ ਪੁਰਾਣੀ ਭਾਰਤੀ ਰਚਨਾ ਜਾਂ ਪਿਛਲੇਰੀ ਕਵਿਤਾ। ਜੋ ਕੁਛ ਭੇਦ ਹੈ ਤਾਂ ਉਹਨਾਂ ਖੁੱਲ੍ਹਾਂ ਵਿੱਚ ਹੈ ਜੋ ਛੰਦ ਪ੍ਰਬੰਧ ਵਿੱਚ ਰਹਿੰਦੇ ਹੋਏ ਗੁਰਬਾਣੀ ਦੇ ਰਚਤਾ ਮਾਣਦੇ ਹਨ। ਇੱਕ ਹੱਦ ਤੱਕ ਇਹ ਖੁੱਲ੍ਹਾਂ ਅਸਾਡੇ ਲੋਕਗੀਤਾਂ

---

1. ਕਾਹਨ ਸਿੰਘ ਨਾਭਾ, <u>ਗੁਰ ਛੰਦ ਦਿਵਾਕਰ</u>, ਪੰਨਾ 25-26

ਦੇ ਸੁਭਾਵ ਅਨੁਸਾਰ ਹਨ ਅਤੇ ਇਹ ਗੱਲ ਨਿਸ਼ਚਿਤ ਪ੍ਰਤੀਤ ਹੁੰਦੀ ਹੈ ਕਿ ਗੁਰਬਾਣੀ ਦੀਆਂ ਛੰਦ ਬੰਦੀ ਦੀਆਂ ਖੁੱਲ੍ਹਾਂ ਲੋਕ-ਗੀਤਾਂ ਦੀਆਂ ਖੁੱਲ੍ਹਾਂ ਹੀ ਹਨ। ਜਾਂ ਇਉਂ ਕਹਿਣਾ ਚਾਹੀਦਾ ਹੈ ਕਿ ਜਿੱਥੇ ਗੁਰਬਾਣੀ ਦਾ ਪਿੰਜਰ ਛੰਦ ਦਾ ਹੈ, ਉਥੇ ਇਸ ਨੇ ਲੋਕ-ਗੀਤਾਂ ਦੇ ਸੁਭਾਵ ਅਨੁਸਾਰ ਕੁਝ ਖੁੱਲ੍ਹਾਂ ਵੀ ਲਈਆਂ ਹਨ।[1] "ਡਾਕਟਰ ਸੁਰਿੰਦਰ ਸਿੰਘ ਕੋਹਲੀ ਗੁਰੂ ਕਵੀਆਂ ਰਾਹੀਂ ਛੰਦ ਵਿੱਚ ਲਈਆਂ ਖੁੱਲ੍ਹਾਂ ਨੂੰ ਵਿਸ਼ੇ ਨਾਲ ਸੰਬੰਧਤ ਕਰਦਿਆਂ ਲਿਖਦੇ ਹਨ, "ਲੋਕ-ਕਾਵਿ ਧਾਰਾ ਨੂੰ ਅਪਨਾਉਣ ਕਾਰਣ ਉਨ੍ਹਾਂ ਨੇ ਛੰਦ ਦੀ ਥਾਂ ਵਿਸ਼ੇ ਦਾ ਵਧੀਕ ਖਿਆਲ ਰੱਖਿਆ ਹੈ।[2] " ਪਿਆਰਾ ਸਿੰਘ ਪਦਮ[3] ਗੁਰੂ ਕਾਵਿ ਦੀ ਸੰਗੀਤਕਤਾ ਉਪਰ ਜ਼ੋਰ ਦਿੰਦਿਆਂ ਦਸਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੇ ਸਭੇ: ਕਵੀਆਂ ਨੇ ਲੋਕ-ਸੰਗੀਤ ਦੇ ਛੰਦਾਂ ਨੂੰ ਅਪਣਾਇਆ ਹੈ। ਇਸ ਕਰਕੇ ਇਹਨਾਂ ਦੇ ਕਾਵਿ ਰੂਪਾਂ ਦਾ ਛੰਦ ਕੇਵਲ ਵਰਣਾਂ ਤੇ ਮਾਤ੍ਰਾ ਦੀ ਗਿਣਤੀ ਤੇ ਅਧਾਰਤ ਨਹੀਂ ਸਗੋਂ ਇਹ ਸੰਗੀਤਕ ਲੈਅ ਦੇ ਆਸਰੇ ਚਲਦੇ ਹਨ। ਕੱਸ ਕੇ ਗਿਣਿਆਂ ਸ਼ਾਇਦ ਇੱਕ ਦੋ ਮਾਤਰਾ ਵੱਧ ਘਟ ਵੀ ਹੋ ਜਾਣ ਪਰ ਸੰਗੀਤਕ ਲੈਅ ਦਾ ਪੱਲਾ ਕਿਤੇ ਵੀ ਨਹੀਂ ਛੱਡਿਆ ਗਿਆ। ਨਾਲੇ ਆਦਿ ਗ੍ਰੰਥ ਕੇਵਲ ਛੰਦ ਬੰਧ ਹੀ ਨਹੀਂ ਸੰਗੀਤਬੱਧ ਵੀ ਹੈ, ਇਸ ਕਰਕੇ ਇਸ ਦੇ ਛੰਦ ਵਧੇਰੇ ਗੀਤਾਂ ਵਾਲੇ ਹਨ ਜੋ ਬਾਰ ਬਾਰ ਗੁਣਗੁਣਾਏ ਤੇ ਗਾਏ ਜਾ ਸਕਦੇ ਹਨ। ਇਸ ਤਰ੍ਹਾਂ ਇਹ ਕਾਵਿ ਲੋਕ-ਕਾਵਿ ਦੇ ਛੰਦਾਂ ਤੇ ਅਧਾਰਤ ਹੈ।

ਡਾਕਟਰ ਤਾਰਨ ਸਿੰਘ ਗੁਰੂ ਕਾਵਿ ਦੇ ਸਾਰੇ ਰੂਪ ਵਿਧਾਨ ਨੂੰ ਰਾਗਾਂ ਉੱਤੇ ਅਧਾਰਤ ਕਰਦੇ ਹਨ। ਆਪ ਲਿਖਦੇ ਹਨ, "ਰਾਗ ਦੇ ਗਾਇਨ ਤੇ ਜਿਸ ਘਰ ਜਾਂ ਤਾਲ ਵਿੱਚ ਸ਼ਬਦ ਗਾਇਨ ਹੋਣਾ ਹੈ - ਨੇ ਛੰਦ ਚਾਲ ਨੂੰ ਨਿਸ਼ਚਿਤ ਕਰਨਾ ਹੁੰਦਾ ਹੈ - ਲੈ, ਤਾਲ ਤੇ ਕਾਫੀਆਂ ਤਾਂ ਕਵਿਤਾ ਦੀਆਂ ਸੁਭਾਵਕ ਚੀਜ਼ਾਂ ਹੀ ਹਨ। ਸੋ ਸ੍ਰੀ ਗੁਰੂ ਗ੍ਰੰਥ-ਸਾਹਿਬ ਦੀ

---

1. ਸੰਤ ਸਿੰਘ ਸੇਖੋਂ, <u>ਪੰਜਾਬੀ ਕਾਵਿ ਸ਼ਿਰੋਮਣੀ</u>, ਪੰਨਾ 65
2. <u>ਪੰਜਾਬੀ ਸਾਹਿਤ ਦਾ ਇਤਿਹਾਸ</u>, ਭਾਸ਼ਾ ਵਿਭਾਗ, ਪੰਨਾ 142
3. ਪਿਆਰਾ ਸਿੰਘ ਪਦਮ, <u>ਗੁਰੂ ਗ੍ਰੰਥ ਦਰਸ਼ਨ</u>, ਪੰਨਾ 316

ਛੰਦਾ-ਬੰਦੀ ਸੰਗੀਤ ਪਿੰਗਲ ਦੀਆਂ ਲੋੜਾਂ ਅਧੀਨ ਹੈ, ਨਾ ਕੇਵਲ ਛੰਦਾ-ਬੰਦੀ ਸਗੋਂ ਪਦਿਆਂ ਦੇ ਅੰਗਾਂ ਦੀ ਵੰਡ ਸਥਾਈ, ਅੰਤਰਾ, ਧਰੁਵ ਆਭੋਗ ਵੀ ਰਾਗ ਦੀਆਂ ਲੋੜਾਂ ਅਨੁਸਾਰ ਹੁੰਦੀ ਹੈ। "ਡਾਕਟਰ ਸਾਹਿਬ ਅੱਗੇ ਜਾ ਕੇ ਹੋਰ ਲਿਖਦੇ ਹਨ, "ਕਾਵਿ ਪਿੰਗਲ ਦੀ ਸਾਧਨਾ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਵੀਆਂ ਨੇ ਲਿਖਣਾ ਸ਼ੁਰੂ ਨਹੀ ਕੀਤਾ ਸਗੋਂ ਸਰੋਦੀ ਹੂਕ ਦੇ ਧੁਰ ਅੰਦਰੋਂ ਉਠਣ ਨਾਲ ਰਚਨਾ ਕੀਤੀ ਹੈ। - ਰਚਨਾ ਲਿਖੀ ਨਹੀ ਗਾਵੀ ਹੈ। ਗੁਰੂ ਨਾਨਕ ਸਾਹਿਬ ਸਿੱਧੇ ਗਾਇਨ ਕਰਦੇ ਸਨ, ਜਦੋਂ ਆਪ ਨੂੰ ਬਾਣੀ ਖਸਮ ਵੱਲੋਂ ਆਉਂਦੀ ਸੀ। - ਇਸ ਲਈ ਛੰਦ-ਚਾਲ ਰਾਗ ਨਿਸਚਿਤ ਕਰਦਾ ਸੀ ਨਾ ਕਿ ਪਹਿਲਾਂ ਆਪ ਕਿਸੇ ਛੰਦ ਦੀ ਪਾਬੰਦੀ ਵਿੱਚ ਰਚਨਾ ਕਰਦੇ ਤੇ ਮਗਰੋ ਕਿਸੇ ਰਾਗ ਵਿੱਚ ਗਾਉਂਦੇ।"[1]

ਉਪਰੋਕਤ ਚਰਚਾ ਤੋਂ ਇੰਜ ਲਗਦਾ ਹੈ ਜਿਵੇਂ ਛੰਦ ਅਤੇ ਸੰਗੀਤ ਦਾ ਆਪਸ ਵਿਚ ਕੋਈ ਸੰਬੰਧ ਨਹੀਂ। ਪਰ ਭਾਰਤੀ ਸੰਗੀਤ ਅਚਾਰੀਆਂ ਨੇ ਜਿਥੇ ਵੱਖ ਵੱਖ ਸੁਰਾਂ ਨਾਲ ਰਸਾਂ ਨੂੰ ਸੰਬੰਧਤ ਕੀਤਾ ਹੈ ਉਥੇ ਵੱਖ ਵੱਖ ਛੰਦਾਂ ਨੂੰ ਵੀ ਸੁਰਾਂ ਨਾਲ ਸੰਬੰਧਤ ਕੀਤਾ ਹੈ। ਸੰਗੀਤ ਰਤਨਾਕਰ ਵਿੱਚ ਪੁਰਾਤਨ ਸੰਸਕ੍ਰਿਤ ਸਾਹਿਤ ਵਿਚ ਪ੍ਰਚਲਤ ਕੁਝ ਛੰਦਾਂ ਨੂੰ ਹੇਠ ਲਿਖੇ ਅਨੁਸਾਰ ਵੱਖ ਵੱਖ ਸੁਰਾਂ ਨਾਲ ਸੰਬੰਧਤ ਕੀਤਾ ਗਿਆ ਹੈ:-

| | ਛੰਦ | ਸੁਰ |
|---|---|---|
| 1. | ਅਨੁਸ਼ਟੁਪ | ਸ਼ਡਜ |
| 2. | ਗਾਇਤ੍ਰੀ | ਰਿਸ਼ਭ |
| 3. | ਤ੍ਰਿਸ਼ਟੁਪ | ਗੰਧਾਰ |
| 4. | ਬ੍ਰਿਹਤੀ | ਮੱਧਮ |
| 5. | ਪੰਕਤੀ | ਪੰਚਮ |

---

1. ਤਾਰਨ ਸਿੰਘ (ਡਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਇਤਿਹਾਸ, ਪੰਨਾ 92
2. ਸ਼ਾਰੰਗ ਦੇਵ, ਸੰਗੀਤ ਰਤਨਾਕਰ (ਭਾਗ 1) ਪੰਨਾ 37

6. ਉਸ਼ਨਿਕ ਧੈਵਤ

7. ਜਗਤੀ ਨਿਸ਼ਾਦ

ਹੋ ਸਕਦਾ ਹੈ ਪੁਰਾਤਨ ਕਾਲ ਵਿਚ ਇਹਨਾਂ ਛੰਦਾਂ ਅਤੇ ਸੁਰਾਂ ਦਾ ਆਪਸ ਵਿੱਚ ਇਸ ਤਰ੍ਹਾਂ ਦਾ ਸੰਬੰਧ ਰਿਹਾ ਹੋਵੇ। ਪਰ ਅੱਜਕਲ ਸੁਰਾਂ ਦਾ ਘਟ ਅਤੇ ਲੈਅ ਦਾ ਬਹੁਤਾ ਧਿਆਨ ਰੱਖਿਆ ਜਾਂਦਾ ਹੈ। ਪ੍ਰਸਿੱਧ ਰੂਸੀ ਕਵੀ ਮਾਇਆਕੋਵਸਕੀ[1] ਤਾਂ ਸਾਰੇ ਕਾਵਿ ਦਾ ਆਧਾਰ ਹੀ ਲੈਅ ਨੂੰ ਮੰਨਦਾ ਹੈ। ਜੇ ਗਹੁ ਨਾਲ ਵੇਖੀਏ ਤਾਂ ਉਹ ਕਵਿਤਾਵਾਂ ਜਿਨ੍ਹਾਂ ਨੂੰ ਛੰਦ ਰਹਿਤ ਜਾਂ ਖੁੱਲ੍ਹੀਆਂ ਕਵਿਤਾਵਾਂ ਕਿਹਾ ਜਾਂਦਾ ਹੈ ਉਹਨਾਂ ਵਿੱਚ ਵੀ ਇੱਕ ਖਾਸ ਤਰ੍ਹਾਂ ਦੀ ਲੈਅ ਹੁੰਦੀ ਹੈ ਅਤੇ ਇਹ ਲੈਅ ਸੰਗੀਤ ਦੀ ਲੈਅ ਦੇ ਨੇੜੇ ਹੀ ਪੁਜਦੀ ਹੈ। ਛੰਦਹੀਨ ਕਵਿਤਾਵਾਂ ਵਿੱਚ ਲੈਅ ਨਾਪਣ ਲਈ ਨਿਸ਼ਚਿਤ ਵਿਧਾਨ ਨਾ ਵੀ ਨੀਯਤ ਕੀਤਾ ਜਾ ਸਕਦਾ ਹੋਵੇ ਪਰ ਉਹਨਾਂ ਵਿੱਚ ਸੰਗੀਤਾਤਮਕਤਾ ਦਾ ਪ੍ਰਵਾਹ ਜ਼ਰੂਰ ਹੁੰਦਾ ਹੈ। ਇਹ ਸੰਗੀਤਮਈ ਲੈਅ ਹੀ ਕਵਿਤਾ ਅਤੇ ਸੰਗੀਤ ਨੂੰ ਇੱਕ ਦੂਜੇ ਦੇ ਨੇੜੇ ਲੈ ਆਉਂਦੀ ਹੈ। ਸੰਗੀਤ ਵਿੱਚ ਰਾਗ ਦੇ ਨਾਲ ਨਾਲ ਤਾਲ ਦਾ ਵੀ ਬਹੁਤ ਮੱਹਤਵ ਹੈ। ਤਾਲ ਅਤੇ ਛੰਦ ਦੋਵੇਂ ਲੈਅ ਦੇ ਆਸਰੇ ਚਲਦੇ ਹਨ। ਛੰਦ ਦੀ ਮਾਤਰਾ ਅਤੇ ਤਾਲ ਦੀ ਮਾਤਰਾ ਦਾ ਅਰਥ ਇੱਕ ਹੀ ਹੈ। ਮਾਤਰਾਵਾਂ ਦੀ ਗਿਣਤੀ ਨਾਲ ਸੰਗੀਤ ਵਿੱਚ ਵੱਖ ਵੱਖ ਤਾਲਾਂ ਦਾ ਨਿਰਮਾਣ ਹੁੰਦਾ ਹੈ ਅਤੇ ਕਵਿਤਾ ਵਿਚ ਇਸੇ ਤਰ੍ਹਾਂ ਮਾਤਰਾਵਾਂ ਦੀ ਗਿਣਤੀ ਨਾਲ ਵੱਖ ਵੱਖ ਛੰਦ ਬਣਦੇ ਹਨ। ਕਵਿਤਾ ਦੀ ਲੈਅ ਅਸਲ ਵਿੱਚ ਸਾਡੇ ਵਿਚਾਰਾਂ ਦੀ ਲੈਅ ਹੀ ਹੁੰਦੀ ਹੈ। ਹਰ ਕਾਰਜ ਲੈਅ ਪੂਰਨ ਢੰਗ ਨਾਲ ਕਰਨਾ ਮਨੁੱਖੀ ਫ਼ਿਤਰਤ ਵਿੱਚ ਸ਼ਾਮਲ ਹੈ। ਲਗਾਤਾਰ ਚਲਦੇ ਕਾਰਜ ਵਿੱਚ ਅਸੀਂ ਕਿਤੇ ਕਿਤੇ ਵਕਫ਼ੇ ਛਡਦੇ ਹਾਂ ਜਦੋਂ ਇਹ ਕਾਰਜ ਅਤੇ ਵਕਫ਼ੇ ਦੀ ਲਗਾਤਾਰਤਾ ਇੱਕੋ ਜਿਹੀ ਹੋਵੇ ਉਦੋਂ ਹੀ ਸੰਗੀਤਕਤਾ ਪੈਦਾ ਹੁੰਦੀ ਹੈ। ਜਦੋਂ ਇਹ ਪ੍ਰਕਿਰਿਆ

---

1. ਮਾਇਆਕੋਵਸਕੀ, "ਕਵਿਤਾਏਂ ਕੈਸੇ ਬਨਾਈ ਜਾਏਂ", ਲੇਖਨ ਕਲਾ ਔਰ ਰਚਨਾ ਕੌਸ਼ਲ, ਪੰਨਾ 183

ਲਗਾਤਾਰ ਨਾ ਹੋਵੇ ਉਦੋਂ ਸ਼ੋਰ ਪੈਂਦਾ ਹੁੰਦਾ ਹੈ। ਸੰਗੀਤ ਵਿਚ ਪ੍ਰਯੋਗ ਕੀਤੀ ਜਾਣ ਵਾਲੀ ਧੁਨੀ ਵਿਚ ਜੇ ਉਸਦੀਆਂ ਲਹਿਰਾਂ ਅਨਿਯਮਤ ਹੋ ਜਾਣ ਤਾਂ ਉਹਨਾਂ ਨੂੰ ਸੰਗੀਤ ਦੀ ਭਾਸ਼ਾ ਵਿੱਚ ਬੇਸੁਰੀਆਂ ਧੁਨੀਆਂ ਕਿਹਾ ਜਾਂਦਾ ਹੈ। ਜੇ ਗਾਉਣ ਦੀ ਲੈਅ ਠੀਕ ਨਾ ਰਹੇ ਤਾਂ, 'ਬੇਤਾਲਾ ਗਾਣਾ' ਕਿਹਾ ਜਾਂਦਾ ਹੈ। ਇਸ ਤਰ੍ਹਾਂ ਲੈਅ ਕਵਿਤਾ ਅਤੇ ਸੰਗੀਤ ਦੋਹਾਂ ਵਿੱਚ ਬੜੀ ਜ਼ਰੂਰੀ ਹੈ। ਕਵਿਤਾ ਵਿੱਚ ਪ੍ਰਯੋਗ ਹੋਣ ਵਾਲੀ ਲੈਅ ਨੂੰ ਜਦੋਂ ਕੁਝ ਖਾਸ ਵਾਕਫਿਆਂ ਵਿੱਚ ਬੰਨ੍ਹ ਦਿੱਤਾ ਜਾਂਦਾ ਹੈ ਤਾਂ ਛੰਦ ਬਣ ਜਾਂਦਾ ਹੈ। ਭਾਰਤੀ ਸਾਹਿਤ ਵਿੱਚ ਬਹੁਤ ਸਾਰੀਆਂ ਕਵਿਤਾਵਾਂ ਅਜਿਹੀਆਂ ਮਿਲਦੀਆਂ ਹਨ ਜਿਹਨਾਂ ਦੇ ਛੰਦ ਪਹਿਲਾਂ ਨਿਸ਼ਚਿਤ ਕਰ ਲਏ ਜਾਂਦੇ ਹਨ ਫਿਰ ਕਾਵਿ ਰਚਨਾ ਕੀਤੀ ਜਾਂਦੀ ਹੈ। ਅਜਿਹੀਆਂ ਕਾਵਿ ਰਚਨਾਵਾਂ ਵੀ ਉਪਲਬਧ ਹਨ ਜਿਹਨਾਂ ਦਾ ਛੰਦ ਪਹਿਲਾਂ ਨਹੀਂ ਨੀਯਤ ਕੀਤਾ ਜਾਂਦਾ ਸਗੋਂ ਕਵੀ ਆਪਣੇ ਕਾਵਿ ਅਨੁਭਵ ਅਨੁਸਾਰ ਕਾਵਿ ਰਚਨਾ ਕਰ ਦਿੰਦਾ ਹੈ ਬਾਦ ਵਿੱਚ ਲੋਕ ਉਸ ਨੂੰ ਛੰਦਾਂ ਅਨੁਸਾਰ ਗਿਣਦੇ-ਮਿਣਦੇ ਰਹਿੰਦੇ ਹਨ। ਪਰ ਜ਼ਰੂਰੀ ਨਹੀਂ ਕਿ ਛੰਦਾਂ ਦਾ ਇਹ ਬੰਧਨ ਹਰ ਕਵਿਤਾ ਤੇ ਲਾਗੂ ਹੋ ਜਾਵੇ। ਖਾਸ ਕਰਕੇ ਜਦੋਂ ਕੋਈ ਕਾਵਿ ਗਾਇਨ ਕਰਨ ਲਈ ਰਚਿਆ ਜਾਂਦਾ ਹੈ ਤਾਂ ਹੋ ਸਕਦਾ ਹੈ ਉਸਦਾ ਰੂਪ ਵਿਧਾਨ ਪੁਰਾਤਨ ਛੰਦਾਂ ਅਨੁਸਾਰ ਨਾ ਹੋਵੇ, ਕਿਉਂਕਿ ਅਜਿਹੀਆਂ ਕਵਿਤਾਵਾਂ ਵਿੱਚ ਤਾਲ ਅਤੇ ਸੁਰ ਨੂੰ ਆਧਾਰ ਬਣਾਇਆ ਹੁੰਦਾ ਹੈ ਜਦੋਂ ਕਿ ਛੰਦ ਬੱਧ ਕਵਿਤਾ ਆਪਣੀਆਂ ਮਾਤਰਾਵਾਂ ਦੀ ਕੈਦ ਵਿੱਚ ਬੱਝੀ ਰਹਿੰਦੀ ਹੈ।

ਸਮੇਂ ਦੀ ਤਬਦੀਲੀ ਅਤੇ ਨਵੇਂ ਸੰਪਰਕਾਂ ਸਦਕਾ ਵਿਸ਼ੇ ਵਿੱਚ ਤਬਦੀਲੀ ਆਉਂਦੀ ਹੈ। ਇਸ ਨਾਲ ਉਸ ਵਿਸ਼ੇ ਨੂੰ ਪ੍ਰਗਟ ਕਰਨ ਦੇ ਰੂਪ ਵਿਚ ਵੀ ਤਬਦੀਲੀ ਆਉਣੀ ਜ਼ਰੂਰੀ ਹੈ। ਏਸੇ ਸੰਦਰਭ ਵਿੱਚ ਡਾ: ਹਜ਼ਾਰੀ ਪ੍ਰਸ਼ਾਦ ਦਿਵੇਦੀ[1] ਦਾ ਵਿਚਾਰ ਹੈ ਕਿ ਜਦੋਂ ਜਦੋਂ ਕੋਈ

---

1. ਹਿੰਦੀ ਸਾਹਿਤ ਦਾ ਆਦਿ ਕਾਲ, ਪੰਨਾ 90

ਜਾਤੀ ਨਵੀਨ ਜਾਤੀਆਂ ਦੇ ਸੰਪਰਕ ਵਿੱਚ ਆਉਂਦੀ ਹੈ ਉਦੋਂ ਉਦੋਂ ਉਸ ਵਿਚ ਨਵੀਆਂ ਪਰਿਵਰਤੀਆਂ ਆਉਂਦੀਆਂ ਹਨ, ਨਵੀਂ ਆਚਾਰ ਪਰੰਪਰਾ ਦਾ ਪ੍ਰਚਲਨ ਹੁੰਦਾ ਹੈ, ਨਵੇਂ ਕਾਵਿ ਰੂਪਾਂ ਦਾ ਜਨਮ ਹੁੰਦਾ ਹੈ ਅਤੇ ਲੋਕ-ਚਿਤ ਨਵੇਂ ਛੰਦਾਂ ਵੱਲ ਮੁਹਾਰ ਮੋੜ ਲੈਂਦਾ ਹੈ, ਨਵੇਂ ਛੰਦ ਨਵੇਂ ਮਨੋਭਾਵ ਦੀ ਸੂਚਨਾ ਦਿੰਦਾ ਹੈ। ਜਿਥੇ ਨਵਾਂ ਛੰਦ ਨਵੇਂ ਮਨੋਭਾਵ ਵੱਲ ਸੰਕੇਤ ਕਰਦਾ ਹੈ ਉਥੇ ਨਵਾਂ ਮਨੋਭਾਵ ਆਪਣੇ ਜੁੱਸੇ ਅਨੁਸਾਰ ਨਵੇਂ ਛੰਦ ਦੀ ਮੰਗ ਕਰਦਾ ਹੈ। ਕੋਈ ਜ਼ਰੂਰੀ ਨਹੀਂ ਕਿ ਹਰ ਕਵੀ ਪੁਰਾਤਨ ਛੰਦ ਪ੍ਰਬੰਧ ਵਿੱਚ ਪ੍ਰਬੀਨ ਹੋਵੇ ਸਗੋਂ ਉਸ ਕੋਲ ਵਿਸ਼ੇਸ਼ ਕਵਿਤਾ ਵਾਲਾ ਹੋਣਾ ਚਾਹੀਦਾ ਹੈ ਅਤੇ ਪ੍ਰਗਟ ਕਰਨ ਦੀ ਤੀਬਰ ਇੱਛਾ, ਛੰਦ ਉਸਨੂੰ ਆਪਣੇ ਆਪ ਲੱਭ ਪਵੇਗਾ। ਡਾ. ਨਾਮਵਰ ਸਿੰਘ [1] ਅਨੁਸਾਰ ਕੋਈ ਕਵੀ ਛੰਦ ਦੀ ਪ੍ਰਬੀਨਤਾ ਨਾਲ ਉੱਤਮ ਨਹੀਂ ਬਣ ਜਾਂਦਾ ਸਗੋਂ ਉਸ ਦੀ ਉੱਤਮਤਾ ਉਸਦੇ ਵਿਚਾਰ ਤੇ ਅਧਾਰਤ ਹੁੰਦੀ ਹੈ। ਕਹਿਣ ਨੂੰ ਗੱਲ ਚਾਹੀਦੀ ਹੈ ਸ਼ੈਲੀ ਤਾਂ ਉਸ ਕਹਿਣ ਦੇ ਆਵੇਗ ਜਾਂ ਇੱਛਾ ਨਾਲ ਆਪਣੇ ਆਪ ਬਣ ਜਾਂਦੀ ਹੈ। ਇਸੇ ਲਈ ਭਗਤ ਕਵੀ, ਬਿਹਾਰੀ ਵਰਗੇ ਸ਼ਬਦ-ਸ਼ਿਲਪੀਆਂ ਤੋਂ ਵੀ ਵਧੇਰੇ ਹਰਮਨ ਪਿਆਰੇ ਹੋਣ ਵਿੱਚ ਕਾਮਯਾਬ ਹੋਏ ਹਨ। ਗੱਲ ਕਹਿਣ ਦੇ ਆਵੇਗ ਬਾਰੇ ਲੋਨਜਾਈਨਸ [2] ਦਾ ਵਿਚਾਰ ਹੈ ਕਿ ਜੋ ਆਵੇਗ ਮਤਵਾਲੇ ਉਤਸਾਹ ਦੇ ਪਰਚੰਡ ਵੇਗ ਨਾਲ ਫੁੱਟ ਪੈਂਦਾ ਹੈ ਅਤੇ ਇੱਕ ਤਰ੍ਹਾਂ ਨਾਲ ਵਕਤਾ ਦੇ ਸ਼ਬਦਾਂ ਨੂੰ ਬਲ ਨਾਲ ਭਰਪੂਰ ਕਰ ਦਿੰਦਾ ਹੈ ਉਸ ਦੇ ਯਥਾ ਸਥਾਨ ਵਿਅਕਤ ਹੋਣ ਨਾਲ ਸੁਰ ਵਿੱਚ ਜਿਹੜਾ

1. ਨਾਮਵਰ ਸਿੰਘ, <u>ਇਤਿਹਾਸ ਔਰ ਆਲੋਚਨਾ</u>, ਪੰਨਾ 26

2. <u>ਕਾਵਯ ਮੇਂ ਉਦਾਤ ਤਤਵ</u>, ਅਨੁ : ਅਚਾਰੀਆ ਨਗੇਂਦਰ

ਉਦਾਤ ਆਉਂਦਾ ਹੈ, ਉਹ ਹੋਰ ਥਾਂ ਦੁਰਲਭ ਹੈ। ਇਸ ਤਰ੍ਹਾਂ ਆਪਣਾ ਭਾਵ ਪ੍ਰਗਟ ਕਰਨ ਦੀ ਇੱਛਾ ਵੀ ਕਾਵਿ ਵਿੱਚ ਖਾਸ ਤਰ੍ਹਾਂ ਦੀ ਸੰਗੀਤਕਤਾ ਲਿਆਉਂਦੀ ਹੈ। ਹਰ ਮੌਲਿਕ ਵਿਚਾਰ ਮੌਲਿਕ ਛੰਦ ਵਿਚ ਹੀ ਪ੍ਰਗਟ ਹੋ ਸਕਦਾ ਹੈ ਇਸ ਬਾਰੇ ਹਡਸਨ ਨੇ ਕਿਹਾ ਹੈ, "ਉਸਨੂੰ ਕਹਿਣ ਲਈ ਆਪਣੀ ਹੀ ਸ਼ੈਲੀ ਲਭ ਪੈਂਦੀ ਹੈ ਜਿਸ ਨੇ ਕੁਝ ਨਿਜੀ ਤਜਰਬੇ ਵਿੱਚੋਂ ਕਹਿਣਾ ਹੋਵੇ।" [1] ਉਪਰੋਕਤ ਚਰਚਾ ਤੋਂ ਇਹ ਨਤੀਜਾ ਨਹੀਂ ਕੱਢ ਲੈਣਾ ਚਾਹੀਦਾ, ਕਿ ਪੁਰਾਣੇ ਛੰਦ ਨਵੀਂ ਰਚਨਾ ਤੇ ਬਿਲਕੁਲ ਹੀ ਅਸਰ ਨਹੀਂ ਕਰਦੇ ਸਗੋਂ ਪੁਰਾਣੇ ਛੰਦ ਨਵੇਂ ਛੰਦਾਂ ਦੇ ਪੈਦਾ ਹੋਣ ਵਿੱਚ ਮਦਦਗਾਰ ਸਾਬਤ ਹੁੰਦੇ ਹਨ। ਪਰੰਪਰਿਕ ਤੇ ਨਵੇਂ ਛੰਦਾਂ ਜਾਂ ਕਾਵਿ ਰੂਪਾਂ ਬਾਰੇ ਨਜ਼ਮ ਹੁਸੈਨ ਸੱਯਦ ਦਾ ਕਥਨ ਬੜਾ ਢੁਕਵਾਂ ਹੈ, "ਬੋਹੜ ਜਿਹੀ ਮਿਸਾਲ ਏ ਪਈ ਰੀਤ ਜੜ੍ਹ ਦੀ ਥਾਵੇਂ ਹੋਂਦੀ ਏ ਤੇ ਕਿਸੇ ਇੱਕ ਸਮੇਂ ਦੀ ਸ਼ਾਇਰੀ ਪਤਰਾਂ ਦੀ ਥਾਵੇਂ। ਰੀਤ ਹੁਣ ਦੇ ਸ਼ਾਇਰ ਦੀ ਹਯਾਤੀ ਦਾ ਵਸੀਲਾ ਤਾਂ ਹੈ ਈ। ਉਹ ਹੁਣ ਦੇ ਸ਼ਾਇਰ ਦਾ ਭੋਇੰ ਦੀਆਂ ਲੁਕੀਆਂ ਪੱਧਰਾਂ ਨਾਲ ਤੇ ਸਮੇਂ ਦਿਆਂ ਵਿਸਰਿਆਂ ਗੇੜਾਂ ਨਾਲ ਜੋੜ ਤੇ ਜੋੜਦੀ ਏ ਪਰ ਉਹ ਹੁਣ ਦੇ ਸ਼ਾਇਰ ਦੀ ਕਲਾ ਦੁਆਲੇ ਲਫਜ਼ਾਂ, ਤਾਲਾਂ ਯਾ ਮਜ਼ਮੂਨਾਂ ਦੀ ਕਿਸੇ ਇੱਕ ਚੋਣ ਦਾ ਬੰਨ੍ਹ ਨਹੀਂ ਮਾਰਦੀ।" [2] ਇਸ ਤਰ੍ਹਾਂ ਜ਼ਰੂਰੀ ਨਹੀਂ ਕਿ ਗੁਰੂ ਕਵੀਆਂ ਦੀ ਹਰ ਰਚਨਾ ਵਿੱਚੋਂ ਅਸੀਂ ਇੰਨ ਬਿੰਨ ਪੁਰਾਤਨ ਛੰਦਾਂ ਨੂੰ ਲੱਭਣ ਦਾ ਜਤਨ ਕਰੀਏ ਨਵੇਂ ਵਿਚਾਰਾਂ ਅਨੁਸਾਰ ਉਹਨਾਂ ਵਿੱਚ ਤਬਦੀਲੀ ਵੀ ਆ ਗਈ ਹੈ।

ਗੁਰੂ ਕਾਵਿ ਵਿੱਚ ਛੰਦਾਂ ਦੀ ਤਬਦੀਲੀ ਦਾ ਦੂਸਰਾ ਕਾਰਨ ਸੰਗੀਤ ਨੂੰ ਮੰਨਿਆ ਜਾਂਦਾ ਹੈ। ਇਸ ਸਬੰਧੀ ਅਸੀਂ ਪੰਜਾਬੀ ਦੇ ਵਿਦਵਾਨਾਂ ਦੇ ਹਵਾਲੇ ਦੇ ਚੁੱਕੇ ਹਾਂ। ਇਥੇ

---

1. A man who has something really personal to say will seldom fail to find a really personal way in which to say it. ਹਵਾਲਾ ਪ੍ਰਕਾਸ਼ ਸਿੰਘ, ਆਦਿ ਗ੍ਰੰਥ ਵਿੱਚ ਨਿਬੰਦ ਕਾਵਿ, ਗੁਰਮਤਿ ਸਾਹਿਤ, ਭਾਸ਼ਾ ਵਿਭਾਗ ਪੰਜਾਬ, ਪੰਨਾ 47

2. ਨਜ਼ਮ ਹੁਸੈਨ ਸਯਦ, ਸੇਧਾਂ ? ਪੰਨਾ 75

ਹਿੰਦੀ ਦੇ ਪ੍ਰਸਿੱਧ ਵਿਦਵਾਨ ਅਤੇ ਭਾਰਤੀ ਸੰਗੀਤ ਖੇਤਰ ਦੇ ਪ੍ਰਸਿੱਧ ਵਿਚਾਰਕ ਆਚਾਰੀਆ ਬ੍ਰਿਹਸਪਤੀ ਦਾ ਹਵਾਲਾ ਦੇਣਾ ਉਚਿਤ ਸਮਝਦੇ ਹਾਂ। ਆਪ ਲਿਖਦੇ ਹਨ, "ਗਾਇਨ ਕੀਤੀਆਂ ਜਾਣ ਵਾਲੀਆਂ ਰਚਨਾਵਾਂ ਦਾ ਛੰਦ ਬੱਧ ਹੋਣਾ ਜ਼ਰੂਰੀ ਨਹੀਂ, ਰਾਗ ਅਤੇ ਤਾਨ ਦੇ ਸਾਹਮਣੇ ਛੰਦ ਨੂੰ ਆਤਮ ਸਮਰਪਣ ਕਰਨਾ ਪੈਂਦਾ ਹੈ ਕਿਉਂਕਿ ਲੋੜ ਅਨੁਸਾਰ ਸੁਰਾਂ ਦਾ ਲੁਪਤ ਰੂਪ ਵੀ ਗਾਇਨ ਵਿੱਚ ਸ਼ਾਮਲ ਹੁੰਦਾ ਹੈ। ਇਸ ਤਰ੍ਹਾਂ ਦਾ ਉਚਾਰਨ ਗਾਇਨ ਦੇ ਘੇਰੇ ਵਿੱਚ ਤਾਂ ਸਮਾ ਜਾਂਦਾ ਹੈ ਪਰ ਛੰਦ ਵਿੱਚ ਇਸ ਦੇ ਲਈ ਖੁੱਲ੍ਹ ਨਹੀ ਹੈ ਇਸੇ ਲਈ ਸਵਾਮੀ ਹਰਿਦਾਸ ਵਰਗੇ ਸ਼੍ਰੋਮਣੀ ਵਾਗਯੇਕਾਰ[1] ਦੀਆਂ ਰਚਨਾਵਾਂ ਛੰਦਹੀਣ ਹੋਣ ਕਾਰਣ ਹੀ ਅਚਾਰੀਆ ਰਾਮਚੰਦਰ ਸ਼ੁਕਲ ਨੂੰ ਉਬੜ-ਖਾਬੜ ਦਿਸੀਆਂ।"[2] ਇਸੇ ਤਰ੍ਹਾਂ ਗੁਰੂ ਕਾਵਿ ਦੇ ਰੂਪ ਵਿਧਾਨ ਦਾ ਅਧਿਐਨ ਕਰਨ ਲਈ ਪੁਰਾਤਨ ਛੰਦ-ਸ਼ਾਸਤਰ ਨੂੰ ਅਧਾਰ ਨਹੀ ਬਣਾਇਆ ਜਾ ਸਕਦਾ। ਭਾਈ ਕਾਹਨ ਸਿੰਘ ਨਾਭਾ[3] ਨੇ ਗੁਰੂ ਕਾਵਿ ਵਿੱਚੋਂ ਪੁਰਾਤਨ ਛੰਦਾਂ ਦੀਆਂ ਕੁਝ ਵੰਨਗੀਆਂ ਲਭੀਆਂ ਹਨ। ਅਸੀ ਵੱਖ ਵੱਖ ਕਾਵਿ ਰੂਪਾਂ ਦੇ ਅਧਿਐਨ ਵੇਲੇ ਉਹਨਾਂ ਛੰਦਾਂ ਦੇ ਅਤੇ ਰਾਗ ਦੇ ਆਪਸੀ ਸੰਬੰਧ ਦਾ ਵੀ ਅਧਿਐਨ ਕਰਾਂਗੇ।

ਸ਼ਬਦਾਵਲੀ ਤੇ ਸੰਗੀਤ :- ਗੁਰੂ ਕਾਵਿ ਵਿੱਚ ਵਿਸ਼ੇਸ਼ ਰਾਗਾਂ ਤੇ ਕਾਵਿ ਰੂਪਾਂ ਵਿੱਚ ਵਿਸ਼ੇਸ਼ ਪ੍ਰਕਾਰ ਦੀ ਸ਼ਬਦਾਵਲੀ ਦਾ ਬਹੁਤਾ ਪ੍ਰਯੋਗ ਹੋਇਆ ਹੈ। ਸ਼ਬਦਾਵਲੀ ਦਾ ਸੰਬੰਧ ਵਿਸ਼ੇ ਅਤੇ ਮਨੋਭਾਵ ਨਾਲ ਹੈ ਇਸ ਲਈ ਵਿਸ਼ੇਸ਼ ਰਾਗ ਵਿੱਚ ਵਿਸ਼ੇਸ਼ ਸ਼ਬਦਾਵਲੀ

---

1. 'ਵਾਕ ਅਤੇ 'ਗੇਯ' ਦੋਹਾਂ ਦੇ ਕਰਤਾ ਨੂੰ ਵਾਗਯੇਕਾਰ ਕਿਹਾ ਜਾਂਦਾ ਹੈ। ਗੀਤ ਵਿੱਚ ਪ੍ਰਯੁਕਤ 'ਬਾਣੀ' ਜਾਂ ਭਾਸ਼ਾ ਨੂੰ ਸ਼ਾਸਤਰ ਵਿੱਚ 'ਮਾਤੂ' ਅਤੇ ਗੇਯ ਪੱਖ ਨੂੰ 'ਧਾਤੂ' ਕਿਹਾ ਜਾਂਦਾ ਹੈ। ਮਾਤੂ ਅਤੇ ਧਾਤੂ ਦੀ ਰਚਨਾ ਵਿਚ ਪਰਨ ਸਮਰੱਥ ਵਿਅਕਤੀ ਹੀ ਆਦਰਸ਼ ਵਾਗਯੇਕਾਰ ਕਹਾਉਂਦਾ ਹੈ। ( ਸੰਗੀਤ ਚਿੰਤਾਮਣੀ ਪੰਨਾ 404)
2. ਸੰਗੀਤ ਚਿੰਤਾਮਣੀ, ਪੰਨਾ 404
3. ਗੁਰ ਛੰਦ ਦਿਵਾਕਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ।

ਦਾ ਪ੍ਰਯੁਕਤ ਹੋਣਾ ਸੁਭਾਵਿਕ ਹੈ ਕਿਉਂਕਿ ਵਿਸ਼ੇਸ਼ ਮਨੋਭਾਵਾਂ ਲਈ ਵਿਸ਼ੇਸ਼ ਰਾਗਾਂ ਦਾ ਪ੍ਰਯੋਗ ਕੀਤਾ ਗਿਆ ਹੈ। ਸ਼ਬਦਾਂ ਦੀ ਖਾਸ ਤਰਤੀਬ ਅਤੇ ਦੁਹਰਾਉ ਨਾਲ ਸੰਗੀਤ ਪੈਦਾ ਹੁੰਦਾ ਹੈ। ਇਸ ਸੰਬੰਧ ਵਿੱਚ ਆਈਫਰ ਈਵਾਨ[1] ਦਾ ਵਿਚਾਰ ਵਰਣਨ ਯੋਗ ਹੈ। ਉਸ ਅਨੁਸਾਰ ਸ਼ਬਦਾਂ ਦੇ ਪ੍ਰਯੋਗ ਤੋਂ ਵੀ ਆਨੰਦ ਆਉਂਦਾ ਹੈ ਪਰ ਇਸ ਆਨੰਦ ਦਾ ਕੁਝ ਹਿੱਸਾ ਇਹਨਾਂ ਦੀ ਤਾਲਾਤਮਕ ਤਰਤੀਬ ਤੋਂ ਆਉਂਦਾ ਹੈ। ਸ਼ਬਦਾਂ ਨੂੰ ਇੰਜ ਤਰਤੀਬ ਦਿੱਤੀ ਜਾਂਦੀ ਹੈ ਕਿ ਉਹਨਾਂ ਦੀ ਆਵਾਜ਼ ਆਨੰਦ ਦਿੰਦੀ ਹੈ ਅਤੇ ਸ਼ਬਦਾਂ ਦੇ ਪੈਟਰਨ ਨਾਲ ਦਿੱਤੇ ਤਾਲਮਈ ਦਬਾਅ ਤੋਂ ਵੀ ਸੰਗੀਤ ਵਰਗਾ ਰਸ ਅਨੁਭਵ ਕੀਤਾ ਜਾ ਸਕਦਾ ਹੈ। ਡਾ: ਹਜ਼ਾਰੀ ਪ੍ਰਸਾਦ ਦਿਵੇਦੀ[2] ਕਵਿਤਾ ਵਿੱਚ ਸ਼ਬਦਾਵਲੀ ਦੀ ਮਹੱਤਤਾ ਬਾਰੇ ਦਸਦੇ ਹਨ ਕਿ ਗਾਇਨ ਵਿੱਚ ਜੋ ਸਥਾਨ ਸੁਰ ਨੂੰ ਪ੍ਰਾਪਤ ਹੈ, ਕਾਵਿ ਵਿੱਚ ਉਹੀ ਸਥਾਨ ਝਣਕਾਰ ਨੂੰ ਹਾਸਲ ਹੈ, ਪਦ ਦੇ ਨੀਯਤ ਬੰਧਨਾਂ ਨੂੰ ਵਾਰ ਵਾਰ ਦੁਹਰਾਉਣ ਨਾਲ ਪਦ ਅਤੇ ਵਾਕ ਵਿੱਚ ਇਕ ਤਰ੍ਹਾਂ ਦੀ ਖਾਸ ਝਣਕਾਰ ਪੈਦਾ ਹੁੰਦੀ ਹੈ, ਜੋ ਸਰੋਤੇ ਦੇ ਭਾਵ ਆਵੇਗ ਨੂੰ ਵਧੇਰੇ ਗਤੀਸ਼ੀਲ ਬਣਾਉਂਦੀ ਹੈ ਅਤੇ ਸ਼ਬਦ ਤੇ ਅਰਥ ਤੋਂ ਅਤੀਤ ਤੱਤ ਨੂੰ ਸਹਿਜੇ ਹੀ ਸਰੋਤੇ ਦੇ ਮਨ ਵਿੱਚ ਵਸਾ ਦਿੰਦੀ ਹੈ।

ਸ਼ਬਦਾਂ ਰਾਹੀਂ ਪੈਦਾ ਹੁੰਦੇ ਸੰਗੀਤ ਦੇ ਸੰਬੰਧ ਬਾਰੇ ਚਰਚਾ ਕਰਦਿਆਂ ਪ੍ਰਸਿੱਧ ਅੰਗਰੇਜ਼ੀ ਕਵੀ ਤੇ ਆਲੋਚਕ ਟੀ.ਐਸ. ਈਲੀਅਟ[3] ਦਸਦਾ ਹੈ ਕਿ ਸ਼ਬਦ ਦਾ ਸੰਗੀਤ ਸ਼ਬਦ ਦੇ

1. Much of that pleasure comes from the words themselves but part of it comes from their rhythmical arrangement. The words are so arranged that their sounds please, while the alternations of accent and time gives to a pattern of words some of that pleasure which music gives. If-or Evans, A short History of English Lit. P-15

2. ਹਜ਼ਾਰੀ ਪ੍ਰਸਾਦ ਦਿਵੇਦੀ, ਆਧੁਨਿਕ ਹਿੰਦੀ ਸਾਹਿਤ ਪਰ ਵਿਚਾਰ, ਪੰਨਾ 63

2. The music of a word is, so to speak, at a point of intersection it arises from its relation first to the words immdiately preceding and following it, and indefinitely to the rest of its context, and from another relation, that its immediate meaning in that context, to all the other meanings which it has had in other context to its greater or less wealth of association.

T.S.Eliot, On Poetry and Poets, Page 32-33.

ਪ੍ਰਯੁਕਤ ਰੂਪ ਵਿੱਚ ਬਾਕੀ ਸ਼ਬਦਾਂ ਨਾਲ ਆਪਸੀ ਰਿਸ਼ਤੇ ਅਤੇ ਸੰਦਰਭ ਤੇ ਅਧਾਰਤ ਹੁੰਦਾ ਹੈ ਅਤੇ ਇਸ ਸੰਦਰਭ ਵਿੱਚ ਪੈਦਾ ਹੋਏ ਤਤਕਾਲੀ ਅਰਥ ਦੀ ਉਸ ਸ਼ਬਦ ਦੇ ਬਾਕੀ ਸੰਦਰਭਾਂ ਵਿੱਚ ਪੈਦਾ ਹੋਏ ਅਰਥਾਂ ਦੇ ਸ਼ਬਦ ਪੱਖੋਂ ਬੜੀ ਮਹੱਤਤਾ ਹੈ। ਇਸ ਤਰ੍ਹਾਂ ਵਿਸ਼ੇਸ਼ ਸ਼ਬਦ ਦਾ ਪ੍ਰਯੋਗ ਸਾਡੇ ਮਨ ਵਿੱਚ ਅਰਥਾਂ ਦਾ ਸੰਗੀਤ ਵੀ ਪੈਦਾ ਕਰਦਾ ਹੈ। ਇਹ ਸੰਗੀਤ ਸ਼ਬਦਾਂ ਨਾਲ ਹੀ ਨਹੀਂ ਸਗੋਂ ਕਈ ਵਾਕੰਸ਼ਾਂ ਦੀ ਦੁਹਰਾਈ ਨਾਲ ਵੀ ਪੈਦਾ ਹੁੰਦਾ ਹੈ। ਖਾਸ ਵਾਕੰਸ਼ਾਂ ਦੀ ਦੁਹਰਾਈ ਸੰਗੀਤ ਪੈਦਾ ਕਰਨ ਦੇ ਨਾਲ ਨਾਲ ਅਰਥ ਨੂੰ ਵੀ ਪ੍ਰਬਲ ਬਣਾਉਂਦੀ ਹੈ। ਇਸ ਤਰ੍ਹਾਂ ਅਸੀਂ ਗੁਰੂ ਕਾਵਿ ਦੇ ਰੂਪ ਵਿਧਾਨ ਅਤੇ ਸੰਗੀਤ ਦੇ ਸਬੰਧ ਦੀ ਚਰਚਾ ਕਰਦਿਆਂ ਕਾਵਿ ਰੂਪ, ਛੰਦ ਅਤੇ ਸ਼ਬਦਾਵਲੀ ਦੇ ਪ੍ਰਯੋਗ ਨੂੰ ਮੁੱਖ ਰੱਖਾਂਗੇ।

ਗੁਰੂ ਕਾਵਿ ਵਿੱਚ ਪ੍ਰਯੁਕਤ ਕਾਵਿ ਰੂਪਾਂ ਦੀ ਬੜੀ ਵੰਨ ਸੁਵੰਨਤਾ ਹੈ। ਕੁਝ ਕਾਵਿ ਰੂਪ ਅਜਿਹੇ ਹਨ ਜਿਹੜੇ ਕਈ ਰਾਗਾਂ ਵਿੱਚ ਪ੍ਰਯੋਗ ਹੋਏ ਹਨ। ਜਿਵੇਂ ਪਦੇ, ਵਾਰਾਂ, ਛੰਤ ਆਦਿ। ਕਈ ਕਾਵਿ ਰੂਪ ਅਜਿਹੇ ਹਨ ਜਿਹੜੇ ਕੇਵਲ ਇੱਕ ਹੀ ਰਾਗ ਵਿੱਚ ਪ੍ਰਯੋਗ ਕੀਤੇ ਗਏ ਹਨ।

ਗੁਰੂ ਗ੍ਰੰਥ ਸਾਹਿਬ ਦੀ ਰਾਗ -ਬੱਧ ਬਾਣੀ ਵਾਲੇ ਭਾਗ ਵਿੱਚ ਦਰਜ ਗੁਰੂ ਕਾਵਿ ਦੇ ਉਹਨਾਂ ਕਾਵਿ ਰੂਪਾਂ ਦਾ ਵੇਰਵਾ ਅੱਗੇ ਦਿੱਤਾ ਜਾ ਰਿਹਾ ਹੈ ਜਿਹਨਾਂ ਦਾ ਸੰਗੀਤ ਨਾਲ ਸਪਸ਼ਟ ਸੰਬੰਧ ਦ੍ਰਿਸ਼ਟੀਗੋਚਰ ਹੁੰਦਾ ਹੈ। ਪਹਿਲਾਂ ਉਹ ਕਾਵਿ ਰੂਪ ਲਏ ਗਏ ਹਨ ਜਿਹੜੇ ਬਹੁਤ ਰਾਗਾਂ ਵਿੱਚ ਪ੍ਰਯੁਕਤ ਹੋਏ ਹਨ, ਫਿਰ ਉਸ ਤੋਂ ਘੱਟ ਰਾਗਾਂ ਵਾਲੇ ਅਤੇ ਫਿਰ ਜਿਹੜੇ ਕੇਵਲ ਇੱਕ ਰਾਗ ਵਿੱਚ ਹੀ ਪ੍ਰਯੋਗ ਕੀਤੇ ਗਏ ਹਨ।

1. ਪਦੇ
2. ਵਾਰਾਂ
3. ਛੰਤ
4. ਪੜਤਾਲ
5. ਕਾਫ਼ੀ
6. ਬਾਰਹਮਾਹ
7. ਥਿਤੀ
8. ਪਹਰੇ
9. ਬਾਵਨ ਅਖਰੀ
10. ਬਿਰਹੜੇ
11. ਪੱਟੀ
12. ਘੋੜੀਆਂ
13. ਅਲਾਹੁਣੀਆਂ
14. ਆਰਤੀ
15. ਵਾਰ ਸਤ
16. ਰੁਤੀ
17. ਸਲੋਕ

**ਪਦੇ :-**

ਪਦ ਕਾਵਿ ਰੂਪ ਵਿੱਚ ਪਦੇ, ਅਸਟਪਦੀਆਂ ਅਤੇ ਸੋਲਹਿਆਂ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ ਕਿਉਂਕਿ ਪਦੇ, ਅਸਟਪਦੀਆਂ ਅਤੇ ਸੋਲਹਿਆਂ ਵਿੱਚ ਅੰਤਰ ਕੇਵਲ ਬੰਦਾਂ ਦੀ ਗਿਣਤੀ ਦਾ ਹੀ। ਬਾਕੀ ਰੂਪ ਵਿਧਾਨ ਸਾਂਝਾ ਹੀ। ਇਸ ਕਾਵਿ ਰੂਪ ਵਿਚ ਗੁਰੂ ਸਾਹਿਬਾਨ ਨੇ ਬਾਕੀ ਸਾਰੇ ਕਾਵਿ - ਰੂਪਾਂ ਨਾਲੋਂ ਵਧੇਰੇ ਕਾਵਿ ਰਚਨਾ ਕੀਤੀ ਹੈ। ਗੁਰੂ ਅੰਗਦ ਦੇਵ ਜੀ ਤੋਂ ਬਿਨਾਂ ਬਾਕੀ ਸਾਰੇ ਗੁਰੂ ਕਾਵੀਆਂ ਰਾਹੀਂ ਇਸ ਕਾਵਿ ਰੂਪ ਨੂੰ ਅਪਣਾਇਆ ਗਿਆ ਹੈ।

ਗੁਰੂ ਸਾਹਿਬਾਨ ਰਾਹੀ ਰਚਿਤ ਪਦਿਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :-

1. ਗੁਰੂ ਨਾਨਕ ਦੇਵ ਜੀ -------- 207 ਪਦੇ, 123 ਅਸਟਪਦੀਆਂ ਅਤੇ 22 ਸੋਲਹੇ
2. ਗੁਰੂ ਅਮਰਦਾਸ ਜੀ --------- 171 ਪਦੇ, 91 ਅਸਟਪਦੀਆਂ ਅਤੇ 24 ਸੋਲਹੇ
3. ਗੁਰੂ ਰਾਮਦਾਸ ਜੀ -------- 246 ਪਦੇ, 31 ਅਸਟਪਦੀਆਂ ਅਤੇ 2 ਸੋਲਹੇ,
4. ਗੁਰੂ ਅਰਜਨ ਦੇਵ ਜੀ ------- 1340 ਪਦੇ,[1] 61 ਅਸਟਪਦੀਆਂ ਅਤੇ 14 ਸੋਲਹੇ
5. ਗੁਰੂ ਤੇਗ ਬਹਾਦਰ ਜੀ ------ 59 ਪਦੇ

ਇਸ ਕਾਵਿ ਰੂਪ ਨੂੰ ਗਾਉਣ ਲਈ 30 ਰਾਗ ਨਿਸਚਿਤ ਕੀਤੇ ਗਏ ਹਨ। ਗੁਰੂ ਕਵੀਆਂ ਨੇ ਜਿਹੜੇ ਰਾਗਾਂ ਵਿੱਚ ਪਦਿਆਂ ਦੀ ਰਚਨਾ ਕੀਤੀ ਉਹਨਾਂ ਦੇ ਨਾਮ ਅਤੇ ਪਦਿਆਂ ਦੀ ਗਿਣਤੀ ਦਾ ਵੇਰਵਾ ਦੇਣਾ ਵੀ ਉਚਿਤ ਹੋਵੇਗਾ :-

1. ਸਿਰੀ ਰਾਗ -- 100 ਪਦੇ ਤੇ 27 ਅਸਟਪਦੀਆਂ
2. ਮਾਝ ---- 50 ਪਦੇ ਤੇ 39 ਅਸਟਪਦੀਆਂ
3. ਗਉੜੀ ---- 251 ਪਦੇ ਤੇ 44 ਅਸਟਪਦੀਆਂ
4. ਆਸਾ ---- 233 ਪਦੇ ਤੇ 42 ਅਸਟਪਦੀਆਂ
5. ਗੂਜਰੀ --- 32 ਪਦੇ ਤੇ 9 ਅਸਟਪਦੀਆਂ
6. ਦੇਵਗੰਧਾਰੀ ----- 47 ਪਦੇ
7. ਬਿਹਾਗੜਾ ----- 2 ਪਦੇ
8. ਵਡਹੰਸ ---- 24 ਪਦੇ ਤੇ 2 ਅਸਟਪਦੀਆਂ
9. ਸੋਰਠ ---- 139 ਪਦੇ ਤੇ 10 ਅਸਟਪਦੀਆਂ
10. ਧਨਾਸਰੀ ---- 93 ਪਦੇ ਤੇ 3 ਅਸਟਪਦੀਆਂ

---

1. ਪ੍ਰੋ: ਕਰਮਜੀਤ ਸਿੰਘ, ਗੁਰੂ ਅਰਜਨ ਦੇਵ ਜੀ ਦੇ ਪਦਿਆਂ ਦੀ ਗਿਣਤੀ 1345 ਮੰਨਦੇ ਹਨ। ਗੁਰੂ ਅਰਜਨ ਬਾਣੀ ਵਿੱਚ ਸਰੋਦੀ ਸੋਝ, ਪੰਨਾ 29

11. ਜੈਤਸਰੀ ---- 26 ਪਦੇ

12. ਟੋਡੀ ----- 32 ਪਦੇ

13. ਬੈਰਾੜੀ --- 7 ਪਦੇ

14. ਤਿਲੰਗ --- 17 ਪਦੇ

15. ਸੂਹੀ --- 82 ਪਦੇ ਤੇ 16 ਅਸਟਪਦੀਆ

16. ਬਿਲਾਵਲ -- 149 ਪਦੇ ਤੇ 12 ਅਸਟਪਦੀਆ

17. ਗੌਡ -- 28 ਪਦੇ ਤੇ ਇਕ ਅਸਟਪਦੀ

18. ਰਾਮਕਲੀ ---- 81 ਪਦੇ ਤੇ 22 ਅਸਟਪਦੀਆ

19. ਨਟਨਾਰਾਇਣ -- 19 ਪਦੇ ਤੇ 6 ਅਸਟਪਦੀਆ

20. ਮਾਲੀ ਗਉੜਾ -- 14 ਪਦੇ

21. ਮਾਰੂ --- 60 ਪਦੇ, 20 ਅਸਟਪਦੀਆ ਅਤੇ 62 ਸੋਲਹੇ

22. ਕੇਦਾਰਾ -- 17 ਪਦੇ

23. ਭੈਰਉ --- 93 ਪਦੇ ਤੇ 6 ਅਸਟਪਦੀਆ

24. ਬਸੰਤ --- 63 ਪਦੇ ਤੇ 11 ਅਸਟਪਦੀਆ

25. ਸਾਰੰਗ --- 159 ਪਦੇ ਤੇ 7 ਅਸਟਪਦੀਆ

26. ਮਲਾਰ --- 61 ਪਦੇ ਤੇ 9 ਅਸਟਪਦੀਆ

27. ਕਾਨੜਾ --- 62 ਪਦੇ ਤੇ 7 ਅਸਟਪਦੀਆ

28. ਕਲਿਆਨ --- 17 ਪਦੇ ਤੇ 6 ਅਸਟਪਦੀਆ

29. ਪ੍ਰਭਾਤੀ --- 46 ਪਦੇ ਤੇ 12 ਅਸਟਪਦੀਆ

30. ਜੈਜਾਵੰਤੀ -- 4 ਪਦੇ

ਪਦਿਆਂ ਨੂੰ ਅਗੋਂ ਬੰਦਾਂ ਦੀ ਗਿਣਤੀ ਦੇ ਆਧਾਰ ਤੇ ਵੀ ਵੰਡਿਆ ਗਿਆ ਹੈ। ਇਸ ਸੰਬੰਧੀ ਇਹਨਾਂ ਪਦਿਆਂ ਉਪਰ ਵੱਖ ਵੱਖ ਸਿਰਲੇਖ ਮਿਲਦੇ ਹਨ ਜਿਵੇਂ - ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਛਿਪਦੇ, ਅਸਟਪਦੀਆਂ, ਸੋਲਹੇ ਆਦਿ।

ਪਦ ਕਾਵਿ ਰੂਪ ਕੇਵਲ ਗੁਰੂ ਕਾਵਿ ਵਿੱਚ ਹੀ ਨਹੀਂ ਸਗੋਂ ਸਮੁਚੇ ਭਗਤੀ ਕਾਵਿ ਵਿੱਚ ਵਧੇਰੇ ਹਰਮਨ ਪਿਆਰਾ ਕਾਵਿ ਰੂਪ ਰਿਹਾ ਹੈ। ਇਸ ਦਾ ਵੱਡਾ ਕਾਰਨ ਹੈ ਕਿ ਇਸ ਕਾਵਿ ਰੂਪ ਵਿੱਚ ਕੋਈ ਕਰੜਾ ਬੰਧੇਜ ਨਾਂ ਹੋਣ ਕਾਰਨ ਕਲਪਨਾ ਦੀਆਂ ਖੁਲ੍ਹੀਆਂ ਉਡਾਰੀਆਂ ਲਗਾਈਆਂ ਜਾ ਸਕਦੀਆਂ ਹਨ। ਇਹਨਾਂ ਵਿੱਚ ਰੂਪ ਦੀ ਵੰਨਗੀ ਹੈ, ਛੰਦ ਤੇ ਧਾਰਨਾਵਾਂ ਲੋਕ ਗੀਤਾਂ ਵਾਲੀਆਂ ਹੀ ਵਰਤੀਆਂ ਜਾਂਦੀਆਂ ਹਨ।[1] ਇਸ ਕਾਵਿ ਰੂਪ ਦੇ ਸਰੋਦੀ ਅੰਸ਼ ਅਤੇ ਗਾਇਨ ਕਰਨ ਦੀ ਅਸਾਨੀ ਨੂੰ ਮੁੱਖ ਰੱਖਦਿਆਂ ਕਈ ਵਿਦਵਾਨਾਂ ਨੇ ਇਸ ਨੂੰ ਗੀਤਾਂ ਕਾਵਿ ਨਾਲ ਵੀ ਸੰਬੰਧਤ ਕੀਤਾ ਹੈ। ਡਾ. ਦੇਵਿੰਦਰ ਸਿੰਘ ਵਿਦਿਆਰਥੀ[2] ਗੀਤ ਬਾਰੇ ਲਿਖਦਿਆਂ ਦਸਦੇ ਹਨ ਕਿ ਅਜਿਹੀ ਕਵਿਤਾ ਜੋ ਲੋੜ ਪੈਣ ਤੇ ਕਿਸੇ ਖਾਸ ਤਾਲ ਜਾਂ ਕਿਸੇ ਖਾਸ ਰਾਗ ਜਾਂ ਧੁਨ ਦੀ ਰੰਗਤ ਵਿੱਚ ਗਾਵੀ ਜਾ ਸਕੇ ਅਤੇ ਜਿਸ ਨੂੰ ਸੁਰ ਤਾਲ ਦੀ ਪਾਣ ਕਰਾਗੀ ਚਾੜ੍ਹੀ ਹੁੰਦੀ ਹੈ, 'ਗੀਤ' ਸਦਾਉਂਦੀ ਹੈ। ਵਿਦਿਆਰਥੀ ਜੀ ਇਸੇ ਲੇਖ ਵਿੱਚ ਗੁਰੂ ਕਵੀਆਂ ਦੀਆਂ ਰਚਨਾਵਾਂ ਨੂੰ 'ਗੀਤ' ਸੰਗਿਆ ਦਿੰਦੇ ਹਨ।

ਇਸ ਤਰ੍ਹਾਂ ਪਦ ਕਾਵਿ ਰੂਪ ਦਾ ਸੰਗੀਤ ਨਾਲ ਵਿਸ਼ੇਸ਼ ਸੰਬੰਧ ਹੈ। ਪਦਿਆਂ ਦੇ ਰੂਪ ਤੋਂ ਵੀ ਇਹਨਾਂ ਦੇ ਗਾਇਨ ਕਰਨ ਦੇ ਸਪਸ਼ਟ ਸੰਕੇਤ ਮਿਲਦੇ ਹਨ। ਲਗਭਗ ਹਰ

---

1. ਸੋਹਿੰਦਰ ਸਿੰਘ ਬੇਦੀ ( ਵਣਜਾਰਾ ਬੇਦੀ ), <u>ਗੁਰੂ ਨਾਨਕ ਤੇ ਲੋਕ-ਪ੍ਰਵਾਹ</u>, ਪੰਨਾ 150

2. ਦੇਵਿੰਦਰ ਸਿੰਘ ਵਿਦਿਆਰਥੀ, ਗੀਤ ਦਾ ਜਨਮ ਤੇ ਵਿਕਾਸ, <u>ਗੀਤ ਕਾਵਿ</u>, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 1 - 2

ਹਰ ਪਦੇ ਵਿੱਚ ਸਥਾਈ ਦੀ ਤੁਕ ਆਉਂਦੀ ਹੈ ਜਿਸ ਨੂੰ 'ਰਹਾਉ' ਕਿਹਾ ਜਾਂਦਾ ਹੈ। ਕਾਹਨ ਸਿੰਘ ਨਾਭਾ ਅਨੁਸਾਰ 'ਰਹਾਉ' ਦੇ ਅਰਥ ਹਨ, "ਟੇਕ, ਸਥਾਈ, ਉਹ ਪਦ ਜੋ ਗਾਉਣ ਵੇਲੇ ਵਾਰ ਵਾਰ ਅੰਤਰੇ ਪਿਛੋਂ ਵਰਤਿਆ ਜਾਵੇ।"[1] ਕਈ ਪਦਿਆਂ ਵਿੱਚ ਇੱਕ ਤੋਂ ਵਧੇਰੇ 'ਰਹਾਉ' ਦੀਆਂ ਤੁਕਾਂ ਵੀ ਆਉਂਦੀਆਂ ਹਨ ਪਰ ਇਹਨਾਂ ਦੀ ਗਿਣਤੀ ਪਦੇ ਦੇ ਬਾਕੀ ਬੰਦਾਂ ਵਿੱਚ ਨਹੀਂ ਹੁੰਦੀ। ਜਿਵੇਂ ਹੇਠ ਲਿਖਿਆ ਪਦਾ, ਚਉਪਦਾ ਹੈ ਭਾਵ ਇਸ ਦੇ ਚਾਰ ਬੰਦ ਹਨ ਅਤੇ ਦੋ ਬੰਦ 'ਰਹਾਉ' ਦੇ ਆਏ ਹਨ ਪਰ ਇਸ ਪਦੇ ਦੇ ਬੰਦਾਂ ਦੀ ਗਿਣਤੀ ਦਾ ਸੰਕੇਤ 4 ਹੀ ਦਿੱਤਾ ਗਿਆ ਹੈ :-

<u>ਮਹਲਾ 5 ਰਾਗ ਗਉੜੀ ਗੁਆਰੇਰੀ ਚਉਪਦੇ</u>

ਕਿਨਿ ਬਿਧਿ ਕੁਸਲੁ ਹੋਤ ਮੇਰੇ ਭਾਈ ॥
ਕਿਉ ਪਾਈਐ ਹਰਿ ਰਾਮ ਸਹਾਈ ॥ ਰਹਾਉ ॥
ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ ॥
ਊਚੇ ਮੰਦਰ ਸੁੰਦਰ ਛਾਇਆ ॥
ਝੂਠੇ ਲਾਲਚਿ ਜਨਮੁ ਗਵਾਇਆ ॥ 1 ॥
ਹਸਤੀ ਘੋੜੇ ਦੇਖਿ ਵਿਗਾਸਾ ॥
ਲਸਕਰ ਜੋੜੇ ਨੇਬ ਖਵਾਸਾ ॥
ਗਲਿ ਜੇਵੜੀ ਹਉਮੈ ਕੇ ਫਾਸਾ ॥ 2 ॥

1. ਕਾਹਨ ਸਿੰਘ (ਨਾਭਾ), <u>ਮਹਾਨ ਕੋਸ਼</u>, ਪੰਨਾ 1014

ਰਾਜੁ ਕਮਾਵੈ ਦਹਦਿਸ ਸਾਰੀ ॥

ਮਾਣੈ ਰੰਗ ਭੋਗ ਬਹੁ ਨਾਰੀ ॥

ਜਿਉ ਨਰਪਤਿ ਸੁਪਨੈ ਭੇਖਾਰੀ ॥ 3 ॥

ਏਕੁ ਕੁਸਲੁ ਮੋਕਉ ਸਤਿਗੁਰੂ ਬਤਾਇਆ ॥

ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ ॥

ਜਨ ਨਾਨਕ ਹਉਮੈ ਮਾਰਿ ਸਮਾਇਆ ॥ 4 ॥

ਇਨਿ ਬਿਧਿ ਕੁਸਲੁ ਹੋਤ ਮੇਰੇ ਭਾਈ ॥

ਇਉ ਪਾਈਐ ਹਰਿ ਰਾਮ ਸਹਾਈ ॥ 1 ॥ ਰਹਾਉ ਦੂਜਾ ॥[1]

'ਰਹਾਉ' ਦਾ ਪਦ ਵੱਖਰਾ ਆਉਣ ਕਰਕੇ ਕਈ ਵਿਦਵਾਨਾਂ ਨੇ ਇਹਨਾਂ ਪਦਿਆਂ ਨੂੰ 'ਧਰੁਪਦ' ਗਾਇਨ ਸ਼ੈਲੀ ਦੇ ਅੰਤਰਗਤ ਰਖਿਆ ਹੈ। ਡਾ. ਨਜ਼ੀਰ ਮੁਹੰਮਦ[2] ਭਗਤ ਕਬੀਰ ਦੇ ਪਦਿਆਂ ਦਾ ਵਿਸ਼ਲੇਸ਼ਣ ਕਰਦਿਆਂ ਦਸਦੇ ਹਨ ਕਿ 'ਰਹਾਉ' ਦਾ ਅਰਥ ਧਰੁਵ ਹੈ। ਇਸ ਤਰ੍ਹਾਂ ਇਹਨਾਂ ਨੂੰ ਧਰੁਪਦ ਵੀ ਕਿਹਾ ਜਾ ਸਕਦਾ ਹੈ। ਭਾਰਤੀ ਸੰਗੀਤ ਕੋਸ਼ ਵਿੱਚ ਧਰੁਪਦ ਬਾਰੇ ਲਿਖਿਆ ਹੈ, "ਧਰੁਵ ਦਾ ਅਰਥ ਹੈ ਅਟੱਲ ਜਾਂ ਦੇਰ ਤੱਕ ਰਹਿਣ ਵਾਲਾ ਹੈ ਇਹਨਾਂ ਅਰਥਾਂ ਅਨੁਸਾਰ ਕੇਵਲ ਈਸ਼ਵਰ ਹੀ ਧਰੁਵ ਹੈ ਅਤੇ ਉਸ ਦੇ ਗੁਣ ਗਾਇਨ ਕਰਨ ਵਾਲੇ ਪਦਿਆਂ ਨੂੰ ਧਰੁਪਦ ਕਿਹਾ ਜਾਂਦਾ ਹੈ।[3] ਇਸ ਤਰ੍ਹਾਂ ਗੁਰੂ ਕਾਵਿ ਵਿੱਚ ਪ੍ਰਯੁਕਤ ਪਦ ਕਾਵਿ ਰੂਪ ਧਰੁਪਦ ਗਾਇਨ ਸ਼ੈਲੀ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ। ਧਰੁਪਦ ਗਾਇਨ ਸ਼ੈਲੀ ਦਾ ਵਰਣਨ ਕਰਦਿਆਂ ਅਚਾਰੀਆ ਭਾਤਖੰਡੇ ਲਿਖਦੇ

1. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 175
2. ਡਾ. ਨਜ਼ੀਰ ਮੁਹੰਮਦ, ਕਬੀਰ ਕੇ ਕਾਵਯ ਰੂਪ, ਭਾਰਤ ਪ੍ਰਕਾਸ਼ਨ ਮੰਦਿਰ, ਅਲੀਗੜ੍ਹ 1971, ਪੰਨਾ 65
3. ਵਿਮਲਾ ਕਾਂਤ ਰਾਏ ਚੌਧਰੀ, ਭਾਰਤੀਯ ਸੰਗੀਤ ਕੋਸ਼, ਪੰਨਾ 65

ਹਨ, " ਧਰੁਪਦ ਦੇ ਆਮ ਤੌਰ ਤੇ ਚਾਰ ਭਾਗ ਹੁੰਦੇ ਹਨ ਜਿਹਨਾਂ ਨੂੰ ਗਾਇਕ ਤੁਕ ਕਹਿੰਦੇ ਹਨ। ਉਹਨਾਂ ਭਾਗਾਂ ਦੇ ਨਾਮ ਸਥਾਈ, ਅੰਤਰਾ, ਸੰਚਾਰੀ ਤੇ ਆਭੋਗ ਹਨ। ਇਹਨਾਂ ਭਾਗਾਂ ਵਿੱਚ ਕਿੰਨੇ ਬੰਦ ਰੱਖੇ ਜਾਣ ਇਹ ਗਾਇਕ ਦੀ ਇੱਛਾ ਤੇ ਨਿਰਭਰ ਕਰਦਾ ਹੈ।[1] ਇਸ ਵਿੱਚ ਕੋਈ ਸ਼ੱਕ ਨਹੀਂ ਕਿ ਚਾਰ ਬੰਦਾਂ ਵਾਲੇ ਪਦੇ ਧਰੁਪਦ ਗਾਇਨ ਸ਼ੈਲੀ ਅਨੁਸਾਰ ਗਾਏ ਜਾ ਸਕਦੇ ਹਨ ਪਰ ਇਸ ਬਾਰੇ ਗੁਰੂ ਕਵੀਆਂ ਨੇ ਕਿਤੇ ਸੰਕੇਤ ਨਹੀਂ ਦਿੱਤਾ।

ਪਦ ਕਾਵਿ ਰੂਪ ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਵਧੇਰੇ ਪ੍ਰਯੋਗ ਕੀਤਾ ਗਿਆ ਹੈ। ਇਸ ਤੋਂ ਅਸੀਂ ਇਹ ਅੰਦਾਜ਼ਾ ਲਾ ਸਕਦੇ ਹਾਂ ਕਿ ਇਸ ਕਾਵਿ ਰੂਪ ਦਾ ਸੰਗਠਨ ਅਜਿਹਾ ਹੈ ਜਿਸ ਨੂੰ ਕਈ ਰਾਗਾਂ ਵਿੱਚ ਗਾਇਆ ਜਾ ਸਕਦਾ ਹੈ।

**ਛੰਦ :-**

ਪਦ ਕਾਵਿ ਰੂਪ ਦੀ ਜਿਥੇ ਸਮੁੱਚੀ ਬਣਤਰ ਗਾਇਨ ਕਰਨ ਲਈ ਹੈ ਉਥੇ ਇਸ ਦਾ ਛੰਦ ਪ੍ਰਬੰਧ ਵੀ ਉਹਨਾਂ ਰਾਗਾਂ ਦੇ ਅਨੁਕੂਲ ਹੈ ਜਿਹਨਾਂ ਰਾਗਾਂ ਵਿੱਚ ਇਹ ਪਦੇ ਗਾਏ ਜਾਂਦੇ ਹਨ।

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਗੁਰੂ ਨਾਨਕ ਦੇਵ ਜੀ ਦੇ ਛੰਦ-ਪ੍ਰਬੰਧ[2] ਦਾ ਅਧਿਐਨ ਕਰਦਿਆਂ ਅਸਟਪਦੀਆਂ ਦਾ ਛੰਦ ਦੋਹਿਰਾ, ਚੌਪਈ ਅਤੇ ਦੱਵਈਆ ਨਿਸਚਿਤ ਕੀਤਾ ਹੈ। ਆਸਾ ਅਤੇ ਮਾਰੂ ਰਾਗ ਦੀਆਂ ਅਸਟਪਦੀਆਂ ਵਿੱਚ ਉਪਮਾਨ ਅਤੇ ਆਸਾ ਰਾਗ ਦੀਆਂ ਕੁਝ ਅਸਟਪਦੀਆਂ ਦਾ ਛੰਦ ਅੜਿਲ ਵੀ ਦੱਸਿਆ ਹੈ। ਪਦਿਆਂ ਦਾ ਛੰਦ ਪ੍ਰਬੰਧ ਵੀ

1. ਵਿਸ਼ਨੂ ਨਾਰਾਇਣ ਭਾਤਖੰਡੇ, ਭਾਤਖੰਡੇ ਸੰਗੀਤ ਸ਼ਾਸਤਰ, ਪੰਨਾ 52

2. ਸੰਤ ਸਿੰਘ ਸੇਖੋਂ, ਪੰਜਾਬੀ ਕਾਵਿ ਸ਼੍ਰੋਮਣੀ, ਪੰਨਾ 75-79

ਅਸਟਪਦੀਆਂ ਵਾਲਾ ਹੈ। ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੇ ਪਦਿਆਂ ਅਤੇ ਅਸਟਪਦੀਆਂ ਦਾ ਛੰਦ ਮੂਲ ਰੂਪ ਵਿੱਚ ਦੋਹਿਰਾ ਅਤੇ ਚੌਪਈ ਹੀ ਹੈ।[1] ਇਹਨਾਂ ਛੰਦਾਂ ਵਿੱਚ ਕਈ ਥਾਂਈ ਖੁੱਲ੍ਹਾਂ ਲਈਆਂ ਗਈਆਂ ਹਨ। ਇਹਨਾਂ ਛੰਦਾਂ ਦਾ ਬਹੁਤ ਪ੍ਰਯੋਗ ਹੋਣ ਦਾ ਕਾਰਨ ਇਹ ਲਗਦਾ ਹੈ ਕਿ, "ਦੋਹਿਰਾ, ਦਵਈਆ, ਤੇ ਚੌਪਈ ਉਹ ਛੰਦ ਹਨ ਜੋ ਕਰਤਾ ਪਾਸੋਂ ਕਿਸੇ ਵਿਸ਼ੇਸ਼ ਛੰਦ ਗਿਆਨ ਦੀ ਮੰਗ ਨਹੀਂ ਕਰਦੇ। ਇੱਕ ਲੋਕ ਕਵੀ ਸੁਤੇ ਸਿੱਧ ਹੀ ਇਹਨਾਂ ਤੋਲਾਂ ਵਿੱਚ ਕਵਿਤਾ ਰਚੇਗਾ।"[2]

ਗੁਰੂ ਕਵੀਆਂ ਦੇ ਪਦਿਆਂ ਵਿੱਚ ਇਹਨਾਂ ਛੰਦਾਂ ਦਾ ਅਤੇ ਸੰਗੀਤ ਦਾ ਪੂਰਨ ਸੁਮੇਲ ਹੋਇਆ ਹੈ ਕਿਉਂਕਿ ਵਿਦਵਾਨਾਂ ਨੇ ਇਹਨਾਂ ਛੰਦਾਂ ਨੂੰ ਹਰ ਤਰ੍ਹਾਂ ਦੇ ਭਾਵ ਪ੍ਰਗਟਾਵੇ ਲਈ ਉਚਿਤ ਮੰਨਿਆ ਹੈ।[3] ਇਸ ਲਈ ਇਹਨਾਂ ਛੰਦਾਂ ਦਾ ਪਦ ਕਾਵਿ ਰੂਪ ਜੋ ਲਗਭਗ ਹਰ ਰਾਗ ਵਿੱਚ ਪ੍ਰਯੋਗ ਹੋਇਆ ਹੈ ਵਿੱਚ ਪ੍ਰਯੁਕਤ ਹੋਣਾ ਗੁਰੂ ਕਵੀਆਂ ਦੀ ਕਾਵਿ ਅਤੇ ਸੰਗੀਤ ਦੇ ਸੁਮੇਲ ਕਰਨ ਦੀ ਸੂਝ ਦਾ ਲਖਾਇਕ ਹੈ।

ਇਹਨਾਂ ਛੰਦਾਂ ਤੋਂ ਬਿਨਾਂ ਕੁਝ ਹੋਰ ਵਿਸ਼ੇਸ਼ ਛੰਦਾਂ ਦੀਆਂ ਵੰਨਗੀਆਂ ਵੀ ਗੁਰੂ ਕਵੀਆਂ ਰਾਹੀਂ ਰਚੇ ਪਦ ਕਾਵਿ ਰੂਪ ਵਿੱਚ ਉਪਲਭਦ ਹਨ ਇਸ ਲਈ ਉਹਨਾਂ ਦਾ ਕਾਵਿਕ ਅਤੇ ਸੰਗੀਤ ਦ੍ਰਿਸ਼ਟੀ ਤੋਂ ਅਧਿਐਨ ਕੀਤਾ ਜਾਣਾ ਵੀ ਉਚਿਤ ਹੈ।

<u>ਪਦ ਛੰਦ</u> :-

ਪਦ ਨੂੰ ਆਮ ਤੌਰ ਤੇ ਇੱਕ ਕਾਵਿ ਰੂਪ ਮੰਨਿਆ ਜਾਂਦਾ ਹੈ। ਪਰ ਇਸ ਨੂੰ ਇੱਕ ਛੰਦ ਵਜੋਂ ਵੀ ਪ੍ਰਵਾਨ ਕੀਤਾ ਗਿਆ ਹੈ। ਕਾਹਨ ਸਿੰਘ ਨਾਭਾ ਜੀ

1. ਸੰਤ ਸਿੰਘ ਸੇਖੋਂ, <u>ਪੰਜਾਬੀ ਕਾਵਿ ਸਿਰੋਮਣੀ</u>, ਪੰਨਾ 170-175
2. ਉਹੀ, ਪੰਨਾ 37
3. ਜਗਨ ਨਾਥ ਪ੍ਰਸ਼ਾਦ 'ਭਾਨੂ' ਹਵਾਲਾ ਡਾ. ਦਿਨੇਸ਼ ਚੰਦਰ ਗੁਪਤ, <u>ਭਗਤੀਕਾਲੀਨ ਕਾਵਿਯ ਮੇਂ ਰਾਗ ਔਰ ਰਸ</u>, ਪੰਨਾ 136

ਅਨੁਸਾਰ[1] ਤੁਕ ਅਖਵਾ ਚਰਣ ਦਾ ਨਾਮ ਪਦ ਹੈ, ਪਰੰਤੂ ਇਹ ਪਦ ( ਸ਼ਬਦ) ਛੰਦ ਦੇ ਅਰਥ ਵਿੱਚ ਵੀ ਵਰਤੀਦਾ ਹੈ ਜੋ ਕਾਵਿ ਵਰਣ, ਗਣ, ਮਾਤਰਾ ਦੇ ਨਿਯਮ ਵਿੱਚ ਆ ਜਾਵੇ। ਗੁਰੂ ਗ੍ਰੰਥ ਸਾਹਿਬ ਵਿੱਚ ਇਸ ਧਾਰਨਾ ਦੇ ਬਹੁਤ ਸਾਰੇ ਸ਼ਬਦ ਬਹੁਤ ਸਾਰੇ ਰਾਗਾਂ ਵਿੱਚ ਮਿਲ ਜਾਂਦੇ ਹਨ। ਇਸ ਛੰਦ ਦਾ ਪਹਿਲਾ ਚਰਣ ਗਾਉਣ ਦੀ ਧਾਰਨਾ ( ਰਹਾਉ) ਕਰਕੇ ਛੋਟਾ ਹੁੰਦਾ ਹੈ। ਜਿਵੇਂ :-

ਆਪਨੇ ਠਾਕੁਰ ਕੀ ਹਉ ਚੇਰੀ ।
ਚਰਨ ਗਹੇ ਜਗ ਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ।[2]

ਹੇਠ ਲਿਖਿਆ ਪਦ ਭਾਵੇਂ 'ਹਰਿ ਪ੍ਰਿਯਾ ਛੰਦ'[3] ਵਿੱਚ ਬੱਝਾ ਹੋਇਆ ਹੈ ਪਰ ਇਸ ਨੂੰ ਵੀ ਪਦ ਕਿਹਾ ਗਿਆ ਹੈ :-

ਰਾਮ ਭਜ ਰਾਮ ਭਜ ਜਨਮ ਸਿਰਾਤ ਹੈ।
ਕਹਉ ਕਹਾ ਬਾਰ ਬਾਰ ਸਮਝਤ ਨਹ ਕਿਉ ਗਵਾਰ ।
ਬਿਨਸਤ ਨਹ ਲਗੈ ਬਾਰ ਓਰੇ ਸਮ ਗਾਤੁ ਹੈ।[4]

'ਪਦ' ਦਾ ਬਹੁਤ ਸਾਰੇ ਰਾਗਾਂ ਵਿੱਚ ਆਉਣ ਦਾ ਕਾਰਨ ਇਹ ਹੈ ਕਿ ਇਹ ਛੰਦ ਰੂਪ ਲਗਭਗ ਹਰ ਭਾਵ ਪ੍ਰਗਟ ਕਰਨ ਲਈ ਪ੍ਰਯੋਗ ਹੋ ਸਕਦਾ ਹੈ।[5] ਇਸ ਤਰ੍ਹਾਂ ਇਸ ਛੰਦ ਦਾ ਅਤੇ ਸੰਗੀਤ ਦਾ ਗੁਰੂ ਕਾਵਿ ਵਿੱਚ ਪੂਰਨ ਸੁਮੇਲ ਪ੍ਰਾਪਤ ਹੁੰਦਾ ਹੈ।

---

1. ਗੁਰ ਛੰਦ ਦਿਵਾਕਰ, ਪੰਨਾ 146-147
2. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 1197
3. ਕਾਹਨ ਸਿੰਘ ਨਾਭਾ, ਗੁਰੂ ਛੰਦ ਦਿਵਾਕਰ, ਪੰਨਾ 148
4. ਗੁਰੂ ਤੇਗ ਬਹਾਦਰ ਜੀ, ਆਦਿ ਗ੍ਰੰਥ ਪੰਨਾ 1352
5. ਡਾ. ਦਿਨੇਸ਼ ਚੰਦਰ ਗੁਪਤ, ਭਗਤੀ ਕਾਲੀਨ ਕਾਵਿਯ ਮੇਂ ਰਾਗ ਔਰ ਰਸ, ਪੰਨਾ 137

ਸਵੈਯਾ :-

ਪਦ ਕਾਵਿ ਰੂਪ ਵਿੱਚ ਸਵੈਯਾ ਛੰਦ ਦੇ ਕਈ ਰੂਪ ਮਿਲਦੇ ਹਨ ਅਤੇ ਇਹ ਕਈ ਰਾਗਾਂ ਵਿੱਚ ਪ੍ਰਯੁਕਤ ਹੋਇਆ ਹੈ ਜਿਵੇਂ :-

ਗੂਜਰੀ ਰਾਗ ਵਿੱਚ :-

ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ।
ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਵਤ ਰਹੈ ਗੁਬਾਰਿ ॥[1]

ਉਪਰੋਕਤ ਛੰਦ ਨੂੰ 'ਬੀਰਾ' ਦਾ ਨਾਂ ਦਿੱਤਾ ਗਿਆ ਹੈ।[2]

ਆਸਾ ਰਾਗ ਵਿੱਚ :-

ਅੰਮ੍ਰਿਤੁ ਨਾਮੁ ਤੁਮਾਰਾ ਠਾਕੁਰ ਏਹੁ ਮਹਾ ਰਸੁ ਜਨਹਿ ਪੀਓ।
ਜਨਮ ਜਨਮ ਚੂਕੇ ਭੈ ਭਾਰੇ ਦੁਰਤੁ ਬਿਨਾਸਿਓ ਭਰਮੁ ਬੀਓ।[3]

ਇਸ ਨੂੰ ਸਵੈਯੇ ਦਾ ਦੂਸਰਾ ਰੂਪ ਦੱਸਿਆ ਗਿਆ ਹੈ ਇਸ ਦਾ ਨਾਂ 'ਬਾਣ' ਹੈ।[4]

ਬਿਲਾਵਲ ਰਾਗ :-

ਸਵੈਯੇ ਦੇ ਇੱਕ ਰੂਪ 'ਮਲਿੰਦ'[5] ਦੀ ਵੰਨਗੀ ਉਪਲਭਦ ਹੈ:-

ਆਪੇ ਆਪ ਖਾਇ ਹਉ ਮੇਟੈ ਅਨਦਿਨ ਹਰਿ ਰਸ ਗੀਤ ਗਵਈਆ।
ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ।[6]

ਭੈਰਵ ਰਾਗ ਵਿੱਚ ਵੀ 'ਮਲਿੰਦ ਦਾ ਰੂਪ ਮਿਲਦਾ ਹੈ :-

ਤੇ ਸਾਧੂ ਹਰਿ ਮੇਲਹੁ ਸੁਆਮੀ ਜਿਨ ਜਪਿਆ ਗਤਿ ਹੋਇ ਹਮਾਰੀ ।
ਤਿਨਕਾ ਦਰਸੁ ਦੇਖਿ ਮਨੁ ਬਿਗਸੈ ਖਿਨੁ ਖਿਨੁ ਤਿਨ ਕਉਹ ਹਉ ਬਲਿਹਾਰੀ।[7]

---

1. ਗੁਰੂ ਨਾਨਕ ਦੇਵ ਜੀ ਆਦਿ ਗ੍ਰੰਥ, ਪੰਨਾ 489
2. ਕਾਹਨ ਸਿੰਘ ਨਾਭਾ, ਗੁਰ ਛੰਦ ਦਿਵਾਕਰ, ਪੰਨਾ 60
3. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ ਪੰਨਾ, 382
4. ਕਾਹਨ ਸਿੰਘ ਨਾਭਾ, ਗੁਰਛੰਦ ਦਿਵਾਕਰ , ਪੰਨਾ 61
5. ਉਹੀ, ਪੰਨਾ 62
6. ਗੁਰੂ ਰਾਮਦਾਸ ਜੀ, ਆਦਿ ਗ੍ਰੰਥ, ਪੰਨਾ 833
7. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 1135

ਗੁਰੂ ਕਵੀਆਂ ਰਾਹੀ 'ਸਵੈਯਾ' ਛੰਦ ਦਾ ਬਹੁਭਾਂਤੀ ਪ੍ਰਯੋਗ ਛੰਦ ਅਤੇ ਸੰਗੀਤ ਦੇ ਸੁਮੇਲ ਅਨੁਸਾਰ ਹੈ ਕਿਉਂਕਿ ਵਿਦਵਾਨਾਂ ਨੇ ਸਵੈਯਾ ਛੰਦ ਨੂੰ ਹਰ ਤਰ੍ਹਾਂ ਦੇ ਭਾਵ ਪ੍ਰਗਟ ਕਰਨ ਦੇ ਸਮਰਥ ਮੰਨਿਆ ਹੈ।[1]

<u>ਸਾਰ</u> :-

ਸਾਰ ਛੰਦ ਨੂੰ 'ਲਲਿਤ ਪਦ' ਵੀ ਕਿਹਾ ਜਾਂਦਾ ਹੈ।[2]

ਭੈਰਉ ਰਾਗ ਦੇ ਪਦਿਆਂ ਵਿੱਚ ਸਾਰ ਛੰਦ ਦੀਆਂ ਵੰਨਗੀਆਂ ਮਿਲਦੀਆਂ ਹਨ :-

ਗੁਰ ਕੈ ਸੰਗਿ ਰਹੈ ਦਿਨੁ ਰਾਤੀ ਰਾਮੁ ਰਸਨਿ ਰੰਗਿ ਰਾਤਾ।
ਅਵਰੁ ਨ ਜਾਣਸਿ ਸਬਦੁ ਪਛਾਣਸਿ ਅੰਤਰਿ ਜਾਣਿ ਪਛਾਤਾ।[3]

—

ਸ੍ਰੀ ਧਰ ਮੋਹਨ ਸਗਲ ਉਪਾਵਨ ਨਿਰੰਕਾਰ ਸੁਖ ਦਾਤਾ।
ਐਸਾ ਪ੍ਰਭੁ ਛੋਡਿ ਕਰਹਿ ਅਨ ਸੇਵਾ ਕਵਨ ਬਿਖਿਆ ਰਸ ਮਾਤਾ।

—

ਗੁਰਮੁਖਿ ਸਾਚਾ ਸਬਦਿ ਸਲਾਹਹਿ ਮਨਿ ਸਾਚਾ ਤਿਸ ਰੋਗ ਗਇਆ।
ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ ਨੀਸਾਣ ਪਇਆ।[5]

ਸਾਰ ਛੰਦ ਦਾ ਭੈਰਉ ਰਾਗ ਵਿੱਚ ਪ੍ਰਯੋਗ ਕੀਤਾ ਜਾਣਾ ਇਸ ਛੰਦ ਅਤੇ ਰਾਗ ਦੀ ਅਨੁਕੂਲਤਾ ਨੂੰ ਦਰਸਾਉਂਦਾ ਹੈ। ਕਿਉਂਕਿ ਭੈਰਵ ਰਾਗ ਨੂੰ ਸ਼ਾਂਤ ਭਾਵਾਂ ਨੂੰ ਪ੍ਰਗਟ ਕਰਨ ਵਾਲਾ ਰਾਗ ਮੰਨਿਆ ਜਾਂਦਾ ਹੈ। ਭੈਰਵ ਰਾਗ ਵਿੱਚ ਰਿਸ਼ਭ ਅਤੇ ਧੈਵਤ ਸੁਰਾਂ

---

1. ਜਗਨ ਨਾਥ ਪ੍ਰਸਾਦਿ 'ਭਾਨੁ' ਹਵਾਲਾ ਡਾ. ਦਿਨੇਸ਼ ਚੰਦਰ, <u>ਭਗਤੀਕਾਲੀਨ ਕਾਵਿਯ ਮੇਂ ਰਾਗ ਔਰ ਰਸ</u>, ਪਨਾ 136
2. ਕਾਹਨ ਸਿੰਘ ਨਾਭਾ, <u>ਗੁਰਛੰਦ ਦਿਵਾਕਰ</u>, ਪੰਨਾ 73
3. ਗੁਰੂ ਨਾਨਕ ਦੇਵ ਜੀ, <u>ਆਦਿ ਗ੍ਰੰਥ</u>, ਪੰਨਾ 1126
4. ਗੁਰੂ ਅਰਜਨ ਦੇਵ ਜੀ, <u>ਆਦਿ ਗ੍ਰੰਥ</u>, ਪੰਨਾ 1138
5. ਉਹੀ, ਪੰਨਾ 1153

ਦਾ ਕੋਮਲ ਰੂਪ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ ਅਤੇ ਜਿਹਨਾਂ ਰਾਗਾਂ ਵਿੱਚ ਸੁਰਾਂ ਦਾ ਇਸ ਤਰ੍ਹਾਂ ਪ੍ਰਯੋਗ ਹੋਵੇ ਉਹ ਸ਼ਾਂਤ ਅਤੇ ਕਰੁਣ ਭਾਵਾਂ ਨੂੰ ਪ੍ਰਗਟ ਕਰਦੇ ਹਨ।[1] ਇਸੇ ਤਰ੍ਹਾਂ ਸਾਰ ਛੰਦ ਵਾਲੇ ਪਦੀ ਨੂੰ ਵੀ ਸ਼ਾਂਤ ਭਾਵਾਂ ਨੂੰ ਪ੍ਰਗਟ ਕਰਨ ਵਾਲਾ ਮੰਨਿਆ ਗਿਆ ਹੈ।[2]

ਮਲਾਰ ਰਾਗ ਵਿੱਚ ਵੀ ਸਾਰ ਛੰਦ ਦਾ ਨਮੂਨਾ ਮਿਲਦਾ ਹੈ -

> ਚੂਕਵੀ ਨੈਨ ਨੀਦ ਨਹਿ ਚਾਹੈ ਬਿਨੁ ਪਿਰ ਨੀਦ ਨ ਪਾਈ।
> ਸੂਰੁ ਚਰ੍ਹੈ ਪ੍ਰਿਉ ਦੇਖੈ ਨੈਨੀ ਨਿਵਿ ਨਿਵਿ ਲਾਗੈ ਪਾਈ।[3]

ਇਸ ਛੰਦ ਦਾ ਇਸ ਰਾਗ ਦੇ ਪਦਿਆਂ ਵਿੱਚ ਪ੍ਰਯੋਗ ਹੋਣਾ ਵੀ ਕਾਵਿ ਅਤੇ ਰਾਗ ਦੇ ਸੰਬੰਧ ਦੇ ਅਨੁਕੂਲ ਹੈ। ਰਾਗ ਵਿੱਚ ਪੰਚਮ ਸੁਰ ਵਾਦੀ ਜਾਂ ਸਥਾਈ ਸੁਰ ਹੈ ਅਤੇ ਭਰਤ ਦੇ ਸੰਗੀਤ ਸਿਧਾਂਤ ਅਨੁਸਾਰ ਜਿਹਨਾਂ ਰਾਗਾਂ ਵਿੱਚ ਪੰਚਮ ਵਾਦੀ ਸੁਰ ਹੁੰਦਾ ਹੈ ਉਹ ਰਾਗ ਸ਼ਿੰਗਾਰ ਰਸੀ ਭਾਵਾਂ ਨੂੰ ਪ੍ਰਗਟ ਕਰਦੇ ਹਨ।[4] ਸਾਰ ਛੰਦ ਵੀ ਸ਼ਿੰਗਾਰਕ ਭਾਵਾਂ ਦੇ ਅਨੁਕੂਲ ਹੈ।[5] ਇਸ ਲਈ ਇਹ ਗੁਰੂ ਕਵੀਆਂ ਨੇ ਸਾਰ ਛੰਦ ਨੂੰ ਅਨੁਕੂਲ ਰਾਗਾਂ ਵਿੱਚ ਪ੍ਰਯੋਗ ਕਰਕੇ ਛੰਦ ਅਤੇ ਸੰਗੀਤ ਦਾ ਸੁੰਦਰ ਸੁਮੇਲ ਕੀਤਾ ਹੈ।

## ਰਾਧਿਕਾ ਛੰਦ :-

ਇਹ ਛੰਦ ਬਿਲਾਵਲ ਰਾਗ ਦੇ ਪਦਿਆਂ ਵਿੱਚ ਪ੍ਰਯੋਗ ਹੋਇਆ ਹੈ।

---

1. ਭਾਤਖੰਡੇ, ਕ੍ਰਮਕ ਪੁਸਤਕ ਮਲਿਕਾ (ਪਾਂਚਵੀ ਪੁਸਤਕ) ਪੰਨਾ 27
2. ਪ੍ਰਭੂ ਲਾਲ ਸ਼ੁਕਲ, ਆਧੁਨਿਕ ਹਿੰਦੀ ਕਾਵਿ ਮੇਂ ਛੰਦ ਯੋਜਨਾ,
   ਹਵਾਲਾ :- ਡਾ. ਦਿਨੇਸ਼ ਚੰਦਰ ਗੁਪਤ, ਭਗਤੀ ਕਾਲੀਨ ਕਾਵਿਯ ਮੇਂ ਰਾਗ ਔਰ ਰਸ, ਪੰਨਾ 137
3. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 1273
4. ਬ੍ਰਿਹਸਪਤੀ, ਭਰਤ ਕਾ ਸੰਗੀਤ ਸਿਧਾਂਤ, ਪੰਨਾ 270
5. ਡਾ. ਪ੍ਰਭੂ ਲਾਲ, ਹਵਾਲਾ ਡਾ. ਦਿਨੇਸ਼ ਚੰਦਰ ਗੁਪਤ, ਭਗਤੀ ਕਾਲੀਨ ਕਾਵਿਯ ਮੇਂ ਰਾਗ ਔਰ ਰਸ, ਪੰਨਾ 136

ਮਾਟੀ ਤੇ ਜਿਨਿ ਸਾਜਿਆ ਕਰਿ ਦੁਰਲਭ ਦੇਹ।

ਅਨਿਕ ਛਿਦ੍ਰ ਮਨ ਮਹਿ ਢਕੇ ਨਿਰਮਲ ਦ੍ਰਿਸਟੇਹ।[1]

ਰਾਧਿਕਾ ਛੰਦ ਨੂੰ ਸ਼ਿੰਗਾਰ ਰਸੀ ਭਾਵਾਂ ਦੇ ਅਨੁਕੂਲ ਮੰਨਿਆ ਗਿਆ ਹੈ।[2] ਭਾਵੇਂ ਉਪਰੋਕਤ ਤੁਕਾਂ ਤੋਂ ਸ਼ਿੰਗਾਰ ਦੇ ਭਾਵਾਂ ਦਾ ਪ੍ਰਕਾਸ਼ ਨਹੀਂ ਹੁੰਦਾ ਪਰ ਰਾਗ ਬਿਲਾਵਲ ਰਾਧਿਕਾ ਛੰਦ ਦੇ ਬਿਲਕੁਲ ਅਨੁਕੂਲ ਹੈ। ਬਿਲਾਵਲ ਰਾਗ ਵਿੱਚ ਰਿਸ਼ਭ ਅਤੇ ਧੈਵਤ ਸ਼ੁਧ ਰੂਪ ਵਿੱਚ ਪ੍ਰਯੋਗ ਕੀਤੇ ਜਾਂਦੇ ਹਨ। ਜਿਹਨਾਂ ਰਾਗਾਂ ਵਿੱਚ ਇਹ ਸੁਰ ਲਗਣ ਉਹ ਸ਼ਿੰਗਾਰਕ ਭਾਵਾਂ ਨੂੰ ਪ੍ਰਗਟ ਕਰਨ ਦੇ ਸਮਰਥ ਹੁੰਦੇ ਹਨ।[3] ਇਸ ਲਈ ਰਾਧਿਕਾ ਛੰਦ ਅਤੇ ਬਿਲਾਵਲ ਰਾਗ ਦਾ ਇਕੱਠਿਆਂ ਪ੍ਰਯੁਕਤ ਹੋਣਾ ਛੰਦ ਅਤੇ ਸੰਗੀਤ ਦੇ ਸੁਮੇਲ ਦਾ ਸੂਚਕ ਹੈ।

ਸਰਸੀ ਛੰਦ :-

ਇਸ ਛੰਦ ਦਾ ਮਲਾਰ ਰਾਗ ਦੇ ਪਦੇ ਵਿੱਚ ਪ੍ਰਯੋਗ ਹੋਇਆ ਹੈ:

ਪਰਦਾਰਾ ਪਰਧਨ ਪਰ ਲੋਭਾ ਹਉਮੈ ਬਿਖੈ ਬਿਕਾਰ।

ਦੁਸਟ ਭਾਉ ਤਜਿ ਨਿੰਦ ਪਰਾਈ ਕਾਮ ਕ੍ਰੋਧ ਚੰਡਾਰ।[4]

ਭਾਵੇਂ ਮਲਾਰ ਰਾਗ ਖੁਸ਼ੀ ਦਾ ਰਾਗ ਹੈ ਪਰ ਇਸ ਤੁਕ ਵਿੱਚ ਸ਼ਾਂਤ ਭਾਵਾਂ ਦਾ ਪ੍ਰਗਟਾ ਹੁੰਦਾ ਹੈ। ਸਰਸੀ ਛੰਦ ਦੋਹਾਂ ਤਰ੍ਹਾਂ ਨਾਲ ਇਸ ਸ਼ਬਦ ਦੇ ਅਨੁਕੂਲ ਹੈ ਕਿਉਂਕਿ ਇਹ ਛੰਦ ਹਾਸ ਅਤੇ ਸ਼ਾਂਤ ਦੋਹਾਂ ਤਰ੍ਹਾਂ ਦੇ ਭਾਵ ਪ੍ਰਗਟ ਕਰਨ ਦੀ ਸਮਰੱਥਾ

1. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 812
2. ਡਾ. ਪ੍ਰਭੂ ਲਾਲ, ਹਵਾਲਾ ਡਾ. ਦਿਨੇਸ਼ ਚੰਦਰ ਗੁਪਤ, ਭਗਤੀ ਕਾਲੀਨ ਕਾਵਿਯ ਮੇਂ ਰਾਗ ਔਰ ਰਸ, ਪੰਨਾ 136
3. ਭਾਤਖੰਡੇ, ਕ੍ਰਮਕ ਪੁਸਤਕ ਮਲਿਕਾ (ਪਾਂਚਵੀ ਪੁਸਤਕ) ਪੰਨਾ 27
4. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 1255

ਰਖਦਾ ਹੈ।[1]

ਤਾਣਕ :-

ਇਹ ਛੰਦ ਭਾਵੇਂ ਸ਼ਿੰਗਾਰ, ਹਾਸ ਅਤੇ ਭਗਤੀ ਭਾਵਾਂ ਦੇ ਪ੍ਰਗਟਾਵੇ ਲਈ ਪ੍ਰਯੋਗ ਕੀਤਾ ਜਾਂਦਾ ਹੈ[2] ਪਰ ਗੁਰੂ ਅਰਜਨ ਦੇਵ ਜੀ ਨੇ ਇਸ ਦਾ ਵੀਰ ਰਸ ਦੇ ਪ੍ਰਤੀਕ ਕਾਨੜਾ ਰਾਗ[3] ਵਿੱਚ ਪ੍ਰਯੋਗ ਕਰਕੇ ਵਿਲੱਖਣਤਾ ਪੈਦਾ ਕੀਤੀ ਹੈ :-

ਜਿਉ ਜਿਉ ਜਪੈ ਸੁਖ ਪਾਵੈ ਸਤਿਗੁਰੂ ਸੇਵ ਸਮਾਵੈਗੋ।
ਭਗਤ ਜਨਾ ਕੀ ਖਿਨੁ ਖਿਨੁ ਲੋਚਾ ਨਾਮੁ ਜਪਤ ਸੁਖੁ ਪਾਵੈਗੋ।[4]

ਇਸ ਰਾਗ ਦੀ ਬਾਕੀ ਬਾਣੀ ਵਿੱਚ ਵੀ ਵੀਰ ਰਸੀ ਭਾਵ ਨਹੀਂ ਸਗੋਂ ਖੁਸ਼ੀ ਵਾਲੇ ਭਾਵ ਪ੍ਰਗਟ ਹੋਏ ਹਨ। ਇਸ ਬਾਰੇ ਅਸੀਂ ਤੀਜੇ ਅਧਿਆਇ ਵਿੱਚ ਚਰਚਾ ਕਰ ਚੁੱਕੇ ਹਾਂ।

ਸ਼ਬਦਾਵਲੀ :-

ਅਸੀਂ ਪਹਿਲਾਂ ਦੱਸ ਚੁੱਕੇ ਹਾਂ ਕਿ ਸ਼ਬਦਾਵਲੀ ਦਾ ਵਿਸ਼ੇਸ਼ ਪ੍ਰਯੋਗ ਕਾਵਿ ਰਚਨਾ ਵਿੱਚ ਸੰਗੀਤ ਪੈਦਾ ਕਰਨ ਵਿੱਚ ਸਹਾਈ ਹੁੰਦਾ ਹੈ। ਗੁਰੂ ਕਵੀਆਂ ਦੇ ਪਦ ਕਾਵਿ ਰੂਪ ਦਾ ਜੇ ਥੋੜਾ ਜਿਹਾ ਬਰੀਕੀ ਨਾਲ ਅਧਿਐਨ ਕੀਤਾ ਜਾਵੇ ਤਾਂ ਸੱਪਸ਼ਟ ਹੋ ਜਾਂਦਾ ਹੈ ਕਿ ਵਖ ਵਖ ਰਾਗਾਂ ਵਿੱਚ ਵੱਖ ਵੱਖ ਤਰ੍ਹਾਂ ਦੀ ਸ਼ਬਦਾਵਲੀ ਪ੍ਰਯੁਕਤ ਹੋਈ ਹੈ। ਜਿਵੇਂ ਸੀ, ਗਉੜੀ ਅਤੇ ਭੈਰਉ ਰਾਗਾਂ ਵਿੱਚ ਦਾਰਸ਼ਨਿਕ, ਸਾਰੰਗ ਅਤੇ ਮਲਾਰ ਰਾਗ ਵਿੱਚ ਬਰਖਾ ਰੁੱਤ ਨਾਲ ਸੰਬੰਧਤ, ਬਸੰਤ ਰਾਗ ਵਿੱਚ ਬਸੰਤ ਰੁੱਤ ਨਾਲ ਸੰਬੰਧਤ, ਬਿਲਾਵਲ,

1. ਪ੍ਰਤੂ ਲਾਲ, ਹਵਾਲਾ, ਡਾ. ਦਿਨੇਸ਼ ਚੰਦਰ ਗੁਪਤ, ਭਗਤੀ ਕਾਲੀਨ ਕਾਵਿਯ ਮੇਂ ਰਾਗ ਔਰ ਰਸ, ਪੰਨਾ 137
2. ਉਹੀ, ਪੰਨਾ 137
3. ਦਮੋਦਰ ਪੰਡਤ, ਸੰਗੀਤ ਰਤਨਾਕਰ, ਪੰਨਾ 101
4. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 1308

ਗੂਜਰੀ, ਧਨਾਸਰੀ, ਰਾਗਾਂ ਵਿੱਚ ਪੂਜਾ ਅਤੇ ਕਰਮਕਾਂਡ ਸੰਬੰਧੀ, ਮਾਰੂ ਰਾਗ ਵਿੱਚ ਮੁਸਲਮਾਨੀ ਸ਼ਬਦਾਵਲੀ ਦਾ ਵਧੇਰੇ ਪ੍ਰਯੋਗ ਹੋਇਆ ਹੈ। ਇਸ ਤੋਂ ਬਿਨਾਂ ਵੱਖ ਵੱਖ ਰਾਗਾਂ ਵਿੱਚ ਸ਼ਬਦਾਂ ਤੇ ਤੁਕਾਂਤਾਂ ਦੇ ਦੁਹਰਾਉ ਨਾਲ ਅਤੇ ਸ਼ਬਦਾਂ ਦੇ ਰੂਪਾਂਤਰਣ ਨਾਲ ਵੀ ਸੰਗੀਤ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

1. <u>ਸ਼ਬਦਾਂ ਦਾ ਦੁਹਰਾਉ</u> :-

ਸ਼ਬਦਾਂ ਦੇ ਦੁਹਰਾਉ ਨਾਲ ਜਿਥੇ ਅਰਥਾਂ ਦਾ ਵਿਸ਼ੇਸ਼ ਭਾਵੁਕ ਸੰਗੀਤ ਪੈਦਾ ਹੁੰਦਾ ਹੈ ਉਥੇ ਉਹਨਾਂ ਦੀ ਇੱਕੋ ਜਿਹੀ ਧੁਨੀ ਦੇ ਅਨੁਪ੍ਰਾਸ ਨਾਲ ਵੀ ਸੰਗੀਤ ਪੈਦਾ ਹੁੰਦਾ ਹੈ।

ਸਿਰੀ ਰਾਗ ਵਿੱਚ 'ਰਸ' ਸ਼ਬਦ ਦਾ ਪ੍ਰਯੋਗ ਵਰਣਨ ਯੋਗ ਹੈ :-

ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ।

- - - - - - - - - - - - - - - - - - - - - - - - - -

ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ।

ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰਭਾਇ।

ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ।

- - - - - - - - - - - - - - - - - - - - - -

ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ। [1]

1. <u>ਆਦਿ ਗ੍ਰੰਥ</u>, ਪੰਨਾ 41

ਰਾਗ ਮਾਝ ਵਿੱਚ 'ਹਰਿ' ਅਤੇ 'ਹਰਿ ਨਾਮ' ਦਾ ਦੁਹਰਾਉ ਹੋਇਆ ਹੈ :-

ਹਰਿ ਹਰਿ ਨਾਮੁ ਮੈ ਹਰਿ ਮਨ ਭਾਇਆ।
ਵਡਭਾਗੀ ਹਰਿ ਨਾਮੁ ਧਿਆਇਆ ।
ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ।[1]

ਰਾਗ ਗਉੜੀ ਵਿੱਚ 'ਪ੍ਰੀਤ' ਸ਼ਬਦ ਦੀ ਧੁਨੀ ਅਨੁਪ੍ਰਾਸ ਨਾਲ ਸੰਗੀਤ ਪੈਦਾ ਹੁੰਦਾ ਹੈ :

ਮਾਤਾ ਪ੍ਰੀਤਿ ਕਰੈ ਪੁਤੁ ਖਾਇ।
ਮੀਨੈ ਪ੍ਰੀਤਿ ਭਈ ਜਲਿ ਨਾਇ।
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ।
ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ।- - - -।[2]

ਇਸੇ ਤਰ੍ਹਾਂ ਇਸ ਪਦੇ ਵਿੱਚ ਅਤੇ ਇਸ ਤੋਂ ਅਗਲੇ ਪਦੇ ਵਿੱਚ 'ਪ੍ਰੀਤਿ' ਸ਼ਬਦ ਦੁਹਰਾਇਆ ਗਿਆ ਹੈ।

ਆਸਾ ਰਾਗ ਵਿੱਚ ਪਹਿਲਾ ਸ਼ਬਦ ਸੋਦਰ[3] ਵਾਲਾ ਹੈ। ਇਸ ਸ਼ਬਦ ਵਿੱਚ 'ਗਾਵਨਿ ਤੁਧਨੋ' ਦੀ ਧੁਨੀ ਦਾ ਦੁਹਰਾਉ ਖਾਸ ਤਰ੍ਹਾਂ ਦੀ ਝਨਕਾਰ ਪੈਦਾ ਕਰਦਾ ਹੈ। ਇਸ

1. ਆਦਿ ਗ੍ਰੰਥ, ਪੰਨਾ 94
2. ਉਹੀ ਪੰਨਾ 164
3. ਉਹੀ ਪੰਨਾ 347

ਦੇ ਨਾਲ ਨਾਲ ਇਸ ਵਿੱਚ ਕੁਝ ਵਿਸ਼ੇਸ਼ ਸ਼ਬਦਾਂ ਦਾ ਪ੍ਰਯੋਗ ਕਰਕੇ ਅਨੁਪ੍ਰਾਸ ਰਾਹੀ ਸੰਗੀਤ ਪੈਦਾ ਕੀਤਾ ਗਿਆ ਹੈ ਜਿਵੇਂ 'ਪਵਣ ਪਾਣੀ' 'ਚਿਤੁ ਗੁਪਤੁ', 'ਲਿਖਿ ਲਿਖਿ', 'ਸਦਾ ਸਵਾਰੇ' ਇੰਦ੍ਰ ਇੰਦ੍ਰਾਸਣਿ', 'ਦੇਵਤਿਆ ਦਰਿ', 'ਸਿਧ ਸਮਾਧੀ', 'ਜਤੀ ਸਤੀ ਸੰਤੋਖੀ', 'ਵੀਰ ਕਰਾਰੇ', 'ਪੰਡਿਤ ਪੜੇ', 'ਜੁਗੁ ਜੁਗੁ', 'ਮੋਹਣੀਆ ਮਨ ਮੋਹਨਿ' 'ਖੰਡ ਮੰਡਲ ਬ੍ਰਹਮੰਡਾ', 'ਕਰਿ ਕਰਿ ਰਖੇ ਤੇਰੇ ਧਾਰੇ', 'ਰਤੇ ਰਤੇ ਭਗਤ ਰਸਾਲੇ', 'ਸੋਈ ਸੋਈ ਸਦਾ ਸਚੁ ਸਾਹਿਬ ਸਾਚਾ ਸਾਚੀ', 'ਹੈਭੀ ਹੋ ਸੀ', 'ਜਾਇ ਨਾ ਜਾਸੀ', 'ਰਚਨਾ ਜਿਨਿ ਰਚਾਈ', 'ਰੰਗੀ ਰੰਗੀ' 'ਕਰਿ ਕਰਿ' 'ਸੋਈ ਕਰਸੀ' 'ਸੋ ਪਾਤਸਾਹੁ ਸਾਹਾ', 'ਰਹਣੁ ਰਜਾਈ' ।

ਇਸੇ ਤਰ੍ਹਾਂ 'ਸੋ ਪੁਰਖ' ਵਾਲੇ ਸ਼ਬਦ ਵਿੱਚ ਕੁਝ ਸ਼ਬਦਾਂ ਦੀ ਦੁਹਰਾਈ ਹੋਈ ਹੈ:

ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ।

ਸਭਿ ਧਿਆਵਹਿ ਸਭਿ ਧਿਆਵਹਿ ਤੁਧ ਜੀ ਹਰਿ ਸਚੇ ਸਿਰਜਣਹਾਰਾ।

ਸਭ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ।

ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ।

ਹਰਿ ਆਪੇ ਠਾਕੁਰ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ।[1]

ਪ੍ਰਿੰਸੀਪਲ ਸੰਤ ਸਿੰਘ ਸੇਖੋਂ[2] ਨੇ ਸ਼ਬਦਾਵਲੀ ਤੇ ਸੰਗੀਤਕਤਾ ਪੱਖੋਂ ਇਸ ਦਾ ਵਿਸਤ੍ਰਿਤ ਅਧਿਐਨ ਕੀਤਾ ਹੈ। ਇਸ ਪਦੇ ਵਿੱਚ ਪਹਿਲਾਂ 'ਸੋ ਪੁਰਖ ਨਿਰਜੰਨ' ਤੇ ਪਿਛੋ 'ਹਰਿ ਪੁਰਖ ਨਿਰੰਜਨ' ਆਇਆ ਹੈ। ਇਸੇ ਤਰ੍ਹਾਂ 'ਸਭਿ ਧਿਆਵਹਿ' ਦੂਜੀ ਤੁਕ

1. ਆਦਿ ਗ੍ਰੰਥ, ਪੰਨਾ 348

2. ਪੰਜਾਬੀ ਕਾਵਿ ਸ਼੍ਰੋਮਣੀ, ਪੰਨਾ 203-204

ਵਿੱਚ ਦੋ ਵਾਰੀ ਆਇਆ ਹੈ, ਤੇ ਫਿਰ ਚੌਥੀ ਤੁਕ ਵਿੱਚ 'ਹਰਿ ਧਿਆਵਹੁ' ਇਸ ਦਾ ਥੋੜਾ ਜੇਹਾ ਬਦਲਿਆ ਰੂਪ ਹੈ। ਤੀਜੀ ਤੁਕ ਵਿੱਚ 'ਜੀਅ' 'ਜੀ' ਦਾ ਦੁਹਰਾਉ ਹੈ ਅਤੇ ਪੰਜਵੀ ਤੁਕ ਵਿੱਚ 'ਹਰਿ ਆਪੇ ਠਾਕੁਰ' ਤੇ ਪਿਛੋਂ 'ਹਰਿ ਆਪੇ ਸੇਵਕੁ' ਰਖਿਆ ਗਿਆ ਹੈ। ਇਸੇ ਸ਼ਬਦ ਵਿੱਚ ਇਸ ਤਰ੍ਹਾਂ ਦੇ ਹੋਰ ਦੁਹਰਾਓ ਵੀ ਮਿਲਦੇ ਹਨ।

'ਇਕ ਦਾਤੇ ਇਕ ਭੇਖਾਰੀ', 'ਆਪੇ ਦਾਤਾ ਆਪੇ ਭੁਗਤਾ', 'ਬੇਅੰਤੁ ਬੇਅੰਤੁ' 'ਜੋ ਸੇਵਹਿ ਜੋ ਸੇਵਹਿ', 'ਹਰਿ ਧਿਆਵਹਿ' 'ਹਰਿ ਧਿਆਵਹਿ', 'ਸੇ ਮੁਕਤ, ਸੇ ਮੁਕਤ', 'ਜਿਨ ਨਿਰਭਉ ਜਿਨਿ ਹਰਿ ਨਿਰਭਉ' ਤੇ 'ਤਿਨ ਕਾ ਭਉ', 'ਜਿਨਿ ਸੇਵਿਆ ਜਿਨਿ ਸੇਵਿਆ, ਹਰਿ ਜੀ ਤੇ ਹਰਿ ਹਰਿ ਰੂਪ', 'ਸੇ ਧੰਨੁ ਸੇ ਧੰਨੁ'। ਦੋ ਤੁਕਾਂ ਪਹਿਲੇ ਦੇ 'ਨਿਰਭਉ ਧਿਆਇਆ ਜੀ' ਨਾਲ ਮੇਲ ਖਾਂਦਾ 'ਹਰਿ ਧਿਆਇਆ ਜੀ, 'ਤੇਰੀ ਭਗਤਿ ਤੇਰੀ ਭਗਤਿ,' 'ਬਿਅੰਤ, ਬੇਅੰਤਾ', ਜਿਨ੍ਹਾਂ ਨਾਲ ਮੇਲ ਖਾਂਦਾ, 'ਬੇਅੰਤ ਬੇਅੰਤ' ਪਹਿਲਾਂ ਆ ਚੁਕਾ ਹੈ, 'ਤੇਰੇ ਭਗਤ ਤੇਰੇ ਭਗਤ' 'ਅਨਿਕ ਅਨੇਕ' 'ਤੇਰੀ ਅਨਿਕ ਤੇਰੀ ਅਨਿਕ' 'ਤਪ ਤਾਪਹਿ ਜਪਹਿ' ਤੇ ਫਿਰ 'ਏਅੰਤਾ' ਤੇਰੇ ਅਨੇਕ ਤੇਰੇ ਅਨੇਕ 'ਸੇ ਭਗਤ ਸੇ ਭਗਤ,' 'ਤੂੰ ਜੁਗ ਜੁਗ ਏਕੋ' 'ਏਕੋ ਸਦਾ ਸਦਾ ਤੂੰ ਏਕੋ', 'ਤੁਧ ਆਪੇ ਭਾਵੈ', 'ਤੁਧ ਆਪੇ ਭਾਵੈ', 'ਤੂੰ ਆਪੇ ਕਰਹਿ', 'ਤੁਧ ਆਪੇ ਸਿਸਟਿ, 'ਤੁਧ ਆਪੇ ਸਿਰਜਿ'

ਇਸੇ ਪਦੇ ਵਿੱਚ ਉਹ ਸ਼ਬਦ ਵੀ ਵੇਖਣ ਯੋਗ ਹਨ ਜਿਹਨਾਂ ਦੀ ਇਕੋ ਜਿਹੀ ਧੁਨੀ ਅਨੁਪ੍ਰਾਸ ਨਾਲ ਵੀ ਸੰਗੀਤ ਪੈਦਾ ਹੁੰਦਾ ਹੈ -

'ਅਗਮਾ ਅਗਮ ਅਪਾਰਾ', 'ਸਚੇ ਸਿਰਜਣ', 'ਤੁਮਾਰੇ ਜੀ ਤੂੰ', ਸੰਤਹੁ ਜੀ ਸਭਿ', 'ਘਟ ਘਟ ਅੰਤਰਿ ਸਰਬ ਨਿਰੰਤਰਿ', 'ਪਾਰ ਬ੍ਰਹਮ ਬੇਅੰਤੁ',

'ਆਖਿ ਵਿਖਾਣਾ', 'ਜਨ ਨਾਨਕੁ ਤਿਨ ਕੁਰਬਾਣਾ', 'ਸੇ ਜਨ ਜੁਗ ਮਹਿ ਸੁਖਵਾਸੀ', 'ਤਿਨ ਤੂਟੀ', 'ਭਗਤ ਭੰਡਾਰ ਜੀ ਭਰੇ', 'ਅਨਿਕ ਅਨੇਕ ਅਨੰਤਾ', 'ਕਰ ਕਿਰਿਆ ਖਟੁ ਕਰਮ ਕਰੰਤਾ', 'ਸੇ ਭਗਤ ਸੇ ਭਗਤ' ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ', 'ਆਦਿ ਪੁਰਖੁ ਅਪਰੰਪਰ'।

ਰਾਗ ਗੂਜਰੀ ਵਿੱਚ 'ਗੋਵਿੰਦ' ਸ਼ਬਦ ਦਾ ਦੁਹਰਾਉ ਸੰਗੀਤਮਈ ਵਾਤਾਵਰਣ ਉਪਜਾਉਂਦਾ ਹੈ:-

ਗੋਵਿੰਦਗੋਵਿੰਦ ਪ੍ਰੀਤਮੁ ਮਨਿ ਪ੍ਰੀਤਮੁ ਮਿਲਿ ਸਤ ਸੰਗਤਿ ਸਬਦਿ ਮਨੁ ਮੋਹੈ।
ਜਪਿ ਗੋਵਿੰਦੁ ਗੋਵਿੰਦੁ ਧਿਆਈਐ ਸਭ ਕਉ ਦਾਨੁ ਦੇਇ ਪ੍ਰਭੁ ਓਹੈ।
ਮੇਰੇ ਭਾਈ ਜਨਾ ਮੋ ਕਉ ਗੋਵਿੰਦੁ ਗੋਵਿੰਦੁ ਮਨੁ ਮੋਹੈ।
ਗੋਵਿੰਦ ਗੋਵਿੰਦ ਗੁਣ ਗਾਵਾ ਮਿਲਿ ਗੁਰ ਸਾਧ ਸੰਗਤਿ ਜਨੁ ਸੋਹੈ।[1]

ਰਾਗ ਗੂਜਰੀ ਬਾਰੇ ਅਸੀਂ ਪਹਿਲਾਂ ਦਸ ਚੁਕੇ ਹਾਂ ਕਿ ਇਸ ਨੂੰ ਕ੍ਰਿਸ਼ਨ ਪੂਜਾ ਦਾ ਰਾਗ ਮੰਨਿਆ ਜਾਂਦਾ ਹੈ ਇਸ ਰਾਗ ਦੇ ਪਦਿਆਂ ਵਿੱਚ 'ਗੋਬਿੰਦ' ਸ਼ਬਦ ਦਾ ਦੁਹਰਾਉ ਰਾਗ ਦੇ ਭਾਵ ਅਨੁਸਾਰ ਸੰਗੀਤਕ ਵਾਤਾਵਰਣ ਪੈਦਾ ਕਰਨ ਵਿੱਚ ਸਹਾਇਕ ਹੁੰਦਾ ਹੈ। ਇਸ ਤਰ੍ਹਾਂ ਇਸੇ ਰਾਗ ਵਿੱਚ 'ਐ ਜੀ' ਸੰਬੋਧਨ ਦਾ ਦੁਹਰਾਉ ਕੀਤਾ ਗਿਆ ਹੈ।

ਵਡਹੰਸ ਰਾਗ ਵਿੱਚ ਲਹਿੰਦੀ ਦਾ ਪ੍ਰਯੋਗ ਕਰਕੇ ਰਾਗ ਦੀ ਪ੍ਰਕ੍ਰਿਤੀ ਦੇ ਅਨੁਕੂਲ ਵਿਛੋੜੇ ਦੇ ਭਾਵਾਂ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਹੈ। ਇਸ ਰਾਗ ਵਿੱਚ

---

1. ਆਦਿ ਗ੍ਰੰਥ, ਪੰਨਾ 492

ਮੀਮਾਲੀ, ਖੰਨੀਐ, ਹਭੀਆ, ਜੁਲਾ, ਜੇਵੜਾ, ਵਿਟਹੁ, ਵੰਞਾ, ਮੁੰਧੇ, ਕਰੇਦੀਏ, ਅਵਰਾਹਾ, ਰੁੰਨਾ, ਰੁੰਨੜੇ ਆਦਿ ਲਹਿੰਦੀ ਪੰਜਾਬੀ ਦੇ ਸ਼ਬਦ ਪ੍ਰਯੋਗ ਕੀਤੇ ਗਏ ਹਨ। ਇਹਨਾਂ ਨਾਲ ਬਿਰਹਾ ਦੇ ਭਾਵ ਵਧੇਰੇ ਤਰਲ ਹੋ ਗਏ ਹਨ।

ਸੋਰਠ ਰਾਗ ਵਿੱਚ ਗੁਰੂ ਰਾਮ ਦਾਸ ਜੀ ਦੇ 'ਪਿਆਰਾ' ਸ਼ਬਦ ਦਾ ਸੰਗੀਤਕਤਾ ਉਤਪੰਨ ਕਰਨ ਹਿਤ ਪ੍ਰਯੋਗ ਕੀਤਾ ਹੈ:

ਆਪੇ ਆਪਿ ਵਰਤਦਾ ਪਿਆਰਾ ਆਪੇ ਆਪਿ ਅਪਾਹੁ।
ਵਣਜਾਰਾ ਜਗੁ ਆਪਿ ਹੈ ਪਿਆਰਾ ਆਪੇ ਸਾਚਾ ਸਾਹੁ।
ਆਪੇ ਵਣਜੁ ਵਾਪਾਰੀਆ ਪਿਆਰਾ ਆਪੇ ਸਚੁ ਵੇਸਾਹੁ।

ਧਨਾਸਰੀ ਰਾਗ ਦੇ ਹੇਠ ਲਿਖੇ ਪਦੇ ਵਿੱਚ 'ਸਾਹਾ' ਅਤੇ 'ਸਭ' ਸ਼ਬਦਾਂ ਦਾ ਦੁਹਰਾਉ ਵਿਲੱਖਣ ਸੰਗੀਤ ਦਾ ਲਖਾਇਕ ਹੈ -

ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ।
ਹਮਰੀ ਬੇਦਨਿ ਤੂ ਜਾਨਤਾ ਸਾਹਾ ਅਵਰੁ ਕਿਆ ਜਾਨੈ ਕੋਇ।
ਸਾਚਾ ਸਾਹਿਬੁ ਸਚੁ ਤੂੰ ਮੇਰੇ ਸਾਹਾ ਤੇਰਾ ਕੀਆ ਸਚੁ ਸਭੁ ਹੋਇ।
ਝੂਠਾ ਕਿਸ ਕਉ ਆਖੀਐ ਸਾਹਾ ਦੂਜਾ ਨਾਹੀ ਕੋਇ। - - - - ।
ਸਭਨਾ ਵਿਚਿ ਤੂ ਵਰਤਦਾ ਸਾਹਾ ਸਭਿ ਤੁਝਹਿ ਧਿਆਵਹਿ ਦਿਨੁ ਰਾਤਿ।
ਸਭਿ ਤੁਝ ਹੀ ਥਾਵਹੁ ਮੰਗਦੇ ਮੇਰੇ ਸਾਹਾ ਸਭਨਾ ਕਰਹਿ ਇਕ ਦਾਤ।
ਸਭਨਾ ਕੀ ਤੂ ਆਸ ਹੈ ਮੇਰੇ ਪਿਆਰੇ ਸਭਿ ਤੁਝਹਿ ਧਿਆਵਹਿ ਮੇਰੇ ਸਾਹਾ।
ਜਿਉ ਭਾਵੈ ਤਿਉ ਰਖੁ ਤੂ ਮੇਰੇ ਪਿਆਰੇ ਸਚੁ ਨਾਨਕ ਕੇ ਪਾਤਿਸਾਹ।[2]

1. ਆਦਿ ਗ੍ਰੰਥ, ਪੰਨਾ 604
2. ਉਹੀ, ਪੰਨਾ 670

ਰਾਗ ਟੋਡੀ ਵਿੱਚ 'ੜ' ਧੁਨੀ ਦੇ ਬਹੁਤ ਪ੍ਰਯੋਗ ਨੇ ਇਸ ਕਾਵਿ ਨੂੰ ਵਿਲੱਖਣ ਬਣਾ ਦਿੱਤਾ ਹੈ :-

ਰੂੜੋ ਮਨੁ ਹਰਿ ਰੰਗੋ ਲੋੜੈ ।[1]

---

ਗਰਬਿ ਗਹਿਲੜੋ ਮੂੜੜੋ ਹੀਓ ਰੇ

- - - - - - - - - - - - -

ਮਹਾਰਾਜ ਰੋ ਗਾਥੁ ਵਾਹੂ ਸਿਉ ਲੁਭੜਿਓ ਨਿਹਭਾਗੜੋ ਭਾਹਿ ਸੰਜੋਇਓ ਰੇ।

- - - - - - - - - - - - - - - - - - - - - - - - - -

ਜਾਕੋ ਲਹਣੋ ਮਹਰਾਜਰੀ ਗਾਠੜੀਓ ਜਨ ਨਾਨਕ ਗਰਭਾਸਿ ਨ ਪਉੜਿਓ ਰੇ।[2]

ਤਿਲੰਗ ਰਾਗ ਦੇ ਪਦਿਆਂ ਵਿੱਚ ਮੁਸਲਮਾਨੀ ਸ਼ਬਦਾਵਲੀ ਦਾ ਵਧੇਰੇ ਪ੍ਰਯੋਗ ਹੋਇਆ ਹੈ ਕਿਉਂਕਿ ਇਹ ਰਾਗ ਮੁਸਲਮਾਨਾਂ ਦਾ ਮਨਭਾਉਂਦਾ ਰਾਗ ਹੈ।[3] ਪਹਿਲੇ ਸ਼ਬਦ ਵਿੱਚ ਫਾਰਸੀ ਦੇ ਸ਼ਬਦ ਬਹੁਤ ਹਨ ਭਾਵੇਂ ਇਹ ਸ਼ਬਦ ਰੇਖਤਾ ਬੋਲੀ ਵਿੱਚ ਲਿਖਿਆ ਗਿਆ ਹੈ। ਸ਼ਬਦਾਰਥ ਅਨੁਸਾਰ ਇਹ ਬੋਲੀ ਹੀ ਬਾਦ ਵਿੱਚ 'ਉਰਦੂ' ਅਖਵਾਈ ਹੈ।[4] ਬਾਕੀ ਪਦਿਆਂ ਵਿੱਚ ਵੀ ਖਸਮ, ਕਤੇਬਾ, ਖੁਦਾਇ, ਮਰਦ, ਖਾਕ, ਨੂਰ, ਦੁਨੀਆ, ਅਸਮਾਨ, ਜਿਮੀ, ਦਰਖਤ, ਆਬ, ਪੈਦਾਇਸ, ਬੰਦੇ, ਮੁਰਦਾਰ ਆਦਿ ਸ਼ਬਦਾਂ ਦੀ ਭਰਮਾਰ ਹੈ।

ਸੂਹੀ ਰਾਗ ਵਿੱਚ ਘਰੇਲੀ ਖੁਸ਼ੀਆਂ, ਸੂਫੀਆਂ ਅਤੇ ਜੋਗੀਆਂ ਦੀ ਸ਼ਬਦਾਵਲੀ

1. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 715
2. ਉਹੀ ਪੰਨਾ 715
3. ਧਰਮਪਾਲ ਮੈਣੀ (ਡਾ.) ਸ੍ਰੀ ਗੁਰੂ ਗ੍ਰੰਥ ਏਕ ਪਰਿਚੈ, ਪੰਨਾ 67
4. ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਦੂਜੀ) ਪੰਨਾ 721

ਪ੍ਰਯੁਕਤ ਹੋਈ ਹੈ। ਕਈ ਥਾਵਾਂ ਤੇ 'ਜੋਗ' ਸ਼ਬਦ ਦਾ ਦੁਹਰਾਉ ਹੋਇਆ ਹੈ:-

ਜੋਗੁ ਨਾ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ।
ਜੋਗ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।
ਗਲੀ ਜੋਗੁ ਨ ਹੋਈ॥[1]
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ।

ਇਸ ਤਰ੍ਹਾਂ ਸਾਰੇ ਸ਼ਬਦ 'ਜੋਗ ਨ' ਸ਼ਬਦਾਂ ਦੇ ਦੁਹਰਾਉ ਨਾਲ ਜੋਗੀਆਂ ਦੇ ਪਖੰਡ ਦੀ ਨਿਖੇਧੀ ਅਤੇ 'ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ' ਤੁਕ ਦਾ ਚਾਰ ਵਾਰੀ ਦੁਹਰਾਉ ਕਰਕੇ ਅਸਲੀ ਜੋਗ ਦ੍ਰਿੜ ਕਰਵਾਇਆ ਹੈ।

ਰਾਗ ਬਿਲਾਵਲ ਵਿੱਚ ਕੁਝ ਸ਼ਬਦਾਂ ਦਾ ਦੁਹਰਾਉ ਹੋਇਆ ਹੈ ਖਾਸ ਕਰਕੇ 'ਸ' 'ਤ' ਧੁਨੀ ਦੀ ਭਰਮਾਰ ਹੈ। ਜਿਵੇਂ:

ਸਾਕਤ ਗੀਤ ਨਾਦ ਧੁਨਿ ਗਾਵਤ, ਬੋਲਤ ਬੋਲ ਅਜਾਏ।
ਸੇਵਤ ਸੇਵਿ ਸੇਵਿ ਸਾਧ ਸੇਵਉ ਸਦਾ ਕਰਉ ਕਿਰਤਾਏ।
- - - - - - - - - - - - - - - - - - - - -
ਅਤੁਲ ਅਤੁਲ ਅਤੁਲ ਨਹ ਤੁਲੀਐ ਭਗਤਿ ਵਛਲੁ ਕਿਰਪਾਏ।
ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੇ।[2]

ਨਟ ਰਾਗ ਦੀ ਇੱਕ ਅਸਟਪਦੀਆ[3] ਵਿੱਚ 'ਹਰਿ' ਸਾਸੁ, ਕ੍ਰਿਪਾ, ਕਥਾ, ਗਾਵਤ, ਪਾਖੰਡ, ~~ਨਕਕਕ~~ ਸ਼ਬਦਾਂ ਦਾ ਦੁਹਰਾਓ ਹੈ।

---

1. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 730
2. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ, 820
3. ਗੁਰੂ ਰਾਮਦਾਸ ਜੀ, ਆਦਿ ਗ੍ਰੰਥ, ਪੰਨਾ 980

ਰਾਗ ਭੈਰਉ ਗੰਭੀਰ ਪ੍ਰਕ੍ਰਿਤੀ ਦਾ ਰਾਗ ਮੰਨਿਆ ਜਾਂਦਾ ਹੈ ਇਸ ਲਈ ਇਸ ਵਿੱਚ ਸਿਧਾਂਤਕ ਸ਼ਬਦਾਵਲੀ ਦਾ ਦੁਹਰਾਉ ਬਹੁਤਾ ਹੋਇਆ ਹੈ। ਨਾਮ ਬਿਨਾ, ਚੀਤਿ ਆਵੈ, ਨਾਮ ਲੈਤ, ਨਾਮ ਹਮਾਰੈ, ਤੇਰੀ ਟੇਕ, ਜਿਸ ਨਾਮ ਰਿਦੈ, ਕੋਟਿ, ਅਚਿਤਿ ਆਦਿ ਸ਼ਬਦਾਂ ਅਤੇ ਸ਼ਬਦ ਜੁੱਟਾਂ ਦਾ ਪ੍ਰਯੋਗ ਇਸ ਰਾਗ ਦੀ ਪ੍ਰਕ੍ਰਿਤੀ ਦੇ ਅਨੁਕੂਲ ਕੀਤਾ ਗਿਆ ਹੈ।

ਜੈਜਾਵੰਤੀ ਰਾਗ ਭਾਵੇਂ ਬੀਰਤਾ ਦਾ ਰਾਗ ਮੰਨਿਆ ਜਾਂਦਾ ਹੈ ਪਰ ਗੁਰੂ ਤੇਗ ਬਹਾਦਰ ਜੀ ਨੇ ਇਥੇ ਮਨ ਨੂੰ ਸ਼ਾਂਤ ਕਰਨ ਵਾਲੇ ਭਾਵ ਪ੍ਰਗਟਾਏ ਹਨ। ਇਹਨਾਂ ਭਾਵਾਂ ਦੇ ਅਨੁਕੂਲ ਉਹਨਾਂ ਨੇ ਜਿਹੜੇ ਸ਼ਬਦ ਜੁੱਟਾਂ ਦਾ ਪ੍ਰਯੋਗ ਕੀਤਾ ਹੈ ਉਹ ਮਨ ਨੂੰ ਸੰਸਾਰਕ ਤ੍ਰਿਸ਼ਨਾਂ ਵੱਲੋਂ ਮੋੜ ਕੇ ਪ੍ਰਮਾਤਮਾ ਨਾਲ ਜੋੜਦੇ ਹਨ ਜਿਵੇਂ:

ਰਾਮ ਸਿਮਰਿ, ਰਾਮ ਭਜੁ, ਬੀਤ ਜੈ ਹੈ, ਆਦਿ ਸ਼ਬਦਾਂ ਦਾ ਦੁਹਰਾਉ।

ਜੀਵਨ ਦੀ ਅਸਥਿਰਤਾ ਅਤੇ ਪ੍ਰਮਾਤਮਾ ਨੂੰ ਯਾਦ ਰਖਣ ਦੀ ਚਿਤਵਾਨੀ ਦਿੰਦੇ ਹਨ।

ਗੁਰੂ ਕਵੀਆਂ ਨੇ ਪਦਿਆਂ ਵਿੱਚ ਵੱਖ ਸ਼ਬਦਾਂ ਦਾ ਰੂਪਾਂਤਰਣ ਕਰਕੇ ਉਹਨਾਂ ਦੀ ਸੰਗੀਤਕਤਾ ਵਿੱਚ ਵਾਧਾ ਕਰ ਦਿੱਤਾ ਹੈ। ਕਈ ਸ਼ਬਦ ਵੱਖ ਵੱਖ ਤੁਕਾਂਤਾਂ ਅਨੁਸਾਰ ਰੂਪਾਂਤਰਤ ਕੀਤੇ ਗਏ ਹਨ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਗੁਰੂ ਰਾਮ ਦਾਸ ਜੀ ਦੇ ਇਹਨਾਂ ਤੁਕਾਂਤਾਂ ਬਾਬਤ ਲਿਖਦੇ ਹਨ, "ਇਕ ਹੋਰ ਯੁਕਤੀ ਜੋ ਗੁਰੂ ਰਾਮਦਾਸ ਨੇ ਸੰਗੀਤਕ ਪ੍ਰਭਾਵ ਉਪਜਾਣ ਲਈ ਵਰਤੀ ਹੈ ਅਦਭੁਤ ਤੁਕਾਂਤ ਮੇਲਾਂ ਦੀ ਹੈ। ਆਪਨੇ ਤੁਕਾਂਤ-ਮੇਲ ਰੂਪ ਵਿੱਚ ਕਈ ਥਾਂਈਂ ਸ਼ਬਦਾਂ ਦੇ ਅਜੇਹੇ ਰੂਪ ਬਣਾਏ ਹਨ, ਜੋ ਵਾਸਤਵਿਕ ਨਹੀਂ, ਅਰਥਾਤ ਕਿਧਰੇ ਬੋਲੇ ਜਾਂ ਲਿਖੇ ਨਹੀਂ ਗਏ, ਇਹ ਸ਼ਬਦ ਰੂਪ ਆਪ ਨੇ ਕਿਸੇ ਮਜਬੂਰੀ ਦੇ ਅਧੀਨ ਨਹੀਂ ਵਰਤੇ ਸਾਧਾਰਣ

ਗੱਲ ਹੈ ਜਿਸ ਨੂੰ ਸਿੱਧ ਕਰਨ ਲਈ ਕਿਸੇ ਤਰਕ ਦੀ ਲੋੜ ਨਹੀਂ। ਜੇ ਉਹ ਜਾਣ ਬੁੱਝ ਕੇ ਕਿਸੇ ਵਿਸ਼ੇਸ਼ ਪ੍ਰਭਾਵ ਹਿਤ ਇਹ ਸ਼ਬਦ ਨਾ ਵਰਤਣੇ ਚਾਹੁੰਦੇ ਤਾਂ ਕੋਈ ਔਖੀ ਗਲ ਨਹੀਂ ਸੀ। ਉਹ ਇਥੇ ਕੋਈ ਹੋਰ ਤੁਕਾਂਤ ਮੇਲ ਵਰਤ ਸਕਦੇ ਸਨ।"[1]

ਰਾਗ ਆਸਾ ਵਿੱਚ ਬਲੀਆ, ਰਲੀਆ, ਢਲਿਆਂ, ਗਰਬਲੀਆ, ਕੁੰਡਲੀਆ, ਸੁਖਲਿਆ, ਕੁਚਿਰਿਆ, ਛਤਰਿਆ, ਗਡਲੀਆ, ਫਿਰਿਆ, ਬਿਖਲਿਆ।[2] ਲਾਈਕੀ, ਪੀਨੀ, ਕਰਤਾਰੀ, ਖਟਾਨੀ,[3] ਆਦਿ ਸ਼ਬਦ ਤੁਕਾਂਤ ਮਿਲਾਉਣ ਲਈ ਪ੍ਰਯੋਗ ਕੀਤੇ ਗਏ ਹਨ।

ਰਾਗ ਦੇਵਗੰਧਾਰੀ ਵਿੱਚ ਤੁਕਾਂਤਾਂ ਨੂੰ ਮਿਲਾਉਣ ਲਈ ਬਦਲਿਆ ਕੁਝ ਸ਼ਬਦਾਂ ਦਾ ਰੂਪ ਵਰਣਨਯੋਗ ਹੈ:- ਰੁਠਾਰੀ, ਕੁੜਿਆਰੀ, ਦੁਸਟਾਰੀ, [illegible] ਨਕਟੀ, ਧੁਕਟੀ, ਬੈਰਕਟੀ, ਭ੍ਰਸਟੀ, ਚਕਟੀ, ਛੁਕਟੀ।[4]

ਰਾਗ ਬਿਹਾਗੜਾ ਵਿੱਚ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਦੋ ਹੀ ਪਦੇ ਦਰਜ ਹਨ। ਗੁਰੂ ਅਰਜਨ ਦੇਵ ਜੀ ਦਾ ਰਚਿਆ ਪਦਾ ਤੁਕਾਂਤਾਂ ਪੱਖੋਂ ਵਿਸ਼ੇਸ਼ ਹੈ। ਇਸ ਦੇ ਤੁਕਾਂਤਾਂ ਵਿੱਚ ਸਿਗਰਿਆ, ਬਸਰੀਆ, ਉਪਰਿਆ, ਸਹਜਰਿਆ, ਮੋਹਰਿਆ, ਉਮੇਰਿਆ ਬਟਰੀਆ, ਤਰਿਆ, ਸਫਰਿਆ, ਸਰਨਰਿਆ ਆਦਿ ਸ਼ਬਦ ਪ੍ਰਯੋਗ ਕੀਤੇ ਗਏ ਹਨ।[5]

ਰਾਗ ਵਡਹੰਸ ਵਿੱਚ ਵੀ ਤੁਕਾਂਤਾਂ ਵੇਲੇ ਸ਼ਬਦਾਂ ਦੇ ਰੂਪ ਨੂੰ ਵਧੇਰੇ ਸੰਗੀਤਮਈ ਬਣਾਇਆ ਗਿਆ ਹੈ:- ਕੁਰਬਾਣੇ, ਮਾਣੇ, ਬਾਹਾ, ਅਵਗਾਹਾ, ਵਿਗੜਿਆਹਾ, ਬਾਹੜਿਆਹਾ[6], ਰਾਗ ਜੈਤਸਰੀ ਵਿੱਚ ਜਿਨ੍ਹਾਂ ਸ਼ਬਦਾਂ ਦਾ ਰੂਪਾਂਤਰਣ ਕੀਤਾ ਗਿਆ ਹੈ ਉਹ ਹਨ – ਲਾਗਿਬਾ, ਕਾਢਿਬਾ, ਚਾਖਿਬਾ, ਗਾਇਬਾ, ਜਾਇਬਾ, ਲਗਾਇਬਾ, ਦਿਵਾਇਬਾ, ਕਰਾੜਾ, ਮਾੜਾ, ਸਮੜਾ, ਪਰਗਾੜਾ, ਗਵਾੜਾ, ਝਪੀੜਾ, ਜਕਾੜਾ ਆਦਿ।

---

1. ਪੰਜਾਬੀ ਕਾਵਿ ਸ਼ਿਰੋਮਣੀ, ਪੰਨਾ 211
2. ਆਦਿ ਗ੍ਰੰਥ, ਪੰਨਾ 385
3. ਉਹੀ, ਪੰਨਾ 404
4. ਉਹੀ, ਪੰਨਾ 528
5. ਉਹੀ, ਪੰਨਾ 537
6. ਉਹੀ, ਪੰਨਾ 557

ਸੂਹੀ ਰਾਗ ਵਿੱਚ ਰਲੀਨਿ, ਦਿਸੀਨਿ, ਚਿਤਵੀਆਹਾ, ਸਖਣੀਆਹਾ, ਵਸੀਨਿ, ਕਹੀਆਨਿ, ਭੁਲੀਨਿ, ਸਵਾਰਸੀ, ਵਿਸਾਰਸੀ, ਭਾਵਸੀ, ਹੋਇਸੀ[1], ਪਾਇਸੀ, ਵਰਤਾਇਸੀ ਵਾਇਸੀ, ਸੁਣਾਇਸੀ, ਤਾਰਸੀ, ਬੁਲਾਵਾ, ਕਰਾਵਾ[2], ਗੁਰ ਕੈ, ਜਮ ਕੈ, ਹਰ ਕੈ, ਗਟਕੈ, ਦਲਿਆ, ਸਮਆ, ਪਿਰਆ, ਮਹਆ, ਕਲਆ, ਫਲਆ, ਪ੍ਰਤਿਪਲਾ, ਤੁਮਆ, ਨਿਮਆ, ਘੁਮਆ, ਰੰਙਿ, ਭੰਙਿ[3], ਨਿਸੰਙਿ, ਸਹਲੰਙਿ, ਪੰਙਿ , ਸੰਙਿ[4] ਆਦਿ ਸ਼ਬਦ ਸੰਗੀਤਕ ਲੋੜ ਕਰਕੇ ਰੂਪਾਂਤਰਤ ਕੀਤੇ ਗਏ ਹਨ।

ਰਾਗ ਬਿਲਾਵਲ ਦੀਆਂ ਅਸਟਪਦੀਆਂ ਵਿੱਚ ਵਿਸ਼ੇਸ਼ ਤੁਕਾਂਤਾਂ ਨਾਲ ਸੰਗੀਤ ਉਪਜਾਇਆ ਗਿਆ ਹੈ। ਗਵਈਆ, ਮਿਲਈਆ, ਰਮਈਆ, ਪੜਈਆ, ਲਗਈਆ, ਪਈਆ, ਲੰਘਈਆ, ਲਹੀਆ, ਬਈਆ, ਸੁਣਈਆ, ਰਵਈਆ, ਪਸਰੀਆ, ਲਖਈਆ, ਸਮਈਆ[5], ਏਸੇ ਤਰ੍ਹਾਂ ਹੀ ਇਹਨਾਂ ਛੇ ਅਸਟਪਦੀਆਂ ਵਿੱਚ ਵਿਸ਼ੇਸ਼ ਤੁਕਾਂਤਾਂ ਲਈ ਸ਼ਬਦਾਂ ਦਾ ਸੰਗੀਤਕ ਰੂਪਾਂਤਰਣ ਕੀਤਾ ਗਿਆ ਹੈ।

ਰਾਗ ਗੌਂਡ ਵਿੱਚ ਵੀ ਤੁਕਾਂਤਾਂ ਦੀ ਲੋੜ ਅਨੁਸਾਰ ਸ਼ਬਦਾਂ ਦੇ ਰੂਪ ਨੂੰ ਤਬਦੀਲ ਕੀਤਾ ਗਿਆ ਹੈ: ਸਮਦ੍ਰਿਸਟਾ, ਕੁਸਭਾਇਲੇ, ਗਾਇਲੇ, ਅਾਵਾਇਲੇ, ਜਾਇਲੇ, ਕੁਟੰਬਾਇਲੇ, ਧਿਆਇਲੇ, ਲੋਭਾਇਲੇ, ਜੰਤਾਇਲੇ, ਦਸਾਇਲੇ ਆਦਿ।

ਰਾਗ ਨਟ ਨਰਾਇਣ ਦੇ ਤੁਕਾਂਤਕ ਸ਼ਬਦਾਂ ਦਾ ਰੂਪਾਂਤਰਣ ਵੀ ਵਰਣਨਯੋਗ ਹੈ: ਨਿਸਤਰੇ, ਕ੍ਰਿਪਲੇ, ਸਲਲੇ, ਬਲਲੇ, ਦਲਲੇ , ਪਰਲੇ ਮੁਰਲੇ[6], ਬਸਖੇ, ਨਿਮਖੇ, ਜਨਖੇ, ਕ੍ਰਿਖੇ, ਹਰਣਖੇ, ਸਰਨਗੇ, ਪਾਪਗੇ, ਪਵਗੇ, ਜਨਗੇ, ਵਡਗੇ, ਖੁਨਗੇ, ਸੁਖਨੇ ਜੁਗਨੇ, ਵਡਨੇ[7], ਪ੍ਰਵਣੇ ਜਪਣੇ, ਰੁੜਣੇ, ਜੁਗਣੇ, ਸਮਣੇ, ਸਿਮਰਣੇ, ਫਲਣੇ, ਕ੍ਰਿਪਣੇ ਆਦਿ ਸ਼ਬਦ ਜੋ ਵਾਰਤਕ ਵਿੱਚ

---

1. ਆਦਿ ਗ੍ਰੰਥ, ਪੰਨਾ 729
2. ਉਹੀ, ਪੰਨਾ 730
3. ਉਹੀ, ਪੰਨਾ 731
4. ਉਹੀ, ਪੰਨਾ 732
5. ਉਹੀ, ਪੰਨਾ 833
6. ਉਹੀ, ਪੰਨਾ 975
7. ਉਹੀ, ਪੰਨਾ 976

ਬੋਲੇ ਜਾਣ ਤਾਂ ਫ਼ਜ਼ੂਲ ਲਗਣਗੇ ਪਰ ਗੁਰੂ ਰਾਮਦਾਸ ਜੀ ਨੇ ਇਹਨਾਂ ਨੂੰ ਕਵਿਤਾ ਵਿੱਚ ਇੰਜ ਪਰੋਇਆ ਹੈ ਕਿ ਇਸ ਦੀ ਸੰਗੀਤਕਤਾ ਵਿੱਚ ਹੋਰ ਵਾਧਾ ਹੋ ਗਿਆ ਹੈ।

ਰਾਗ ਬਸੰਤ ਵਿੱਚ ਹਿੰਡੋਲ ਦੇ ਤੁਕਾਂਤਾਂ ਵਾਲੇ ਕੁਝ ਸ਼ਬਦ ਵਿਲੱਖਣ ਹਨ: ਤੁਮਨਾਛੇ, ਬਨਛੇ, ਕ੍ਰਿਪਛੇ, ਹਨਛੇ, ਪਵਛਿ, ਦਿਨਛੇ, ਤਿਨਛੇ,[1] ਆਦਿ ਅਤੇ ਬਿਲਧਿ, ਬਧਿ, ਸੁਕਲਧਿ, ਮੁੰਞ, ਭੁੰਞ, ਲੰਞ ਆਦਿ।[2]

ਰਾਗ ਕਾਨੜਾ ਵਿੱਚ ਭੇਨ, ਚਿਤੇਨ, ਜਪੇਨ, ਪਵੇਨ, ਤਰਾਸ, ਬਿਖਿਆਸ, ਬਛਰਾਕ, ਭੰਸਾਰ, ਮੁਸਕਰਾਂ , ਅਪਨਾਕ ਆਦਿ ਰੂਪਾਂਤਰਤ ਸ਼ਬਦ ਪ੍ਰਯੋਗ ਹੋਏ ਹਨ।[3]

ਰਾਗ ਕਲਿਆਨ ਵਿੱਚ ਸੁਨਥਈ, ਬਿਰਥਈ, ਸਥਈ,[4] ਆਦਿ ਅਤੇ ਕਰੀਜੈ, ਧਰੀਜੈ, ਰਵੀਜੈ, ਭਰੀਜੈ, ਤਨੀਜੈ, ਦਿਖੀਜੈ, ਜੜੀਜੈ ਅਤੇ ਇਸੇ ਤਰ੍ਹਾਂ ਦੇ ਤੁਕਾਂਤਾਂ ਵਾਲੇ ਸ਼ਬਦ ਗੁਰੂ ਰਾਮਦਾਸ ਜੀ ਦੀਆਂ ਪਦਿਆਂ ਅਤੇ ਅਸਟਪਦੀਆਂ ਵਿੱਚ ਪ੍ਰਯੋਗ ਕੀਤੇ ਗਏ ਹਨ।[5]

ਕਈ ਪਦਿਆਂ ਵਿੱਚ ਤੁਕਾਂਤਾਂ ਨਾਲ ਸੰਬੰਧੀ ਸ਼ਬਦਾਂ ਦਾ ਪ੍ਰਯੋਗ ਕਰਕੇ ਉਹਨਾਂ ਵਿਚਲੇ ਸੰਗੀਤਕ ਤੱਤ ਵਿੱਚ ਵਾਧਾ ਕਰਨ ਦੇ ਨਾਲ ਨਾਲ ਉਹਨਾਂ ਦੀ ਖਿੱਚ ਵਧਾ ਦਿੱਤੀ ਗਈ ਹੈ। ਜਿਵੇਂ ਰਾਗ ਆਸਾ 'ਰੇ'[6] ਅਤੇ 'ਹਾਂ'[7] ਸ਼ਬਦਾਂ ਦਾ ਪ੍ਰਯੋਗ ਸਰੋਤੇ ਦੇ ਮਨ ਨੂੰ ਕੀਲ ਲੈਂਦਾ ਹੈ। ਸੋ ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਗੁਰੂ ਕਵੀਆਂ ਦੇ ਪਦਿਆਂ ਵਿੱਚ ਵਿਸ਼ੇਸ਼ ਰਾਗਾਂ ਅਧੀਨ ਵਿਸ਼ੇਸ਼ ਪ੍ਰਕਾਰ ਦੀ ਸ਼ਬਦਾਵਲੀ ਦੇ ਪ੍ਰਯੋਗ ਅਤੇ ਤੁਕਾਂਤਕ ਸ਼ਬਦਾਂ ਦੇ ਸੰਗੀਤ ਅਨੁਸਾਰ ਢਲੇ ਨਵੇਂ ਰੂਪਾਂ ਨੇ ਪਦਿਆਂ ਵਿੱਚ ਸੰਗੀਤਕ ਤੱਤ ਨੂੰ ਵਧਾਉਣ ਵਿੱਚ ਕਾਫ਼ੀ ਯੋਗਦਾਨ ਪਾਇਆ ਹੈ।

ਇਸ ਤਰ੍ਹਾਂ ਪਦ ਕਾਵਿ ਰੂਪ ਵਿੱਚ ਛੰਦ ਅਤੇ ਸ਼ਬਦਾਵਲੀ ਦੇ ਵਿਸ਼ੇਸ਼ ਪ੍ਰਯੋਗ ਅਨੁਸਾਰ ਜਿਹੜਾ ਸੰਗੀਤ ਪੈਦਾ ਹੁੰਦਾ ਹੈ ਉਸ ਨਾਲ ਕਾਵਿ ਅਤੇ ਸੰਗੀਤ ਦੇ ਆਪਸ ਵਿੱਚ ਸੰਬੰਧਿਤ ਹੋਣ ਦਾ ਵਿਚਾਰ ਹੋਰ ਦ੍ਰਿੜ ਹੁੰਦਾ ਹੈ।

---

1. ਆਦਿ ਗ੍ਰੰਥ, ਪੰਨਾ 1178
2. ਉਹੀ, ਪੰਨਾ 1179
3. ਉਹੀ, ਪੰਨਾ 1294-1295
4. ਉਹੀ, ਪੰਨਾ 1320
5. ਉਹੀ ਪੰਨਾ, 1323-1326
6. ਉਹੀ, ਪੰਨਾ 381-382- 404
7. ਉਹੀ, ਪੰਨਾ 409

6

## ਵਾਰਾਂ

ਵਾਰ ਕਾਵਿ ਰੂਪ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਵਿਸ਼ੇਸ਼ ਸਥਾਨ ਪ੍ਰਾਪਤ ਹੈ। 22 ਵਾਰਾਂ ਵਿਚੋਂ 21 ਵਾਰਾਂ ਦੀ ਰਚਨਾ ਗੁਰੂ ਕਵੀਆਂ ਨੇ ਕੀਤੀ ਹੈ। ਗੁਰੂ ਕਵੀਆਂ ਰਾਹੀਂ ਰਚਿਤ ਵਾਰਾਂ ਦਾ ਵੇਰਵਾ ਇਸ ਤਰ੍ਹਾਂ ਹੈ:-

ਗੁਰੂ ਨਾਨਕ ਦੇਵ ਜੀ — ਤਿੰਨ ਵਾਰਾਂ

ਗੁਰੂ ਅਮਰ ਦਾਸ ਜੀ — ਚਾਰ ਵਾਰਾਂ

ਗੁਰੂ ਰਾਮ ਦਾਸ ਜੀ — ਅੱਠ ਵਾਰਾਂ

ਗੁਰੂ ਅਰਜਨ ਦੇਵ ਜੀ — ਛੇ ਵਾਰਾਂ

ਪੰਜਾਬੀ ਦਾ ਬਹੁਤਾ ਬੀਰ ਰੱਸੀ ਕਾਵਿ ਵਾਰਾਂ ਦੇ ਰੂਪ ਵਿੱਚ ਹੀ ਮਿਲਦਾ ਹੈ। ਗੁਰੂ ਕਵੀਆਂ ਤੋਂ ਪਹਿਲਾਂ ਵੀ ਵਾਰ ਕਾਵਿ ਰੂਪ ਪ੍ਰਚਲਤ ਸੀ। ਇਸ ਦੇ ਸੰਕੇਤ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਮਿਲ ਜਾਂਦੇ ਹਨ। ਜਦੋਂ ਅਸੀਂ ਵੇਖਦੇ ਹਾਂ ਕਿ ਗੁਰੂ ਕਵੀਆਂ ਰਾਹੀਂ ਰਚਿਤ ਵਾਰਾਂ ਨੂੰ ਉਸ ਸਮੇਂ ਪ੍ਰਚਲਤ ਕੁਝ ਵਾਰਾਂ ਦੀਆਂ ਧੁਨਾਂ ਉੱਪਰ ਗਾਉਣ ਦੇ ਸੰਕੇਤ ਦਿੱਤੇ ਗਏ ਹਨ। ਇਸ ਕਾਵਿ ਰੂਪ ਨਾਲ ਸੰਗੀਤ ਮੁੱਢ ਤੋਂ ਹੀ ਜੁੜਿਆ ਹੋਇਆ ਹੈ। ਵਾਰ ਦੇ ਮੁੱਢ ਬਾਰੇ ਪ੍ਰਿੰਸੀਪਲ ਤੇਜਾ ਸਿੰਘ ਦਾ ਕਥਨ ਹੈ ਕਿ ਵਾਰ ਯੂਨਾਨੀ ਕਾਵਿ-ਭੇਦ ਓਡ ਦੇ ਪ੍ਰਭਾਵ ਨਾਲ ਹੋਂਦ ਵਿੱਚ ਆਈ ਹੈ। ਯੂਨਾਨੀ ਕਾਵਿ-ਭੇਦ ਓਡ ਨੂੰ ਵੀ ਖਲੋ ਕੇ ਦੋ ਬੰਦੇ ਗਾਉਂਦੇ ਹਨ ਤੇ ਉਹਨਾਂ ਕੋਲ ਵੀ ਢਾਡੀਆਂ ਦੀ ਢੱਡ ਤੇ ਸਾਰੰਗੀ ਵਰਗੇ ਸਾਜ਼ ਹੁੰਦੇ ਹਨ। ਓਡ ਵਿੱਚ ਤਿੰਨ ਭਾਗ ਹੁੰਦੇ ਹਨ। ਇੱਕ ਸਟਰਾਫੀ, ਦੂਜਾ ਐਂਟੀ ਸਟਰਾਫੀ ਅਤੇ ਤੀਜਾ ਈਪੋਡ। ਸਟਰਾਫੀ ਨੂੰ ਇੱਕ ਬੰਦਾ ਗਾਉਂਦਾ ਹੈ ਤੇ ਐਂਟੀ ਸਟਰਾਫੀ ਨੂੰ ਦੂਜਾ ਪਰ ਈਪੋਡ ਨੂੰ ਦੋਵੇਂ ਰਲ ਕੇ ਗਾਉਂਦੇ ਹਨ। ਪੰਜਾਬੀ ਸਾਹਿਤ ਦਾ ਇਹ ਕਾਵਿ ਰੂਪ ਵੀ ਇਸੇ ਵਿਧੀ

---

1. ਹਵਾਲਾ, ਮੋਹਨ ਸਿੰਘ ਪ੍ਰੇਮ, ਗੁਰਬਾਣੀ, ਪੰਨਾ 357

ਅਨੁਸਾਰ ਗਾਇਨ ਕੀਤਾ ਜਾਂਦਾ ਹੈ। ਭਾਵੇਂ ਅੱਜਕਲ ਢਾਡੀ ਇਸ ਤਰਾਂ ਨਹੀਂ ਗਾਉਂਦੇ ਪਰ ਵਾਰ ਗਾਇਨ ਦਾ ਇਹ ਰੂਪ ਰਾਗੀਆਂ ਵਿੱਚ ਅਜੇ ਵੀ ਪ੍ਰਚਲਤ ਹੈ। ਖਾਸ ਕਰਕੇ ਆਸਾ ਦੀ ਵਾਰ ਤਾਂ ਬਿਲਕੁਲ ਇਸੇ ਤਰ੍ਹਾਂ ਗਾਈ ਜਾਂਦੀ ਹੈ। ਪਹਿਲਾਂ ਇੱਕ ਰਾਗੀ ਸਲੋਕ ਗਾਉਂਦਾ ਹੈ ਅਤੇ ਫੇਰ ਦੂਜਾ ਸਲੋਕ ਗਾਉਂਦਾ ਹੈ ਪਰ ਪਉੜੀ ਸਾਰੇ ਇਕੱਠੇ ਰਲ ਕੇ ਗਾਉਂਦੇ ਹਨ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਪਹਿਲਾਂ ਵਾਰਾਂ ਨਾਲ ਸਲੋਕ ਨਹੀਂ ਸੀ ਹੁੰਦੇ। ਬੀਰ ਰਸੀ ਵਾਰਾਂ ਸਲੋਕ ਵਿਹੂਣੀਆਂ ਸਨ। ਇਹਨਾਂ ਦਾ ਰਿਵਾਜ ਅਧਿਆਤਮਕ ਵਾਰਾਂ ਨਾਲ ਹੀ ਪ੍ਰਚਲਤ ਹੋਇਆ ਹੈ। ਇਸ ਬਾਰੇ ਗਿਆਨੀ ਹੀਰਾ ਸਿੰਘ ਦਰਦ[1] ਦਸਦੇ ਹਨ ਕਿ ਪੁਰਾਣੀਆਂ ਬੀਰ ਰਸੀ ਸਭ ਵਾਰਾਂ ਪਉੜੀਆਂ ਵਿੱਚ ਹਨ। ਕਈ ਥਾਈਂ ਵਾਰ ਨੂੰ ਪਉੜੀ ਵੀ ਆਖਿਆ ਗਿਆ ਹੈ। ਗੁਰੂ ਰਾਮ ਦਾਸ ਜੀ ਦੀਆਂ ਸਭ ਵਾਰਾਂ ਪਉੜੀਆਂ ਵਿੱਚ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਸੰਤ ਕੀ ਵਾਰ ਤੇ ਸਤੇ-ਬਲਵੰਡ ਦੀ ਵਾਰ ਵੀ ਪਉੜੀਆਂ ਵਿੱਚ ਹੈ। ਪਰ ਗੁਰੂ ਸਾਹਿਬ ਦੀਆਂ ਹੋਰ ਵਾਰਾਂ ਨਾਲ ਸਲੋਕ ਵੀ ਦਰਜ ਹਨ। ਇਸ ਦਾ ਕਾਰਨ ਇਹ ਹੈ ਕਿ ਗੁਰੂ ਸਾਹਿਬ ਦੇ ਸਮੇਂ ਰਾਗੀ ਵਾਰਾਂ ਦਾ ਵੱਖ ਵੱਖ ਰਾਗਾਂ ਵਿੱਚ ਕੀਰਤਨ ਕਰਦੇ ਸਨ। ਕੀਰਤਨ ਸਮੇਂ ਪਉੜੀਆਂ ਦੀ ਵਿਆਖਿਆ ਕਰਨ ਲਈ ਉਹ ਗੁਰੂ ਸਾਹਿਬਾਂ ਦੇ ਸਲੋਕ ਵੀ ਨਾਲ ਪੜ੍ਹਦੇ ਸਨ। ਇਹ ਰਿਵਾਜ ਬੜਾ ਚੰਗਾ ਸੀ ਤੇ ਸੰਗਤਾਂ ਇਸ ਨੂੰ ਪਸੰਦ ਕਰਦੀਆਂ ਸਨ, ਪਰ ਸਾਰੇ ਰਾਗੀ, ਰਬਾਬੀ ਵਿਦਵਾਨ ਨਹੀਂ ਸਨ ਹੁੰਦੇ। ਉਹ ਕਈ ਵੇਰ ਕਿਸੇ ਪਉੜੀ ਨਾਲ ਅਣਢੁਕਵੇਂ ਸਲੋਕ ਵੀ ਪੜ੍ਹ ਦੇਂਦੇ ਸਨ। ਇਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਿਆਰੀ ਸਮੇਂ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਂ ਦੀਆਂ ਵਾਰਾਂ ਨਾਲ ਢੁੱਕਵੇਂ ਸਲੋਕ ਵੀ ਦਰਜ ਕਰ ਦਿੱਤੇ।

---

1. ਹੀਰਾ ਸਿੰਘ ਦਰਦ, ਗੁਰੂ ਰਾਮਦਾਸ ਦੀਆਂ ਵਾਰਾਂ, ਗੁਰੂ ਰਾਮਦਾਸ, ਸੰ. ਜੀਤ ਸਿੰਘ ਸੀਤਲ, ਪੰਨਾ 140

ਗੁਰੂ ਅਰਜਨ ਦੇਵ ਜੀ ਨੇ ਆਪਣੀਆਂ ਵਾਰਾਂ ਦੀਆਂ ਪਉੜੀਆਂ ਨਾਲ ਆਪ ਹੀ ਸਲੋਕ ਵੀ ਰਚ ਕੇ ਦਰਜ ਕਰ ਦਿੱਤੇ, ਪਰ ਪਹਿਲੇ ਗੁਰੂਆਂ ਦੀਆਂ ਵਾਰਾਂ ਪਹਿਲਾਂ ਪਉੜੀਆਂ ਵਿੱਚ ਹੀ ਰਚੀਆਂ ਗਈਆਂ ਸਨ। ਉਹਨਾਂ ਪਉੜੀਆਂ ਨਾਲ ਗੁਰੂ ਅਰਜਨ ਦੇਵ ਜੀ ਨੇ ਜਿਸ ਗੁਰੂ ਦੇ ਸਲੋਕ ਠੀਕ ਢੁੱਕਦੇ ਸਮਝੇ, ਉਹ ਦਰਜ ਕਰ ਦਿੱਤੇ । ਜਿਵੇਂ ਗੁਰੂ ਨਾਨਕ ਸਾਹਿਬ , ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਜੀ ਦੀਆਂ ਵਾਰਾਂ ਵਿੱਚ ਹੋਰ ਗੁਰੂਆਂ ਦੇ ਸਲੋਕ ਦਰਜ ਹਨ। ਇਹ ਗੁਰੂ ਅਰਜਨ ਦੇਵ ਜੀ ਨੇ ਦਰਜ ਕੀਤੇ ਹਨ, ਪਰ ਉਹਨਾਂ ਦੀਆਂ ਆਪਣੀਆਂ ਵਾਰਾਂ ਵਿੱਚ ਉਹਨਾਂ ਦੇ ਆਪਣੇ ਹੀ ਸਲੋਕ ਦਰਜ ਹਨ। ਮਲੂਮ ਹੁੰਦਾ ਹੈ ਵਾਰ ਰਚਣ ਸਮੇਂ ਉਹ ਨਾਲੋ ਨਾਲ ਹੀ ਸਲੋਕ ਵੀ ਰਚਦੇ ਗਏ।

ਗੁਰੂ ਕਵੀਆਂ ਦੀਆਂ ਰਚੀਆਂ 9 ਵਾਰਾਂ ਵਾਰ ਗਾਇਨ ਸ਼ੈਲੀ ਵਿੱਚ ਵਿਸ਼ੇਸ਼ ਸਥਾਨ ਰਖਦੀਆਂ ਹਨ। ਇਹਨਾਂ ਵਾਰਾਂ ਨੂੰ ਪੰਜਾਬੀ ਵਿੱਚ ਗਾਈਆਂ ਜਾਂਦੀਆਂ ਹੋਰ ਵਾਰਾਂ ਦੀਆਂ [illegible] ਧੁਨੀਆਂ ਤੇ ਗਾਉਣ ਦੇ ਆਦੇਸ਼ ਦਿੱਤੇ ਗਏ ਹਨ। ਇਹਨਾਂ 9 ਸਿਰਲੇਖਾਂ ਵਿੱਚ ਧੁਨ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਬਾਰੇ ਡਾਕਟਰ ਚਰਨ ਸਿੰਘ ਲਿਖਦੇ ਹਨ,"ਧੁਨਿ ਅਤੇ ਗਮਕ ਏਹ ਰਾਗ ਦੀ ਜਾਨ ਹੁੰਦੀਆਂ ਹਨ, ਪਰੰਤੂ ਏਥੇ ਓਨ੍ਹਾਂ ਧੁਨਾਂ ਨਾਲ ਸੂਰਬੀਰ ਪੁਰਖਾਂ ਦੇ ਨਾਉਂ ਬੀ ਲਿਖੇ ਹਨ, ਜਿਨ੍ਹਾਂ ਨੇ ਭਾਰੀ ਤੇ ਵਡੀ ਸੂਰਬੀਰਤਾ ਕਰਕੇ ਲੋਕ ਪ੍ਰਲੋਕ ਵਿਚ ਜਸ ਖਟਿਆ ਅਤੇ ਉਹਨਾਂ ਦੇ ਜਸ ਢਾਡੀਆਂ ਨੇ ਗਾਵੇਂ ਹੋਰਨਾਂ ਸੂਰਬੀਰਾਂ ਨੂੰ ਗਾਉ ਕੇ ਸੁਣਾਏ ਅਤੇ ਉਨ੍ਹਾਂ ਕੇ ਸੁਣਕੇ ਹੌਸਲੇ ਵਧਾਏ, ਜਿਸ ਤੋਂ ਓਨਾਂ ਵੀ ਜੁਧ ਵਿਚ ਬੜੇ ਬੜੇ ਕਾਰਨਾਮੇ ਕਰਕੇ ਦਿਖਾਏ। ਉਹੋ ਵਾਰਾਂ(ਜਸ) ਦਾ ਜੋ ਕੁਝ ਪ੍ਰਬੰਧ ਬਣਿਆ ਸਾ, ਢਾਡੀਆਂ ਨੇ ਛੇਵੇਂ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਸੁਣਾਇਆ, ਕਿਉਂਕਿ ਜੁਧ ਜੰਗ ਵੇਲੇ ਅਵਸੋ ਢਾਡੀ ਗਾਉਂਦੇ ਰਹੇ, ਪਰੰਤੂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਓਸੇ ਤਰਜ਼ ਯਾ ਤਰੀਕੇ ਪਰ ਢਾਡੀਆਂ ਨੂੰ ਵਾਰਾਂ ਦੇ ਗਾਉਣ ਦੀ ਆਗਿਆ ਕਰੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਜਗ੍ਹਾ ਜਗ੍ਹਾ ਤੇ ਸੂਚਨਾ ——

ਲਿਖੀ।"[1] ਪਰ ਸ਼ਬਦਾਰਥ ਵਿੱਚ ਲਿਖਿਆ ਹੈ ਕਿ ਗੁਰੂ ਹਰਿ ਗੋਬਿੰਦ ਜੀ ਰਾਹੀਂ ਧੁਨਾਂ ਦੀ ਸੂਚਨਾ ਗੁਰੂ ਗ੍ਰੰਥ ਸਾਹਿਬ ਉਤੇ ਲਿਖੇ ਜਾਣ ਵਾਲਾ ਵਿਚਾਰ ਠੀਕ ਨਹੀਂ ਕਿਉਂਕਿ ਕਰਤਾਰਪੁਰ ਵਾਲੀ ਬੀੜ ਵਿੱਚ ਜਿਸ ਕਲਮ ਤੇ ਸਿਆਹੀ ਨਾਲ ਵਾਰਾਂ ਲਿਖੀਆਂ ਹੋਈਆਂ ਹਨ, ਉਸੇ ਨਾਲ ਧੁਨਾਂ ਲਿਖੀਆਂ ਹਨ ਹੋ ਸਕਦਾ ਹੈ ਕਿ ਗੁਰੂ ਹਰਿ ਗੋਬਿੰਦ ਸਾਹਿਬ ਨੇ ਇਹਨਾਂ ਧੁਨਾਂ ਨੂੰ ਸੰਗਤਾਂ ਵਿੱਚ ਵਧੇਰੇ ਪ੍ਰਚਲਤ ਕੀਤਾ ਹੋਵੇ।[2] ਡਾ. ਚਰਨ ਸਿੰਘ ਜੀ ਨੇ ਗੁਰੂ ਸਾਹਿਬਾਨ ਰਾਹੀਂ ਰਚੀਆਂ ਵਾਰਾਂ ਨੂੰ ਇਹਨਾਂ ਧੁਨੀਆਂ ਤੇ ਗਾਇਨ ਕਰਨ ਲਈ ਵਿਸ਼ੇਸ਼ ਖੋਜ ਕੀਤੀ। ਉਹਨਾਂ ਨੇ ਧੁਨੀਂਵਾਲੀਆਂ ਵਾਰਾਂ ਦੀਆਂ ਪਉੜੀਆਂ ਦਸੀਆਂ ਅਤੇ ਭਾਈ ਪ੍ਰੇਮ ਸਿੰਘ[3] ਜੀ ਨੇ ਉਹਨਾਂ ਦੇ ਗਾਇਨ ਕਰਨ ਦੀ ਸੁਰ ਲਿਪੀ ਨਿਸ਼ਚਿਤ ਕੀਤੀ। ਇਹ ਸੁਰਾਂ ਭਾਵੇਂ ਅਸਪਸ਼ਟ ਹਨ ਪਰ ਫਿਰ ਵੀ ਪੁਰਾਤਨ ਧੁਨੀਆਂ ਅਨੁਸਾਰ ਵਾਰਾਂ ਨੂੰ ਗਾਇਨ ਕਰਨ ਦੀ ਪ੍ਰੇਰਣਾ ਇਹਨਾਂ ਤੋਂ ਜ਼ਰੂਰ ਮਿਲਦੀ ਹੈ। ਹੁਣ ਅਸੀਂ ਇਹਨਾਂ ਵਾਰਾਂ ਅਤੇ ਪੁਰਾਤਨ ਧੁਨਾਂ ਦਾ ਵੇਰਵਾ ਦਿੰਦੇ ਹਾਂ:-

ਵਾਰ ਮਾਝ ਕੀ ਤਥਾ ਸਲੋਕ ਮਹਲਾ 1

ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ

ਮਲਕ ਮੁਰੀਦ ਤੇ ਚੰਦ੍ਰਹੜਾ ਸੋਹੀਆ ਦੀ ਵਾਰ ਦੀ ਤੁਕ ਅਤੇ ਗੁਰੂ ਨਾਨਕ ਦੇਵ ਜੀ ਰਚਿਤ ਵਾਰ ਦੀ ਤੁਕ ਦਾ ਵਜ਼ਨ ਆਪਸ ਵਿੱਚ ਮਿਲਦਾ ਹੈ:

ਧੁਨੀ ਵਾਲੀ ਵਾਰ ਦੀ ਤੁਕ: ਕਾਬੁਲ ਵਿੱਚ ਮੁਰੀਦ ਖਾਂ ਫੜਿਆ ਬਡ ਜ਼ੋਰ।[4]

---

1. ਚਰਨ ਸਿੰਘ (ਡਾ.) ਗੁਰਮਤ ਸੰਗੀਤ ਪਰ ਹੁਣ ਤੱਕ ਮਿਲੀ ਖੋਜ(ਭਾਗ ਚੌਥਾ)ਪੰਨਾ5
2. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਪਹਿਲੀ ਪੋਥੀ) ਪੰਨਾ 137
3. ਚਰਨ ਸਿੰਘ (ਡਾ.) ਗੁਰਮਤ ਸੰਗੀਤ ਪਰ ਹੁਣ ਤੱਕ ਮਿਲੀ ਖੋਜ(ਭਾਗ ਚੌਥਾ)
4. ਉਹੀ, ਪੰਨਾ 6

ਗੁਰੂ ਨਾਨਕ ਜੀ ਦੀ ਵਾਰ:- ਤੂੰ ਕਰਤਾ ਪੁਰਖ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ।[1]

2. ਗਉੜੀ ਕੀ ਵਾਰ ਮਹਲਾ 5

ਰਾਇ ਕਮਾਲ ਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ

ਗੁਰੂ ਅਰਜਨ ਦੇਵ ਰਚਿਤ ਇਸ ਵਾਰ ਦੀਆਂ 21 ਪਉੜੀਆਂ ਹਨ, ਹਰ ਪਉੜੀ ਪੰਜ ਪੰਜ ਤੁਕਾਂ ਦੀ ਹੈ ਹਰ ਪਉੜੀ ਨਾਲ 2-2 ਸਲੋਕ ਹਨ। ਇਸ ਵਾਰ ਨੂੰ ਗਾਉਣ ਲਈ ਜਿਹੜੀ ਵਾਰ ਦੀ ਧੁਨੀ ਨਿਸਚਿਤ ਕੀਤੀ ਗਈ ਹੈ ਉਸ ਵਾਰ ਨੂੰ ਅਤੇ ਇਸ ਵਾਰ ਨੂੰ ਇਕੋ ਧੁਨੀ ਤੇ ਗਾਇਆ ਜਾ ਸਕਦਾ ਹੈ ਕਿਉਂਕਿ ਦੋਹਾਂ ਵਾਰਾਂ ਦਾ ਤੋਲ ਲਗਭਗ ਇਕੋ ਜਿਹਾ ਹੈ:-

ਧੁਨੀ ਵਾਲੀ ਵਾਰ:- ਰਾਣਾ ਰਾਇ ਕਮਾਲ ਦੀ ਰਣ ਭਾਰਾ ਬਾਹੀ।
ਮੌਜੁਦੀ ਤਲਵੰਡੀਓਂ ਚੜ੍ਹਿਆ ਸਾਬਾਹੀ।[2]

ਗਉੜੀ ਕੀ ਵਾਰ:- ਜੋ ਤੁਧੁ ਭਾਵੈ ਸੋ ਭਲਾ ਸਚੁ ਤੇਰਾ ਭਾਣਾ।
ਤੂ ਸਭ ਮਹਿ ਏਕੁ ਵਰਤਦਾ ਸਭ ਮਾਹਿ ਸਮਾਣਾ।[3]

3. ਆਸਾ ਮਹਲਾ 1

ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ।

ਗੁਰੂ ਨਾਨਕ ਦੇਵ ਜੀ ਦੀ ਰਚੀ ਹੋਈ ਇਸ ਵਾਰ ਵਿਚ 24 ਪਉੜੀਆਂ ਹਨ। ਹਰ ਪਉੜੀ ਤੋਂ ਪਹਿਲਾਂ ਸਲੋਕ ਦਿਤੇ ਗਏ ਹਨ। ਇਸ ਵਾਰ ਦਾ ਗਾਇਨ ਬਾਕੀ ਸਾਰਿਆਂ ਵਾਰਾਂ ਨਾਲੋਂ ਵਧੇਰੇ ਹੋਇਆ ਹੈ। ਅਜੇ ਵੀ ਸਿੱਖ ਧਾਰਮਿਕ ਸਥਾਨਾਂ ਤੇ ਇਸ ਵਾਰ ਨੂੰ ਗਾਇਨ ਕਰਨ ਦੀ ਪਰੰਪਰਾ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ[4] ਗੁਰੂ ਅਰਜਨ ਦੇਵ ਜੀ ਨੇ ਕੀਰਤਨ

1. ਆਦਿ ਗ੍ਰੰਥ, ਪੰਨਾ 138
2. ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ (ਭਾਗ4) ਪੰਨਾ 7
3. ਆਦਿ ਗ੍ਰੰਥ, ਪੰਨਾ 318
4. ਕਾਹਨ ਸਿੰਘ (ਨਾਭਾ), ਮਹਾਨ ਕੋਸ਼, ਪੰਨਾ 463

ਕਰਨ ਲਈ ਜਿਹੜੀਆਂ ਚਾਰ ਚੌਕੀਆਂ ਨਿਸਚਿਤ ਕੀਤੀਆਂ ਸਨ ਉਹਨਾਂ ਵਿਚੋਂ ਇੱਕ ਚੌਕੀ ਆਸਾ ਦੀ ਵਾਰ ਦੇ ਕੀਰਤਨ ਦੀ ਹੈ। ਇਹ ਕੀਰਤਨ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ। ਇਸ ਵਾਰ ਦੀ ਗਾਇਨ ਵਿਧੀ ਵਿੱਚ ਗੁਰੂ ਰਾਮ ਦਾਸ ਜੀ ਦੇ ਰਚੇ ਹੋਏ ਛੰਤਾਂ ਦੇ 24 ਛੱਕੇ[1] ਵੀ ਸ਼ਾਮਲ ਕੀਤੇ ਜਾਂਦੇ ਹਨ। ਮਹਾਨ ਕੋਸ਼[2] ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਆਸਾ ਦੀ ਵਾਰ ਦੇ ਨਾਲ ਇਹਨਾਂ ਛੱਕਿਆਂ ਨੂੰ ਮਿਲਾ ਕੇ ਕੀਰਤਨ ਕਰਨਾ ਸਿਖਾਇਆ ਹੈ। ਇਸ ਤਰ੍ਹਾਂ ਇਸ ਵਾਰ ਦੇ ਗਾਇਨ ਦੀ ਤਰਤੀਬ ਹੇਠ ਲਿਖੇ ਅਨੁਸਾਰ ਬਣ ਜਾਂਦੀ ਹੈ।

ਪਹਿਲਾਂ ਰਾਗ ਆਸਾ ਵਿੱਚ ਗੁਰੂ ਅਰਜਨ ਦੇਵ ਜੀ ਦਾ ਇੱਕ ਛੱਕਾ ਗਾਇਆ ਜਾਂਦਾ ਹੈ। ਆਮ ਤੌਰ ਤੇ ਇਹ ਛੱਕਾ ਇਕਤਾਲ ਵਿੱਚ ਗਾਇਆ ਜਾਂਦਾ ਹੈ। ਫੇਰ ਵਾਰ ਨਾਲ ਦਰਜ ਸਲੋਕ ਦਾ ਤਾਲ ਤੋਂ ਬਿਨਾਂ ਤਰੰਨਮ ਵਿੱਚ ਗਾਇਨ ਕੀਤਾ ਜਾਂਦਾ ਹੈ। ਸਲੋਕ ਇਕ ਰਾਗੀ ਗਾਉਂਦਾ ਹੈ। ਫੇਰ ਦੂਜਾ ਸਲੋਕ ਦੂਜਾ ਰਾਗੀ। ਇਸ ਤਰ੍ਹਾਂ ਸਲੋਕਾਂ ਦਾ ਗਾਇਨ ਰਾਗੀ ਵਾਰੋ ਵਾਰੀ ਕਰਦੇ ਹਨ। ਉਪਰੰਤ ਪਉੜੀ ਨੂੰ ਸਾਰੇ ਰਾਗੀ ਇਕੱਠੇ ਗਾਉਂਦੇ ਹਨ। ਪਉੜੀ ਨਾਲ ਇੱਕ ਵਿਸ਼ੇਸ਼ ਤਾਲ ਵਜਾਈ ਜਾਂਦੀ ਹੈ ਇਸ ਦੇ ਬੋਲ ਹਨ:-

ਗੇ ਤਾ ਗੇ ਟਿਟ ਤਾ

ਪਉੜੀ ਦੀ ਅੰਤਲੀ ਤੁਕ ਦਾ ਤੋਲ ਬਾਕੀ ਤੁਕਾਂ ਦੇ ਮੁਕਾਬਲੇ ਅੱਧਾ ਹੈ। ਗਾਇਨ ਵਿੱਚ ਇਸ ਦੇ ਮੁਕਾਅ ਦਾ ਢੰਗ ਵੀ ਵਿਸ਼ੇਸ਼ ਹੈ। ਇਸ ਨੂੰ ਇਸ ਤਰਾਂ ਬੋਲ ਕੇ ਮੁਕਾਇਆ ਜਾਂਦਾ ਹੈ:-

ਕਰਿ ਆਸਣ ਡਿਠੋ ਚਾਉ, ਡਿਠੋ ਚਾਉ, ਡਿਠੋ ਚਾ - ਉ।

---

1. ਆਦਿ ਗ੍ਰੰਥ, ਪੰਨਾ 448-451

2. ਕਾਹਨ ਸਿੰਘ (ਨਾਭਾ), ਮਹਾਨ ਕੋਸ਼, ਪੰਨਾ 92

ਫੇਰ ਇਸ ਪਉੜੀ ਦਾ ਪਾਠ ਤਬਲੇ ਵਾਲਾ ਬਿਨਾਂ ਕਿਸੇ ਸੁਰ ਅਤੇ ਤਾਲ ਦੇ ਕਰਦਾ ਹੈ। ਫੇਰ ਛੱਕਾ ਗਾਇਆ ਜਾਂਦਾ ਹੈ। ਇਸੇ ਤਰ੍ਹਾਂ ਸਾਰੀਆਂ ਪਉੜੀਆਂ ਗਾਈਆਂ ਜਾਂਦੀਆਂ ਹਨ। ਕਈ ਵਾਰ ਰਾਗੀ ਆਪਣੀ ਮਰਜ਼ੀ ਨਾਲ ਛੱਕੇ ਦੇ ਭਾਵਾਂ ਨਾਲ ਮਿਲਦੇ ਜੁਲਦੇ ਸ਼ਬਦਾਂ ਦਾ ਗਾਇਨ ਵੀ ਕਰਦੇ ਹਨ।

ਧੁਨ ਵਾਲੀ ਵਾਰ ਦਾ ਅਤੇ ਆਸਾ ਦੀ ਵਾਰ ਦਾ ਤੋਲ ਆਪਸ ਵਿੱਚ ਮਿਲਦਾ ਹੈ। ਦੋਵੇਂ ਵਾਰਾਂ ਇੱਕੋ ਹੀ ਧੁਨ ਉਤੇ ਗਾਈਆਂ ਜਾ ਸਕਦੀਆਂ ਹਨ। ਹੋ ਸਕਦਾ ਹੈ ਜਿਹੜੀ ਧੁਨੀ ਅੱਜ ਕਲ ਆਸਾ ਦੀ ਵਾਰ ਦੇ ਗਾਇਨ ਲਈ ਪ੍ਰਚਲਤ ਹੈ ਉਹ ਟੁੰਡੇ ਅਸ ਰਾਜੇ ਦੀ ਵਾਰ ਦੀ ਧੁਨੀ ਹੋਵੇ:-

ਧੁਨੀ ਵਾਲੀ ਵਾਰ:- ਭਬਕਿਓ ਸ਼ੇਰ ਸਰਦੂਲ ਰਾਇ ਰਣ ਮਾਰੂ ਵੱਜੇ
ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਅੱਜੇ।[1]

ਆਸਾ ਦੀ ਵਾਰ:- ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।[2]

4. ਗੂਜਰੀ ਕੀ ਵਾਰ ਮਹਲਾ 3

ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ ਗਾਉਣੀ

ਗੁਰੂ ਅਮਰਦਾਸ ਜੀ ਦੀ ਰਚੀ ਹੋਈ ਇਸ ਵਾਰ ਦੀਆਂ 22 ਪਉੜੀਆਂ ਹਨ। ਹਰ ਪਉੜੀ ਨਾਲ ਸਲੋਕ ਵੀ ਗੁਰੂ ਅਮਰ ਦਾਸ ਜੀ ਦੇ ਹੀ ਹਨ। ਸਿਕੰਦਰ ਬਿਰਾਹਿਮ ਕੀ ਵਾਰ ਦੀਆਂ ਦੋ ਪਉੜੀਆਂ ਦਾ ਨਮੂਨਾ ਡਾ: ਚਰਨ ਸਿੰਘ ਨੇ ਦਿੱਤਾ ਹੈ[3] ਜਿਹਨਾਂ ਵਿੱਚੋਂ ਹੇਠ ਲਿਖੀ ਪਉੜੀ ਗੂਜਰੀ ਦੀ ਵਾਰ ਨਾਲ ਵਧੇਰੇ ਮੇਲ ਖਾਂਦੀ ਹੈ:

ਸਿਕੰਦਰ ਕਹੈ ਬਿਰਾਹਿਮ ਨੂੰ ਇਕ ਗੱਲ ਹੈ ਭਾਈ।
ਤੇਰੀ ਸਾਡੀ ਰਣ ਵਿਖੇ ਅਜ ਪਈ ਲੜਾਈ।

---

1. ਗੁਰਮਤ ਸੰਗੀਤ, ਪਰ ਹੁਣ ਤਕ ਮਿਲੀ ਖੋਜ, ਪੰਨਾ 9
2. ਆਦਿ ਗ੍ਰੰਥ, ਪੰਨਾ 463
3. ~~[illegible]~~ ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ (ਭਾਗ ਚੌਥਾ) ਪੰਨਾ 11

ਤੂ ਨਹੀਂ ਕਿ ਮੈਂ ਨਹੀਂ ਇਹ ਹੁੰਦੀ ਆਈ।

ਰਜਪੂਤੀ ਜਾਤੀ ਨੱਸਿਆਂ ਰਣ ਲਾਜ ਮਰਾਈ।

ਲੜੀਇ ਆਹਮੋ ਸਾਹਮਣੇ ਜੋ ਕਰੈ ਸੁ ਸਾਂਈ।

ਗੂਜਰੀ ਦੀ ਵਾਰ ਦੀ ਪਹਿਲੀ ਪਉੜੀ ਹੇਠ ਲਿਖੀ ਹੈ :

ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ।

ਮਤਾ ਮਸੂਰਤਿ ਆਪਿ ਕਰੈ ਜੋ ਕਰੈ ਸੋ ਹੋਈ।

ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ।

ਤਦਹੁ ਆਪੇ ਆਪਿ ਨਿਰੰਕਾਰੁ ਹੈ ਨਾ ਓਪਤਿ ਹੋਈ।

ਜਿਉ ਤਿਸੁ ਭਾਵੈ ਤਿਵੈ ਕਰੈ ਤਿਸੁ ਬਿਨੁ ਅਵਰੁ ਨ ਕੋਈ[1]।

5. ਵਡਹੰਸ ਕੀ ਵਾਰ ਮਹਲਾ 4

ਲਲਾ ਬਹਲੀਮਾ ਕੀ ਧੁਨਿ ਗਾਵਣੀ।

ਗੁਰੂ ਰਾਮ ਦਾਸ ਜੀ ਦੀ ਰਚੀ ਹੋਈ ਵਾਰ ਦੀਆਂ 21 ਪਉੜੀਆਂ ਹਨ। ਉਹਨਾਂ ਦਾ ਕੋਈ ਸਲੋਕ ਕਿਸੇ ਪਉੜੀ ਨਾਲ ਦਰਜ ਨਹੀਂ ਕੀਤਾ ਗਿਆ। ਸਾਰੇ ਸਲੋਕਾਂ ਵਿੱਚੋਂ 3 ਗੁਰੂ ਨਾਨਕ ਦੇਵ ਜੀ ਦੇ ਅਤੇ 40 ਗੁਰੂ ਅਮਰ ਦਾਸ ਜੀ ਦੇ ਰਚੇ ਹੋਏ ਹਨ। ਹਰ ਪਉੜੀ ਦੀਆਂ ਤੁਕਾਂ 5-5 ਹਨ। ਇਸ ਵਾਰ ਨੂੰ ਗਾਉਣ ਲਈ ਨਿਯਤ ਕੀਤੀ ਗਈ ਧੁਨ ਵਾਲੀ ਵਾਰ ਅਤੇ ਇਸ ਵਾਰ ਦੀਆਂ ਪਉੜੀਆਂ ਨੂੰ ਇੱਕੋ ਧੁਨ ਤੇ ਗਾਇਨ ਕੀਤਾ ਜਾ ਸਕਦਾ ਹੈ ਕਿਉਂਕਿ ਦੋਹਾਂ ਵਾਰਾਂ ਦੀ ਬਣਤਰ ਆਪਸ ਵਿੱਚ ਕਾਫ਼ੀ ਹੱਦ ਤਕ ਮਿਲਦੀ ਜੁਲਦੀ ਹੈ:

ਧੁਨ ਵਾਲੀ ਵਾਰ:- ਧਾਈ ਧਾਈ ਆਖੀਐ ਗਹਿਰੀ ਸੱਟ ਪਈ ਜਿਉ ਵਦਾਣੇ।
ਧੂਹ ਮਿਆਨੋਂ ਕੱਢੀਐ ਤ੍ਰਿਖਾ ਤੀਰ ਬਬਾ ਤੁਰਾਣੇ[2]

---

1. ਆਦਿ ਗ੍ਰੰਥ, ਪੰਨਾ 509

2. ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ (ਭਾਗ 4) ਪੰਨਾ 12

ਵਡਹੰਸ ਦੀ ਵਾਰ:- ਤੂੰ ਆਪੇ ਹੀ ਆਪਿ ਆਪਿ ਹੈ ਆਪਿ ਕਾਰਣੁ ਕੀਆ

ਤੂ ਆਪੇ ਆਪਿ ਨਿਰੰਕਾਰੁ ਹੈ ਕੋ ਅਵਰ ਨ ਬੀਆ।[1]

6. ਰਾਮਕਲੀ ਕੀ ਵਾਰ ~~[illegible]~~ ਮਹਲਾ 3

ਜੋਧੈ ਵੀਰੈ ਪੂਰਬਾਣੀ ਕੀ ਧੁਨੀ

ਗੁਰੂ ਅਮਰਦਾਸ ਰਚਿਤ ਇਸ ਵਾਰ ਦੀਆਂ 21 ਪਉੜੀਆਂ ਹਨ ਅਤੇ ਨਾਲ ਸਲੋਕ ਵੀ ਦਰਜ ਕੀਤੇ ਗਏ ਹਨ। ਇਸ ਦੀ ਧੁਨੀ ਵਾਲੀ ਵਾਰ ਦੀ ਪਉੜੀ ਦੀਆਂ ਤੁਕਾਂ ਦਾ ਤੋਲ ਅਤੇ ਇਸ ਵਾਰ ਦਾ ਤੋਲ ਆਪਸ ਵਿੱਚ ਕਾਫੀ ਹਦ ਤਕ ਮੇਲ ਖਾਂਦਾ ਹੈ।

ਧੁਨੀ ਵਾਲੀ ਵਾਰ:- ਜੋਧੈ ਵੀਰਿ ਪੂਰਬਾਣੀਏ ਦੋ ਗੱਲਾ ਕਰਨਿ ਕਰਾਰੀਆ।[2]

ਰਾਮਕਲੀ ਕੀ ਵਾਰ:- ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ।[3]

7. ਸਾਰੰਗ ਕੀ ਵਾਰ ਮਹਲਾ 4

ਰਾਇ ਮਹਮੇ ਹਸਨੇ ਕੀ ਧੁਨਿ

ਗੁਰੂ ਰਾਮ ਦਾਸ ਜੀ ਦੀ ਰਚੀ ਇਹ ਵਾਰ ਬਾਕੀ ਸਾਰੀਆਂ ਵਾਰਾਂ ਤੋ ਲੰਮੀ ਵਾਰ ਹੈ। ਇਸ ਵਾਰ ਦੀਆਂ 36 ਪਉੜੀਆਂ ਹਨ। ਇਹਨਾਂ ਪਉੜੀਆਂ ਵਿੱਚੋਂ ਪੈਂਤੀਵੀਂ ਪਉੜੀ ਗੁਰੂ ਅਰਜਨ ਦੇਵ ਦੀ ਰਚੀ ਹੋਈ ਹੈ। ਹਰ ਪਉੜੀ ਪੰਜ ਪੰਜ ਤੁਕਾਂ ਦੀ ਹੈ।

ਇਸ ਵਾਰ ਵਿੱਚ ਪਹਿਲੀ ਤੇ ਚੌਤੀਵੀਂ ਪਉੜੀ ਨਾਲ ਤਿੰਨ ਤਿੰਨ ਸਲੋਕ ਦਰਜ ਹਨ। ਬਾਕੀ ਸਾਰੀਆਂ ਪਉੜੀਆਂ ਨਾਲ ਦੋ-ਦੋ ਸਲੋਕ ਦਰਜ ਕੀਤੇ ਗਏ ਹਨ। ਸਲੋਕਾਂ ਵਿੱਚੋਂ ਗੁਰੂ ਨਾਨਕ ਦੇਵ ਜੀ ਦੇ 33, ਗੁਰੂ ਅੰਗਦ ਦੇਵ ਜੀ ਦੇ 9, ਗੁਰੂ ਅਮਰਦਾਸ ਜੀ ਦੇ 23 , ਗੁਰੂ ਰਾਮਦਾਸ ਜੀ ਦੇ 6 ਅਤੇ ਗੁਰੂ ਅਰਜਨ ਦੇਵ ਜੀ ਦੇ 3 ਸਲੋਕ ਦਰਜ ਕੀਤੇ ਗਏ ਹਨ।

---

1. ਆਦਿ ਗ੍ਰੰਥ, ਪੰਨਾ 585
2. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਤੀਜੀ ਪੋਥੀ), ਪੰਨਾ 947
3. ਆਦਿ ਗ੍ਰੰਥ, ਪੰਨਾ 947

ਇਸ ਵਾਰ ਨੂੰ ਗਾਉਣ ਲਈ ਜਿਹੜੀ ਵਾਰ ਦੀ ਧੁਨੀ ਨਿਸ਼ਚਿਤ ਕੀਤੀ ਗਈ ਹੈ ਉਸ ਵਾਰ ਦੀ ਉਪਲਬਧ ਪਉੜੀ ਅਤੇ ਸਾਰੰਗ ਦੀ ਵਾਰ ਦੀ ਪਉੜੀ ਦਾ ਵਜ਼ਨ ਲਗਭਗ ਮਿਲਦਾ ਜੁਲਦਾ ਹੈ ਇਸ ਲਈ ਦੋਵੇਂ ਵਾਰਾਂ ਇਕੋ ਧੁਨੀ ਤੇ ਗਾਈਆਂ ਜਾ ਸਕਦੀਆਂ ਹਨ:

ਧੁਨੀ ਵਾਲੀ ਵਾਰ ਦੀ ਤੁਕ: ਮਹਿਮਾ ਹਸਨਾ ਰਾਜਪੂਤ ਰਾਇ ਭਾਰੇ ਭੱਟੀ।[1]

ਸਾਰੰਗ ਦੀ ਵਾਰ ਦੀ ਤੁਕ: ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ।[2]

8. ਵਾਰ ਮਲਾਰ ਕੀ ਮਹਲਾ 1

ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ

ਗੁਰੂ ਨਾਨਕ ਦੇਵ ਜੀ ਰਚਿਤ ਇਸ ਵਾਰ ਦੀਆਂ ਕੁੱਲ 28 ਪਉੜੀਆਂ ਹਨ। ਸਤਾਈਵੀਂ ਪਉੜੀ ਗੁਰੂ ਅਰਜਨ ਦੇਵ ਜੀ ਦੀ ਰਚੀ ਹੋਈ ਹੈ। ਇਸ ਵਾਰ ਦੀਆਂ ਪਉੜੀਆਂ ਨਾਲ ਕੁੱਲ 58 ਸਲੋਕ ਦਰਜ ਹੋਏ ਹਨ। ਪਉੜੀ ਨੰ: 21 ਨਾਲ 4 ਸਲੋਕ ਹਨ। ਬਾਕੀ ਸਾਰੀਆਂ ਪਉੜੀਆਂ ਨਾਲ 2-2 ਸਲੋਕ ਦਰਜ ਕੀਤੇ ਗਏ ਹਨ। ਸਲੋਕਾਂ ਵਿੱਚੋਂ ਗੁਰੂ ਨਾਨਕ ਦੇਵ ਜੀ ਦੇ 24, ਗੁਰੂ ਅੰਗਦ ਦੇਵ ਜੀ ਦੇ 5, ਗੁਰੂ ਅਮਰ ਦਾਸ ਜੀ ਦੇ 27 ਅਤੇ ਗੁਰੂ ਅਰਜਨ ਦੇਵ ਜੀ ਦੇ 2 ਸਲੋਕ ਹਨ। ਇਸ ਵਾਰ ਨੂੰ ਗਾਉਣ ਲਈ ਜਿਹੜੀ ਵਾਰ ਦੀ ਧੁਨ ਨਿਸ਼ਚਿਤ ਕੀਤੀ ਗਈ ਹੈ। ਉਸ ਪਉੜੀ ਦਾ ਤੋਲ ਇਸ ਵਾਰ ਦੀਆਂ ਪਉੜੀਆਂ ਨਾਲ ਬਹੁਤਾ ਮੇਲ ਨਹੀਂ ਖਾਂਦਾ ਪਰ ਫਿਰ ਵੀ ਸੰਗੀਤਕ ਪੱਖ ਤੋਂ ਇਹ ਵਾਰ ਉਸੇ ਧੁਨ ਉਪਰ ਗਾਈ ਜਾ ਸਕਦੀ ਹੈ।

ਧੁਨ ਵਾਲੀ ਵਾਰ ਦੀ ਤੁਕ: ਧਰਤ ਘੋੜਾ ਪਰਬਤ ਪਲਾਣ ਸਿਰ ਟੱਟਰ ਅੰਬਰ।[3]

ਵਾਰ ਮਲਾਰ ਦੀ ਤੁਕ: ਆਪੀਨੈ ਆਪੁ ਸਾਜਿ ਆਪੁ ਪਛਾਣਿਆ।[2]

---

1. ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ (ਭਾਗ 4), ਪੰਨਾ 14
2. ਆਦਿ ਗ੍ਰੰਥ, ਪੰਨਾ 1237
3. ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ (ਭਾਗ 4), ਪੰਨਾ 15
4. ਆਦਿ ਗ੍ਰੰਥ, ਪੰਨਾ 1279

9. ਕਾਨੜੇ ਕੀ ਵਾਰ ਮਹਲਾ 4

ਮੂਸੇ ਕੀ ਵਾਰ ਕੀ ਧੁਨੀ

ਇਸ ਵਾਰ ਦੀਆਂ ਕੁੱਲ 15 ਪਉੜੀਆਂ ਹਨ। ਹਰ ਪਉੜੀ ਨਾਲ ਦੋ ਦੋ ਸਲੋਕ ਹਨ। ਸਾਰੇ ਸਲੋਕ ਗੁਰੂ ਰਾਮ ਦਾਸ ਜੀ ਦੇ ਆਪਣੇ ਰਚੇ ਹੋਏ ਹਨ। ਸਲੋਕਾਂ ਦੀਆਂ ਤੁਕਾਂ ਦੋ, ਤਿੰਨ, ਚਾਰ ਅਤੇ ਇਸ ਤੋਂ ਵੱਧ ਵੀ ਹਨ। ਹਰ ਪਉੜੀ ਦੀਆਂ ਤੁਕਾਂ ਪੰਜ-ਪੰਜ ਹਨ। ਕਈ ਤੁਕਾਂ ਦਾ ਆਪਸ ਵਿੱਚ ਵਜ਼ਨ ਬਿਲਕੁਲ ਪੂਰਾ ਹੈ:

ਤੂ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ।

ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗੀਆ।

ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਗੀਆ।

ਪਰ ਇਸੇ ਪਉੜੀ ਦੀਆਂ ਅਗਲੀਆਂ ਦੋਵੇਂ ਤੁਕਾਂ ਕਾਫੀ ਲੰਮੀਆਂ ਹਨ:

ਸਤਿ ਸੰਗਤਿ ਸਤਿਗੁਰ ਧੰਨੁ ਧੰਨੋ,

ਧੰਨ ਧੰਨਧੰਨੋ ਜਿਤੁ ਮਿਲਿ ਹਰਿ ਬੁਲਗ ਬੁਲੋਗੀਆ।

ਸਭ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ,

ਹਰਿ ਬੋਲਤ ਸਭਿ ਪਾਪ ਲਹੋਗੀਆ। [1]

ਇਸ ਤੋਂ ਸਪਸ਼ਟ ਹੈ ਕਿ ਗੁਰੂ ਕਵੀ ਪਿੰਗਲ ਤੋਂ ਨਾਵਾਕਫ ਨਹੀਂ ਸਨ ਸਗੋਂ ਉਹ ਜੋ ਰੂਪ ਵਰਤਦੇ ਸਨ ਉਸ ਦੇ ਪ੍ਰਚਲਤ ਪਿੰਗਲ ਨੂੰ ਜਾਣਦੇ ਸਨ। ਪਰ ਉਹ ਸੰਗੀਤ ਜਾਂ ਭਾਵ ਦੀ ਸਪਸ਼ਟਤਾ ਅਤੇ ਜਜ਼ਬੇ ਦੇ ਵੇਗ ਵਿੱਚ ਖੁੱਲ੍ਹ ਲੈ ਲੈਂਦੇ ਸਨ।

ਇਸ ਵਾਰ ਨੂੰ ਗਾਉਣ ਲਈ ਜਿਹੜੀ ਵਾਰ ਦੀ ਧੁਨ ਦੱਸੀ ਗਈ ਹੈ ਉਸ ਦੇ ਤੋਲ ਵਿੱਚ

---

1. ਆਦਿ ਗ੍ਰੰਥ, ਪੰਨਾ 1313

ਬੜਾ ਅੰਤਰ ਹੈ। ਇਸ ਲਈ ਇਹ ਵਾਰ ਦੱਸੀ ਧੁਨੀ ਤੇ ਕਿਸ ਤਰ੍ਹਾਂ ਗਾਈ ਜਾਂਦੀ ਹੋਵੇਗੀ ਇਸ ਬਾਰੇ ਸਪਸ਼ਟ ਰੂਪ ਵਿਚ ਕੁਝ ਨਹੀਂ ਕਿਹਾ ਜਾ ਸਕਦਾ।

ਧੁਨ ਵਾਲੀ ਵਾਰ ਦੀ ਤੁਕ: ਤ੍ਰੈ ਸੈ ਸਠ ਮਰਾਤਬਾ ਇਕ ਘੁਰਾਇ ਡੰਗੈ।[1]

ਕਾਨੜੇ ਕੀ ਵਾਰ ਦੀ ਤੁਕ: ਤੂ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ।[2]

ਇਸ ਤਰ੍ਹਾਂ ਹੀ ਬਾਕੀ ਵਾਰਾਂ ਦੇ ਭਾਵੇਂ ਧੁਨੀਆਂ ਦਾ ਕੋਈ ਸੰਕੇਤ ਨਹੀਂ ਮਿਲਦਾ ਪਰ ਉਹ ਵਾਰਾਂ ਵੀ ਗਾਈਆਂ ਜਾ ਸਕਦੀਆਂ ਹਨ। ਬਸੰਤ ਦੀ ਵਾਰ ਜੋ ਗੁਰੂ ਅਰਜਨ ਦੇਵ ਜੀ ਦੀ ਰਚੀ ਹੋਈ ਹੈ ਉਸ ਨੂੰ ਬਸੰਤ ਰੁਤ ਵਿੱਚ ਸਿੱਖ ਧਾਰਮਿਕ ਸਥਾਨਾਂ ਤੇ ਅਜੇ ਵੀ ਗਾਇਆ ਜਾਂਦਾ ਹੈ। ਇਸ ਦੇ ਗਾਉਣ ਲਈ ਵਿਸ਼ੇਸ਼ ਤਰਜ਼ ਨਿਯਤ ਕੀਤੀ ਗਈ ਹੈ। ਇਸ ਦਾ ਰਾਗ ਬਸੰਤ ਹੀ ਹੁੰਦਾ ਹੈ। ਇਸ ਨਾਲ ਤਬਲੇ ਦੀ ਜਿਹੜੀ ਤਾਲ ਵਜਦੀ ਹੈ ਉਸ ਦੇ ਬੋਲ ਹਨ:-

ਗੇ ਤਾ ਤਾ

ਇਸ ਵਾਰ ਦਾ ਗਾਇਨ ਸ਼ੁਰੂ ਕਰਨ ਤੋ ਪਹਿਲਾਂ ਕਿਸੇ ਅਜਿਹੇ ਸਲੋਕ ਦਾ ਗਾਇਨ ਕੀਤਾ ਜਾਂਦਾ ਹੈ ਜਿਸ ਵਿੱਚ ਬਸੰਤ ਰੁਤ ਬਾਰੇ ਕੋਈ ਵਿਚਾਰ ਦਿੱਤਾ ਗਿਆ ਹੋਵੇ, ਜਿਵੇਂ:-

ਪਹਿਲ ਬਸੰਤੈ ਆਗਮਨਿ ਪਹਿਲ ਮਉਲਿਓ ਸੋਇ।
ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ।[3]

ਇਸ ਤੋ ਉਪਰੰਤ ਬਸੰਤ ਦੀ ਵਾਰ ਦਾ ਗਾਇਨ ਹੁੰਦਾ ਹੈ।

ਇਸੇ ਤਰ੍ਹਾਂ ਰਾਮਕਲੀ ਦੀ ਵਾਰ ਦੀਆਂ ਦੋ ਪਉੜੀਆਂ ਵੀ ਕੁਝ ਸਿੱਖ ਧਾਰਮਿਕ ਸਥਾਨਾਂ ਤੇ ਗਾਈਆਂ ਜਾਂਦੀਆਂ ਹਨ। ਪਹਿਲਾਂ ਹੇਠ ਲਿਖੀਆਂ ਦੋ ਤੁਕਾਂ ਦਾ ਸਲੋਕ ਵਾਂਗ ਗਾਇਨ ਕੀਤਾ ਜਾਂਦਾ ਹੈ:

ਵਡਾ ਤੇਰਾ ਦਰਬਾਰ ਸਚਾ ਤੁਧੁ ਤਖਤੁ।
ਸਿਰ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ।[4]

---

1. ਗੁਰਮਤ ਸੰਗੀਤ ਪਰ ਹੁਣ ਤੱਕ ਮਿਲੀ ਖੋਜ(ਭਾਗ 4) , ਪੰਨਾ 16
2. ਆਦਿ ਗ੍ਰੰਥ, ਪੰਨਾ 1313
3. ਗੁਰੂ ਨਾਨਕ, ਆਦਿ ਗ੍ਰੰਥ, ਪੰਨਾ 791
4. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 964

ਫੇਰ ਹੇਠ ਲਿਖੀ ਪਉੜੀ ਲੈਅ ਵਿੱਚ ਗਾਈ ਜਾਂਦੀ ਹੈ:

ਵਡੀ ਹੂ ਵਡਾ ਅਪਾਰੁ ਤੇਰਾ ਮਰਤਬਾ।
ਰੰਗ ਪਰੰਗ ਅਨੇਕ ਨ ਜਾਪਨਿ ਕਰਤਬਾ।
ਜੀਆ ਅੰਦਰਿ ਜੀਉ ਸਭੁ ਕਿਛੁ ਜਾਣਲਾ।
ਸਭ ਕਿਛੁ ਤੇਰੈ ਵਸਿ ਤੇਰਾ ਘਰੁ ਭਲਾ।
ਤੇਰੈ ਘਰਿ ਆਨੰਦ ਵਧਾਈ ਤੁਧੁ ਘਰਿ।
ਮਾਣ ਮਹਤਾ ਤੇਜ ਆਪਣਾ ਆਪ ਜਰਿ
ਸਰਬ ਕਲਾ ਭਰਪੂਰ ਦਿਸੈ ਜਤ ਕਤਾ।
ਨਾਨਕ ਦਾਸਨ ਦਾਸ ਤੁਧੁ ਆਗੈ ਬਿਨਵਤਾ।[1]

ਇਸ ਪਉੜੀ ਨਾਲ ਤਬਲੇ ਦੀ ਗਤ ਬਸੰਤ ਦੀ ਵਾਰ ਵਾਲੀ ਵਜਾਈ ਜਾਂਦੀ ਹੈ।

ਜਿਥੇ 21 ਵਾਰਾਂ ਵਿੱਚੋਂ 9 ਵਾਰਾਂ ਗਾਇਨ ਸ਼ੈਲੀ ਪੱਖੋਂ ਵਿਸ਼ੇਸ਼ ਹਨ ਉਥੇ ਸਾਰੀਆਂ ਵਾਰਾਂ ਰਾਗ ਪੱਖੋਂ ਵੀ ਵਰਣਨ ਯੋਗ ਹਨ। ਅਸੀਂ ਵੇਖਿਆ ਹੈ ਕਿ 31 ਰਾਗਾਂ ਵਿੱਚ ਕੇਵਲ 16 ਰਾਗਾਂ ਨੂੰ ਵਾਰ ਗਾਉਣ ਲਈ ਪ੍ਰਯੋਗ ਕੀਤਾ ਗਿਆ ਹੈ। ਇਹ ਵੇਖ ਕੇ ਗੁਰੂ ਕਵੀਆਂ ਦੇ ਕਾਵਿਕ ਅਤੇ ਸੰਗੀਤਕ ਗਿਆਨ ਪ੍ਰਤੀ ਸ਼ਰਧਾ ਨਾਲ ਸਿਰ ਝੁਕ ਜਾਂਦਾ ਹੈ ਕਿ ਗੁਰੂ ਕਵੀਆਂ ਨੇ ਜਿਹੜੇ ਰਾਗ ਵਾਰ ਕਾਵਿ ਰੂਪ ਲਈ ਪ੍ਰਯੋਗ ਕੀਤੇ ਉਹਨਾਂ ਵਿੱਚੋਂ ਲਗਭਗ 14 ਰਾਗ ਵੀਰ ਰਸੀ ਭਾਵਾਂ ਨੂੰ ਪ੍ਰਗਟਾਉਣ ਦੇ ਸਮੱਰਥ ਹਨ।

ਵੀਰ ਰਸੀ ਭਾਵਾਂ ਨੂੰ ਪ੍ਰਗਟਾਉਣ ਵਾਲੇ ਰਾਗ ਹੇਠ ਲਿਖੇ ਅਨੁਸਾਰ ਹੋ ਸਕਦੇ ਹਨ:

ੳ. ਉਹ ਰਾਗ ਜਿਨ੍ਹਾਂ ਵਿੱਚ ਸ਼ੜਜ ਅਤੇ ਰਿਸ਼ਭ ਵਾਦੀ ਸੁਰ ਹੋਵੇ।[2]

ਅ. ਉਹ ਰਾਗ ਜਿਨ੍ਹਾਂ ਵਿੱਚ ਗੰਧਾਰ ਅਤੇ ਨਿਸ਼ਾਦ ਕੋਮਲ ਰੂਪ ਵਿੱਚ ਪ੍ਰਯੋਗ ਹੋਣ।[3]

---

1. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 965
2. ਬ੍ਰਹਿਸਪਤੀ, ਭਰਤ ਕਾ ਸੰਗੀਤ ਸਿਧਾਂਤ, ਪੰਨਾ 270
3. ਭਾਤਖੰਡੇ, ਕ੍ਰਮਕ ਪੁਸਤਕ ਮਾਲਿਕਾ (ਪਾਂਚਵੀ ਪੁਸਤਕ) ਪੰਨਾ 37

ਵਾਰ ਕਾਵਿ ਰੂਪ ਲਈ ਪ੍ਰਯੋਗ ਕੀਤੇ ਰਾਗਾਂ ਦੀ ਸਥਿਤੀ ਇਸ ਤਰ੍ਹਾਂ ਹੈ :

ਸ੍ਰੀ ਰਾਗ:- ਸੰਗੀਤ ਦਰਪਣ ਅਨੁਸਾਰ ਇਸ ਰਾਗ ਦਾ ਵਾਦੀ ਸੁਰ ਸ਼ੜਜ ਹੈ।[1] ਗੁਰਬਾਣੀ ਸੰਗੀਤ ਵਿੱਚ ਰਿਸ਼ਭ ਨੂੰ ਵੀ ਵਾਦੀ ਸੁਰ ਮੰਨਿਆ ਗਿਆ ਹੈ।[2] ਇਸ ਲਈ ਦੋਵੇਂ ਹਾਲਤਾਂ ਵਿੱਚ ਇਹ ਰਾਗ ਵੀਰ ਰਸੀ ਭਾਵਾਂ ਨੂੰ ਪ੍ਰਗਟ ਕਰ ਸਕਦਾ ਹੈ।

ਮਾਝ ਰਾਗ:- ਇਸ ਰਾਗ ਦਾ ਵਾਦੀ ਸੁਰ ਰਿਸ਼ਭ ਹੈ।[3]

ਗਉੜੀ:- ਇਸ ਰਾਗ ਦਾ ਵਾਦੀ ਸੁਰ ਰਿਸ਼ਭ ਵੀ ਮੰਨਿਆ ਜਾਂਦਾ ਹੈ।[4]

ਆਸਾ:- ਗੁਰਮਤ ਸੰਗੀਤ ਰਤਨ ਭੰਡਾਰ ਵਿੱਚ ਇਸ ਦਾ ਵਾਦੀ ਸੁਰ ਰਿਸ਼ਭ ਦੱਸਿਆ ਹੈ।[5]

ਗੂਜਰੀ:- 'ਸੁਰਮੇਲ ਕਲਾ ਨਿਧੀ' ਅਨੁਸਾਰ ਇਸ ਦਾ ਵਾਦੀ ਸੁਰ ਰਿਸ਼ਭ ਨੂੰ ਮੰਨਿਆ ਗਿਆ ਹੈ।[6]

ਵਡਹੰਸ: ਅਹੋਬਲ ਅਨੁਸਾਰ ਇਸ ਰਾਗ ਦਾ ਵਾਦੀ ਸੁਰ ਸ਼ੜਜ ਨੂੰ ਵੀ ਮੰਨਿਆ ਜਾਂਦਾ ਹੈ।[7]

ਸੋਰਠ:- ਕਈ ਵਿਦਵਾਨਾਂ ਨੇ ਇਸ ਰਾਗ ਦਾ ਵਾਦੀ ਸੁਰ ਰਿਸ਼ਭ ਮੰਨਿਆ ਹੈ।[8]

ਜੈਤਸਰੀ:- ਕੁਝ ਲੋਕ ਇਸ ਰਾਗ ਵਿੱਚ ਸ਼ੜਜ ਨੂੰ ਵਾਦੀ ਸੁਰ ਮੰਨਦੇ ਹਨ।[9]

ਸੂਹੀ: 'ਗੁਰਮਤਿ ਸੰਗੀਤ ਰਤਨ ਭੰਡਾਰ' ਵਿੱਚ ਇਸ ਰਾਗ ਦਾ ਵਾਦੀ ਸੁਰ ਸ਼ੜਜ ਦੱਸਿਆ ਗਿਆ ਹੈ।[10]

---

1. ਦਮੋਦਰ ਪੰਡਿਤ, ਸੰਗੀਤ ਦਰਪਣ, ਪੰਨਾ 104
2. ਗਿਆਨ ਸਿੰਘ, ਗੁਰਬਾਣੀ ਸੰਗੀਤ, ਪੰਨਾ 3
3. ਉਹੀ, ਪੰਨਾ 12
4. ਭਾਤ ਖੰਡੇ, ਕ੍ਰਮਕ ਪੁਸਤਕ ਮਾਲਿਕਾ (ਪਾਂਚਵੀਂ ਪੁਸਤਕ) ਪੰਨਾ 427
5. ਮਾਸਟਰ ਪ੍ਰੇਮ ਸਿੰਘ, ਗੁਰਮਤ ਸੰਗੀਤ ਰਤਨ ਭੰਡਾਰ, ਪੰਨਾ 33-34
6. ਰਾਮਾਮਾਤਿਆ, ਸੁਰਮੇਲ ਕਲਾ ਨਿਧੀ, ਪੰਨਾ 44
7. ਅਹੋਬਲ, ਸੰਗੀਤ ਪਾਰਿਜਾਤ, ਪੰਨਾ 163
8. ਨਵਾਬ ਅਲੀ, ਮਾਰਿਫੁੰਨਗਮਾਤ, ਪੰਨਾ 149
9. ਉਹੀ, ਪੰਨਾ 249
10. ਪ੍ਰੇਮ ਸਿੰਘ, ਗੁਰਮਤ ਸੰਗੀਤ ਰਤਨ ਭੰਡਾਰ, ਪੰਨਾ 59

**ਬਿਲਾਵਲ:** ਇਸ ਰਾਗ ਦਾ ਵਾਦੀ ਸੁਰ ਸ਼ੜਜ ਨੂੰ ਮੰਨਣ ਦੀ ਪ੍ਰਥਾ ਵੀ ਹੈ।[1]

**ਮਾਰੂ:** ਇਸ ਰਾਗ ਦਾ ਵਾਦੀ ਸੁਰ ਰਿਸ਼ਭ ਹੈ।[2]

**ਬਸੰਤ:-** ਇਸ ਰਾਗ ਦਾ ਵਾਦੀ ਸੁਰ ਸ਼ੜਜ ਹੈ।[3]

**ਸਾਰੰਗ:-** ਇਸ ਰਾਗ ਦਾ ਵਾਦੀ ਸੁਰ ਰਿਸ਼ਭ ਹੈ।[4]

**ਮਲਾਰ:-** ਇਸ ਰਾਗ ਦਾ ਵਾਦੀ ਸੁਰ ਸ਼ੜਜ ਹੈ।[5]

**ਕਾਨੜਾ:-** ਇਸ ਰਾਗ ਵਿੱਚ ਗੰਧਾਰ ਅਤੇ ਨਿਸ਼ਾਦ ਕੋਮਲ ਰੂਪ ਵਿੱਚ ਪ੍ਰਯੋਗ ਹੁੰਦੇ ਹਨ।[6]

ਇਸ ਤਰ੍ਹਾਂ ਬਿਹਾਗੜਾ ਅਤੇ ਰਾਮਕਲੀ ਦੀਆਂ ਵਾਰਾਂ ਨੂੰ ਛੱਡ ਕੇ ਬਾਕੀ ਸਾਰੀਆਂ ਵਾਰਾਂ ਉਹਨਾਂ ਰਾਗਾਂ ਵਿੱਚ ਹਨ ਜਿਹੜੇ ਵਾਰ ਕਾਵਿ ਲਈ ਢੁਕਵੇਂ ਹਨ। ਬਿਹਾਗੜਾ ਅਤੇ ਰਾਮਕਲੀ ਦੀਆਂ ਵਾਰਾਂ ਨੂੰ ਅਢੁਕਵਾਂ ਨਹੀਂ ਕਿਹਾ ਜਾ ਸਕਦਾ ਕਿਉਂਕਿ ਗੁਰੂ ਸਾਹਿਬ ਦੀਆਂ ਵਾਰਾਂ ਵਿੱਚ ਵੀਰ ਰਸੀ ਭਾਵ ਨਹੀਂ ਸਗੋਂ ਅਧਿਆਤਮਕ ਭਾਵ ਪ੍ਰਗਟਾਏ ਗਏ ਹਨ। ਇਸ ਲਈ ਇਹ ਰਾਗ ਭਗਤੀ ਅਤੇ ਸ਼ਾਂਤ ਭਾਵਾਂ ਦਾ ਪ੍ਰਗਟਾਵਾ ਵੀ ਕਰ ਸਕਦੇ ਹਨ।

ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਵਾਰ ਕਾਵਿ ਰੂਪ ਨੂੰ ਢੁਕਵੇਂ ਰਾਗਾਂ ਵਿੱਚ ਪ੍ਰਯੋਗ ਕਰਕੇ ਕਾਵਿ ਰੂਪ ਅਤੇ ਰਾਗ ਦਾ ਸਫਲ ਸੰਜੋਗ ਕੀਤਾ ਹੈ।

ਜਿਥੇ ਇਹ ਵਾਰਾਂ ਕਾਵਿ ਰੂਪ ਅਤੇ ਰਾਗ ਦੇ ਪੱਖੋਂ ਸੁਮੇਲ ਭਰਪੂਰ ਹਨ ਉਥੇ ਇਹਨਾਂ ਦੀ ਵਾਰਾਂ ਵਿੱਚ ਪ੍ਰਯੁਕਤ ਛੰਦ ਵੀ ਵਾਰ ਕਾਵਿ-ਰੂਪ ਅਤੇ ਰਾਗਾਂ ਦੇ ਅਨੁਸਾਰ ਚਲਦਾ ਹੈ। ਆਮ

---

1. ਨਵਾਬ ਅਲੀ, ਮਾਰਿਫੁਨਗਮਾਤ, ਪੰਨਾ 105
2. ਰਾਗ ਕੋਸ਼; ਪੰਨਾ 35
3. ਉਹੀ, ਪੰਨਾ 18
4. ਨਵਾਬ ਅਲੀ, ਮਾਰਿਫੁਨਗਮਾਤ, ਪੰਨਾ 249
5. ਜਗਦੀਸ਼ ਨਾਰਾਇਣ ਪਾਠਕ, ਸੰਗੀਤ ਸ਼ਾਸਤਰ ਮੀਮਾਂਸਾ(ਭਾਗ 1 ),ਪੰਨਾ 383
6. ਭਾਤਖੰਡੇ, ਕ੍ਰਮਕ ਪੁਸਤਕ ਮਾਲਿਕਾ(ਭਾਗ4 ) ਪੰਨਾ 56

ਤੌਰ ਤੇ ਵਾਰ ਕਾਵਿ ਰੂਪ ਦਾ ਮੂਲ ਛੰਦ ਪਉੜੀ ਹੈ ਅਗੋਂ ਇਸ ਦੇ ਕਈ ਰੂਪ ਪ੍ਰਚਲਤ ਹੋ ਜਾਂਦੇ ਹਨ। ਇਹ ਰੂਪ ਵੱਖ ਵੱਖ ਛੰਦਾਂ ਵਿੱਚ ਵੀ ਹੋ ਸਕਦੇ ਹਨ। ਗੁਰੂ ਸਾਹਿਬਾਨ ਦੀਆਂ ਰਚੀਆਂ ਵਾਰਾਂ ਵਿੱਚ ਕਈ ਭਾਂਤ ਦੇ ਛੰਦ ਪ੍ਰਚਲਤ ਹਨ ਕੁਝ ਕੁ ਛੰਦਾਂ ਦੀਆਂ ਵੰਨਗੀਆਂ ਦਾ ਅਧਿਐਨ ਕਰਨਾ ਹੀ ਉਚਿਤ ਹੋਵੇਗਾ।

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਦੀਆਂ ਪਉੜੀਆਂ ਦਾ ਛੰਦ ਉਪਮਾਨ,[1] ਅੜਿਲ,[2] ਦੋਹਿਰਾ,[3] ਦਵਈਆ,[4] ਆਦਿ ਦਸਦੇ ਹਨ।

ਗੁਰੂ ਅਰਜਨ ਦੇਵ ਜੀ ਦੀਆਂ ਵਾਰਾਂ ਦੀਆਂ ਪਉੜੀਆਂ ਦਾ ਛੰਦ ਉਪਮਾਨ ਤੇ ਨਿਸ਼ਾਨੀ ਹੈ।[5]

ਡਾਕਟਰ ਬਲਬੀਰ ਸਿੰਘ[6] ਜੀ ਨੇ ਗੁਰੂ ਅਮਰਦਾਸ ਜੀ ਦੀਆਂ ਵਾਰਾਂ ਦਾ ਅਧਿਐਨ ਕਰਦਿਆਂ ਉਹਨਾਂ ਵਿੱਚ ਨਿਸ਼ਾਨੀ, ਸਰਸੀ, ਸੁਕਾਵਯ, ਦੋਹਿਰਾ, ਸੁਖਦਾ, ਸੰਕਰ, ਹੰਸਗਤੀ, ਰਸਾਵਲ, ਗਾਹਾ ਦੂਜਾ, ਗੀਤਾ, ਪੁਨਹਾ, ਸੁਗੀਤਾ, ਰਾਧਿਕਾ, ਆਦਿ ਛੰਦਾਂ ਦੀ ਝਲਕ ਵੇਖੀ ਹੈ।

ਉਪਰੋਕਤ ਛੰਦਾਂ ਦਾ ਵਾਰ ਕਾਵਿ ਰੂਪ ਵਿੱਚ ਪ੍ਰਯੋਗ ਕਾਫੀ ਹਦ ਤਕ ਉਚਿਤ ਲਗਦਾ ਹੈ ਕਿਉਂਕਿ ਇਹਨਾਂ ਵਿੱਚੋਂ ਕੁਝ ਛੰਦ ਉਹ ਹਨ ਜਿਹਨਾਂ ਦਾ ਕਈ ਤਰ੍ਹਾਂ ਦੇ ਭਾਵ ਪ੍ਰਗਟਾਵੇ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ। ਜਿਵੇਂ ਦੋਹਿਰਾ, ਅੜਿਲ, ਦਵਈਆ ਆਦਿ।

---

1. ਪੰਜਾਬੀ ਕਾਵਿ ਸ਼ਿਰੋਮਣੀ, ਪੰਨਾ 70
2. ਉਹੀ, ਪੰਨਾ 71
3. ਉਹੀ, ਪੰਨਾ 73
4. ਉਹੀ, ਪੰਨਾ 74
5. ਉਹੀ, ਪੰਨਾ 177
6. ਅਮਰ ਕਵੀ ਗੁਰੂ ਅਮਰਦਾਸ, ਪੰਨਾ 110

ਕੁਝ ਛੰਦ ਹੋਰ ਵਿਸ਼ੇਸ਼ ਰੂਪ ਵਿੱਚ ਬੀਰ ਰਸੀ ਭਾਵਾਂ ਨੂੰ ਪ੍ਰਗਟ ਕਰਦੇ ਹਨ:

<u>ਬੀਰ ਛੰਦ</u>:-

ਕਾਹਨ ਸਿੰਘ ਨਾਭਾ[1] ਨੇ ਹੇਠ ਲਿਖੀ ਪਉੜੀ ਬੀਰ ਛੰਦ ਵਿੱਚ ਦਸੀ ਹੈ।

ਪੰਚੇ ਸਬਦ ਵਜੇ ਮਤ ਗੁਰਮਤ ਵਡਭਾਗੀ ਅਨਹਦ ਵਜਿਆ।

ਆਨਦ ਮੂਲ ਰਾਮ ਸਭੁ ਦੇਖਿਆ ਗੁਰ ਸਬਦੀ ਗੋਵਿਦ ਗਜਿਆ।

ਆਦਿਜੁਗਾਦਿ ਵੇਸ ਹਰਿ ਏਕੋ ਮਤਿ ਗੁਰਮਤਿ ਹਰਿ ਪ੍ਰਭ ਭਜਿਆ।---।[2]

ਇਸ ਛੰਦ ਨੂੰ ਵਿਦਵਾਨਾਂ ਨੇ ਬੀਰ ਅਤੇ ਰੌਦ੍ਰ ਰਸ ਉਤਪੰਨ ਕਰਨ ਲਈ ਉਚਿਤ ਮੰਨਿਆ ਹੈ। ਇਸ ਦਾ ਰਾਗ ਕਾਨੜਾ ਵਿੱਚ ਪ੍ਰਯੋਗ ਕਾਨੜਾ ਰਾਗ ਅਤੇ ਛੰਦ ਦੇ ਸੁਮੇਲ ਨੂੰ ਪ੍ਰਗਟਾਉਂਦਾ ਹੈ ਕਿਉਂਕਿ ਕਾਨੜਾ ਰਾਗ ਵੀਰਤਾ ਦਾ ਸੂਚਕ ਹੈ।

<u>ਅੜਿਲ ਛੰਦ</u>:-

ਪ੍ਰੇਮ ਪ੍ਰਕਾਸ਼ ਸਿੰਘ ਹੇਠ ਲਿਖੀ ਪਉੜੀ ਦਾ ਤੋਲ ਅੜਿਲ ਵਾਲਾ ਮੰਨਦੇ ਹਨ।[3]

ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ।

ਗੁਰਮਤੀ ਆਪੁ ਗਵਾਇ ਸਚੁ ਪਛਾਣਿਆ।[4]
ਸਚੁ ਤੇਰਾ ਦਰਬਾਰੁ ਸਬਦ ਨੀਸਾਣਿਆ।

ਇਹ ਛੰਦ ਵੀ ਵੀਰ ਰਸੀ ਭਾਵਾਂ ਨੂੰ ਪ੍ਰਗਟਾਉਣ ਵਿੱਚ ਸਹਾਈ ਹੁੰਦਾ ਹੈ। ਇਸ ਦਾ ਪ੍ਰਯੋਗ ਰਾਗ ਮਾਝ ਵਿੱਚ ਹੋਇਆ ਹੈ ਮਾਝ ਰਾਗ ਨੂੰ ਮਾਝੇ ਦੇ ਇਲਾਕੇ ਨਾਲ ਸੰਬੰਧਿਤ ਬXXK ਕੀਤਾ ਜਾਂਦਾ ਹੈ। ਜਿਥੋਂ ਦੇ ਲੋਕਾਂ ਵਿੱਚ ਵੀਰਤਾ ਦੇ ਭਾਵਾਂ ਦੀ ਸਦਾ ਲੋੜ ਰਹਿੰਦੀ ਰਹੀ ਹੈ।

---

1. <u>ਗੁਰਛੰਦ ਦਿਵਾਕਰ</u>, ਪੰਨਾ 145
2. <u>ਆਦਿ ਗ੍ਰੰਥ</u> ,ਪੰਨਾ 1315
3. <u>ਗੁਰੂ ਨਾਨਕ ਤੇ ਨਿਰਗੁਣ ਧਾਰਾ</u>, ਪੰਨਾ 320
4. <u>ਆਦਿ ਗ੍ਰੰਥ</u>, ਪੰਨਾ 144

ਸੁਗੀਤਾ:-

ਕਾਹਨ ਸਿੰਘ ਨਾਭਾ ਹੇਠ ਲਿਖੀ ਪਉੜੀ ਨੂੰ ਸੁਗੀਤਾ ਛੰਦ ਵਿੱਚ ਮੰਨਦੇ ਹਨ:[1]

ਤੂ ਕਰਤਾ ਆਪ ਅਭੁਲ ਹੈ ਭੁਲਣ ਵਿਚਿ ਨਾਹੀ।

ਤੂ ਕਰਹਿ ਸੁ ਸਚੇ ਭਲਾ ਹੈ ਗੁਰ ਸਬਦਿ ਬੁਝਾਹੀ।[2]

ਇਹ ਛੰਦ ਵੀ ਵੀਰ ਅਤੇ ਰੌਦਰ ਭਾਵਾਂ ਨੂੰ ਪ੍ਰਗਟਾਉਣ ਲਈ ਉਚਿਤ ਹੈ ਗੁਰੂ ਕਵੀਆਂ ਨੇ ਵਾਰ ਕਾਵਿ ਰੂਪ ਵਿੱਚ ਇਸਦਾ ਪ੍ਰਯੋਗ ਕਰਕੇ ਕਾਵਿ ਅਤੇ ਸੰਗੀਤ ਦਾ ਸੁਮੇਲ ਕੀਤਾ ਹੈ।

ਨਿਸ਼ਾਨੀ:- ਹੇਠ ਲਿਖੀਆਂ ਤੁਕਾਂ ਨਿਸ਼ਾਨੀ ਛੰਦ ਵਿੱਚ ਹਨ।[3]

ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ।

ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ।-----।[4]

ਵਾਰ ਕਾਵਿ ਰੂਪ ਲਈ ਇਹ ਛੰਦ ਆਮ ਪ੍ਰਚਲਤ ਹੈ। ਸੋ ਭਾਵੇਂ ਛੰਦਾਂ ਦੇ ਰੂਪ ਬਹੁਤੇ ਸਪਸ਼ਟ ਨਹੀਂ ਕਿਉਂਕਿ ਗੁਰੂ ਕਵੀਆਂ ਨੇ ਛੰਦ,ਪ੍ਰਬੰਧ ਵਿੱਚ ਬਹੁਤ ਖੁਲ੍ਹਾਂ ਲਈਆਂ ਹਨ ਪਰ ਇਹ ਗੱਲ ਨਿਸਚੇ ਹੀ ਕਹੀ ਜਾ ਸਕਦੀ ਹੈ ਕਿ ਵਾਰ ਕਾਵਿ ਰੂਪ ਵਿੱਚ ਪ੍ਰਯੁਕਤ ਛੰਦ ਵਾਰਾਂ ਦੇ ਸੁਭਾਅ ਦੇ ਅਨੁਕੂਲ ਹਨ।

ਵਾਰ ਕਾਵਿ ਰੂਪ ਭਾਵੇਂ ਬੀਰਤਾ ਦੇ ਵਿਸ਼ੇ ਨਾਲ ਸੰਬੰਧ ਰਖਦਾ ਹੈ ਪਰ ਗੁਰੂ ਗ੍ਰੰਥ ਸਾਹਿਬ ਵਿੱਚ ਆਈਆਂ ਵਾਰਾਂ ਦਾ ਵਿਸ਼ਾ ਅਧਿਆਤਮਕ ਹੈ। ਇਸ ਲਈ ਇਹਨਾਂ ਵਾਰਾਂ ਵਿੱਚ ਸ਼ਬਦਾਂ ਦਾ ਪ੍ਰਯੋਗ ਬੀਰ ਰਸੀ ਵਾਰਾਂ ਵਰਗਾ ਨਹੀਂ ਹੈ ਪਰ ਫਿਰ ਵੀ ਕਿਤੇ ਕਿਤੇ ਬੀਰਤਾ ਵਾਲੇ ਸ਼ਬਦ ਵੇਖਣ ਨੂੰ ਮਿਲਦੇ ਹਨ। ਗੁਲਾਬ ਰਾਇ ਅਨੁਸਾਰ[5] ਮਧੁਰਤਾ ਅਤੇ ਓਜ ਦਾ ਵਰਣਾਂ ਅਤੇ ਪਦਾਂ ਨਾਲ ਵੀ ਉਤਨਾ ਹੀ ਸੰਬੰਧ ਹੈ ਜਿਤਨਾ ਕਿ ਬੀਰਤਾ ਦਾ ਇੱਕ ਤਕੜੇ ਸਰੀਰ ਨਾਲ। ਤਕੜਾ ਸਰੀਰ ਬੀਰਤਾ ਦਾ ਸੂਚਕ ਜ਼ਰੂਰ ਹੈ ਭਾਵੇਂ ਇਹ ਇੱਕ ਮਾਨਸਿਕ ਗੁਣ ਹੈ। ਇਸ ਤਰ੍ਹਾਂ ਵੀਰਤਾ ਦਾ ਪ੍ਰਗਟਾ ਟਵਰਗ

---

1. ਗੁਰ ਛੰਦ ਦਿਵਾਕਰ, ਪੰਨਾ 76
2. ਆਦਿ ਗ੍ਰੰਥ, ਪੰਨਾ, 301
3. ਕਾਹਨ ਸਿੰਘ ਨਾਭਾ, ਗੁਰ ਛੰਦ ਦਿਵਾਕਰ, ਪੰਨਾ 141
4. ਆਦਿ ਗ੍ਰੰਥ, ਪੰਨਾ 315
5. ਸਿਧਾਂਤ ਅਤੇ ਅਧਿਐਨ, ਪੰਨਾ 290

ਪ੍ਰਧਾਨ ਅਤੇ ਵਰਗਾਂ ਦੇ ਪਹਿਲੇ, ਦੂਜੇ ਤੇ ਤੀਜੇ ਅਤੇ ਚੌਥੇ ਵਰਣਾਂ ਦੇ ਸੰਜੁਗਤ ਵਰਣਾਂ ਜਿਵੇਂ ਵਰੱਖ, ਭਰੱਥ, ਸਵੱਛ, ਬੱਘੀ, ਕ੍ਰੁੱਧ, ਯੁੱਧ ਆਦਿ ਦਵਿੱਤ ਅਤੇ ਮਹਾਂ ਪ੍ਰਾਣ ਅਤੇ ਲੰਬੇ ਲੰਬੇ ਸੁਆਸ ਵਾਲੇ ਪਦਾਂ ਦੁਆਰਾ ਹੁੰਦਾ ਹੈ ਫਿਰ ਵੀ ਇਹਨਾਂ ਦਾ ਸੰਬੰਧ ਪਾਠਕ ਸਰੋਤਿਆਂ ਅਤੇ ਕਵੀਆਂ ਦੀ ਮਨੋਬਿਰਤੀ ਨਾਲ ਵੀ ਡੂੰਘਾ ਹੁੰਦਾ ਹੈ।

ਗੁਰੂ ਕਵੀਆਂ ਰਾਹੀਂ ਵਾਰਾਂ ਵਿੱਚ ਪ੍ਰਯੁਕਤ ਕੁਝ ਬੰਦ ਅਜੇਹੀ ਸ਼ਬਦਾਵਲੀ ਪੱਖੋਂ ਵਿਸ਼ੇਸ਼ ਹਨ।

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ।

ਹਟ ਪਟਣ ਬਾਜਾਰ ਹੁਕਮੀ ਢਹਸੀਓ।

ਪਕੇ ਬੰਕ ਦੁਆਰ ਮੂਰਖ ਜਾਣੈ ਆਪਣੈ।

ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ।

ਤਾਜੀ ਰਥ ਤੁਖਾਰ ਹਾਥੀ ਪਾਖਰੇ।

ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ।

ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ।

ਨਾਨਕ ਸਚ ਦਾਤਾਰੁ ਸਿਨਾਖਤ ਕੁਦਰਤੀ।[1]

ਉਪਰੋਕਤ ਪਉੜੀ ਵਿਚ ਬ, ਦ, ਖ ਆਦਿ ਧੁਨੀਆਂ ਵਾਲੇ ਸ਼ਬਦ ਇਕ ਤਰ੍ਹਾਂ ਦਾ ਖੜਕਾ ਪੈਦਾ ਕਰਦੇ ਹਨ ਜਿਹਨਾਂ ਤੋਂ ਸਭ ਕੁਝ ਟੁਟਦਾ ਭਜਦਾ ਭਾਸਦਾ ਹੈ। ਜਿਵੇਂ 'ਬ' ਧੁਨੀ ਵਾਲੇ ਸ਼ਬਦ ਬਜਾਰ, ਬੰਕ, ਦਰਬਿ, ਬਾਗ, ਬਾਰ, 'ਦ' ਧੁਨੀ ਵਾਲੇ ਸ਼ਬਦ ਸਿਕਦਾਰ, ਦੁਆਰ, ਦਰਬਿ, ਦਾਤਾਰ, ਕੁਦਰਤੀ ਅਤੇ ਇਸੇ ਤਰ੍ਹਾਂ 'ਖ' ਧੁਨੀ ਵਾਲੇ ਮੂਰਖ, ਖਣੇ, ਤੁਖਾਰ, ਪਾਖਰੇ, ਮਿਲਖ, ਸਿਨਾਖਤ ਆਦਿ ਸ਼ਬਦਾਂ ਦੀ ਅਵਾਜ਼ ਖੜਕਵੀਂ ਹੈ। ਰਾਜੇ, ਰਹਸੀਓ, ਹਟ ਪਟਣ, ਹੁਕਮੀ ਢਹਸੀਓ, ਪਕੇ, ਭਰੇ, ਭੰਡਾਰ, ਤਾਜੀ, ਰਥ, ਹਾਥੀ, ਕਿਥੈ, ਤੰਬੂ, ਪਲੰਘ ਆਦਿ ਸ਼ਬਦਾਂ ਦੀ ਅਵਾਜ਼ ਵੀ ਕੋਮਲ ਨਹੀਂ ਹੈ। ਏਸੇ ਤਰ੍ਹਾਂ ਗੂਜਰੀ ਦੀ ਵਾਰ ਦੀਆਂ ਕੁਝ ਪਉੜੀਆਂ ਇਸ ਪੱਖੋਂ

---

1. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 141
(ਵਾਰ ਮਾਝ)

ਵਰਨਣ ਯੋਗ ਹਨ:

ਸੂਰ ਬੀਰ ਵਰੀਆਮ ਕਿਨੈ ਨ ਹੋੜਈਐ।

ਫਉਜ ਸਤਾਣੀ ਹਾਠ ਪੰਚਾ ਜੋੜਈਐ।

ਦਸ ਨਾਰੀ ਅਉ ਧੂਤ ਦੇਨਿ ਚਮੋੜਈਐ।

- - - - - - - - - - - - - -

ਭਰਮ ਕੋਟ ਆਇਆ ਖਾਈ ਕਹੁ ਕਿਤੁ ਬਿਧਿ ਤੋੜਈਐ।

ਗੁਰੂ ਪੂਰਾ ਆਰਾਧਿ ਬਿਖਮੁ ਦਲੁ ਫੋੜਈਐ।[1]

ਸੋ ਸਤਿਗੁਰ ਧਨੁ ਧੰਨੁ ਜਿਨਿ ਭਰਮਗੜੁ ਤੋੜਿਆ।[2]

ਕਾਨੜੇ ਦੀ ਵਾਰ ਵਿੱਚ ਵੀ ਕੁਝ ਗਰਜਵੀਆਂ ਧੁਨੀਆਂ ਵਾਲੇ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ:

ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ ਵਜਿਆ।

ਆਨਦ ਮੂਲੁ ਰਾਮ ਸਭੁ ਦੇਖਿਆ ਗੁਰ ਸਬਦੀ ਗੋਵਿਦ ਗਜਿਆ।

ਆਦਿ ਜੁਗਾਦਿ ਵੇਸ ਹਰਿ ਏਕੋ ਮਤਿ ਗੁਰਮਤਿ ਹਰਿ ਪ੍ਰਭੁ ਭਜਿਆ।

ਹਰਿ ਦੇਵਹੁ ਦਾਨੁ ਦਇਆਲ ਪ੍ਰਭ ਜਨ ਰਾਖਹੁ ਹਰਿ ਪ੍ਰਭ ਲਜਿਆ।

ਸਭਿ ਧਨੁ ਕਹਹੁ ਗੁਰ ਸਤਿਗੁਰੂ ਗੁਰ ਸਤਿਗੁਰੂ ਜਿਤੁ ਮਿਲਿ ਹਰਿ ਪੜਦਾ ਕਜਿਆ।[3]

ਵਾਰਾਂ ਵਿੱਚ ਕਈ ਥਾਵਾਂ ਤੇ ਅਨੁਪ੍ਰਾਸ ਅਲੰਕਾਰਾਂ ਦਾ ਪ੍ਰਯੋਗ ਕਰਕੇ ਸੰਗੀਤ ਪੈਦਾ ਕੀਤਾ ਗਿਆ ਹੈ। ਕੁਝ ਉਦਾਹਰਨਾਂ:-

ਸਪਤ ਦੀਪ ਸਪਤ ਸਾਗਰਾ ਨਵਖੰਡ ਚਾਰਿ ਵੇਦ ਦਸ ਅਸਟ ਪੁਰਾਣਾ।[4]

ਸਭ ਕੋ ਤੇਰਾ ਤੂੰ ਸਭਸੁ ਦਾ ਤੂੰ ਸਭਨਾ ਰਾਸਿ।[5]

ਸਚੀ ਸਿਫਤਿ ਸਾਲਾਹ, ਕਪੜਾ ਪਾਇਆ।[6]

---

1. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 522
2. ਉਹੀ, ਪੰਨਾ 522
3. ਗੁਰੂ ਰਾਮਦਾਸ ਜੀ, ਆਦਿ ਗ੍ਰੰਥ, ਪੰਨਾ 1315
4. ਉਹੀ, ਪੰਨਾ 84
5. ਉਹੀ, ਪੰਨਾ 86
6. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ, ਪੰਨਾ 150

ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚਾ ਗੋਸਾਈ।[1]

—

ਸੋ ਸਚੁ ਸਲਾਹੀ ਸਦਾ ਸਦਾ ਸਚੁ ਸਚੇ ਕੀਆ ਵਡਿਆਈਆ।[2]

—

ਵਣ ਤ੍ਰਿਣ ਤ੍ਰਿਭਣ ਮਉਲਿਆ ਅੰਮ੍ਰਿਤ ਫਲ ਪਾਈ।[3]

—

ਸਤ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ।[4]

ਇੱਕ ਅਖਰ ਦੇ ਦੁਹਰਾਉ ਤੋਂ ਬਿਨਾਂ ਸ਼ਬਦ ਜੁਟਾਂ ਜਾਂ ਵਾਕਸ਼ਾਂ ਦਾ ਦੁਹਰਾਉ ਕਰਕੇ ਵੀ ਸੰਗੀਤ ਪੈਦਾ ਕੀਤਾ ਗਿਆ ਹੈ:

ਹਰਿ ਕੀ ਵਡਿਆਈ ਵਡੀ ਹੈ ਹਰਿ ਕੀਰਤਨ ਹਰਿ ਕਾ।
ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮਕਾ।
ਹਰਿ ਕੀ ਵਡਿਆਈ ਵਡੀ ਹੈ ਜਾ ਫਲੁ ਹੈ ਜੀਅ ਕਾ।
ਹਰਿ ਕੀ ਵਡਿਆਈ ਵਡੀ ਹੈ ਜਾ ਨ ਸੁਣਈ ਕਹਿਆ ਚੁਗਲ ਕਾ।
ਹਰਿ ਕੀ ਵਡਿਆਈ ਵਡੀ ਹੈ ਅਪੁਛਿਆ ਦਾਨੁ ਦੇਵਕਾ।[5]

—

ਵਿਣੁ ਸਚੇ ਸਭੁ ਕੂੜੁ ਕੂੜੁ ਕਮਾਈਐ।
ਵਿਣੁ ਸਚੇ ਕੂੜਿਆਰ ਬੀ ਨ ਚਲਾਈਐ।
ਵਿਣੁ ਸਚੇ ਤਨੁ ਛਾਰੁ ਛਾਰੁ ਰਲਾਈਐ।
ਵਿਣੁ ਸਚੇ ਸਭ ਭੁਖ ਜਿ ਪੈਝੈ ਖਾਈਐ।
~~ਵਿਣੁ ਸਚੇ ਤਨੁ ਛਾਰੁ ਛਾਰੁ ਰਲਾਈਐ।~~
ਵਿਣੁ ਸਚੇ ਦਰਬਾਰੁ ਕੂੜਿ ਨ ਪਾਈਐ।[6]

---

1. ਗੁਰੂ ਰਾਮਦਾਸ ਜੀ, ਆਦਿ ਗ੍ਰੰਥ, ਪੰਨਾ 301
2. ਉਹੀ, ਪੰਨਾ 313
3. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ ,ਪੰਨਾ 1193
4. ਗੁਰੂ ਅਮਰਦਾਸ ਜੀ, ਆਦਿ ਗ੍ਰੰਥ, ਪੰਨਾ 512
5. ਗੁਰੂ ਰਾਮਦਾਸ ਜੀ, ਆਦਿ ਗ੍ਰੰਥ ਪੰਨਾ 84
6. ਗੁਰੂ ਨਾਨਕ ਦੇਵ ਜੀ, ਆਦਿ ਗ੍ਰੰਥ,ਪੰਨਾ 147

ਆਪੇ ਵੇਦ ਪੁਰਾਣ ਸਭਿ ਸਾਸਤ ਆਪਿ ਕਥੈ ਆਪਿ ਭੀਜੈ ॥
ਆਪੇ ਹੀ ਬਹਿ ਪੂਜੇ ਕਰਤਾ ਆਪਿ ਪਰਪੰਚ ਕਰੀਜੈ ॥
ਆਪਿ ਪਰਵਿਰਤਿ ਆਪਿ ਨਿਰਵਿਰਤੀ ਆਪੇ ਅਕਥੁ ਕਥੀਜੈ।
ਆਪੇ ਪੁੰਨੁ ਸਭੁ ਆਪਿ ਕਰਾਏ ਆਪਿ ਅਲਿਪਤੁ ਵਰਤੀਜੈ।
ਆਪੇ ਸੁਖੁ ਦੁਖੁ ਦੇਵੈ ਕਰਤਾ ਆਪੇ ਬਖਸ ਕਰੀਜੈ।[1]

ਇਸ ਤਰ੍ਹਾਂ ਗੁਰੂ ਕਵੀਆਂ ਨੇ ਵਾਰ ਕਾਵਿ ਰੂਪ ਵਿੱਚ ਰਾਗ, ਛੰਦ, ਅਤੇ ਸ਼ਬਦਾਵਲੀ ਦਾ ਸੁੰਦਰ ਸੁਮੇਲ ਕਾਇਮ ਕੀਤਾ ਹੈ।

---

1. ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 551

**ਛੰਤ :-**

ਵਾਰਾਂ ਤੋਂ ਬਾਦ ਜਿਸ ਕਾਵਿ ਰੂਪ ਦਾ ਬਹੁਤੇ ਰਾਗਾਂ ਵਿੱਚ ਪ੍ਰਯੋਗ ਹੋਇਆ ਹੈ ਉਹ ਹੈ ਛੰਦ ਕਾਵਿ ਰੂਪ। ਇਹ ਕਾਵਿ ਰੂਪ ਵੱਖ ਵੱਖ ਰਾਗਾਂ ਵਿੱਚ ਵਿਸ਼ੇਸ਼ ਕਾਵਿ ਰੂਪਾਂ ਤੋਂ ਬਾਅਦ ਅਤੇ ਵਾਰਾਂ ਤੋਂ ਪਹਿਲਾਂ ਦਰਜ ਹੋਇਆ ਹੈ। ਭਾਈ ਕਾਹਨ ਸਿੰਘ ਨਾਭਾ ਇਸ ਨੂੰ ਇੱਕ ਕਾਵਿ ਰੂਪ ਵਜੋਂ ਪ੍ਰਵਾਨ ਨਹੀਂ ਕਰਦੇ ਅਤੇ ਕੇਵਲ ਇੱਕ ਸਿਰਲੇਖ ਦਸਦੇ ਹਨ, "ਇਸ ਸਿਰਲੇਖ ਹੇਠ ਅਨੇਕ ਜਾਤੀਆਂ ਦੇ ਛੰਦ ਗੁਰਬਾਣੀ ਵਿੱਚ ਪਾਏ ਜਾਂਦੇ ਹਨ, ਪਰ ਸਿਰਲੇਖ ਕੇਵਲ ਛੰਦ ਹੋਇਆ ਕਰਦਾ ਹੈ।"[1] ਪਰ ਕੁਝ ਵਿਦਵਾਨ ਛੰਦ ਨੂੰ ਇੱਕ ਪੁਰਾਤਨ ਕਾਵਿ ਭੇਦ ਮੰਨਦੇ ਹਨ। ਉਹਨਾਂ ਅਨੁਸਾਰ ਛੰਤ ਸ਼ਬਦ ਸੰਸਕ੍ਰਿਤ ਦੇ ਸ਼ਬਦ 'ਛੰਦਸ' ਵਿੱਚੋਂ ਨਿਕਲਿਆ ਹੈ ਜਿਸ ਦਾ ਭਾਵ ਹੈ, ਉਸਤਤੀ ਕਰਨਾ। ਇਸ ਵਿਚਾਰ ਦੇ ਹਾਮੀ ਗੁਰਬਾਣੀ ਵਾਲੇ ਛੰਤਾਂ ਨੂੰ ਪ੍ਰਭੂ ਉਸਤਤੀ ਵਿੱਚ ਰਚੇ ਗਏ ਛੰਦ ਦਸਦੇ ਹਨ।[2] ਸੰਤ ਸਿੰਘ[3] ਅਨੁਸਾਰ ਇਹਨਾਂ ਛੰਦਾਂ ਨੂੰ ਛੰਦ ਕਹਿਣ ਦਾ ਕਾਰਨ ਸ਼ਾਇਦ ਇਹਨਾਂ ਵਿੱਚ ਗੀਤ ਦੀ ਲੈਅ ਅੰਤ-ਪਦ ਅਨੁਪ੍ਰਾਸ ਤੇ ਗੀਤਮਈ ਸ਼ਬਦ ਦੁਹਰਾਣ ਹੈ। ਡਾਕਟਰ ਬਲਬੀਰ ਸਿੰਘ ਛੰਤ ਅਤੇ ਛੰਦ ਵਿੱਚ ਭੇਦ ਦਰਸਾਉਂਦਿਆਂ ਲਿਖਦੇ ਹਨ, "ਛੰਤ ਇੱਕ ਵਿਸ਼ੇਸ਼ ਕਾਵਿ-ਭੇਦ ਹੈ ਅਤੇ ਛੰਦ ਇਸ ਦੇ ਉਲਟ ਤੋਲ ਤੁਕਾਂਤ ਵਿੱਚ ਬੱਝੀ ਕਿਸੇ ਭੀ ਕਵਿਤਾ ਨੂੰ ਆਖਿਆ ਜਾ ਸਕਦਾ ਹੈ।"[4] ਸੰਤ ਸਿੰਘ ਸੇਖੋਂ ਗੁਰੂ ਰਾਮਦਾਸ ਜੀ ਦੇ ਛੰਤਾਂ ਦਾ ਅਧਿਐਨ ਕਰਦਿਆਂ ਲਿਖਦੇ ਹਨ, " ਪੰਜਾਬ ਦੇ ਲੋਕਾਚਾਰ ਵਿੱਚ ਵਿਆਹ ਦੀ ਰੀਤ ਹੋ ਚੁਕਣ ਤੋਂ ਪਿਛੋਂ ਬਨੇ ਪਾਸੋਂ ਪਿੰਡ ਦੀਆਂ ਕੁੜੀਆਂ 'ਛੰਦ' ਸੁਣਨ ਦੀ ਮੰਗ ਕਰਦੀਆਂ ਹੁੰਦੀਆਂ ਸਨ ਤੇ ਇਹ ਰਿਵਾਜ ਪਿੰਡਾਂ ਥਾਵਾਂ ਵਿੱਚ ਹਾਲੀ ਵੀ ਰੋਖਾ ਚਲਿਆ ਆ ਰਿਹਾ ਹੈ। ਗੁਰੂ ਵਿਅਕਤੀਆਂ ਦੇ 'ਛੰਤਾਂ' ਪਦ ਵਿੱਚ ਕੁਝ ਇਸੇ 'ਛੰਦ' ਦੀ ਪ੍ਰਤੀ ਧੁਨੀ ਵਜਦੀ ਪ੍ਰਤੀਤ ਹੁੰਦੀ ਹੈ।"[5] ਸੇਖੋਂ ਸਾਹਿਬ ਦਾ ਇਹ ਵਿਚਾਰ ਕਾਫੀ ਹਦ ਤਕ ਠੀਕ ਜਾਪਦਾ ਹੈ ਕਿਉਂਕਿ ਸਿੱਖ ਰੀਤੀ ਨਾਲ ਹੋ ਰਹੇ ਵਿਆਹ ਵਿੱਚ ਗੁਰੂ ਕਵੀਆਂ ਦੇ ਰਚੇ ਛੰਤਾਂ ਦਾ ਗਾਇਨ ਕਾਫੀ ਮਾਤਰਾ ਵਿੱਚ ਹੁੰਦਾ ਹੈ।

---

1. ਕਾਹਨ ਸਿੰਘ ਨਾਭਾ, ਮਹਾਨ ਕੋਸ਼, ਪੰਨਾ 495
2. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ) ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 145
3. ਪੰਜਾਬੀ ਕਾਵਿ ਸ਼ਿਰੋਮਣੀ, ਪੰਨਾ 175
4. ਅਮਰ ਕਵੀ ਗੁਰੂ ਅਮਰਦਾਸ, ਪੰਨਾ 115
5. ਪੰਜਾਬੀ ਕਾਵਿ ਸ਼ਿਰੋਮਣੀ, ਪੰਨਾ 193

ਗੁਰੂ ਗ੍ਰੰਥ ਸਾਹਿਬ ਵਿੱਚ, ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮ ਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਰਚੇ ਹੋਏ ਛੰਤ ਪ੍ਰਾਪਤ ਹੁੰਦੇ ਹਨ। ਇਹ ਛੰਤ ਸਿਰੀ; ਗਉੜੀ, ਆਸਾ, ਬਿਹਾਗੜਾ, ਵਡਹੰਸ , ਜੈਤਸਰੀ, ਸੂਹੀ, ਬਿਲਾਵਲ, ਤੁਖਾਰੀ, ਕੇਦਾਰਾ, ਸਾਰਗ, ਮਲਾਰ, ਅਤੇ ਕਾਨੜਾ ਰਾਗਾਂ ਵਿੱਚ ਗਾਉਣ ਲਈ ਦਰਜ ਕੀਤੇ ਗਏ ਹਨ।

ਛੰਤ ਕਾਵਿ ਰੂਪ ਸ਼ਿੰਗਾਰਕ ਭਾਵਾਂ ਨੂੰ ਪ੍ਰਗਟ ਕਰਨ ਵਾਲਾ ਕਾਵਿ ਰੂਪ ਹੈ। ਇਹ ਜਿਹੜੇ ਰਾਗਾਂ ਵਿੱਚ ਰਚਿਆ ਗਿਆ ਉਹਨਾਂ ਵਿੱਚੋਂ ਗਉੜੀ, ਆਸਾ, ਬਿਹਾਗੜਾ, ਵਡਹੰਸ, ਜੈਤਸਰੀ, ਸੂਹੀ, ਬਿਲਾਵਲ, ਤੁਖਾਰੀ, ਕੇਦਾਰਾ ਅਤੇ ਮਲਾਰ ਬਾਰੇ ਅਸੀਂ ਸੰਕੇਤ ਕਰ ਚੁਕੇ ਹਾਂ ਕਿ ਇਹਨਾਂ ਰਾਗਾਂ ਰਾਹੀਂ ਸ਼ਿੰਗਾਰਕ ਭਾਵ ਪ੍ਰਗਟ ਕੀਤੇ ਜਾ ਸਕਦੇ ਹਨ।

ਸ੍ਰੀ ਰਾਗ ਵਿੱਚ ਤੀਬਰ ਮਧਮ ਦਾ ਪ੍ਰਯੋਗ ਸ਼ਿੰਗਾਰਕ ਭਾਵ ਪ੍ਰਗਟ ਕਰਨ ਦੇ ਵੀ ਅਨੁਕੂਲ ਹੈ। ਕੇਵਲ ਕਾਨੜਾ ਰਾਗ ਇੱਕ ਅਜੇਹਾ ਰਾਗ ਹੈ ਜੋ ਬੀਰ ਭਾਵਾਂ ਨੂੰ ਪ੍ਰਗਟਾਉਣ ਵਾਲਾ ਰਾਗ ਹੈ ਪਰ ਗੁਰੂ ਕਵੀਆਂ ਨੇ ਇਸ ਰਾਗ ਵਿੱਚ 'ਛੰਤ' ਕਾਵਿ ਰੂਪ ਦਾ ਪ੍ਰਯੋਗ ਕਰਕੇ ਵਿਲੱਖਣ ਪ੍ਰਤਿਭਾ ਦਾ ਸਬੂਤ ਦਿੱਤਾ ਹੈ। ਇਸ ਤਰ੍ਹਾਂ ਲਗਭਗ ਸਾਰੇ ਰਾਗ ਹੀ ਇਸ ਕਾਵਿ ਰੂਪ ਦੇ ਅਨੁਕੂਲ ਹਨ।

ਇਹਨਾਂ ਛੰਦਾਂ ਦੇ ਰੂਪ ਵਿਧਾਨ ਵਿੱਚ ਕੁਝ ਤੁਕਾਂ ਦਾ ਦੁਹਰਾਉ ਇਕ ਵਿਸ਼ੇਸ਼ਤਾ ਹੈ। ਆਮ ਤੌਰ ਤੇ ਪਹਿਲੀ ਤੁਕ ਦਾ ਦੁਹਰਾਉ ਬੰਦ ਦੇ ਅਖੀਰ ਵਿੱਚ ਕੀਤਾ ਜਾਂਦਾ ਹੈ।

ਵੀਆਹੁ ਹੋਇਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ।
ਅਗਿਆਨ ਅੰਧੇਰਾ ਕਟਿਆ ਗੁਰ ਗਿਆਨ ਪ੍ਰਚੰਡੁ ਬਲਾਇਆ।
ਬਲਿਆ ਗੁਰ ਗਿਆਨ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥ ਲਾਧਾ।
ਹਉਮੈ ਰੋਗ ਗਇਆ ਦੁਖ ਲਾਥਾ ਆਪੁ ਆਪੈ ਗੁਰਮਤਿ ਖਾਧਾ।
ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ।
ਵੀਆਹ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ।[1]

1. ਆਦਿ ਗ੍ਰੰਥ , ਪੰਨਾ 78

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸਿ ਲਈਜੈ।

ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ।

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ।

ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ।

ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ।

ਗੁਣਾ ਕਾ ਹੋਵੈ ਵਾਸੁਲ ਕਢਿ ਵਾਸਿ ਲਈਜੈ।[1]

ਇਹਨਾਂ ਛੰਤਾਂ ਵਿੱਚ ਤੁਕਾਂਤਾਂ ਦੇ ਬਹੁਮੇਲ ਨਾਲ ਸੰਗੀਤ ਪੈਦਾ ਕੀਤਾ ਗਿਆ ਹੈ:

ਪੂਰੀ ਆਸਾ ਜੀ ਮਨਸਾ ਮੇਰੇ ਰਾਮ।

ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਰਾਮ।

ਸਭਿ ਗੁਣ ਤੇਰੇ ਠਾਕੁਰ ਮੇਰੇ ਕਿਤੁ ਮੁਖਿ ਤੁਧੁ ਸਾਲਾਹੀ।

ਗੁਣ ਅਵਗੁਣ ਮੇਰਾ ਕਿਛੁ ਨ ਬਿਚਾਰਿਆ ਬਖਸਿ ਲਿਆ ਛਿਨ ਮਾਹੀ।

ਨਉ ਨਿਧਿ ਪਾਈ ਵਜੀ ਵਧਾਈ ਵਾਜੇ ਅਨਹਦ ਤੂਰੇ।

ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ।[2]

ਭਾਈ ਕਾਹਨ ਸਿੰਘ ਨਾਭਾ ਨੇ ਇਹਨਾਂ ਛੰਤਾਂ ਵਿੱਚ ਕੁਝ ਸਨਾਤਨੀ ਛੰਦਾਂ ਦੀ ਝਲਕ ਵੀ ਵੇਖੀ ਹੈ:

ਹੁਲਾਸ ਛੰਦ:-

ਅਨਦੋ ਅਨਦ ਘਣਾ ਮੈ ਸੋ ਪ੍ਰਭੁ ਡੀਠਾ ਰਾਮ।

ਚਾਖਿਅੜਾ, ਚਾਖਿਅੜਾ ਮੈ ਹਰਿ ਰਸ ਮੀਠਾ ਰਾਮ। ----।

ਹਰਿ ਰਸ ਮੀਠਾ ਮਨ ਮਾਹਿ ਵੂਠਾ ਸਤਗੁਰ ਤੁਠਾ ਸਹਿਜ ਭਇਆ।

ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ।[3]

---

1. ਆਦਿ ਗ੍ਰੰਥ, ਪੰਨਾ 765
2. ਉਹੀ, ਪੰਨਾ 577
3. ਗੁਰਛੰਦ ਦਿਵਾਕਰ, ਪੰਨਾ 119
4. ਆਦਿ ਗ੍ਰੰਥ, ਪੰਨਾ 452

ਹੁਲਸ ਛੰਦ:-

ਹੇਠ ਲਿਖਿਆ ਛੰਤ ਹੁਲਾਸ ਛੰਦ ਦੇ ਅਨੁਸਾਰ ਰਚਿਆ ਗਿਆ ਹੈ:[1]

ਹਮ ਘਰ ਸਾਜਨ ਆਏ।

ਸਾਚੈ ਮੇਲ ਮਿਲਾਏ।

ਸਹਜਿ ਮਿਲਾਏ ਹਰਿ ਮਨ ਭਾਏ ਪੰਚ ਮਿਲੇ ਸੁਖ ਪਾਇਆ।

ਸਾਈ ਵਸਤੁ ਪਰਾਪਤ ਹੋਈ ਜਿਸ ਸੇਤੀ ਮਨ ਲਾਇਆ।[2]

ਗੁਰੂ ਸਾਹਿਬਾਨ ਨੇ ਜਿਥੇ ਵੱਖ ਵੱਖ ਛੰਦਾਂ ਰਾਹੀਂ ਇਸ ਕਾਵਿ ਰੂਪ ਵਿੱਚ ਸੰਗੀਤ ਪੈਦਾ ਕੀਤਾ ਹੈ ਉਥੇ ਉਹਨਾਂ ਨੇ ਇਸ ਵਿੱਚ ਸ਼ਬਦਾਵਲੀ ਨੂੰ ਪਿਆਰ ਭਰੇ ਲਹਿਜੇ ਅਨੁਸਾਰ ਰੂਪਾਂਤਰਤ ਕੀਤਾ ਹੈ।

ਚਾਖਿਆੜਾ, ਚਾਖਿਆੜਾ, ਜੀਅੜਿਆ, ਜਿੰਦੜੀਏ, ਚਿੰਦਿਆੜਾ, ਰੈਣੜੀਏ, ਨੀਂਦੜੀਏ, ਸਹੇਲੜੀਓ, ਉਪਜਿਅੜਾ, ਸੁਧਰਮੜਿਆ, ਆਦਿ ਸ਼ਬਦਾਂ ਨਾਲ ਖਾਸ ਤਰ੍ਹਾਂ ਦਾ ਸੰਗੀਤ ਪੈਦਾ ਹੁੰਦਾ ਹੈ। ਬਿਹਾਗੜਾ ਰਾਗ ਦੇ ਛੰਤਾਂ ਵਿੱਚ 'ਜਿੰਦੜੀਏ' ਸ਼ਬਦ ਦੇ ਦੁਹਰਾਉ ਨਾਲ ਸਰੋਤੇ ਦਾ ਮਨ ਕੀਲਿਆ ਜਾਂਦਾ ਹੈ ਅਤੇ ਖਾਸ ਤਰ੍ਹਾਂ ਦੀ ਛੁਣਕਾਰ ਪੈਦਾ ਹੁੰਦੀ ਹੈ।

ਇਸੇ ਤਰ੍ਹਾਂ ਬੇਨੰਤੀਆ, ਖੋਜੰਤੀਆ, ਸਲੋਨੜੀਏ, ਸੁਹਾਵੜਾ, ਸਾਜਨੜਾ, ਖਲੋਇੜਾ, ਆਦਿ ਸ਼ਬਦ ਵੀ ਛੰਤ ਕਾਵਿ ਰੂਪ ਦੇ ਅਨੁਕੂਲ ਸੰਗੀਤ ਪੈਦਾ ਕਰਦੇ ਹਨ।

---

1. ਕਾਹਨ ਸਿੰਘ, ਨਾਭਾ , ਗੁਰਛੰਦ ਦਿਵਾਕਰ, ਪੰਨਾ 90

2. ਆਦਿ ਗ੍ਰੰਥ, ਪੰਨਾ 764

<u>ਪੜਤਾਲ</u>:- ਗੁਰੂ ਗ੍ਰੰਥ ਸਾਹਿਬ ਵਿਚ ਕੁਝ ਰਚਨਾਵਾਂ ਪੜਤਾਲ ਸਿਰਲੇਖ ਅਧੀਨ ਦਰਜ ਹੋਈਆਂ ਹਨ। ਇਹ ਰਚਨਾਵਾਂ ਪਦਿਆਂ ਤੋਂ ਵੱਖਰੀਆਂ ਨਹੀਂ ਹਨ ਸਗੋਂ ਪਦਿਆਂ ਵਿਚੋਂ ਹੀ ਕੁਝ ਪਦਿਆਂ ਤੇ ਪੜਤਾਲ ਸਿਰਲੇਖ ਦਿੱਤਾ ਹੋਇਆ [illegible] ਹੈ। ਇਹ ਪਦੇ ਆਸਾ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਨਟ ਨਾਰਾਇਣ, ਭੈਰਉ, ਸਾਰਗ, ਮਲਾਰ, ਕਾਨੜਾ ਤੇ/ਪ੍ਰਭਾਤੀ ਰਾਗਾਂ ਵਿਚ ਪ੍ਰਯੁਕਤ ਹੋਏ ਹਨ।

'ਪੜਤਾਲ' ਭਾਵੇਂ ਪਦਿਆਂ ਦੀ ਗਾਇਨ ਸ਼ੈਲੀ ਨਾਲ ਸੰਬੰਧਿਤ ਸਿਰਲੇਖ ਹੈ। ਪਰ ਇਸ ਨੇ ਪਦਿਆਂ ਦੇ ਰੂਪ ਵਿਧਾਨ ਤੇ ਪ੍ਰਭਾਵ ਪਾ ਕੇ ਉਹਨਾਂ ਦਾ ਸਰੂਪ ਸਧਾਰਨ ਪਦਿਆਂ ਨਾਲੋਂ ਵੱਖਰਾ ਕਰ ਦਿੱਤਾ ਹੈ। ਇਸ ਲਈ ਇਹਨਾਂ ਪਦਿਆਂ ਨੂੰ ਇਕ ਵਿਸ਼ੇਸ਼ ਕਾਵਿ ਰੂਪ ਵਜੋਂ ਵੀ ਮਾਨਤਾ ਦਿੱਤੀ ਜਾ ਸਕਦੀ ਹੈ। ਭਾਈ ਕਾਹਨ ਸਿੰਘ ਨਾਭਾ ਪੜਤਾਲ ਬਾਰੇ ਲਿਖਦੇ ਹਨ," ਇਹ ਛੰਦ ਜਾਤਿ ਨਹੀਂ ਕਿੰਤੂ ਚਾਰ ਤਾਲ ਦਾ ਇਕ ਭੇਦ 'ਪਟਤਾਲ' ਹੈ ਇਸ ਤਾਲ ਵਿਚ ਗਾਏ ਜਾਣ ਵਾਲੇ ਪਦਾਂ ਦੀ ਗਿਣਤੀ 'ਪੜਤਾਲ' ਹੋ ਗਈ ਹੈ ਭਾਵੇਂ ਉਹ ਕਿਸੇ ਧਾਰਨਾ ਦੇ ਹੋਣ।[1] ਸ਼ਬਦਾਰਥ ਵਿਚ ਵੀ ਪੜਤਾਲ ਨੂੰ ਤਾਲ ਨਾਲ ਸੰਬੰਧਿਤ ਕੀਤਾ ਗਿਆ ਹੈ ਅਤੇ ਅਜਿਹਾ ਤਾਲ ਮੰਨਿਆ ਗਿਆ ਹੈ ਜਿਸ ਨੂੰ ਮੁੜ ਮੁੜ ਪਰਤਾਇਆ ਜਾਵੇ।[2]

ਭਾਰਤੀਯ ਸੰਗੀਤ ਕੋਸ਼[3] ਵਿਚ ਇਕ 'ਪੜਾਲ' ਸ਼ਬਦ ਪ੍ਰਯੋਗ ਹੋਇਆ ਹੈ ਜਿਸ ਬਾਰੇ ਲਿਖਿਆ ਹੈ, "ਮਿਰਦੰਗ ਦੇ ਬੋਲ ਵੱਖ ਵੱਖ ਸ਼ਬਦ ਜਾਂ ਸਾਜ਼ਾਂ ਤੇ ਜਿਸ ਰੂਪ ਵਿਚ ਹੱਥ ਨਾਲ ਕੱਢੇ ਜਾਣ ਉਸੇ ਨੂੰ ਪੜਾਲ ਕਹਿੰਦੇ ਹਨ। ਹੋਰ ਅਰਥਾਂ ਅਨੁਸਾਰ ਕਿਸੇ ਵੀ ਸਲੋਕ ਦੀ ਬਾਣੀ ਦੇ ਛੰਦ ਦੇ ਅਨੁਰੂਪ ਆਨੱਧ (ਚਮੜੇ ਵਾਲੇ ਸਾਜ਼) ਤੇ ਵਾਦਨ ਉਪਯੋਗੀ ਬੋਲਾਂ ਨੂੰ ਵੀ ਸਲੋਕ-ਬਾਣੀ ਦਾ ਪੜਾਲ ਕਿਹਾ ਜਾਂਦਾ ਹੈ।

ਜਿਵੇਂ:
ਸਲੋਕ: ਤਦਿਹ ਭੂਮਿਤ ਆਹਿਤਿਕ ਫਣਾ।
ਪੜਾਲ: ਧੇਤ ਧੇਰੇ ਕੇਟੇਤਾਕ ਧ੍ਰੇਕੇ ਧੇਠੇ ਤਾਕ।

---

1. <u>ਗੁਰ ਛੰਦ ਦਿਵਾਕਰ</u>, ਪੰਨਾ, 154
2. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਮੈਂ ਦੂਜੀ) ਪੰਨਾ 408
3. ਵਿਮਲਾ ਕਾਂਤ ਰਾਇ ਚੌਧਰੀ, ਭਾਰਤੀਯ ਸੰਗੀਤ ਕੋਸ਼, ਪੰਨਾ 70

ਇੰਜ ਲਗਦਾ ਹੈ ਜਿਵੇਂ ਪੜਤਾਲ ਜਾਂ ਪੜਾਲ ਦੋਹਾਂ ਸ਼ਬਦਾਂ ਵਿੱਚ ਇੱਕ ਦਾ ਰੂਪਾਂਤਰਣ ਹੋ ਗਿਆ ਹੋਵੇ। ਗੁਰੂ ਕਾਵਿ ਵਿੱਚ ਪੜਤਾਲ ਸਿਰਲੇਖ ਹੇਠ ਆਉਣ ਵਾਲੀਆਂ ਰਚਨਾਵਾਂ ਦਾ ਰੂਪ ਅਤੇ ਇਹਨਾਂ ਦੀ ਗਾਇਨ ਸ਼ੈਲੀ ਭਾਰਤੀ ਸੰਗੀਤ ਦੀ 'ਪੜਾਲ' ਸ਼ੈਲੀ ਨਾਲ ਮਿਲਦੀ ਜੁਲਦੀ ਹੈ। ਇਹਨਾਂ ਰਚਨਾਵਾਂ ਵਿੱਚ ਤੁਕਾਂ ਦਾ ਤੋਲ ਤੁਕਾਂਤ ਅਤੇ ਖਾਸ ਸ਼ਬਦਾਂ ਦੇ ਦੁਹਰਾਉ ਨਾਲ ਅੱਜ ਕੱਲ ਤਬਲੇ ਦੇ ਖੁਲ੍ਹੇ ਬੋਲ ਵਜਾਏ ਜਾਂਦੇ ਹਨ। ਕਿਉਂਕਿ ਹੁਣ ਮਿਰਦੰਗ ਵਜਾਉਣ ਦਾ ਰਿਵਾਜ ਨਹੀਂ। ਕੁਝ ਸਿੱਖ ਕੀਰਤਨੀਏ ਅਜੇ ਵੀ ਤਬਲੇ ਦੇ ਇੱਕ ਰੌਟੂ ਉਤੇ ਆਟੇ ਵਾਲੇ ਪੂੜੇ ਦਾ ਪ੍ਰਯੋਗ ਕਰਕੇ ਮਿਰਦੰਗ ਦੀ ਘਾਟ ਪੂਰੀ ਕਰਦੇ ਹਨ। ਉਦਾਹਰਣ ਵਜੋਂ ਹੇਠ ਲਿਖੇ ਪੜਤਾਲ-ਪਦ ਦਾ ਛੰਦ ਵਿਲਖਣ ਹੈ:-

ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ।
ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ ਸੰਤ ਲਾਗੁ ਮਨਹਿ ਛਾਡੁ
ਦੁਬਿਧਾ ਕੀ ਕੁਰੀਆ॥ ਰਹਾਉ ॥
ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿੰਨ ਕਰੀਆ।
ਵਿਚਿ ਮਨ ਕੋਟਵਰੀਆ।
ਨਿਜ ਮੰਦਰਿ ਪਿਰੀਆ।
ਤਹਾ ਆਨਦ ਕਰੀਆ।
ਨਹ ਮਰੀਆ ਨਹ ਜਰੀਆ।
ਕੀਰਤਨਿ ਜੁਰੀਆ ਬਹੁ ਬਿਧਿ ਫਿਰੀਆ ਪਰ ਕਉ ਹਿਰੀਆ।
ਬਿਖਨਾ ਘਿਰੀਆ।
ਅਬ ਸਾਧੂ ਸੰਗਿ ਪਰੀਆ।
ਹਰਿ ਦੁਆਰੈ ਖਰੀਆ।
ਦਰਸਨੁ ਕਰੀਆ।
ਨਾਨਕ ਗੁਰ ਮਿਰੀਆ।
ਬਹੁਰਿ ਨ ਫਿਰੀਆ।[1]

---

1. ਸ੍ਰੀ ਗੁਰੂ ਅਰਜਨ ਦੇਵ ਜੀ, ਆਦਿ ਗ੍ਰੰਥ, ਪੰਨਾ 746

ਇਸ ਪਦੇ ਨੂੰ ਪੜਤਾਲ ਅਨੁਸਾਰ ਰਚਿਆ ਗਿਆ ਹੈ। ਇਸ ਦੇ ਵੱਖ ਵੱਖ ਸ਼ਬਦਾਂ ਦੇ ਉਚਾਰਨ ਅਨੁਸਾਰ ਤਬਲੇ ਜਾਂ ਮਿਰਦੰਗ ਦੇ ਵੱਖ ਵੱਖ ਬੋਲ ਹੀ ਵਜਾਏ ਜਾ ਸਕਦੇ ਹਨ।

ਗੁਰਮਤ ਗਾਇਕੀ ਵਿੱਚ 'ਪੜਤਾਲ' ਨੂੰ ਗਾਉਣ ਵੇਲੇ ਇੱਕ ਤੋਂ ਵਧੇਰੇ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਗਿਆਨੀ ਗਿਆਨ ਸਿੰਘ ਜੀ ਨੇ ਵੱਖ ਵੱਖ ਪੜਤਾਲਾਂ ਦੀ ਸੁਰ ਲਿਪੀ ਤਿਆਰ ਕੀਤੀ ਹੈ। ਉਹਨਾਂ ਨੇ ਆਪਣੀ ਪੁਸਤਕ ਗੁਰਬਾਣੀ ਸੰਗੀਤ ਵਿੱਚ ਆਸਾ, ਧਨਾਸਰੀ, ਸੂਹੀ, ਬਿਲਾਵਲ, ਨਟਨਾਰਾਇਣ, ਭੈਰਉ, ਸਾਰੰਗ, ਮਲਾਰ, ਕਾਨੜਾ ਆਦਿ ਰਾਗਾਂ ਦੀਆਂ ਪੜਤਾਲਾਂ ਦੀ ਸੁਰ ਲਿਪੀ ਦਿੱਤੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਪੜਤਾਲ ਗਾਇਕੀ ਵਿੱਚ ਸਥਾਈ ਅਤੇ ਅੰਤਰਾ ਦੋਵੇਂ ਵੱਖੋ ਵੱਖ ਤਾਲਾਂ ਵਿੱਚ ਗਾਏ ਜਾਂਦੇ ਹਨ। ਜਿਵੇਂ ਰਾਗ ਧਨਾਸਰੀ[1] ਦੇ ਪਦੇ ਨੂੰ ਗਾਉਣ ਲਈ ਇਸ ਦੀ ਸਥਾਈ ਤਿੰਨ ਤਾਲ ਵਿੱਚ ਰੱਖੀ ਗਈ ਹੈ ਪਰ ਅੰਤਰੇ ਝੱਪਤਾਲ ਜਾਂ ਇੱਕਤਾਲ ਵਿੱਚ ਹਨ। ਕਈ ਪੜਤਾਲਾਂ ਨੂੰ ਦੋ ਤੋਂ ਵਧੇਰੇ ਤਾਲਾਂ ਵਿੱਚ ਲਿਪੀ ਬੱਧ ਕੀਤਾ ਹੈ। ਜਿਵੇਂ ਰਾਗ ਬਿਲਾਵਲ ਦੇ ਪਦੇ ਦੀ ਸਥਾਈ ਤਿੰਨ, (ਤਾਲ ਅਤੇ) ਅੰਤਰਾ ਦਾਈ ਤਾਲ ਵਿੱਚ ਹੈ।[2] ਕਈ ਪਦਿਆਂ ਵਿੱਚ ਸਥਾਈ, ਅੰਤਰਾ, ਸੰਚਾਰੀ ਅਤੇ ਆਭੋਗ ਵੀ ਆਏ ਹਨ ਜੋ ਪੜਤਾਲ ਗਾਇਕੀ ਨੂੰ ਭਾਰਤੀ ਸੰਗੀਤ ਦੀ ਪ੍ਰਸਿੱਧ ਗਾਇਨ ਸ਼ੈਲੀ ਧਰੁਪਦ ਦੇ ਨੇੜੇ ਲੈ ਜਾਂਦੇ ਹਨ।

ਪੜਤਾਲ ਗਾਇਕੀ ਵਾਲੇ ਪਦੇ ਵੱਖ ਵੱਖ ਘਰਾਂ ਵਿੱਚ ਅਤੇ ਵੱਖ ਵੱਖ ਰਾਗਾਂ ਵਿੱਚ ਦਰਜ ਹੋਏ ਹਨ। ਇਸ ਲਈ ਇਹ ਜਾਪਦਾ ਹੈ ਕਿ ਇਹਨਾਂ ਦਾ ਰੂਪ ਤਾਲ ਅਤੇ ਰਾਗ ਦੇ ਸੁਭਾਅ ਅਨੁਸਾਰ ਨਿਸ਼ਚਿਤ ਕੀਤਾ ਜਾਂਦਾ ਹੈ। ਏਸੇ ਲਈ ਪੜਤਾਲ ਪਦਿਆਂ ਦਾ ਰੂਪ ਵਿਧਾਨ ਬਾਕੀ ਪਦਿਆਂ ਨਾਲੋਂ ਨਿਵੇਕਲਾ ਹੈ। ਸਮੁੱਚੇ ਰੂਪ ਵਿੱਚ ਪੜਤਾਲ ਸਿਰਲੇਖਾਂ ਵਾਲੇ ਪਦਿਆਂ ਵਿੱਚ ਸੰਗੀਤ ਅਤੇ ਕਾਵਿ ਦਾ ਸੁਮੇਲ ਹੋਇਆ ਹੈ ਅਤੇ ਇਹ ਪੂਰੀ ਤਰ੍ਹਾਂ ਇਕ ਦੂਜੇ ਤੇ ਅਧਾਰਤ ਹਨ।

---

1. ਗਿਆਨ ਸਿੰਘ, <u>ਗੁਰਬਾਣੀ ਸੰਗੀਤ</u> (ਭਾਗ 1) ਪੰਨਾ 119
2. ਉਹੀ, ਪੰਨਾ 170-172

ਕਾਫੀ:-

ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਕਵੀਆਂ ਦੀਆਂ 'ਕਾਫੀ' ਸਿਰਲੇਖ ਅਧੀਨ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ -- ਦੀਆਂ ਰਚਨਾਵਾਂ ਦਰਜ ਹੋਈਆਂ ਹਨ।

ਪੰਜਾਬੀ ਦੇ ਵਿਦਵਾਨਾਂ ਵਿੱਚ 'ਕਾਫੀ' ਬਾਰੇ ਬੜਾ ਵਾਦ-ਵਿਵਾਦ ਪ੍ਰਚੱਲਤ ਰਿਹਾ ਹੈ। ਇਸ ਦਾ ਕਾਰਨ ਹੈ ਕਿ ਭਾਰਤੀ ਸੰਗੀਤ ਵਿੱਚ ਕਾਫੀ ਨਾਂ ਦਾ ਇੱਕ ਪ੍ਰਸਿੱਧ ਰਾਗ ਮਿਲਦਾ ਹੈ। ਜਿਹੜਾ ਕੇਵਲ ਇੱਕ ਰਾਗ ਹੀ ਨਹੀਂ ਸਗੋਂ ਇੱਕ ਠਾਠ ਹੈ ਅਤੇ ਇਸ ਦੇ ਅੰਤਰਗਤ ਧਨਾਸਰੀ, ਭੀਮਪਲਾਸੀ, ਪੀਲੂ, ਬਾਗੇਸ਼ਰੀ, ਬਹਾਰ ਆਦਿ ਲਗਭਗ 28 ਰਾਗ ਆਉਂਦੇ ਹਨ।[1] ਅਤੇ ਮੁਸਲਮਾਨ ਸੂਫੀ ਕਵੀਆਂ ਦੀਆਂ ਕਾਫੀਆਂ ਦੀ ਪ੍ਰਸਿੱਧੀ ਵੀ ਕਿਸੇ ਤੋਂ ਗੁੱਝੀ ਨਹੀਂ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਚਨਾਵਾਂ ਉਪਰ ਦਿੱਤੇ ਕਾਫੀ ਸਿਰਲੇਖ ਬਾਰੇ ਵਿਦਵਾਨਾਂ ਦੇ ਕਈ ਤਰ੍ਹਾਂ ਦੇ ਵਿਚਾਰ ਰਹੇ ਹਨ।

ਡਾਕਟਰ ਮੋਹਨ ਸਿੰਘ ਨੇ ਕਾਫੀ ਨੂੰ ਇੱਕ ਰਾਗਣੀ ਆਖਿਆ ਹੈ।[2] ਭਾਈ ਕਾਹਨ ਸਿੰਘ ਨਾਭਾ[3] ਅਤੇ ਸ਼ਬਦਾਰਥ ਦੇ ਵਿਦਵਾਨ[4] ਵੀ ਕਾਫੀ ਨੂੰ ਰਾਗਣੀ ਮੰਨਦੇ ਹਨ। ਸਾਹਿਬ ਸਿੰਘ[5] ਜੀ ਉਪਰੋਕਤ ਮੱਤ ਦੇ ਹੱਕ ਵਿੱਚ ਦਲੀਲ ਦਿੰਦਿਆਂ ਦਸਦੇ ਹਨ ਕਿ ਜੇ ਗੁਰੂ ਸਾਹਿਬ ਦਾ ਇਹਨਾਂ ਪਦਿਆਂ ਤੋਂ ਭਾਵ ਕਾਫੀ ਕਾਵਿ ਰੂਪ ਹੁੰਦਾ ਤਾਂ ਅਜੇਹੀਆਂ ਬਹੁਤੀਆਂ ਰਚਨਾਵਾਂ ਲਈ ਸ਼ਬਦ 'ਕਾਫੀਆਂ' ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਦੋਂ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਕੇਵਲ ਕਾਫੀ ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਡਾ. ਤ੍ਰਿਲੋਚਨ ਸਿੰਘ[6] ਦਾ ਮੱਤ ਹੈ ਕਿ ਇਹ ਨ੍ਰਿਤ ਗੀਤਾਂ ਦਾ ਹੀ ਇੱਕ ਰੂਪ ਹੈ, ਜੋ ਸਿੰਧ ਤੇ ਪੰਜਾਬ ਵਿੱਚ ਬੜਾ ਪ੍ਰਸਿੱਧ ਹੋਇਆ। ਇਸ ਦੀ ਛੰਦ-ਚਾਲ ਤ੍ਰਿਖੀ ਤੇ ਬੜੀ ਸਰਲ ਹੁੰਦੀ ਹੈ।

---

1. ਵਸੰਤ, ਸੰਗੀਤ-ਵਿਸ਼ਾਰਦ, ਪੰਨਾ 103
2. ਹਵਾਲਾ, ਸੰਤ ਸਿੰਘ ਸੇਖੋਂ, ਪੰਜਾਬੀ ਕਾਵ ਸ਼ਿਰੋਮਣੀ, ਪੰਨਾ 198
3. ਕਾਹਨ ਸਿੰਘ, ਨਾਭਾ, ਮਹਾਨ ਕੋਸ਼, ਪੰਨਾ 319
4. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 396
5. ਸਾਹਿਬ ਸਿੰਘ, ਗੁਰੂ ਗ੍ਰੰਥ ਦਰਪਣ, (ਪੋਥੀ ਪਹਿਲੀ) ਪੰਨਾ 15
6. ਹਵਾਲਾ ਸੰਤ ਸਿੰਘ ਸੇਖੋਂ, ਪੰਜਾਬੀ ਕਾਵਿ ਸ਼ਿਰੋਮਣੀ ਪੰਨਾ 198

ਪ੍ਰਿੰਸੀਪਲ ਤੇਜਾ ਸਿੰਘ[1] ਨੇ ਇਸ ਨੂੰ ਅਰਬੀ ਸ਼ਬਦ 'ਕਾਫੀਆ' ਅਰਥਾਤ ਤੁਕਾਂਤ ਜੋੜ ਤੋਂ ਆਇਆ ਦੱਸਿਆ ਹੈ। ਪ੍ਰਿੰਸੀਪਲ ਸੰਤ ਸਿੰਘ ਸੇਖੋਂ ਵੀ ਇਸ ਮਤ ਨਾਲ ਸਹਿਮਤ ਹੁੰਦਿਆਂ ਲਿਖਦੇ ਹਨ, "ਇਥੋਂ ਪ੍ਰਤੀਤ ਹੁੰਦਾ ਕਿ ਸੂਫੀ ਫਕੀਰ ਆਪਣੇ ਡੇਰਿਆਂ ਵਿੱਚ 'ਕਾਫੀਏ' ਅਰਥਾਤ ਛੰਦ ਗਾਂਦੇ ਗਵਾਂਦੇ ਸਨ ਤੇ ਇਸ ਮੰਤਵ ਲਈ ਇਹਨਾਂ ਦੀ ਰਚਨਾ ਵੀ ਕਰਦੇ ਸਨ। ਅਰਥਾਤ ਉਹ ਗਾਣ ਵਾਲੀ ਕਵਿਤਾ ਨੂੰ ਹੀ ਕਾਫੀਏ ਆਖਦੇ ਸਨ, ਜਿਨ੍ਹਾਂ ਨੂੰ ਲੋਕਾਂ ਵੱਲੋਂ ਇਸਤਰੀ ਲਿੰਗ ਦਾ ਰੂਪ ਦੇ ਕੇ ਕਾਫੀਆਂ ਆਖਿਆ ਜਾਣ ਲੱਗ ਪਇਆ। ਬੈਤ, ਕਬਿਤ ਆਦਿ ਸ਼ਬਦਾਂ ਨੂੰ ਵੀ ਇਸੇ ਤਰ੍ਹਾਂ ਕਦੀ ਪੁਲਿੰਗ ਤੇ ਕਦੀ ਇਸਤਰੀ ਲਿੰਗ ਆਖਿਆ ਜਾਂਦਾ ਹੈ। ਪਰ ਇਸ ਦਾ ਕੋਈ ਵਿਸ਼ੇਸ਼ ਲੱਛਣ ਵੀ ਹੈ, ਇਸ ਬਾਰੇ ਕੁਝ ਨਹੀਂ ਆਖਿਆ ਜਾ ਸਕਦਾ।"[2] ਇਸ ਤਰ੍ਹਾਂ ਇਸ ਵਾਦ-ਵਿਵਾਦ ਨੂੰ ਹਲ ਕਰਨ ਲਈ ਜ਼ਰੂਰੀ ਹੈ ਕਿ ਪਹਿਲਾਂ ਕਾਫੀ ਦੇ ਲੱਛਣਾ ਵੱਲ ਵੀ ਝਾਤ ਮਾਰੀ ਜਾਵੇ। ਕਾਹਨ ਸਿੰਘ ਨਾਭਾ[3] ਨੇ ਕਾਫੀ ਕਾਵਿ ਰੂਪ ਬਾਰੇ ਲਿਖਿਆ ਹੈ ਕਿ ਇਹ ਗੀਤ ਦੀ ਇੱਕ ਧਾਰਨਾ ਹੈ। ਅਰਬੀ ਵਿੱਚ ਕਾਫੀ ਦਾ ਅਰਥ ਹੈ ਪਿਛੇ ਚਲਣ ਵਾਲਾ, ਅਨੁਚਰ, ਅਨੁਰਾਗੀ, ਇਹ ਛੰਦ ਉਹ ਪਦ ਹੁੰਦਾ ਹੈ ਜਿਸਦਾ ਸਥਾਈ ( ਰਹਾਉ ) ਵਜੋਂ ਪ੍ਰਯੋਗ ਕੀਤਾ ਜਾਂਦਾ ਹੈ। ਇਸ ਪਿਛੇ ਗਾਉਣ ਲਈ ਹੋਰ ਤੁਕਾਂ ਜੋੜੀਆਂ ਜਾਂਦੀਆਂ ਹਨ। ਇਹ ਛੰਦ ਦੀ ਖਾਸ ਜਾਤੀ ਨਹੀਂ। ਸੂਫੀ ਪ੍ਰੇਮ ਰਸ ਭਰੇ ਪਦੇ ਗਾਇਆ ਕਰਦੇ ਹਨ, ਅਤੇ ਜਿਹਨਾਂ ਪਿਛੇ ਸਾਰੀ ਮੰਡਲੀ ਮੁਖੀਏ ਦੇ ਕਹੇ ਪਦ ਦੁਹਰਾਉਂਦੀ ਹੈ। ਗੁਰੂ ਕਵੀਆਂ ਦੇ ਕਾਫੀ ਸਿਰਲੇਖ ਅਧੀਨ ਆਉਣ ਵਾਲੇ ਪਦੇ ਵੀ ਇਹਨਾਂ ਲਛਣਾਂ ਨੂੰ ਪੂਰੇ ਕਰਦੇ ਹਨ ਕਿਉਂਕਿ ਇਹਨਾਂ ਵਿੱਚ 'ਰਹਾਉ' ਵਾਲੀ ਤੁਕ ਨੂੰ ਸਥਾਈ ਬਣਾ ਕੇ ਵਾਰ ਵਾਰ ਗਾਇਆ ਜਾਂਦਾ ਹੈ। ਇਸ ਲਈ ਅਸੀਂ ਡਾ. ਕੋਹਲੀ ਦੇ ਮਤ ਨਾਲ ਸਹਿਮਤ ਹੁੰਦਿਆਂ ਉਹਨਾਂ ਦਾ ਹਵਾਲਾ ਦੇਣਾ ਜ਼ਰੂਰੀ ਸਮਝਦੇ ਹਾਂ, "ਕਾਫੀ ਇੱਕ ਸਰੋਦੀ ਰਚਨਾ ਹੈ ਜੋ ਕਵੀ ਗਾਉਣ ਲਈ ਰਚਦਾ ਹੈ। ਇਹ ਕਾਫੀ ਕਿਸੇ ਵੀ ਰਾਗ ਵਿੱਚ ਗਾਈ ਜਾ ਸਕਦੀ ਹੈ।

2. ਇਹ ਇੱਕ ਕਾਵਿ-ਭੇਦ ਹੈ। ਇਹਦੇ ਲਈ ਕੋਈ ਵਿਸ਼ੇਸ਼ ਛੰਦ ਨੀਯਤ ਨਹੀਂ ਕੀਤਾ

1. ਹਵਾਲਾ ਸੰਤ ਸਿੰਘ ਸੇਖੋਂ, ਪੰਜਾਬੀ ਕਾਵਿ ਸ਼ਿਰੋਮਣੀ, ਪੰਨਾ 198
2. ਪੰਜਾਬੀ ਕਾਵ ਸ਼ਿਰੋਮਣੀ, ਪੰਨਾ 198
3. ਮਹਾਨ ਕੋਸ਼, ਪੰਨਾ 319

ਜਾ ਸਕਦਾ। ਇਹ ਕਈ ਪ੍ਰਕਾਰ ਦੇ ਛੰਦਾਂ ਵਿੱਚ ਲਿਖੀ ਜਾ ਸਕਦੀ ਹੈ ਪਰ ਤੋਲਬਧ ਅਤੇ ਛੰਦ-ਬਧ ਹੁੰਦਿਆਂ ਇਹਦਾ ਸੰਗੀਤ ਬਧ ਹੋਣਾ ਵੀ ਜ਼ਰੂਰੀ ਹੈ।[1]

ਇਸ ਕਾਵਿ ਰੂਪ ਅਤੇ ਇਸ ਕਾਵਿ ਰੂਪ ਲਈ ਜਿਹੜੇ ਰਾਗ ਪ੍ਰਯੋਗ ਕੀਤੇ ਹਨ ਉਹਨਾਂ ਦਾ ਆਪਸ ਵਿੱਚ ਬੜਾ ਗੂੜਾ ਸੰਬੰਧ ਹੈ। ਇਸ ਵਿੱਚ ਤਾਂ ਕੋਈ ਸ਼ੱਕ ਨਹੀ ਕਿ 'ਕਾਫੀ' ਕਾਵਿ ਰੂਪ ਮੁਸਲਮਾਨੀ ਸਭਿਆਚਾਰ ਨਾਲ ਸੰਬੰਧਤ ਹੈ। ਇਸ ਨਾਲ ਸੰਬੰਧਤ ਰਾਗ ਵੀ ਮੁਸਲਮਾਨਾਂ ਵਿੱਚ ਪ੍ਰਚਲਤ ਰਹੇ ਲਗਦੇ ਹਨ। ਕਾਫੀ ਕਾਵਿ ਰੂਪ ਕੇਵਲ ਰਾਗ ਆਸਾ, ਤਿਲੰਗ, ਸੂਹੀ ਅਤੇ ਮਾਰੂ ਰਾਗਾਂ ਵਿੱਚ ਦਰਜ ਹੋਇਆ ਹੈ।

ਰਾਗ ਆਸਾ ਬਾਰੇ ਅਸੀ ਪਹਿਲਾਂ ਦਸ ਚੁਕੇ ਹਾਂ ਕਿ ਇਹ ਰਾਗ ਪੰਜਾਬ ਦਾ ਖਾਸ ਰਾਗ ਹੈ। ਸ਼ੇਖ ਫਰੀਦ ਜੀ ਦਾ ਇਸ ਰਾਗ ਵਿੱਚ ਰਚਨਾ ਕਰਨਾ ਇਹ ਦਸਦਾ[2] ਹੈ ਕਿ ਇਹ ਰਾਗ ਸੂਫੀ ਫਕੀਰਾਂ ਵਿੱਚ ਕਾਫੀ ਪ੍ਰਚਲਤ ਰਿਹਾ ਹੋਵੇਗਾ।

ਰਾਗ ਤਿਲੰਗ ਵਿੱਚ ਗੁਰੂ ਨਾਨਕ ਦੇਵ ਜੀ ਦੇ ਬਹੁਤ ਸਾਰੇ ਪਦੇ ਮੁਸਲਮਾਨੀ ਸਭਿਆਚਾਰ ਨਾਲ ਸੰਬੰਧਤ ਹਨ। ਕੁਝ ਪਦੇ ਤਾਂ ਫਾਰਸੀ ਨਾਲ ਮਿਲੀ ਜੁਲੀ ਬੋਲੀ ਰੇਖਤਾ ਵਿੱਚ ਦਰਜ ਹਨ[3]। ਇਸ ਲਈ ਇਹ ਰਾਗ ਵੀ ਮੁਸਲਮਾਨਾਂ ਦੇ ਨੇੜੇ ਦਾ ਰਾਗ ਲਗਦਾ ਹੈ।

ਰਾਗ ਸੂਹੀ ਦਾ ਸੰਬੰਧ ਪੱਛਮ ਦੇ ਇਲਾਕੇ ਨਾਲ ਬੜਾ ਗੂੜਾ ਲਗਦਾ ਹੈ ਕਿਉਂਕਿ ਇਸ ਰਾਗ ਦੀ ਸਾਰੀ ਬਾਣੀ ਵਿੱਚ ਲਹਿੰਦੀ ਪੰਜਾਬੀ ਦੇ ਸ਼ਬਦਾਂ ਦੀ ਭਰਮਾਰ ਹੈ। ਸ਼ੇਖ ਫਰੀਦ ਜੀ ਦੇ ਵੀ ਇਸ ਰਾਗ ਵਿੱਚ ਦੋ ਪਦੇ ਦਰਜ ਹੋਏ ਹਨ।[4] ਇਸ ਲਈ ਕਿਹਾ ਜਾ ਸਕਦਾ ਹੈ ਕਿ ਮੁਸਲਮਾਨ ਸੂਫੀ ਇਸ ਰਾਗ ਦਾ ਆਨੰਦ ਮਾਣਦੇ ਰਹੇ ਹਨ।

ਮਾਰੂ ਰਾਗ ਨੂੰ ਮਾਰੂ ਦੇਸ ਦਾ ਰਾਗ ਮੰਨਿਆ ਗਿਆ ਹੈ। ਇਸ ਇਲਾਕੇ ਨੂੰ ਰਾਜਸਥਾਨ ਦਾ ਇਲਾਕਾ ਕਿਹਾ ਜਾਂਦਾ ਹੈ ਪਰ ਅਰਬ ਦੇ ਮਾਰੂਥਲ ਤੋਂ ਕਿਹੜਾ ਵਾਕਫ ਨਹੀਂ। ਇਸ ਲਈ ਜੇ ਇਸ ਰਾਗ ਦਾ ਸੁਰ ਪ੍ਰਬੰਧ ਮੁਸਲਮਾਨੀ ਦੇਸ਼ਾਂ ਦੇ ਰਾਗਾਂ ਨਾਲ ਮਿਲਦਾ ਜੁਲਦਾ ਹੋਵੇ ਤੇ ਮੁਸਲਮਾਨ ਸੂਫੀ ਇਸ ਰਾਗ ਤੋਂ ਰਸ ਪ੍ਰਾਪਤ ਕਰਦੇ ਹੋਣ ਤਾਂ ਕੋਈ ਅਲੋਕਾਰ ਗੱਲ ਨਹੀ ਹੈ।

ਸੋ ਸਮੁੱਚੇ ਰੂਪ ਵਿੱਚ ਕਾਫੀਆਂ ਜਿਹਨਾਂ ਰਾਗਾਂ ਵਿੱਚ ਰਚੀਆਂ ਗਈਆਂ ਉਹਨਾਂ ਲਈ

1. ਡਾ. ਸੁਰਿੰਦਰ ਸਿੰਘ ਕੋਹਲੀ (ਸੰ.) ਚੋਣਵੀਆਂ ਕਾਫੀਆਂ ਪੰਨਾ 4 ਭੂਮਿਕਾ
2. ਆਦਿ ਗ੍ਰੰਥ, ਪੰਨਾ 488 3. ਉਹੀ, ਪੰਨਾ 721 4. ਉਹੀ, ਪੰਨਾ 794

ਇਹ ਰਾਗ ਬੜੇ ਢੁਕਵੇਂ ਹਨ। ਲਗਦਾ ਹੈ ਕਿ ਗੁਰੂ ਕਵੀਆਂ ਨੇ ਸੁਚੇਤ ਤੌਰ ਤੇ ਹੀ ਇਹ ਰਚਨਾਵਾਂ ਇਹਨਾਂ ਰਾਗਾਂ ਵਿੱਚ ਰਚੀਆਂ ਹਨ।

ਕਾਫ਼ੀ ਕਾਵਿ ਰੂਪ ਦਾ ਛੰਦ ਪਦਿਆਂ ਨਾਲੋਂ ਵੱਖਰਾ ਨਹੀਂ। ਗੁਰੂ ਨਾਨਕ ਦੇਵ ਜੀ ਦੀ ਮਾਰੂ ਰਾਗ ਵਿੱਚ ਦਰਜ ਇਕ ਕਾਫ਼ੀ ਦਾ ਛੰਦ ਭਾਈ ਕਾਹਨ ਸਿੰਘ ਨਾਭਾ ਨੇ ਸੁਕਾਵਯ ਦੱਸਿਆ ਹੈ:

ਆਵਹੁ ਵੰਞਹੁ ਡੁੰਮਣੀ ਕਿਤੀ ਮਿਤ੍ਰ ਕਰੇਉ।
ਸਾਧਨ ਢੋਈ ਨ ਲਹੈ ਵਾਢੀ ਕਿਉ ਧੀਰੇਉ।[1]

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੇ ਰਾਗ ਆਸਾ ਵਿੱਚ ਦਰਜ ਗੁਰੂ ਰਾਮਦਾਸ ਜੀ ਦੀ ਕਾਫ਼ੀ ਦਾ ਤੋਲ ਅੜਿੱਲ ਦੱਸਿਆ ਹੈ:-

ਆਇਆ ਮਰਣੁ ਧੁਰਾਹੁ ਹਉਮੈ ਰੋਈਐ।
ਗੁਰਮੁਖਿ ਨਾਮੁ ਧਿਆਇ ਅਸਥਿਰੁ ਹੋਈਐ।[2]

ਇਹ ਛੰਦ ਕਾਫ਼ੀ ਕਾਵਿ ਰੂਪ ਲਈ ਅਢੁਕਵੇਂ ਨਹੀਂ ਹਨ ਕਿਉਂਕਿ ਇਹਨਾਂ ਦਾ ਪ੍ਰਯੋਗ ਹਰ ਤਰ੍ਹਾਂ ਦੇ ਭਾਵ ਪ੍ਰਗਟਾਵੇ ਲਈ ਕੀਤਾ ਜਾ ਸਕਦਾ ਹੈ।

ਕਈ ਕਾਫ਼ੀਆਂ ਵਿੱਚ ਕਾਵਿ-ਰੂਪ ਦੀ ਵਿਸ਼ੇਸ਼ਤਾ ਕਰਕੇ ਲਹਿੰਦੀ ਸ਼ਬਦਾਵਲੀ ਦਾ ਵਧੇਰੇ ਪ੍ਰਯੋਗ ਹੋਇਆ ਹੈ। ਜਿਵੇਂ ਸੂਹੀ[3] ਦੀ ਇਸ ਕਾਫ਼ੀ ਵਿੱਚ -

ਜੇ ਭੁਲੀ ਜੇ ਚੁਕੀ ਸਾਂਈ ਭੀ ਤਹਿੰਜੀ ਕਾਢੀਆ।
ਜਿਨ੍ਹਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ।[3]

ਇਸ ਸਾਰੀ ਰਚਨਾ ਵਿੱਚ ਸਾਂਈ, ਤਹਿੰਜੀ, ਦੂਜਾਣੇ, ਵਾਢੀਆ, ਮਹਿੰਜਾ, ਵੇਖਾਲਿ, ਮੂ, ਦਾਤੜੀ, ਪਾਵ, ਜੁਲਾਈ, ਥੀਵੈ, ਮੈਡਹੁ, ਹਭ, ਵਧਾਈਆ, ਹਿਕ, ਭੇਰੀ, ਡਿਠੇ, ਵੰਞਨਿ ਆਦਿ ਸ਼ਬਦਾਂ ਨਾਲ ਇਸ ਕਾਵਿ ਰੂਪ ਅਨੁਸਾਰ ਵਿਸ਼ੇਸ਼ ਤਰ੍ਹਾਂ ਦੀ ਸਰਸਤਾ ਆ ਗਈ ਹੈ।

ਏਸੇ ਤਰ੍ਹਾਂ ਰਾਗ ਮਾਰੂ[4] ਦੀ ਇਹ ਰਚਨਾ ਵਰਣਨਯੋਗ ਹੈ:

ਆਵਹੁ ਵੰਞਹੁ ਡੁੰਮਣੀ ਕਿਤੀ ਮਿਤ੍ਰ ਕਰੇਉ।

1. ਆਦਿ ਗ੍ਰੰਥ, ਪੰਨਾ 1014
2. ਉਹੀ, ਪੰਨਾ 369
3. ਉਹੀ, ਪੰਨਾ 761
4. ਉਹੀ, ਪੰਨਾ 1014

ਸਾਜਨ ਢੂਈ ਨ ਲਹੈ ਵਾਢੀ ਕਿਉ ਧੀਰੇਉ।

ਇਸ ਵਿੱਚ ਵੀ ਲਹਿੰਦੀ ਦੇ ਬਹੁਤ ਸ਼ਬਦ ਆਉਂਦੇ ਹਨ ਜਿਵੇਂ :- ਡੁੰਮਣੀ, ਵਾਢੀ, ਮੈਂਡਾ ਚਿਤ, ਡੋਹਾਗਣੀ, ਮੁਠੜੀ, ਤ੍ਰੇਖੇ, ਸਾਤੜੇ, ਸੰਦਾ, ਸਦੜਾ, ਛੋਡਣਹਾਰ, ਮੂ ਆਦਿ।

ਇਸ ਤਰ੍ਹਾਂ ਸਮੁਚੇ ਅਧਿਐਨ ਤੋਂ ਕਿਹਾ ਜਾ ਸਕਦਾ ਹੈ ਕਾਫੀ ਕਾਵਿ ਰੂਪ ਦਾ ਛੰਦ ਤੇ ਇਸ ਵਿਚ ਪ੍ਰਯੁਕਤ ਹੋਈ ਸ਼ਬਦਾਵਲੀ ਇਸ [redacted] ਨਾਲ ਸੰਬੰਧਿਤ ਕੀਤੇ ਰਾਗਾਂ ਦੇ ਅਨੁਕੂਲ ਹੈ ਅਤੇ ਇਸਦੇ ਰੂਪ ਵਿਧਾਨ ਤੇ ਸੰਗੀਤ ਦੀ ਸੁਮੇਲਤਾ ਦੀ ਸੁੰਦਰ ਮਿਸਾਲ ਹੈ।

ਬਾਰਹਮਾਹ:-

ਗੁਰੂ ਗ੍ਰੰਥ ਸਾਹਿਬ ਵਿੱਚ ਦੋ ਬਾਰਹਮਾਹ ਦਰਜ ਹੋਏ ਹਨ। ਇੱਕ ਰਾਗ ਮਾਝ ਵਿੱਚ ਦੂਜਾ ਰਾਗ ਤੁਖਾਰੀ ਵਿੱਚ। ਮਾਝ ਰਾਗ ਵਾਲਾ ਬਾਰਹਮਾਹ ਗੁਰੂ ਅਰਜਨ ਦੇਵ ਜੀ ਦਾ ਰਚਿਆ ਹੋਇਆ ਹੈ ਅਤੇ ਰਾਗ ਤੁਖਾਰੀ ਵਾਲਾ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ।

ਬਾਰਾਹਮਾਹ ਤੁਖਾਰੀ :- ਗੁਰੂ ਨਾਨਕ ਦੇਵ ਜੀ ਦੇ ਰਚੇ ਇਸ ਬਾਰਹਮਾਹ ਦੇ ਰੂਪ ਵਿਧਾਨ ਅਤੇ ਰਾਗ ਤੁਖਾਰੀ ਵਿੱਚ ਕਮਾਲ ਦੀ ਇਕਸਾਰਤਾ ਤੇ ਇਕਸੁਰਤਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਤੁਖਾਰੀ ਇੱਕ ਅਜਿਹਾ ਰਾਗ ਹੈ ਜਿਸ ਵਿੱਚ ਛੰਤਾਂ ਤੋਂ ਬਿਨਾਂ ਹੋਰ ਕੋਈ ਵੀ ਕਾਵਿ ਰੂਪ ਦਰਜ ਨਹੀ ਹੋਇਆ। ਗੁਰੂ ਨਾਨਕ ਦੇਵ ਜੀ ਦਾ ਰਚਿਆ ਇਹ ਬਾਰਹਮਾਹ ਵੀ ਛੰਤ ਕਾਵਿ ਰੂਪ ਵਿੱਚ ਹੈ। ਆਮ ਤੌਰ ਤੇ ਅਜਿਹੀਆਂ ਲੰਮੇਰੀਆਂ ਰਚਨਾਵਾਂ ਦੋਹਿਰਾ, ਦਵਈਆ, ਜਾਂ ਚੋਪਈ ਆਦਿ ਛੰਦਾਂ ਵਿੱਚ ਹੁੰਦੀਆਂ ਹਨ। ~~ਗੁਰੂ ਗ੍ਰੰਥ ਸਾਹਿਬ ਵਿੱਚ ਵੀ ਹੋਰ ਕੋਈ ਵੀ~~ ਤੁਖਾਰੀ ਰਾਗ ਬਾਰੇ ਅਸੀਂ ਪਹਿਲਾਂ ਦੱਸ ਹੀ ਆਏ ਹਾਂ ਕਿ ਇਹ ਰਾਗ ਸੰਜੋਗ ਤੇ ਵਿਜੋਗ ਦੋਹਾਂ ਤਰ੍ਹਾਂ ਦੇ ਭਾਵ ਪ੍ਰਗਟਾਵੇ ਲਈ ਉਚਿਤ ਹੈ ਕਿਉਂਕਿ ਇਸ ਰਾਗ ਵਿੱਚ ਰਿਸ਼ਭ ਅਤੇ ਧੈਵਤ ਸ਼ੁਧ ਰੂਪ ਵਿਚ ਪ੍ਰਯੋਗ ਹੁੰਦੇ ਹਨ। ਭਾਤਖੰਡੇ[1] ਅਨੁਸਾਰ ਜਿਹਨਾਂ ਰਾਗਾਂ ਵਿੱਚ ਰਿਸ਼ਭ ਅਤੇ ਧੈਵਤ ਸ਼ੁੱਧ ਰੂਪ ਵਿੱਚ ਪ੍ਰਯੋਗ ਹੋਣ ਉਹ ਰਾਗ ਸ਼ਿੰਗਾਰ ਰਸੀ ਭਾਵਾਂ ਦਾ ਪ੍ਰਗਟਾਵਾ

1 ਕ੍ਰਮਿਕ ਪੁਸਤਕ ਮਾਲਿਕਾ (ਪਾਂਚਵੀ ਪੁਸਤਕ) ਪੰਨਾ 37

ਕਰਨ ਦੇ ਅਨੁਕੂਲ ਹੁੰਦੇ ਹਨ। ਪਰ ਇਸ ਰਾਗ ਦਾ ਵਾਦੀ ਸੁਰ ਪੰਚਮ ਹੈ ਇਸ ਲਈ ਇਸ ਰਾਗ ਵਿੱਚ ਵਿਜੋਗ ਸ਼੍ਰਿੰਗਾਰ ਪ੍ਰਧਾਨ ਭਾਵ ਵਧੇਰੇ ਪ੍ਰਗਟ ਹੋ ਸਕਦੇ ਹਨ।[1] ਏਸੇ ਕਰਕੇ ਗੁਰੂ ਨਾਨਕ ਦੇਵ ਜੀ ਨੇ ਇਸ ਰਾਗ ਵਿੱਚ ਬਾਰਹਮਾਹ ਵਰਗੀ ਰਚਨਾ ਸ਼੍ਰਿੰਗਾਰ ਦੇ ਅਨੁਕੂਲ ਕਾਵਿ ਰੂਪ ਛੰਤ ਵਿੱਚ ਰਚੀ ਹੈ ਅਤੇ ਇਸ ਰਾਗ ਵਿੱਚ ਪ੍ਰਧਾਨ ਭਾਵ ਵਿਛੋੜੇ ਦਾ ਹੈ।

ਇਸ ਬਾਰਹਮਾਹ ਦੇ ਕੁਲ 17 ਬੰਦ ਹਨ। ਹਰ ਬੰਦ ਦੀਆਂ 6 ਤੁਕਾਂ ਹਨ। ਡਾਕਟਰ ਤਾਰਨ ਸਿੰਘ[2] ਅਨੁਸਾਰ ਪਹਿਲੀਆਂ ਚਾਰ ਪਉੜੀਆਂ ਵਿੱਚ 'ਪ੍ਰਿਅ ਬਾਝੁ ਦੁਹੇਲੀ, ਕੋਇ ਨ ਬੇਲੀ, ਗੁਰਮੁਖਿ ਅੰਮ੍ਰਿਤੁ ਪੀਵਾਂ' ਦੀ ਭੂਮਿਕਾ ਦਿੱਤੀ ਹੈ ਅਤੇ ਦਸਿਆ ਹੈ ਕਿ ਜੀਵ-ਇਸਤ੍ਰੀ ਇਸ ਲਈ ਪ੍ਰਿਅ ਤੋਂ ਵਿਛੁੜੀ ਹੈ ਕਿ 'ਰਚਨਾ ਰਾਚਿ ਰਹੇ ਨਿਰੰਕਾਰੀ' ਨਿਰੰਕਾਰ ਨੂੰ ਭੁਲਾ ਦਿੱਤਾ ਹੈ ਅਤੇ ਉਸ ਦੀ ਰਚਨਾ-ਮਾਇਆ ਨੂੰ ਅਪਣਾ ਲਿਆ ਹੈ। ਅਗਲੇ 12 ਬੰਦਾਂ ਵਿੱਚ ਬਾਰਾਂ ਮਹੀਨਿਆਂ ਦੀ ਟੇਕ ਨਾਲ ਚਲਦੇ ਹਨ, ਵਿਛੋੜੇ ਦਾ ਦੁਖ ਬਿਆਨਿਆ ਹੈ ਅਤੇ ਮਿਲਾਪ ਦੀ ਧਾਰਨਾ ਕੀਤੀ ਹੈ :

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ।
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ।
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ।
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ।
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ।
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ।[3]

ਫਿਰ ਗੁਰੂ ਦੀ ਕਿਰਪਾ ਸਦਕਾ ਜਿਵੇਂ ਜਿਵੇਂ ਰੁਤਾਂ ਬਦਲਦੀਆਂ ਹਨ ਤਿਵੇਂ ਤਿਵੇਂ ਸਿਮਰਨ ਨਾਲ ਜੀਵ ਰੂਪੀ ਇਸਤਰੀ ਮਿਲਾਪ ਦੇ ਨੇੜੇ ਪੁਜਦੀ ਹੈ।

1. ਅਚਾਰੀਆ, ਬ੍ਰਿਹਸਪਤੀ, ਭਰਤ ਕਾ ਸੰਗੀਤ ਸਿਧਾਂਤ, ਪੰਨਾ 271
2. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ 275
3. ਆਦਿ ਗ੍ਰੰਥ, ਪੰਨਾ 1118

ਫਲਗੁਨਿ ਮਨਿ ਰਹਸੀ ਪ੍ਰੇਮ ਸੁਭਾਇਆ।

ਅਨਦਿਨੁ ਰਹਸੁ ਭਇਆ ਆਪੁ ਗਵਾਇਆ।

ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ।[1]

- - - - - - - - - - - - - - - - - - - - - - - - -

ਅਤੇ ਫਿਰ ਆਖਰੀ ਬੰਦ ਵਿੱਚ ਸਦੀਵੀ ਮਿਲਾਪ ਦੀ ਦਸ਼ਾ ਬਿਆਨ ਕੀਤੀ ਹੈ:

ਬੇਦਸ ਮਾਹ ਰੁਤੀ ਥਿਤੀ ਵਾਰ ਭਲੇ।

ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ।

ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ।

ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲਿ ਭਇਆ ਰੰਗੁ ਮਾਣੈ।

ਘਰਿ ਸੇਜ ਸੁਹਾਵੀ, ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ।

ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰ ਸੋਹਾਗੋ।[2]

ਭਾਵੇਂ ਇਹ ਇੱਕ ਲੰਮੇਰੀ ਰਚਨਾ ਹੈ ਅਤੇ ਇਸ ਦੀ ਭਾਵ ਲੜੀ ਵੀ ਜੁੜਦੀ ਚਲੀ ਜਾਂਦੀ ਹੈ ਪਰ ਫਿਰ ਵੀ ਇਸ ਦੇ ਹਰ ਇੱਕ ਬੰਦ ਵਿੱਚ ਇੱਕ ਤਰ੍ਹਾਂ ਸੰਪੂਰਨਤਾ ਹੈ। ਗਿਆਨੀ ਲਾਲ ਸਿੰਘ ਜੀ ਲਿਖਦੇ ਹਨ, "ਹਰ ਬੰਦ ਇਕ ਸਰੋਦੀ ਕੂਕ ਹੈ ਜੋ ਆਪਣੇ ਆਪ ਵਿੱਚ ਮੁਕੰਮਲ ਹੈ। ਇਸ ਤਰ੍ਹਾਂ ਇਹ ਬਾਣੀ ਮੁਕਤਕ ਕਾਵਿ ਤੇ ਪ੍ਰਬੰਧ ਕਾਵਿ ਦੋਹਾਂ ਦਾ ਸੰਜੋਗ ਦਰਸਾਉਂਦੀ ਹੈ। ਹਰ ਛੰਦ ਮੁਕੰਮਲ ਹੋਣ ਕਰਕੇ ਬਾਣੀ ਦਾ ਸਾਰ ਦੱਸਣ ਲਈ ਰਹਾਉਂਦੀ ਤੁਕ ਦੀ ਅਣਹੋਂਦ ਹੈ। ਮਹੀਨੇ ਦੀ ਟੇਕ ਨਾਲ ਆਦਿ ਤੋਂ ਅੰਤ ਤਕ ਬਾਣੀ ਪ੍ਰਬੰਧ ਕਾਵਿ ਦੇ ਸਰੂਪ ਵਿੱਚ ਤਰਤੀਬੀ ਹੋਈ ਹੈ। ਪਰ 17 ਦੇ 17 ਬੰਦ ਮੁਕਤਕ ਕਾਵਿ ਦੇ ਰੂਪ ਵਿੱਚ ਵੀ ਪੜ੍ਹੇ ਜਾ ਸਕਦੇ ਹਨ।"[3]

ਬਾਰਹਮਾਹ ਵਾਸਤੇ ਆਮ ਤੌਰ ਤੇ ਕੋਈ ਖਾਸ ਛੰਦ ਨੀਯਤ ਨਹੀ ਹੈ। ਇਸ ਵਿੱਚ ਕਈ ਛੰਦਾਂ ਦਾ ਪ੍ਰਯੋਗ ਹੋ ਜਾਂਦਾ ਹੈ। ਪਿਆਰਾ ਸਿੰਘ ਪਦਮ ਲਿਖਦੇ ਹਨ, "ਪੁਰਾਣੇ

1. ਆਦਿ ਗ੍ਰੰਥ, ਪੰਨਾ 1109
2. ਉਹੀ,
3. ਸ਼ਬਦਾਰਥ, ਬਾਣੀ ( ਸ੍ਰੀ ਗੁਰੂ ਨਾਨਕ ਦੇਵ ਜੀ) ਭਾਸ਼ਾ ਵਿਭਾਗ ਪੰਜਾਬ, ਪਟਿਆਲਾ 1970, ਪੰਨਾ 27

ਬਾਰਾਂਮਾਹੇ ਜ਼ਿਆਦਾਤਰ 'ਛੰਦ' ਜਾਂ 'ਛੰਤ' ਮੀਟਰ ਵਿੱਚ ਲਿਖੇ ਗਏ ਹਨ, ਭਾਵੇਂ ਉਹਨਾਂ ਦੀ ਵੀ ਇਕ ਕਿਸਮ ਨਹੀਂ। --- ਇਸ ਤੋਂ ਇਲਾਵਾ ਵਧੇਰੇ ਬਾਰਾਂਮਾਹੇ ਦਵਈਏ ਜਾਂ ਡਿਉਢ ਵਿੱਚ ਲਿਖੇ ਮਿਲਦੇ ਹਨ ਤੇ ਇਹ ਛੰਦ ਕਾਫੀ ਪ੍ਰਚਲਤ ਰਿਹਾ ਹੈ।"[1]

ਇਸ ਰਚਨਾ ਦੇ ਕਈ ਬੰਦਾਂ ਵਿਚ 'ਛੰਤ ਕਾਵਿ' ਰੂਪ ਵਾਲੀ ਬਹੁ-ਤੁਕਾਂਤ ਵਿਧੀ ਦਾ ਪ੍ਰਯੋਗ ਕਰਕੇ ਸੰਗੀਤ ਪੈਦਾ ਕੀਤਾ ਗਿਆ ਹੈ:

> ਤੂ ਸੁਣਿ ਕਿਰਤ ਕਰੰਮਾਂ ਪੁਰਬਿ ਕਮਾਇਆ।
> ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂੰ ਭਲਾ।
> ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ।
> ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤੁ ਪੀਵਾਂ।[2]

ਤੇਰਵੇਂ ਅਤੇ ਚੌਧਵੇਂ ਬੰਦ ਨੂੰ ਛੱਡ ਕੇ ਸਾਰਿਆਂ ਬੰਦਾਂ ਵਿੱਚ ਲਗਭਗ ਇਹੋ ਪੈਟਰਨ ਅਪਣਾਇਆ ਗਿਆ ਹੈ।

ਪ੍ਰਿੰਸੀਪਲ ਸੰਤ ਸਿੰਘ ਸੇਖੋਂ ਬਾਰਹਮਾਹ ਦੇ ਪਹਿਲੇ ਬੰਦ ਨੂੰ ਸੰਗੀਤ ਖੂਲ੍ਹਾਂ ਵਾਲਾ 'ਦਵੱਈਆ' ਛੰਦ ਦਸਦੇ ਹਨ।[4] ਅਤੇ ਪ੍ਰੇਮ ਪ੍ਰਕਾਸ਼ ਸਿੰਘ ਨੇ ਹੇਠ ਲਿਖੇ ਛੰਦ ਨੂੰ ਛਪੈ ਛੰਦ ਦਸਿਆ ਹੈ:

> ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ।
> ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੈ। ----।[5]

ਸ੍ਰੀ ਜਗਨਨਾਥ ਪ੍ਰਸਾਦ 'ਭਾਨੂ' ਨੇ ਛਪੈ ਛੰਦ ਨੂੰ ਸਾਰੇ ਰਸਾਂ ਦੇ ਅਨੁਕੂਲ ਮੰਨਿਆ ਹੈ[6] ਇਸ ਲਈ xx ਜੇ ਇਥੇ ਇਸ ਦਾ ਵਿਜੋਗ ਸ਼ਿੰਗਾਰ ਲਈ ਪ੍ਰਯੋਗ ਕੀਤਾ ਗਿਆ ਹੈ ਤਾਂ ਇਹ ਅਢੁਕਵੀਂ ਗੱਲ ਨਹੀਂ ਹੈ।

ਇਸ ਰਚਨਾ ਵਿੱਚ ਸ਼ਬਦਾਵਲੀ ਵੀ ਕਾਵਿ ਰੂਪ ਅਤੇ ਰਸ ਦੇ ਅਨੁਸਾਰ ਪ੍ਰਯੁਕਤ ਹੋਈ

1. ਪਿਆਰਾ ਸਿੰਘ ਪਦਮ, ਪੰਜਾਬੀ ਬਾਰਾਂਮਾਹੇ, ਪੰਨਾ 48
2. ਆਦਿ ਗ੍ਰੰਥ, ਪੰਨਾ 1107
3. ਪੰਜਾਬੀ ਕਾਵ ਸ਼ਿਰੋਮਣੀ, ਪੰਨਾ 69-70
4. ਗੁਰੂ ਨਾਨਕ ਅਤੇ ਨਿਰਗੁਣਧਾਰਾ, ਪੰਨਾ 322
5. ਆਦਿ ਗ੍ਰੰਥ, ਪੰਨਾ 1109
6. ਹਵਾਲਾ, ਡਾ. ਦਿਨੇਸ਼, ਚੰਦਰਗੁਪਤ, ਭੁਗਤੀ ਕਾਲੀਨ ਕਾਵਿਯ ਮੇਂ ਰਾਗ ਔਰ ਰਸ, ਪੰਨਾ 136

ਹੈ। ਵਣਜਾਰਾ ਬੇਦੀ ਦਾ ਕਥਨ ਹੈ, "ਇਸ ਰਚਨਾ ਵਿੱਚ ਵਾਕੰਸ਼ਾਂ ਤੇ ਸ਼ਬਦਾਵਲੀ ਦਾ ਕਲਾਤਮਿਕ ਦੁਹਰਾਓ, ਅੰਤਰ-ਤੁਕਾਂਤ ਤੇ ਮੁਘਣ ਸ਼ੈਲਿ, ਅਨੁਪਰਾਸਾਂ ਦੀ ਕੋਮਲ ਇਕਸੁਰਤਾ ਨਿਕੇ ਨਿਕੇ ਭਾਵਪੂਰਤ ਤੁਕਾਂਗਾਂ ਤੇ ਲੋਕ ਵਿਧੀ ਪੂਰਵਕ ਖਿਆਲਾਂ ਦੀ ਉਸਾਰੀ ਰਾਹੀ ਲੋਕ-ਕਾਵਿ ਵਾਲਾ ਵਾਯੂਮੰਡਲ ਬੜੀ ਸਫਲਤਾ ਨਾਲ ਸਿਰਜਿਆ ਹੈ।"[1]

ਇਸ ਬਾਰਾਮਾਹ ਵਿੱਚ ਸਥਾਈ ਤੁਕ ਦੋ-ਤਿੰਨ ਸ਼ਬਦਾਂ ਦੀ ਪ੍ਰਤੀਤ ਹੁੰਦੀ। ਜਿਵੇਂ ਚੇਤ ਬਸੰਤ ਭਲਾ, ਵੈਸਾਖ ਭਲਾ, ਇਹ ਦੁਹਰਾਉ ਬਹੁਤ ਸਾਰੇ ਮਹੀਨਿਆਂ ਦੇ ਬੰਦਾਂ ਵਿੱਚ ਹੋਇਆ ਹੈ। ਇਹ ਦੁਹਰਾਉ ਜਿਥੇ ਇੱਕ ਸੰਗੀਤ ਪੈਦਾ ਕਰਦਾ ਹੈ ਉਥੇ ਹਰ ਮਹੀਨੇ ਲਈ ਇੱਕ ਢਾਰਸ ਵੀ ਦ੍ਰਿੜ ਕਰਾਉਂਦਾ ਹੈ। ਪਿਆਰਾ ਸਿੰਘ ਪਦਮ ਅਨੁਸਾਰ, "ਬਾਰਾਮਾਹ ਤੁਖਾਰੀ", ਅਧਿਆਤਮਕ ਰੋਮਾਂਸ, ਕਲਾਤਮਕ ਹੁਸਨ ਤੇ ਕੁਦਰਤ ਸੁਹਜ ਦਾ ਸੰਗਮ ਹੈ। ਇਥੇ ਰੂਹਾਨੀਅਤ ਸੰਗੀਤ ਦੇ ਖੰਭਾਂ ਉਤੇ ਉਡਦੀ ਕੁਦਰਤ ਦੀ ਵਾਦੀ ਵਿਚ ਦੀ ਲੰਘਦੀ ਲੰਘਦੀ ਜ਼ਿੰਦਗੀ ਨੂੰ ਇੱਕ ਸੁਨੇਹਾ ਦਿੰਦੀ ਹੈ। ਬਾਵਜੂਦ ਅਸਹਿ ਵਿਛੋੜੇ ਦੇ ਗਮਾਂ ਦੇ ਵਰਣਨ ਦੇ ਹਰ ਮਹੀਨਾ ਆਸਾ-ਭਰਪੂਰ ਵਾਤਾਵਰਣ ਨਾਲ ਅਰੰਭ ਹੁੰਦਾ ਹੈ ਜਿਵੇਂ ਚੇਤ ਬੰਸਤ ਭਲਾ, ਵੈਸਾਖ ਭਲਾ ਜਾਂ ਸਾਵਣ ਸਰਸ ਮਨਾ -- ਅਤੇ ਅੰਤ ਵਿਚ ਇਹ ਆਸਾਵਾਦੀ ਸੁਰ ਮੇਲ ਦਾ ਗੀਤ ਗਾਉਂਦੀ ਸਹਿਜ ਮਾਰਗ ਵਲ ਸੰਕੇਤ ਕਰਦੀ ਹੈ।"[2]

ਇਸ ਬਾਰਾਮਾਹ ਵਿੱਚ ਰੂਪ ਵਿਧਾਨ ਅਤੇ ਸੰਗੀਤ ਦਾ ਸਫਲ ਸੁਮੇਲ ਹੋਇਆ ਹੈ। ਇਸ ਬਾਰੇ ਡਾਕਟਰ ਤਾਰਨ ਸਿੰਘ ਦੇ ਸ਼ਬਦ ਲਿਖਣੇ ਉਚਿਤ ਹੋਣਗੇ। ਆਪ ਲਿਖਦੇ ਹਨ, "ਕਵੀ ਦਾ ਕ੍ਰਿਸ਼ਮਾ ਇਹ ਹੈ ਕਿ ਉਸ ਨੇ ਇੱਕੋ ਥਾਂ ਤਿੰਨ ਕੋਮਲਤਾਵਾਂ ਇਕੱਤਰਤ ਕੀਤੀਆਂ ਹਨ। ਤੁਖਾਰੀ[3] ਰਾਗ ਹੈ, ਕਿਸੇ ਠੰਢੇ ਦੇਸ਼ ਦੀ ਸਭਿਅਤਾ ਦਾ, ਕਿਸੇ ਬਰਫਾਨੀ ਸਭਿਆਚਾਰ ਦਾ ਜੋ ਵਿਛੋੜੇ ਤੇ ਸੋਕੇ ਦਾ ਸੂਚਕ ਹੈ, ਪਰ ਕਵੀ ਨੇ ਇਸੇ ਰਾਹ ਵਿੱਚ ਛੰਦ ਕਾਵਿ ਨੂੰ ਤੇ ਛੰਤ-ਚਾਲ ਨੂੰ ਲਿਆਂਦਾ ਹੈ। ਛੰਤ ਮਿਲਾਪ ਦੇ ਲੋਕ ਗੀਤ ਹਨ। ਵਿਆਹ ਤੇ ਮਿਲਾਪ

1. ਵਣਜਾਰਾ ਬੇਦੀ, ਨਾਨਕ ਲੋਕ-ਪ੍ਰਵਾਹ, ਪੰਨਾ 139-140
2. ਪੰਜਾਬੀ ਬਾਰਾਂਮਾਹੇ, ਪੰਨਾ 50
3. ਤੁਖਾਰ- ਬਰਫ -- ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ( ਚੌਥੀ ) ਪੋਥੀ ਪੰਨਾ 1110

ਦੇ ਸੂਚਕ ਹਨ। ਬਾਰਹਮਾਹ ਬਿਰਹੋ ਦੇ ਵਿਜੋਗ ਦੀ ਰਚਨਾ ਹੁੰਦੇ ਹਨ। ਤਿੰਨ ਪ੍ਰਭਾਵਾਂ ਦਾ ਕੋਮਲ ਮਿਸ਼ਰਣ ਹੈ ਇਹ ਰਚਨਾ। ਤੁਖਾਰੀ ਰਾਗ ਦਾ ਮੁੱਖ ਪ੍ਰਭਾਵ ਵਿਜੋਗ ਦਾ ਹੈ। ਬਾਰ੍ਹਮਾਹ ਦਾ ਮੁਖ ਪ੍ਰਭਾਵ ਬਿਰਹੋਂ ਦਾ ਹੈ। ਛੰਤ ਦਾ ਮੁੱਖ ਪ੍ਰਭਾਵ ਮਿਲਾਪ ਦਾ ਹੈ।"[1]

ਇਸ ਰਚਨਾ ਵਿੱਚ ਜਿਥੇ ਇਸਦੇ ਰੂਪ, ਛੰਦ ਅਤੇ ਰਾਗ ਦਾ ਆਪਸ ਵਿੱਚ ਸੰਜੋਗ ਹੈ ਉਥੇ ਇਸਦੀ ਸ਼ਬਦਾਵਲੀ ਵਿੱਚ ਵੀ ਇੱਕ ਛਣਕਾਰ ਅਤੇ ਭਾਵੁਕ ਸੰਗੀਤ ਵਿਦਮਾਨ ਹੈ। ਕਈ ਥਾਵਾਂ ਤੇ ਇੱਕੋ ਜਿਹੀਆਂ ਧੁਨੀਆਂ ਵਾਲੇ ਸ਼ਬਦਾਂ ਦਾ ਦੂਹਰਾਉ ਹੋਇਆ ਹੈ:-

ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ।[2]

---

ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ।[3]

---

ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ।[4]

---

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ।[5]

---

ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ।[6]

ਇਹੋ ਜਿਹੇ ਤੁਕਾਂਤਾਂ ਦੇ ਦੁਹਰਾਉ ਨਾਲ ਸ਼ਾਬਦਿਕ ਸੰਗੀਤ ਸੁਣਾਈ ਦਿੰਦਾ ਹੈ ਜਿਵੇਂ ਕਰੰਮਾ, ਸਹੰਮਾ, ਭਿੰਨੇ-ਰਵੰਨੇ, ਲਵੰਤੇ-ਡਸੰਤੇ ਅਤੇ ਅਜੇਹੇ ਹੋਰ ਬਹੁਤ ਸਾਰੇ ਤੁਕਾਂਤ ਸੰਗੀਤ ਪੈਦਾ ਕਰਦੇ ਹਨ। ਇਸ ਤਰ੍ਹਾਂ ਇਸ ਕਾਵਿ ਰਚਨਾ ਦਾ ਰੂਪ ਵਿਧਾਨ ਅਤੇ ਸੰਗੀਤ ਆਪਸ ਵਿੱਚ ਅੰਤਰ ਸੰਬੰਧਤ ਹਨ।

ਬਾਰਹਮਾਹ ਮਾਝ:- ਗੁਰੂ ਅਰਜਨ ਦੇਵ ਜੀ ਦੇ ਰਚੇ ਬਾਰਾਹਮਾਹ ਦੇ ਕੁਲ 14 ਬੰਦ ਹਨ। ਇਸ ਦਾ ਪਹਿਲਾ ਅਤੇ ਤੇਰ੍ਹਵਾਂ ਬੰਦ 10 ਤੁਕਾਂ ਦਾ, ਚੌਧਵਾਂ 8 ਤੁਕਾਂ ਦਾ

---

1. ਤਾਰਨ ਸਿੰਘ, "ਬਾਰਹਮਾਹ ਤੁਖਾਰੀ", ਪੰਜਾਬੀ ਦੁਨੀਆਂ ਨਵੰਬਰ ਦਸੰਬਰ, 1969 ਪੰਨਾ 289
2. ਆਦਿ ਗ੍ਰੰਥ ਪੰਨਾ 1107
3. ਉਹੀ, ਪੰਨਾ 1108
4. ਉਹੀ, ਪੰਨਾ 1108
5. ਉਹੀ, ਪੰਨਾ 1108
6. ਉਹੀ, ਪੰਨਾ 1109

ਅਤੇ ਬਾਕੀ ਸਾਰੇ ਬੰਦ 9-9 ਤੁਕਾਂ ਦੇ ਹਨ।

ਇਹ ਬਾਰਹਮਾਹ ਰਾਗ ਮਾਝ ਵਿੱਚ ਹੈ। ਵਿਦਵਾਨਾਂ ਨੇ ਇਸ ਰਾਗ ਨੂੰ ਪੰਜਾਬ ਦੇ ਮਾਝੇ ਇਲਾਕੇ ਦਾ ਸਥਾਨਕ ਰਾਗ ਮੰਨਿਆ ਹੈ। ਇਸ ਲਈ ਇਸ ਬਾਰਹਮਾਹ ਵਿੱਚ ਇਸ ਇਲਾਕੇ ਦੇ ਹਰ ਮਹੀਨੇ ਦੇ ਕੁਦਰਤੀ ਵਾਤਾਵਰਣ ਦਾ ਵਰਣਨ ਵੀ ਕੀਤਾ ਗਿਆ ਹੈ। ਸ਼ਬਦਾਰਥ[1] ਵਿੱਚ ਵੀ ਲਿਖਿਆ ਹੈ," ਜੇ ਇਸ ਬਾਰਹਮਾਹ ਨੂੰ ਗਹੁ ਨਾਲ ਪੜ੍ਹੀਏ ਤਾਂ ਪਤਾ ਲਗੇਗਾ ਕਿ ਗੁਰੂ ਜੀ ਹਰ ਮਹੀਨੇ ਦੇ ਕੁਦਰਤੀ ਨਜ਼ਾਰਿਆਂ ਅਤੇ ਰੁਤੀ ਸੁਭਾਉ ਨੂੰ ਲੈ ਕੇ ਮਨੁੱਖ ਦੇ ਜੀਵਨ ਉੱਤੇ ਘਟਾਂਦੇ ਹਨ। ਜਿਵੇਂ ਸਾਵਣ ਵਿੱਚ ਮੀਹਾਂ ਕਾਰਣ ਕੁਦਰਤ 'ਸਰਸੀ' ਹੁੰਦੀ ਹੈ, ਵਣਤ੍ਰਿਣ ਮਉਲਦਾ ਹੈ ਅਤੇ ਜੀਅ ਜੰਤ ਉਮਾਹ ਵਿੱਚ ਹੁੰਦੇ ਹਨ। ਇਸੇ ਤਰ੍ਹਾਂ ਜੀਵ ਰੂਪੀ ਇਸਤਰੀ ਦੀ ਤਬੀਅਤ ਵੀ ਰਸੀਲੀ ਹੁੰਦੀ ਹੈ ਅਤੇ ਦਿਲ ਵਿੱਚ ਪਤੀ ਦੇ ਮਿਲਾਪ ਦੀ ਚਾਹ ਪੈਦਾ ਹੁੰਦੀ ਹੈ। ਭਾਦਰੋ ਵਿੱਚ ਬਦਲ ਘਟਾ ਬੰਨ੍ਹ ਕੇ ਆਉਂਦੇ ਹਨ, ਪਰ ਛੇਤੀ ਛਾਂਈ ਮਾਈ ਹੋ ਜਾਂਦੇ ਹਨ। ਇਹ ਮੌਸਮ ਨਿਚੱਲਾ ਜਿਹਾ, ਭਰਮ ਰਖਣ ਵਾਲਾ ਹੁੰਦਾ ਹੈ। ਇਸੇ ਤਰ੍ਹਾਂ ਜੀਵ ਰੂਪ ਇਸਤਰੀ ਭੀ ਭਰਮ ਵਿੱਚ ਭੁੱਲੀ ਹੋਈ ਦਵੈਤ ਭਾਵ ਵਾਲੇ ਸ਼ਿੰਗਾਰਾਂ ਵਿੱਚ ਲਗੀ ਹੋਈ ਦਸੀ ਹੈ। ਮਾਘੀ ਇਸ਼ਨਾਨ ਲਈ ਮਸ਼ਹੂਰ ਹੈ, ਇਸ ਲਈ ਇਥੇ ਭੀ ਸੰਗਤਾਂ ਦੀ ਧੂੜੀ ਵਿੱਚ ਇਸ਼ਨਾਨ ਕਰਨਾ ਦੱਸਿਆ ਹੈ।"

ਇਹ ਕਾਵਿ ਰੂਪ ਵਿਛੋੜੇ ਅਤੇ ਮਿਲਾਪ ਦੇ ਵਰਣਨ ਦਾ ਕਾਵਿ ਰੂਪ ਹੈ। ਗੁਰੂ ਸਾਹਿਬ ਨੇ ਇਸ ਨੂੰ ਮਾਝ ਰਾਗ ਵਿੱਚ ਦਰਜ ਕਰਕੇ ਕਾਵਿਕ ਅਤੇ ਸੰਗੀਤ ਸੁਮੇਲਤਾ ਦਾ ਸਬੂਤ ਦਿੱਤਾ ਹੈ ਕਿਉਂਕਿ ਮਾਝ ਰਾਗ ਵਿੱਚ ਰਿਸ਼ਭ ਅਤੇ ਧੈਵਤ ਸੁਰਾਂ ਦਾ ਸ਼ੁਧ ਰੂਪ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ ਇਸ ਲਈ ਇਹ ਰਾਗ ਸ਼ਿੰਗਾਰਕ ਭਾਵਾਂ ਨੂੰ ਪ੍ਰਗਟਾਉਣ ਦੇ ਸਮਰਥ ਹੈ।

ਇਸ ਬਾਰਹਮਾਹ ਦਾ ਛੰਦ ਆਮ ਤੌਰ ਦੋਹਿਰਾ ਹੈ ਜੋ ਅਜੇਹੇ ਲੰਮੇਰੇ ਕਾਵਿ ਰੂਪਾਂ ਲਈ ਆਮ ਪ੍ਰਯੁਕਤ ਹੋ ਸਕਦਾ ਹੈ। ਇਸ ਬਾਰਹਮਾਹ ਦਾ ਵਿਸ਼ਾ

1. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, (ਪੋਥੀ ਪਹਿਲੀ) ਪੰਨਾ 134

ਉਪਦੇਸ਼ਾਤਮਕ ਹੈ ਇਸ ਲਈ ਇਸ ਦੀ ਸ਼ੈਲੀ ਵਿੱਚ ਬਾਰਹਮਾਹ ਤੁਖਾਰੀ ਵਾਲੀ ਕਾਵਿਕਤਾ ਤਾਂ ਨਹੀ ਹੈ ਪਰ ਫਿਰ ਵੀ ਇਸ ਵਿੱਚੋਂ ਧੁਨੀ-ਅਨੁਪ੍ਰਾਸ ਦੇ ਕੁਝ ਨਮੂਨੇ ਜ਼ਰੂਰ ਉਪਲਭਦ ਹੁੰਦੇ ਹਨ ਜੋ ਸੰਗੀਤਮਈ ਵਾਤਾਵਰਣ ਪੈਦਾ ਕਰਦੇ ਹਨ।

ਕਿਰਤ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥[1]

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥[2]

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥[3]

ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥[4]

ਪੋਖ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥[5]

ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥[6]

ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥[7]

ਸਮੁੱਚੇ ਰੂਪ ਵਿੱਚ ਇਸ ਕਾਵਿ ਰੂਪ ਦਾ ਰੂਪ ਵਿਧਾਨ ਵੀ ਸੰਗੀਤ ਦੇ ਅਨੁਸਾਰੀ ਹੈ ਜਿਥੇ ਕਾਵਿ ਰੂਪ, ਛੰਦ ਅਤੇ ਸ਼ਬਦਾਵਲੀ ਸੰਗੀਤਮਈ ਹਨ ਉਥੇ ਇਸ ਲਈ ਨੀਯਤ ਕੀਤਾ ਰਾਗ ਮਾਝ ਵੀ ਢੁਕਵਾਂ ਹੈ।

ਥਿਤੀ :-

ਗੁਰੂ ਗ੍ਰੰਥ ਸਾਹਿਬ ਵਿੱਚ 'ਥਿਤੀ' ਨਾਂ ਦੀਆਂ ਤਿੰਨ ਰਚਨਾਵਾਂ ਮਿਲਦੀਆਂ ਹਨ। ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ ਅਤੇ ਭਗਤ ਕਬੀਰ ਜੀ ਨੇ ਇਹਨਾਂ ਦੀ

1. ਆਦਿ ਗ੍ਰੰਥ ਪੰਨਾ 133
2. ਉਹੀ, ਪੰਨਾ 134
3. ਉਹੀ, ਪੰਨਾ 135
4. ਉਹੀ, ਪੰਨਾ 135
5. ਉਹੀ, ਪੰਨਾ 135
6. ਉਹੀ, ਪੰਨਾ 136
7. ਉਹੀ ਪੰਨਾ 136

ਰਚਨਾ ਕੀਤੀ ਹੈ।

ਥਿਤੀ ਕਾਵਿ ਰੂਪ ਨੂੰ ਲੋਕ ਕਾਵਿ ਰੂਪ ਮੰਨਦਿਆਂ ਵਣਜਾਰਾ [illegible] ਬੇਦੀ ਲਿਖਦਾ ਹੈ, [1] "ਇਸ ਕਾਵਿ ਵਿਚ ਚੰਨ ਦੀ ਗਤੀ ਅਥਵਾ ਥਿਤਾਂ ਨੂੰ ਆਧਾਰ ਬਣਾ ਕੇ ਖਿਆਲ ਦੀ ਉਸਾਰੀ ਕੀਤੀ ਜਾਂਦੀ ਹੈ। ਚੰਨ ਦੇ ਦੋ ਪੱਖ ਹਨ: ਕ੍ਰਿਸ਼ਨਾ ਤੇ ਸ਼ੁਕਲ। ਇਹਨਾਂ ਦੀਆਂ ਚੌਦਾਂ ਚੌਦਾਂ ਥਿਤੀਂ ਹੁੰਦੀਆਂ ਹਨ। ਕ੍ਰਿਸ਼ਨ ਪੱਖ ਅਮਾਵਸ ਨੂੰ ਮੁਕਦਾ ਹੈ ਤੇ ਸ਼ੁਕਲ ਪੱਖ ਪੂਰਨਮਾਸ਼ੀ ਨੂੰ।"

ਗੁਰੂ ਨਾਨਕ ਦੇਵ ਜੀ ਦੀ ਰਚੀ ਥਿਤੀ ਰਾਗ ਬਿਲਾਵਲ ਵਿੱਚ ਦਰਜ ਹੋਈ ਹੈ। ਇਸਦੇ 20 ਬੰਦ ਹਨ। ਲਗਭਗ ਹਰ ਬੰਦ 6 ਤੁਕਾਂ ਦਾ ਹੈ। ਇਸ ਦੀ ਰਹਾਉ ਦੀ ਤੁਕ ਹੈ:

ਕਿਆ ਜਪੁ ਜਾਪਉ ਬਿਨੁ ਜਗਦੀਸੈ ॥
ਗੁਰ ਕੈ ਸਬਦਿ ਮਹਲੁ ਘਰੁ ਦੀਸੈ।[2]

ਇਹ ਤੁਕ ਜਿਥੇ ਥਿਤੀ ਦੇ ਕੇਂਦਰੀ ਭਾਵ ਵੱਲ ਸੰਕੇਤ ਕਰਦੀ ਹੈ ਉਥੇ ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਇਸ ਤੁਕ ਨੂੰ ਸਥਾਈ ਬਣਾ ਕੇ ਥਿਤੀ ਦਾ ਗਾਇਨ ਵੀ ਕੀਤਾ ਜਾ ਸਕਦਾ ਹੈ। ਭਾਵੇਂ ਹੁਣ ਇਹਨਾਂ ਲੰਮੇਰੀਆਂ ਰਚਨਾਵਾਂ ਨੂੰ ਗਾਉਣ ਦਾ ਰਿਵਾਜ ਨਹੀਂ ਰਿਹਾ ਪਰ ਪੁਰਾਤਨ ਕਾਲ ਵਿੱਚ ਸਤੁਤੀ, ਸਤਾਵਨ, ਸਤੋਤਰ, ਗਾਇਨ ਪਧਤੀ ਦਾ ਅਵਿਸ਼ਕਾਰ ਅਜੇਹੀਆਂ ਰਚਨਾਵਾਂ ਲਈ ਹੋਇਆ ਸੀ।[3]

ਇਸ ਰਚਨਾ ਵਿੱਚ ਜਿਸ ਬੰਦ ਵਿੱਚ ਕਿਸੇ ਤਿਥ ਦਾ ਵਰਣਨ ਕੀਤਾ ਜਾਂਦਾ ਹੈ ਉਸ ਬੰਦ ਦਾ ਆਰੰਭ ਉਸ ਤਿਥ ਤੋਂ ਹੁੰਦਾ ਹੈ। ਜਿਵੇਂ:

ਏਕਮ ਏਕੰਕਾਰ ਨਿਰਾਲਾ।[4]

ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ।[5]

ਪੰਚਮੀ ਪੰਚ ਭੂਤ ਬੇਤਾਲਾ।[6]

1. ਨਾਨਕ ਲੋਕ-ਪ੍ਰਵਾਹ, ਪੰਨਾ 137
2. ਆਦਿ ਗ੍ਰੰਥ, ਪੰਨਾ 839
3. ਚਿੰਤਾਮਣੀ (ਪੰਡਿਤ), "ਸਾਹਿਤ-ਸੰਗੀਤ ਦਾ ਸੰਗਮ, ਗੁਰੂ ਨਾਨਕ" ਗੁਰੂ ਨਾਨਕ ਜੋਤ ਤੇ ਸਰੂਪ, ਪੰਨਾ 161
4. ਆਦਿ ਗ੍ਰੰਥ, ਪੰਨਾ 838
5. ਉਹੀ, ਪੰਨਾ 839
6. ਉਹੀ,

ਆਮਾਵਸਿਆ ਚੰਦੁ ਗੁਪਤੁ ਗੈਣਾਗਿ [1]

ਇਸ ਥਿਤੀ ਵਿੱਚ ਕੇਵਲ ਚੌਪਈ ਛੰਦ ਦਾ ਪ੍ਰਯੋਗ ਹੋਇਆ ਹੈ। ਸੰਤ ਸਿੰਘ ਸੇਖੋਂ ਅਨੁਸਾਰ ਹਰ ਤਿਥ ਦੀ ਗਿਣਤੀ ਜਾਂ ਭਾਵ ਜਾਂ ਨਾਦ ਦੇ ਅਨੁਕੂਲ ਪੰਕਤੀ ਦੇ ਵਿਸ਼ੇ ਦਾ ਆਰੰਭ ਹੁੰਦਾ ਹੈ, ਜਿਵੇਂ ਏਕਮ ਤੋਂ ਪਿਛੋਂ ਏਕੰਕਾਰ, ਤ੍ਰਿਤੀਆ ਤੋਂ ਪਿਛੋਂ ਬ੍ਰਹਮਾ ਬਿਸਨ ਮਹੇਸ ਦੀ ਤ੍ਰਿਕੁਟੀ, ਚਉਥਿ ਪਿਛੋਂ ਚਾਰ ਬੇਦ, ਪੰਚਮੀ ਪਿਛੋਂ ਪੰਚ ਭੂਤ, ਖਸਟੀ ਪਿਛੋਂ ਖਟ ਦਰਸਨ, ਸਪਤਮੀ ਪਿਛੋਂ ਸਤ ਸੰਤੋਖ, ਅਸਟਮੀ ਪਿਛੋਂ ਅਸਟ ਸਿਧਿ ਆਦਿ।

ਇਸ ਰਚਨਾ ਵਿੱਚ ਵਾਤਾਵਰਣ ਅਨੁਸਾਰ ਕੁਝ ਵਿਸ਼ੇਸ਼ ਸ਼ਬਦਾਂ ਦੇ ਦੁਹਰਾਉ ਕਰਕੇ ਸੰਗੀਤ ਪੈਦਾ ਹੁੰਦਾ ਹੈ। ਜਿਵੇਂ:

ਗੁਰ ਪਰਸਾਦਿ ਪਰਮ ਪਦੁ ਪਾਈ

ਅੰਡਜ ਫੋੜਿ ਜੋੜਿ ਵਿਛੋੜਿ।

ਸਾਚੈ ਸਾਚੈ ਸਾਚਿ ਸਮਾਵੈ।

ਸਪਤਮੀ ਸਤੁ ਸੰਤੋਖੁ ਸਰੀਰਿ।

ਨਾਉ ਨਉਮੀ ਨਵੇ ਨਾਥ ਨਵਖੰਡਾ। [2]

ਨਿਰਮਲੁ ਨਿਰਾਹਰੁ ਨਿਹਕੇਵਲੁ

ਸਭਿ ਸੁਚਿ ਸੰਜਮ ਸਾਚੁ ਪਛਾਣੈ। [3]

ਗੁਰੂ ਅਰਜਨ ਦੇਵ ਜੀ ਦੀ ਰਚੀ 'ਥਿਤੀ' ਰਾਗ ਗਉੜੀ ਵਿੱਚ ਦਰਜ ਹੈ। ਇਸ ਰਚਨਾ ਵਿਚ 17 ਸਲੋਕ ਅਤੇ 17 ਪਉੜੀਆਂ ਹਨ। ਇਸ ਵਿਚ ਦੋਹਾ ਅਤੇ ਚੌਪਈ

1. ਆਦਿ ਗ੍ਰੰਥ ਪੰਨਾ 840
2. ਉਹੀ, ਪੰਨਾ 839
3. ਉਹੀ, ਪੰਨਾ 840

ਦੋਹਾ ਛੰਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਏਕਮ ਤੋਂ ਲੈਕੇ ਅਸ਼ਟਮੀ ਤਕ ਦੋਹਾ ਛੰਦ ਵਰਤਿਆ ਗਿਆ ਹੈ। ਇਥੇ ਸਲੋਕ ਅਤੇ ਪਉੜੀਆਂ ਦੋਵੇਂ ਦੋਹੇ ਵਿੱਚ ਹਨ। ਨੌਵੀਂ ਤਿਥ ਤੋਂ ਬਾਦ ਪਉੜੀ ਦਾ ਛੰਦ ਚੌਪਈ ਹੋ ਜਾਂਦਾ ਹੈ ਪਰ ਸਲੋਕ ਦੋਹੇ ਵਿੱਚ ਹੀ ਰਹਿੰਦੇ ਹਨ।

ਇਸ ਰਚਨਾ ਦੀ 'ਸ਼ੈਲੀ ਰਾਗਾਤਮਕ ਤੇ ਮਿਠਾਸ ਭਰਪੂਰ ਹੈ ਅਤੇ ਭਾਸ਼ਾ ਸੁਖੈਨ ਤੇ ਜਨ-ਸਾਧਾਰਨ ਵਾਲੀ ਹੋਣ ਕਰਕੇ ਇਹ ਥਿਤੀ ਵੀ ਲੋਕ ਪ੍ਰਿਅ ਹੋ ਗਈ ਹੈ। ਇਸ ਦਾ ਪਾਠ ਵੀ ਸੁਖਮਨੀ ਸਾਹਿਬ ਦੇ ਨਾਲ ਹੀ ਗੁਰਦੁਆਰਿਆਂ ਵਿੱਚ ਹੋਣ ਲਗ ਪਿਆ ਹੈ।'[1]

ਇਸ ਰਚਨਾ ਦਾ ਸਲੋਕਾਂ ਅਤੇ ਪਉੜੀਆਂ ਵਿੱਚ ਹੋਣਾ ਗੁਰੂ ਨਾਨਕ ਦੇਵ ਜੀ ਅਤੇ ਭਗਤ ਕਬੀਰ ਜੀ ਦੀ ਰਚੀ ਥਿਤੀ ਨਾਲੋਂ ਵਿਲੱਖਣ ਹੋਣ ਦਾ ਸੂਚਕ ਹੈ।

ਬਾਕੀ ਰਚਨਾਵਾਂ ਵਾਂਗ ਇਸ ਵਿਚੋਂ ਵੀ ਤੁਕਾਂਤ ਅਨੁਪ੍ਰਾਸ ਅਤੇ ਸ਼ਬਦ ਅਨੁਪ੍ਰਾਸ ਦੇ ਵਿਸ਼ੇਸ਼ ਨਮੂਨੇ ਪ੍ਰਾਪਤ ਹੋ ਜਾਂਦੇ ਹਨ।

ਆਪ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ।[2]

---

ਮੀਚੁ ਹੁਟੇ ਜਮ ਤੇ ਛੁਟੇ ਹਰਿ ਕੀਰਤਨ ਪਰਵੇਸ।
ਭਉ ਬਿਨਸੇ ਅੰਮ੍ਰਿਤ ਰਸੈ ਰੰਗਿ ਰਤੇ ਨਿਰੰਕਾਰ।[3]

---

ਰਸ ਗੀਧੇ ਹਰਿ ਸਿਉ ਬੀਧੇ ਭਗਤ ਰਚੇ ਭਗਵੰਤ।[4]

---

ਦੂਖ ਹਰੈ ਭਵਜਲੁ ਤਰੇ ਮਨ ਚਿੰਦਿਆ ਫਲੁ ਪਾਇ।[5]

---

ਇਸ ਤਰ੍ਹਾਂ ਇੱਕ ਧੁਨੀ ਦਾ ਦੁਹਰਾਉ ਵੀ ਕਈ ਤੁਕਾਂ ਵਿੱਚ ਉਪਲਭਦ ਹੈ:

---

1. <u>ਪੰਜਾਬੀ ਸਾਹਿਤ ਦਾ ਇਤਿਹਾਸ</u>(ਭਾਗ ਪਹਿਲਾ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 256
2. <u>ਆਦਿ ਗ੍ਰੰਥ</u> ਪੰਨਾ 297
3. ਉਹੀ ਪੰਨਾ 297
4. ਉਹੀ, ਪੰਨਾ 298
5. ਉਹੀ ਪੰਨਾ 298

ਗੁਣ ਗੋਬਿੰਦ ਗੁਪਾਲ ਪ੍ਰਭ ਸਰਨਿ ਪਰਉ ਹਰਿ ਰਾਇ।[1]

ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤਿ।[2]

ਅਤੇ 'ਸੰਚਰਵੇ ਸਾਰ ਸਾਹ', 'ਸੋਗ ਸਹਸਾ ਸੰਸਾਰੁ', 'ਆਧਿ ਬਿਆਧਿ ਉਪਾਧਿ', 'ਸਿਆਣਾ, ਸੁਘੜ, ਸੋਇ', ਆਦਿ ਰਲਵੀਆਂ ਧੁਨੀਆਂ ਵਾਲੇ ਸ਼ਬਦਾਂ ਦੇ ਅਨੁਪ੍ਰਾਸ ਸੰਗੀਤਕਤਾ ਪੈਦਾ ਕਰਨ ਵਿੱਚ ਸਹਾਈ ਹੁੰਦੇ ਹਨ।

ਸਮੁਚੇ ਰੂਪ ਵਿੱਚ ਥਿਤੀ ਕਾਵਿ ਰੂਪ ਦਾ ਰੂਪ ਵਿਧਾਨ ਸੰਗੀਤਕ ਤੱਤ ਤੋਂ ਵਿਰਵਾ ਨਹੀਂ ਕਿਹਾ ਜਾ ਸਕਦਾ।

<u>ਪਹਰੇ</u> :-

ਮਨੁਖੀ ਜੀਵਨ ਨੂੰ ਰਾਤ ਦੇ ਚਾਰ ਪਹਿਰਾਂ ਨਾਲ ਤੁਲਨਾ ਦਿੰਦਿਆਂ ਇਸ ਕਾਵਿ ਰੂਪ ਦੀ ਰਚਨਾ ਹੋਈ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਦੇਵ ਜੀ, ਗੁਰੂ ਰਾਮ ਦਾਸ ਜੀ ਅਤੇ ਗੁਰੂ ਅਰਜਨ ਦੇਵ ਦੇ ਪਹਿਰੇ ਉਪਲਬਧ ਹਨ। ਗੁਰੂ ਨਾਨਕ ਦੇਵ ਜੀ ਦੇ ਪਹਿਰਿਆਂ ਦੀ ਪਹਿਲੀ ਤੁਕ ਤੋਂ ਪਹਿਰਾਂ ਦੀ ਗਿਣਤੀ ਦੀ ਸੂਚਨਾ ਮਿਲਦੀ ਹੈ:-

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਾਇਆ ਗਰਭਾਸਿ।[3]

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ।।[4]

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨਿ ਸਿਉ ਚਿਤੁ।।[5]

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ।[6]

---

1. ਆਦਿ ਗ੍ਰੰਥ, ਪੰਨਾ 296
2. ਉਹੀ.
3. ਉਹੀ, ਪੰਨਾ 74
4. ਉਹੀ, ਪੰਨਾ 75
5. ਉਹੀ
6. ਉਹੀ

ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਪਹਰੇ ਵੀ ਇਸੇ ਸ਼ੈਲੀ ਵਿੱਚ ਹਨ।

ਪਹਿਰੇ ਸ੍ਰੀ ਰਾਗ ਵਿੱਚ ਹਨ। ਇਸ ਕਾਵਿ ਰੂਪ ਲਈ ਸ੍ਰੀ ਰਾਗ ਦੇ ਪ੍ਰਯੁਕਤ ਹੋਣ ਸੰਬੰਧੀ ਡਾ. ਤਾਰਨ ਸਿੰਘ ਦਾ ਕਥਨ ਉਲੇਖਯੋਗ ਹੈ। ਆਪ ਲਿਖਦੇ ਹਨ, "ਸਿਰੀ ਰਾਗ ਵਿੱਚ 'ਪਹਰੇ' ਇੱਕ 'ਕਾਵਿ ਰੂਪ' ਹੈ। ਇਹ ਉਦਾਸੀ ਦਾ ਰਾਗ ਹੈ ਅਤੇ ਪਹਰੇ ਵਿੱਚ ਵਿਅਰਥ ਜੀਵਨ ਬਿਤਾਣ ਤੇ ਮਨੁੱਖ ਨੂੰ ਚੇਤੰਨ ਕੀਤਾ ਹੈ। 'ਪਹਰੇ' ਗੁਰੂ ਨਾਨਕ ਸਾਹਿਬ, ਗੁਰੂ ਰਾਮਦਾਸ ਸਾਹਿਬ ਅਤੇ ਗੁਰੂ ਅਰਜਨ ਸਾਹਿਬ ਨੇ ਲਿਖੇ ਹਨ। ਇਹ ਇਕ ਦੂਜੇ ਦੀ ਰਚਨਾ ਤੋਂ ਪਰੇਰਤ ਤੇ ਪਰਭਾਵਤ ਹੋਏ ਹਨ, ਪਰ 'ਰਾਗ' ਚੋਣ ਨੇ ਵੀ ਸ਼ੈਲੀ ਸਾਂਝ ਪੈਦਾ ਕੀਤੀ ਹੈ।"[1] ਇਸ ਤਰ੍ਹਾਂ 'ਪਹਰੇ ਅਤੇ ਸਿਰੀ ਰਾਗ ਦੋਹਾਂ ਵਿੱਚ ਇੱਕ ਸਾਂਝ ਹੈ।

ਗੁਰੂ ਨਾਨਕ ਦੇਵ ਜੀ ਦੀ ਇੱਕ ਰਚਨਾ ਰਾਗ ਤੁਖਾਰੀ ਵਿੱਚ ਉਪਲਭਦ ਹੈ।[2] ਜਿਸ ਵਿੱਚ ਸਿਰੀ ਰਾਗ ਦੇ 'ਪਹਰੇ' ਵਾਂਗ ਹੀ ਪਹਿਰਿਆਂ ਦੀ ਗੱਲ ਕੀਤੀ ਗਈ ਹੈ ਪਰ ਇਸ ਉਪਰ 'ਪਹਰੇ' ਸਿਰਲੇਖ ਨਹੀ ਦਿੱਤਾ ਗਿਆ ਹੈ:-

ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ।

ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ।

ਤੀਜਾ ਪਹਰੁ ਭਇਆ ਨੀਦ ਵਿਆਪੀ ਰਾਮ।

ਚਉਥਾ ਪਹਰੁ ਭਇਆ ਦਉਤੁ ਬਿਹਾਗੈ ਰਾਮ।

ਇਹ ਰਚਨਾ ਛੰਤ' ਕਾਵਿ ਰੂਪ ਵਿੱਚ ਹੈ ਕਿਉਂਕਿ ਰਾਗ ਤੁਖਾਰੀ ਵਿੱਚ ਕੇਵਲ 'ਛੰਤ' ਕਾਵਿ ਰੂਪ ਜਾਂ ਕਾਵਿ-ਪ੍ਰਬੰਧ ਵਾਲੀਆਂ ਰਚਨਾਵਾਂ ਹੀ ਦਰਜ ਹੋਈਆਂ ਹਨ।

---

1. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਇਤਿਹਾਸ, ਪੰਨਾ 68
2. ਆਦਿ ਗ੍ਰੰਥ, ਪੰਨਾ 1110

ਸਿਰੀਰਾਗ ਦੇ ਪਹਿਰਿਆਂ ਦਾ ਰੂਪ ਵਿਧਾਨ ਛੰਤਾਂ ਨਾਲ ਮਿਲਦਾ-ਜੁਲਦਾ ਹੈ। ਇਸ ਵਿੱਚ ਵੀ 'ਛੰਤਾਂ' ਵਾਂਗ ਹੀ ਸੰਗੀਤ ਪੈਦਾ ਕਰਨ ਲਈ ਦੁਹਰਾਉ ਵਿਧੀਆਂ ਦਾ ਪ੍ਰਯੋਗ ਕੀਤਾ ਗਿਆ ਹੈ। ਹਰ ਪਹਰੇ ਵਿੱਚ 'ਵਣਜਾਰਿਆ ਮਿਤਰਾ' ਦੀ ਹੇਕ ਮਨੁੱਖ ਦੀਆਂ ਮਨਬਿਰਤੀਆਂ ਨੂੰ ਆਪਣੇ ਵੱਲ ਖਿਚਦੀ ਹੈ ਪਰ ਇਸ ਦੇ ਨਾਲ ਨਾਲ ਹੋਰ ਦੁਹਰਾਉ ਵਿਧੀਆਂ ਵੀ ਪ੍ਰਯੁਕਤ ਹੋਈਆਂ ਹਨ।

1. ਤੁਕ ਦੁਹਰਾਉ :-

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ।
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ।

ਅਤੇ ਇਸ ਪਹਰੇ ਦੀ ਆਖਰੀ ਤੁਕ ਵਿੱਚ ਪਹਿਲੀ ਤੁਕ ਨੂੰ ਫਿਰ ਦੁਹਰਾਇਆ ਗਿਆ ਹੈ:

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ।[1]

ਇਸ ਤਰ੍ਹਾਂ ਦੂਜੇ ਅਤੇ ਤੀਜੇ ਪਹਰੇ ਵਿੱਚ ਪਹਲੀ ਤੁਕ ਥੋੜੇ ਜਿਹੇ ਅੰਤਰ ਨਾਲ ਦੁਹਰਾਈ ਗਈ ਹੈ।

2. ਤੁਕ-ਅੰਸ਼ ਦੁਹਰਾਉ :-

ਕਿਤੇ ਕਿਤੇ ਕਿਸੇ ਕਿਸੇ ਤੁਕਾਂਸ਼ ਦਾ ਨਾਲੋ ਨਾਲ ਦੁਹਰਾਉ ਕੀਤਾ ਗਿਆ ਹੈ:

ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ।
ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵਲਾਗਾ।[2]
ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ।
ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ।[3]

ਏਸੇ ਤਰ੍ਹਾਂ ਪਹਿਰਿਆਂ ਵਿੱਚ 'ਮਾਤ ਪਿਤਾ ਸੁਤ ਹੇਤਾ', 'ਹਰਿ ਹਰਿ ਨਾਮ', 'ਅੰਤਰਿ ਲਹਿਰ ਲੋਭਾਨੁ', 'ਗੁਰਮੁਖ ਨਾਮ ਸਮਾਲਿ' ਆਦਿ ਤੁਕ-ਅੰਸ਼ਾਂ ਦਾ ਦੁਹਰਾਉ ਹੋਇਆ ਹੈ।

---

1. ਆਦਿ ਗ੍ਰੰਥ ਪੰਨਾ 74-75
2. ਉਹੀ, ਪੰਨਾ 74
3. ਉਹੀ ਪੰਨਾ 75

3. ਬਹੁ-ਤੁਕਾਂਤ ਦੁਹਰਾਉ :-

ਕਈ ਥਾਵਾਂ ਤੇ ਬਹੁਤੇ ਤੁਕਾਂਤਾਂ ਦੇ ਦੁਹਰਾਉ ਨਾਲ ਸੰਗੀਤ ਪੈਦਾ ਹੁੰਦਾ ਹੈ। —

ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ।[1]

ਸੰਜੋਗੀ ਆਇਆ ਕਿਰਤੁ ਕਮਾਇਆ ਕਰਣੀ ਕਾਰ ਕਮਾਈ।[2]

ਗੁਣ ਸੰਜਮਿ ਜਾਵੈ ਚੋਟ ਨ ਖਾਵੈ ਨਾ ਤਿਸੁ ਜੰਮਣ ਮਰਣਾ।[3]

ਪਤਿ ਸੇਤੀ ਜਾਵੈ ਸਹਜਿ ਸਮਾਵੈ ਸਗਲੇ ਦੂਖ ਮਿਟਾਵੈ।[4]

4. ਆਦਿ ਅਨੁਪ੍ਰਾਸੁ:

ਉਹਨਾਂ ਸ਼ਬਦਾਂ ਦਾ ਪ੍ਰਯੋਗ ਕਰਕੇ ਵੀ ਸੰਗੀਤ ਪੈਦਾ ਕੀਤਾ ਜਿਹਨਾਂ ਵਿੱਚ ਪਹਿਲਾਂ ਇੱਕੋ ਜਿਹੇ ਅਖਰ ਲੱਗੇ ਹਨ —

'ਪ੍ਰਾਣੀ ਪਹਲੈ ਪਹਰੈ', 'ਮੁੜ ਮਨ ਮੇਰੇ', 'ਸਹਜਿ ਸਮਾਵੈ ਸਗਲੇ', 'ਸਾਧ ਸੰਗਤਿ ਸਿਉ ਸੰਗੁ', 'ਸਤਿਗੁਰ ਸੇਵਿਆ ਸੇ ਦਰਗਹ ਸਦਾ ਸੁਹੇਲੇ' ਆਦਿ।

5. ਅੰਤ -ਅਨੁਪ੍ਰਾਸ :-

ਕੁਝ ਅਜੇਹੇ ਸ਼ਬਦਾਂ ਦਾ ਦੁਹਰਾਉ ਜਿਨ੍ਹਾਂ ਦੇ ਅੰਤ ਵਿੱਚ ਇੱਕੋ ਜਿਹੇ ਅਖਰ ਪ੍ਰਯੁਕਤ ਹੋਏ ਹਨ, ਨਾਲ ਵੀ ਸੰਗੀਤ ਪੈਦਾ ਹੁੰਦਾ ਹੈ, ਜਿਵੇਂ - 'ਮਾਤ-ਪਿਤਾ ਸੁਤ ਹੇਤਾ, ਹਸੀ ਮਾਸੀ ਮਾਨਸੁ', ਆਦਿ।

ਕਈ ਥਾਵਾਂ ਤੇ ਉਹਨਾਂ ਸ਼ਬਦਾਂ ਦਾ ਪ੍ਰਯੋਗ ਵੀ ਸੰਗੀਤ ਪੈਦਾ ਕਰਦਾ ਹੈ ਜਿਹਨਾਂ ਦੀਆਂ ਧੁਨੀਆਂ ਇੱਕੋ ਜਿਹੀਆਂ ਹੁੰਦੀਆਂ ਹਨ ਜਿਵੇਂ 'ਸ' ਦਾ ਦੁਹਰਾਓ

'ਖਸਮ ਸੇਤੀ ਅਰਦਾਸ'

---

1. ਆਦਿ ਗ੍ਰੰਥ, ਪੰਨਾ 75
2. ਉਹੀ
3. ਉਹੀ, ਪੰਨਾ 76
4. ਉਹੀ

'ਜ'ਦਾ ਦੁਹਰਾਉ:-

'ਜੋਬਨੁ ਘਟੈ ਜਰੂਆ ਜਿਣੈ ਵਣਜਾਰਿਆ ਮਿਤ੍ਰਾ'

ਸਮੁਚੇ ਰੂਪ ਵਿਚ ਇਸ ਕਾਵਿ ਰੂਪ ਵਿਚ ਜਿਥੇ ਰਾਗ ਦੀ ਸਾਂਝ ਹੈ ਉਥੇ ਇਸਦਾ ਅੰਦਰੂਨੀ ਰੂਪ ਵਿਧਾਨ ਵੀ ਸੰਗੀਤਾਤਮਕ ਹੈ।

<u>ਬਾਵਨ ਅਖਰੀ:-</u>

ਵਰਣਮਾਲਾ ਦੇ ਅੱਖਰਾਂ ਦੇ ਕ੍ਰਮ ਅਨੁਸਾਰ ਕੀਤੀ ਗਈ ਰਚਨਾ ਨੂੰ ਗੁਰਮੁਖੀ ਵਿਚ ਪੈਂਤੀ, ਫਾਰਸੀ ਵਿਚ ਸੀਹਰਫ਼ੀ ਅਤੇ ਸੰਸਕ੍ਰਿਤ ਵਿਚ ਬਾਵਨ ਅੱਖਰੀ ਕਿਹਾ ਜਾਂਦਾ ਹੈ। ਇਸ ਦੀ ਪਰੰਪਰਾ ਬਾਰੇ ਅਸੀਂ ਪਹਿਲੇ ਅਧਿਆਇ ਵਿਚ ਦਸ ਚੁੱਕੇ ਹਾਂ। ਗੁਰੂ ਅਰਜਨ ਦੇਵ ਜੀ ਦੀ ਰਚੀ ਬਾਵਨ ਅਖਰੀ ਰਾਗ ਗਉੜੀ ਵਿਚ ਦਰਜ ਹੈ। ਇਸ ਬਾਰੇ ਸ਼ਬਦਾਰਥ[1] ਵਿਚ ਲਿਖਿਆ ਹੈ, "ਇਹ ਬਾਣੀ ਵਰਣਮਾਲਾ ਦੇ ਅੱਖਰਾਂ ਉੱਤੇ ਲਿਖੀ ਗਈ ਹੈ ਕੁਲ 55 ਪਉੜੀਆਂ ਹਨ ਜੋ ਕ੍ਰਮ ਅਨੁਸਾਰ ਇਕ ਇਕ ਅੱਖਰ ਨੂੰ ਲੈ ਕੇ ਸ਼ੁਰੂ ਹੁੰਦੀਆਂ ਹਨ। ਪਰ ਕਕੇ ਤੋਂ ਪਹਿਲਾਂ ਤੇ ਙਙੇ ਤੋਂ ਪਿਛੋਂ ਅੱਖਰਾਂ ਦਾ ਕ੍ਰਮ ਪੂਰਾ ਨਹੀਂ, ਕਿਉਂਕਿ ਇਹਨਾਂ ਵਿਚੋਂ ਕੋਈ ਅੱਖਰ ਗੁਰਮੁਖੀ ਪੰਜਾਬੀ ਵਿਚ ਨਹੀਂ ਆ ਸਕਦੇ ਸਨ। ਗੁਰੂ ਜੀ ਨੇ ਇਹਨਾਂ ਨੂੰ ਉਸੇ ਤਰ੍ਹਾਂ ਰਖ ਦਿੱਤਾ ਹੈ ਜਿਵੇਂ ਪੰਜਾਬ ਦੀਆਂ ਪਾਠਸ਼ਾਲਾਂ ਵਿਚ ਪਾਂਧੇ ਲੋਕ ਵਿਦਿਆਰਥੀਆਂ ਕੋਲੋਂ ਮੁਹਾਰਨੀ ਦੀ ਸ਼ਕਲ ਵਿਚ ਉਚਾਰਣ ਕਰਾਂਦੇ ਸਨ। ਮੁਹਾਰਨੀ ਇਉਂ ਸ਼ੁਰੂ ਹੁੰਦੀ ਸੀ: ਓਅੰ, ਸਿਧੰ, ਰੀਰੀ, ਲੀਲੀ, ਅਏ, ਅੰਙ, ਅੰਙੇ। ਹਰ ਇਕ ਸਲੋਕ ਵਿਚ ਪਿਛੋਂ ਆਉਣ ਵਾਲੀ ਪਉੜੀ ਦਾ ਸਮੁਚਾ ਭਾਵ ਦਿੱਤਾ ਹੁੰਦਾ ਹੈ।

ਬਾਵਨ ਅਖਰੀ ਦਾ ਰੂਪ ਵਿਧਾਨ [illegible] ਇਸ ਦੇ ਗੰਭੀਰ ਵਿਸ਼ੇ ਦਾ ਸੂਚਕ ਹੈ। ਇਸ ਬਾਣੀ ਵਿਚ ਸਾਰੇ ਗੁਰਮਤ ਦਰਸ਼ਨ ਨੂੰ ਆਪਣੇ ਘੇਰੇ ਵਿਚ ਲਿਆ ਗਿਆ ਹੈ:

ਆਪਹਿ ਕੀਆ ਕਰਾਇਆ ਆਪਹਿ ਕਰਨੈ ਜੋਗੁ।
ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ।[2]

———

ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ।
ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ।[3]

ਮਾਇਆ ਦੀ ਸ਼ਕਤੀ ਅਤੇ ਸਰੂਪਾਂ ਦਾ ਵਰਣਨ ਕੀਤਾ ਗਿਆ ਹੈ।

---

1. <u>ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ</u>, ਪੰਨਾ 250
2. <u>ਆਦਿ ਗ੍ਰੰਥ</u>, ਪੰਨਾ 250
3. ਉਹੀ ਪੰਨਾ 250

ਇਨਿ ਮਾਇਆ ਤ੍ਰੈਗੁਣ ਬਸਿ ਕੀਨੇ।
ਆਪਨ ਮੋਹ ਘਟੇ ਘਟਿ ਦੀਨੈ।[1]

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ।
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ।[2]

ਗੰਭੀਰ ਭਾਵਾਂ ਭਰਾ ਵਾਲੀ ਇਸ ਰਚਨਾ ਲਈ ਗਉੜੀ ਰਾਗ ਬਹੁਤ ਢੁਕਵਾਂ ਹੈ। ਇਸ ਵਿਚ ਸਲੋਕਾਂ ਲਈ ਦੋਹਿਰਾ ਅਤੇ ਪਉੜੀ ਲਈ ਚੌਪਈ ਅਤੇ ਦੋਹਿਰਾ ਦੋਹਾਂ ਛੰਦਾਂ ਦਾ ਪ੍ਰਯੋਗ ਕੀਤਾ ਗਿਆ ਹੈ।

ਇਸ ਰਚਨਾ ਦੀ ਗਾਇਨ ਵਿਧੀ ਸ੍ਵਾਇਦ ਵਾਰਾਂ ਦੀ ਗਾਇਨ ਵਿਧੀ ਨਾਲ ਮਿਲਦੀ ਜੁਲਦੀ ਹੋਵੇ ਪਰ ਇਸ ਬਾਰੇ ਕੋਈ ਸਪਸ਼ਟ ਸੰਕੇਤ ਦ੍ਰਿਸ਼ਟੀਗੋਚਰ ਨਹੀਂ ਹੁੰਦੇ। ਸਲੋਕਾਂ ਵਿਚੋਂ ਪਹਿਲਾ ਸਲੋਕ ਮਹੱਤਵਪੂਰਨ ਹੈ ਕਿਉਂਕਿ ਇਹ ਸਲੋਕ ਆਦਿ ਅਤੇ ਅੰਤ ਦੋਹਾਂ ਥਾਵਾਂ ਤੇ ਦਰਜ ਕੀਤਾ ਗਿਆ ਹੈ ਅਤੇ ਨਾਲ ਹੀ ਆਦੇਸ਼ ਦਿੱਤਾ ਹੈ 'ਏਹ ਸਲੋਕੁ ਆਦਿ ਅੰਤਿ ਪੜਣਾ'।[3] ਇਸ ਸਲੋਕ ਵਿਚ 'ਗੁਰਦੇਵ' ਸ਼ਬਦ ਦਾ ਦੁਹਰਾਓ ਜਿਥੇ ਗੁਰਦੇਵ ਦੀ ਮਹੱਤਤਾ ਦ੍ਰਿੜ ਕਰਵਾਉਂਦਾ ਹੈ ਉਥੇ ਸੰਗੀਤ ਵੀ ਪੈਦਾ ਕਰਦਾ ਹੈ:-

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ।
ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ।—— --।[4]

ਹਰ ਪਉੜੀ ਦਾ ਆਰੰਭ ਵਰਣਮਾਲਾ ਦੇ ਇੱਕ ਅੱਖਰ ਨਾਲ ਹੁੰਦਾ ਹੈ ਫਿਰ ਸਾਰੀ ਪਉੜੀ ਵਿਚ ਉਸ ਅੱਖਰ ਵਾਲੇ ਸ਼ਬਦਾਂ ਦੇ ਦੁਹਰਾਉ ਨਾਲ ਸੰਗੀਤ ਪੈਦਾ ਕੀਤਾ ਗਿਆ ਹੈ। ਜਿਵੇਂ:

ਛਛਾ ਛੋਹਰੇ ਦਾਸ ਤੁਮਾਰੇ।।
ਦਾਸ ਦਾਸਨ ਕੇ ਪਾਨੀਹਾਰੇ।

---

1. <u>ਆਦਿ ਗ੍ਰੰਥ</u>, ਪੰਨਾ 251
2. ਉਹੀ, ਪੰਨਾ 253
3. ਉਹੀ, ਪੰਨਾ 262
4. ਉਹੀ, ਪੰਨਾ 250

ਛਛਾ ਛਾਰੁ ਹੋਤ ਤੇਰੇ ਸੰਤਾ।

ਅਪਨੀ ਕ੍ਰਿਪਾ ਕਰਹੁ ਭਗਵੰਤਾ।

ਛਾਡਿ ਸਿਆਨਪ ਬਹੁ ਚਤੁਰਾਈ।

ਸੰਤਨ ਕੀ ਮਨ ਟੇਕ ਟਿਕਾਈ।

ਛਾਰੁ ਕੀ ਪੁਤਰੀ ਪਰਮਗਤਿ ਪਾਈ।

ਨਾਨਕ ਜਾ ਕਉ ਸੰਤ ਸਹਾਈ।। [1]

**ਬਿਰਹੜੇ:-**

ਇਸ ਸਿਰਲੇਖ ਵਾਲੇ ਤਿੰਨ ਸ਼ਬਦ ਗੁਰੂ ਅਰਜਨ ਦੇਵ ਜੀ ਦੇ ਰਚੇ ਹੋਏ ਰਾਗ ਆਸਾ ਵਿੱਚ ਦਰਜ ਹਨ। ਹਰੇਕ ਸ਼ਬਦ ਦੇ 8-8 ਬੰਦ ਹਨ। ਇਹਨਾਂ ਬਿਰਹੜਿਆਂ ਦੀ ਸਰੋਦੀ ਧੁਨੀ ਧੂਹ ਪਾਉਣ ਵਾਲੀ ਹੈ। ਸ਼ਬਦ 'ਪਿਆਰੇ' ਦੀ ਵਰਤੋਂ ਨੇ ਇਸ ਵਿੱਚ ਹੋਰ ਵੀ ਜਾਨ ਪਾਈ ਹੈ। ਤੇ ਪਾਠਕ ਦੇ ਨਿੱਜਤਵ ਨੂੰ ਜਗਾਇਆ ਹੈ।[2] ਪ੍ਰੋ. ਸਾਹਿਬ ਸਿੰਘ ਜੀ ਨੇ ਬਿਰਹੜੇ ਦਾ

---

1. ਆਦਿ ਗ੍ਰੰਥ, ਪੰਨਾ 254-255

2. ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ), ਭਾਸ਼ਾ ਵਿਭਾਗ, ਪੰਜਾਬ ਪੰਨਾ 257

ਅਰਥ 'ਬਿਰਹਾਭਰੇ' ਕੀਤਾ ਹੈ।[1]

ਵਣਜਾਰਾ ਬੇਦੀ 'ਬਿਰਹੜੇ' ਨੂੰ ਗੁਰੂ ਅਰਜਨ ਦੇਵ ਜੀ ਦੇ ਸਮੇਂ ਦਾ ਪ੍ਰਚੱਲਤ ਲੋਕ ਕਾਵਿ ਰੂਪ ਦਸਦੇ ਹਨ।[2]

ਇਹਨਾਂ ਤਿੰਨਾਂ ਰਚਨਾਵਾਂ ਵਿੱਚ 'ਪਿਆਰੇ' ਸ਼ਬਦ ਦਾ ਦੁਹਰਾਉ ਹੋਇਆ ਹੈ। 'ਬਿਰਹੜੇ' ਸਿਰਲੇਖ ਦੇ ਨਾਲ ਹੀ ਇਸ ਦੀ ਗਾਇਨ ਪਧਤੀ ਸੰਬੰਧੀ ਸਿਰਲੇਖ ਦਿੱਤਾ ਹੋਇਆ ਹੈ:

ਘਰ 4 ਛੰਤ ਕੀ ਜਤਿ[3]

ਇਸ ਬਾਰੇ ਸ਼ਬਦਾਰਥ ਵਿੱਚ ਲਿਖਿਆ ਹੈ, 'ਧਾਰਨਾ'' ਘਰ 4 ਛੰਤ ਕੀ ਜਤਿ ਦਾ ਭਾਵ ਹੈ। ਇਹਨਾਂ ਸ਼ਬਦਾਂ ਨੂੰ ਚਾਰ ਤਾਰ ਵਿੱਚ ਗਾਉਣ ਵਾਲੇ ਛੰਦਾਂ ਦੀ ਧਾਰਨਾ ਉਤੇ ਗਾਵਣਾ ਇਹ ਧਾਰਨਾ, ਖਾਸ ਕਰਕੇ ਬਾਰ ਬਾਰ 'ਪਿਆਰੇ' ਸ਼ਬਦ ਦੇ ਆਉਣ ਕਰਕੇ ਬਹੁਤ ਉਦਾਸੀਨਤਾ ਵਾਲੀ ਹੈ।

ਇਥੇ ਰਾਗ ਆਸਾ ਦਾ ਉਦਾਸੀ ਵਾਲੇ ਭਾਵ ਦੀ ਰਚਨਾ ਨਾਲ ਆਉਣਾ ਵਿਲੱਖਣਤਾ ਦਾ ਸੂਚਕ ਹੈ।

<u>ਪਟੀ:-</u>

'ਪੱਟੀ'(ਸਿਰਲੇਖ ਵਾਲੀਆਂ ਦੋ ਰਚਨਾਵਾਂ ਰਾਗ ਆਸਾ ਵਿੱਚ ਦਰਜ ਹੋਈਆਂ ਹਨ। ਪਹਿਲੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ ਅਤੇ ਦੂਜੀ ਗੁਰੂ ਅਮਰਦਾਸ ਜੀ ਦੀ।

<u>ਪਟੀ-ਗੁਰੂ ਨਾਨਕ ਦੇਵ ਜੀ:</u>

ਇਸ ਬਾਰੇ ਗਿਆਨੀ ਲਾਲ ਸਿੰਘ ਨੇ ਲਿਖਿਆ ਹੈ, "ਇਸ ਵਿਚ ਗੁਰਮੁਖੀ ਵਰਣਮਾਲਾ ਦੇ ਪੈਂਤੀ ਅੱਖਰਾਂ ਦੇ ਆਧਾਰ ਤੇ ਹਰ ਬੰਦ ਨੂੰ ਅੱਖਰ ਨਾਲ ਆਰੰਭ ਕੀਤਾ ਹੈ। ਇਉਂ ਜਿਥੇ ਅੱਖਰਾਂ ਦਾ ਵਿਸ਼ੇਸ਼ ਉਚਾਰਣ ਨਿਸਚਿਤ ਕੀਤਾ ਗਿਆ ਹੈ ਉਥੇ ਵਿਸ਼ੇ ਪੱਖ ਤੋਂ ਜੀਵਨ ਦੀਆਂ ਅਟਲ ਸਚਾਈਆਂ ਤੇ ਸਰਲ ਜੀਵਨ ਜੁਗਤੀ ਨੂੰ ਦ੍ਰਿੜ ਕਰਵਾਇਆ ਗਿਆ ਹੈ। ਇਸ ਦੀ

---

1. <u>ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਤੀਜੀ)</u>ਪੰਨਾ 448
2. <u>ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਭਾਗ ਪਹਿਲਾ)</u>ਪੰਨਾ 241
3. <u>ਆਦਿ ਗ੍ਰੰਥ</u>, ਪੰਨਾ 431

ਬਾਵਨੀ ਵਿਚਾਰਾਤਮਕ ਵਿਆਖਿਆਮਈ ਪਰ ਸੰਕੇਤਕ ਤੇ ਉਪਦੇਸ਼ਾਤਮਕ ਹੈ----ਹਰ ਬੰਦ ਜਿਥੇ ਆਪਣੇ ਵਿਸ਼ੇ ਪ੍ਰਵਾਹ ਦੀ ਇਕ ਲੜੀ ਹੈ ਉਥੇ ਇਕ ਸੁਤੰਤਰ ਰੂਪ ਦੀ ਇਕਾਈ ਵੀ ਹੈ ਜੋ ਸੁੰਦਰ ਮੁਕਤਕ ਕਾਵਿ ਦਾ ਸਰੇਸ਼ਟ ਪ੍ਰਮਾਣ ਹੋ ਸਕਦਾ ਹੈ।'[1]

ਇਸ ਰਚਨਾ ਵਿੱਚ ਰਹਾਉ ਦੀ ਤੁਕ ਇਸ ਦਾ ਕੇਂਦਰੀ ਭਾਵ ਵੀ ਦਸਦੀ ਹੈ ਪਰ ਨਾਲ ਹੀ ਇਹ ਇਸ ਬਾਣੀ ਦੇ ਗਾਇਨ ਕੀਤੇ ਜਾਣ ਦੀ ਸੰਭਾਵਨਾ ਨੂੰ ਵੀ ਉਜਾਗਰ ਕਰਦੀ ਹੈ। ਇਸ ਤੁਕ ਵਿੱਚ ਸੰਬੋਧਨੀ ਸ਼ੈਲੀ ਕਰਕੇ ਗਾਇਨ-ਗੁਣ ਵਿੱਚ ਵਾਧਾ ਹੋਇਆ ਹੈ:

ਮਨ ਕਾਹੇ ਭੂਲੇ ਮੂੜ ਮਨਾ।।
ਜਨ ਲੇਖਾ ਦੇਵਹਿ ਬੀਰਾ ਤਉ ਪੜਿਆ।[2]

ਸੰਤ ਸਿੰਘ ਸੇਖੋਂ ਅਨੁਸਾਰ ਪਟੀ ਦਾ ਤੋਲ ਲਗਭਗ ਦਵਈਆ ਛੰਦ ਵਾਲਾ ਹੈ।[3] ਭਾਈ ਕਾਹਨ ਸਿੰਘ ਨਾਭਾ[4] ਨੇ ਪੱਟੀ ਦਾ ਹੇਠ ਲਿਖਿਆ ਬੰਦ ਅੜਿਲ ਵਿੱਚ ਦੱਸਿਆ ਹੈ:

ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ।
ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨੀ ਸਚੁ ਕਮਾਇਆ।[5]

ਇਸ ਪਟੀ ਵਿੱਚ ਵੀ ਬਾਵਨ ਅਖਰੀ ਵਾਂਗ 'ਅਖਰ' ਨਾਲ ਸੰਬੰਧਤ ਬੰਦ ਵਿੱਚ ਉਸ ਅਖਰਾਂ ਵਾਲੀ ਸ਼ਬਦਾਵਲੀ ਦਾ ਦੁਹਰਾਉ ਕਾਫੀ ਮਾਤਰਾ ਵਿੱਚ ਹੋਇਆ ਹੈ ਜਿਵੇਂ:

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।[6]

ਇਸ ਦੁਹਰਾਉ ਨਾਲ ਸੰਗੀਤ ਪੈਦਾ ਹੋਣਾ ਕੁਦਰਤੀ ਗੱਲ ਹੈ।

**ਪਟੀ ਗੁਰੂ ਅਮਰਦਾਸ ਜੀ:-**

ਇਸ ਪਟੀ ਵਿੱਚ 35 ਅਖਰ ਵਰਤੇ ਹਨ ਪਰ ਤਰੀਕਾ ਲੜੀਆਂ ਦੀ ਮੁਹਾਰਨੀ ਵਾਲਾ ਹੈ। ਪਾਂਧਾ ਅਗੇ ਅਗੇ ਸੁਰ ਨਾਲ ਪੜ੍ਹੀ ਜਾਂਦਾ ਹੈ ਅਤੇ ਮੁੰਡੇ ਵੀ ਪਿਛੇ ਪਿਛੇ ਪੜ੍ਹੀ ਜਾਂਦੇ ਹਨ। ਇਹ ਮੁਹਾਰਨੀ

---

1. ਸ਼ਬਦਾਰਥ, ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ, ਭਾਸ਼ਾ ਵਿਭਾਗ, ਪੰਜਾਬ, ਪੰਨਾ 19[illegible]
2. ਆਦਿ ਗ੍ਰੰਥ, ਪੰਨਾ 432
3. ਪੰਜਾਬੀ ਕਾਵਿ ਸ਼ਿਰੋਮਣੀ, ਪੰਨਾ 83
4. ਗੁਰ ਛੰਦ ਦਿਵਾਕਰ, ਪੰਨਾ 146
5. ਆਦਿ ਗ੍ਰੰਥ, ਪੰਨਾ 432
6. ਉਹੀ, ਪੰਨਾ 433

ਇਉਂ ਸ਼ੁਰੂ ਹੁੰਦੀ ਹੈ:- ਅਯੋ, ਅੰਙੈ, ਕਾਖੈ, ਘੰਙੈ, ਰੀਰੀ, ਲਲੀ, ਸਿਧੰ ਙਾਇਆ, ਨਨੈ ਛਛੈ, ਆਦਿ। ਇਥੇ 'ਅਯੋ' = ਅੰ ਈ ਓ ਅਤੇ 'ਅੰਙੈ = ਅੰ ਆਂ। 'ਰੀਰੀ ਲਲੀ' ਨਾਗਰੀ ਦੇ ਅਖਰ ਹਨ। ਗੁਰੂ ਜੀ ਭੀ ਇਸੇ ਕ੍ਰਮ ਅਨੁਸਾਰ ਅੱਖਰ ਲੈਂਦੇ ਹਨ।

ਇਸ ਪੱਟੀ ਦਾ ਕੇਂਦਰੀ ਭਾਵ ਰਹਾਉ ਦੀ ਤੁਕ ਵਿੱਚ ਦਿੱਤਾ ਹੈ। ਇਹ ਰਹਾਉ ਦੀ ਤੁਕ ਗੁਰੂ ਨਾਨਕ ਦੇਵ ਜੀ ਦੀ ਰਚੀ ਪੱਟੀ ਦੀ 'ਰਹਾਉ' ਦੀ ਤੁਕ ਵਾਂਗ ਹੀ ਸੰਬੋਧਨ-ਬੱਧ ਹੈ—

ਮਨ ਐਸਾ ਲੇਖਾ ਤੂੰ ਕੀ ਪੜਿਆ।
ਲੇਖਾ ਦੇਣਾ ਤੇਰੈ ਸਿਰਿ ਰਹਿਆ।[2]

ਇਸ ਬਾਣੀ ਦਾ ਬਾਕੀ ਛੰਦ ਵਿਧਾਨ ਵੀ ਗੁਰੂ ਨਾਨਕ ਦੇਵ ਜੀ ਰਚਿਤ ਪੱਟੀ ਨਾਲ ਲਗਭਗ ਮਿਲਦਾ-ਜੁਲਦਾ ਹੈ। ਅਖਰਾਂ ਦਾ ਧੁਨੀ-ਸੰਗੀਤ ਇਥੇ ਵੀ ਗੂੰਜਦਾ ਹੈ:

ਗਗੈ ਗੋਬਿੰਦੁ ਚਿਤਿ ਕਰਿ ਮੂੜੇ ਗਲੀ ਕਿਨੈ ਨ ਪਾਇਆ।।
ਗੁਰ ਕੇ ਚਰਨ ਹਿਰਦੈ ਵਸਾਇ ਮੂੜੇ ਪਿਛਲੇ ਗੁਨਹ ਸਭ ਬਖਸਿ ਲਇਆ।[3]

ਇਹਨਾਂ ਦੋਹਾਂ 'ਪਟੀਆਂ' ਦੀ ਸੰਰਚਨਾ ਇਕੋ ਜਿਹੀ ਹੋਣ ਕਰਕੇ ਇਹ ਦੋਵੇਂ ਆਸਾ ਰਾਗ ਵਿੱਚ ਦਰਜ ਹਨ ਜਾਂ ਆਸਾ ਰਾਗ ਕਰਕੇ ਇਹਨਾਂ ਦੋਹਾਂ ਦੀ ਸੰਰਚਨਾ ਵਿਚ ਸਮਾਨਤਾ ਹੈ ਕੌਣ ਕੀ ਇਥੇ ਕਾਵਿ ਤੇ ਰਾਗ ਇੱਕ ਦੂਜੇ ਤੋਂ ਪ੍ਰਭਾਵਿਤ ਲਗਦੇ ਹਨ।

<u>ਘੋੜੀਆਂ:-</u>

ਇਹ ਪੰਜਾਬ ਦੇ ਲੋਕ-ਗੀਤਾਂ ਵਿੱਚ ਪ੍ਰਸਿੱਧ ਕਾਵਿ ਰੂਪ ਹੈ। ਇਹ ਭੈਣੋਂ ਦੀ ਭੈਣ ਵੱਲੋਂ ਉਸ ਦੇ ਘੋੜੀ ਚੜ੍ਹਨ ਵੇਲੇ ਗਾਇਆ ਜਾਂਦਾ ਹੈ। ਇਹ ਗੀਤ ਗਾਉਂਦਿਆਂ ਗਾਉਂਦਿਆਂ ਘੋੜੀ ਦੀਆਂ ਵਾਗਾਂ

---

1. <u>ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ</u>, ਪੰਨਾ 434
2. <u>ਆਦਿ ਗ੍ਰੰਥ</u>, ਪੰਨਾ 434
3. ਉਹੀ, ਪੰਨਾ 435

ਹੋਂਦਣ ਦਾ ਰਿਵਾਜ ਵੀ ਹੈ। ਗੁਰੂ ਰਾਮਦਾਸ ਜੀ ਨੇ ਇਸ ਕਾਵਿ ਰੂਪ ਨੂੰ ਧਿਆਨ ਵਿੱਚ ਰੱਖਦਿਆਂ ਰਾਗ ਵਡਹੰਸ ਵਿੱਚ 'ਘੋੜੀਆਂ' ਦੀ ਰਚਨਾ ਕੀਤੀ ਹੈ। ਸ਼ਬਦਾਰਥ ਵਿੱਚ ਇਸ ਬਾਰੇ ਲਿਖਿਆ ਹੈ, "ਲਾੜੇ ਦੇ ਘੋੜੀ ਚੜ੍ਹਨ ਸਮੇਂ ਇਹ ਗੀਤ ਗਾਇਆ ਜਾਂਦਾ ਹੈ। ਉਸ ਗੀਤ ਦੀ ਧਾਰਨਾ ਉਤੇ ਇਹ ਦੋ ਸ਼ਬਦ ਰਚੇ ਗਏ ਹਨ। ਇਹਨਾਂ ਵਿਚ ਦੇਹ ਰੂਪੀ ਘੋੜੀ ਉੱਤੇ ਚੜ੍ਹ ਕੇ ਸਾਧ-ਸੰਗਤ ਦੀ ਜੰਞ ਲੈ ਕੇ ਸੰਸਾਰ ਦਾ ਬਿਖੜਾ ਰਸਤਾ ਕਟਣਾ ਅਤੇ ਸਜੀ ਹੋਈ ਘੋੜੀ ਦਾ ਅਲੰਕਾਰ ਕਰ ਦਿੱਤਾ ਹੈ। ਫਿਰ ਗੁਰ ਸ਼ਬਦ ਜਾਂ ਨਾਮ ਦੇ ਵਸੀਲੇ ਨੂੰ 'ਜ਼ੀਨ' ਬਣਾਇਆ ਹੈ। ਫਿਰ ਮਨ ਦੇ ਕਾਬੂ ਕਰਨ ਦੇ ਸਾਧਨਾਂ ਨੂੰ ਲਗਾਮ ਤੇ ਚਾਬਕ ਦੱਸ ਕੇ ਐਸੀ ਸਵਾਰੀ ਨੂੰ ਧੰਨ ਕਿਹਾ ਹੈ ਜਿਸ ਨਾਲ ਮੀਤ ਪਿਆਰੇ ਨਾਲ ਮੇਲ ਹੁੰਦਾ ਹੈ।"[1]

ਇਹ ਘੋੜੀਆਂ ਵਡਹੰਸ ਰਾਗ ਵਿੱਚ ਦਰਜ ਹਨ। ਕੁਝ ਮਤਾਂ ਅਨੁਸਾਰ ਵਡਹੰਸ ਰਾਗ ਵਿਜੋਗ ਸ਼ਿੰਗਾਰ ਦਾ ਰਾਗ ਹੈ। ਪਰ ਸੰਗੀਤ ਪਾਰਿਜਾਤ[2] ਅਨੁਸਾਰ ਜਿਹਨਾਂ ਰਾਗਾਂ ਦਾ ਵਾਦੀ ਸੁਰ ਰਿਸ਼ਭ ਹੈ ਉਹ ਰਾਗ ਸ਼ਿੰਗਾਰਕ ਭਾਵਾਂ ਦਾ ਪ੍ਰਗਟਾਵਾ ਕਰ ਸਕਦੇ ਹਨ ਇਸ ਲਈ ਇਹ ਰਾਗ ਵੀ ਸ਼ਿੰਗਾਰਕ ਭਾਵ ਪ੍ਰਗਟਾ ਸਕਦਾ ਹੈ ਕਿਉਂਕਿ ਇਸ ਰਾਗ ਵਿੱਚ ਰਿਸ਼ਭ ਸੁਰ ਵਾਦੀ ਹੈ।[3]

ਹਰ ਘੋੜੀ ਦੀਆਂ ਪਹਿਲੀਆਂ ਦੋ ਸਤਰਾਂ 22-22 ਮਾਤਰਾਵਾਂ ਦੀਆਂ ਹਨ ਅਤੇ ਅਗਲੀਆਂ ਚਾਰ ਸਤਰਾਂ ਵਿੱਚ 32 ਤੋਂ ਲੈ ਕੇ 34 ਮਾਤਰਾਵਾਂ ਹਨ। ਹਰ ਘੋੜੀ ਦੀ ਦੂਸਰੀ ਸਤਰ ਵਿੱਚੋਂ ਕੁਝ ਵਿਚਾਰ ਭਰਪੂਰ ਵਾਕੰਸ਼ ਲੈ ਕੇ ਅਗਲੀ ਤੁਕ ਵਿੱਚ ਦੁਹਰਾਉ ਕੀਤਾ ਗਿਆ ਹੈ ਇਸ ਨਾਲ ਸੰਗੀਤਕਤਾ ਉਤਪੰਨ ਹੋ ਗਈ ਹੈ।

ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ।
ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ।
ਮਾਣਸੁ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ।

---

1. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 575
2. ਅਹੋਬਲ, ਸੰਗੀਤ ਪਾਰਿਜਾਤ, ਪੰਨਾ 27
3. ਗਿਆਨ ਸਿੰਘ, ਗੁਰਬਾਣੀ ਸੰਗੀਤ, ਪੰਨਾ 96

ਗੁਰਮੁਖਿ ਰੰਙੁ ਚਲੂਲਾ ਪਾਵੈਂ ਹਰਿ ਹਰਿ ਹਰਿ ਨਵਰੰਗੜੀਆ।[1] - - - - - 1

ਇਸ ਤਰ੍ਹਾਂ ਇਹਨਾਂ ਘੋੜੀਆਂ ਵਿੱਚ ਕਾਵਿ ਰੂਪ, ਰਾਗ, ਛੰਦ ਅਤੇ ਸ਼ਬਦਾਵਲੀ ਸਦਕਾ ਕਾਵਿ ਤੇ ਸੰਗੀਤ ਇੱਕੋ ਧਰਾਤਲ ਤੇ ਵਿਚਰਦੇ ਹਨ।

ਅਲਾਹੁਣੀਆਂ :-

ਜਿਥੈ ਘੋੜੀਆਂ ਅਤਿ ਖੁਸ਼ੀ ਵਾਲਾ ਕਾਵਿ ਰੂਪ ਹੈ ਉਥੇ ਅਲਾਹੁਣੀਆ ਅਤਿ ਸੋਗੀ ਕਾਵਿ ਰੂਪ ਹੈ। ਪਰ ਗੁਰੂ ਕਵੀਆਂ ਨੇ ਇਹਨਾਂ ਦੋਹਾਂ ਨੂੰ ਇੱਕੋ ਰਾਗ ਵਿੱਚ ਦਰਜ ਕਰਕੇ ਕਮਾਲ ਕੀਤੀ ਹੈ। ਵਿਆਹ ਅਤੇ ਮੌਤ ਨੂੰ ਇੱਕੋ ਬਿੰਦੂ ਤੇ ਰਖਣ ਸੰਬੰਧੀ ਡਾ. ਹਰਿਭਜਨ ਸਿੰਘ ਦਾ ਕਥਨ ਇਸ ਬਾਰੇ ਕਾਫੀ ਢੁਕਵਾਂ ਲਗਦਾ ਹੈ, "ਵਿਆਹ ਮੌਤ ਦੀ ਮਾਨਵੀ ਵਿਆਖਿਆ ਹੈ। ਅਤਿ ਪੁਰਾਣੇ ਵੇਲਿਆਂ ਵਿੱਚ ਜਦੋ ਆਵਾਜਾਈ ਦੇ ਸਾਧਨ ਨਾ ਹੋਣ ਬਰਾਬਰ ਸਨ ਕਿਸੇ ਪਰਦੇਸੀ ਨਾਲ ਵਿਆਹ ਆਪਣੇ ਜਾਣੇ ਪਛਾਣੇ ਆਲੇ ਦੁਆਲੇ ਨਾਲੋ ਸਦਾ ਲਈ ਟੁੱਟਣ ਬਰਾਬਰ ਸੀ।"[2] ਇਸ ਲਈ ਖੁਸ਼ੀ ਅਤੇ ਗਮੀ ਦੇ ਗੀਤ ਇੱਕੋ ਰਾਗ ਵਿੱਚ ਗਾਏ ਜਾ ਸਕਦੇ ਹਨ।

ਅਲਾਹੁਣੀਆਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੁਆਰਾ ਰਚੀਆਂ ਗਈਆਂ ਹਨ।

ਗੁਰੂ ਨਾਨਕ ਦੇਵ ਜੀ ਦੀਆਂ ਪੰਜ ਅਲਾਹੁਣੀਆਂ ਹਨ। ਇਹਨਾਂ ਦੀਆਂ ਪਹਿਲੀਆਂ ਦੋ ਅਲਾਹੁਣੀਆਂ ਚਾਰ ਬੰਦਾਂ ਦੀਆਂ, ਤੀਜੀ ਔਠਾਂ ਬੰਦਾਂ ਦੀ ਅਤੇ ਆਖਰੀ ਦੋ ਬੰਦਾਂ ਦੀਆਂ ਹਨ। ਪਹਿਲੀਆਂ ਦੋ ਤੇ ਆਖਰੀ ਦੋ ਅਲਾਹੁਣੀਆਂ ਵਿੱਚ ਹਰ ਇੱਕ ਬੰਦ 6 ਤੁਕਾਂ ਦਾ ਹੈ ਤੇ ਤੀਜੀ ਅਲਾਹੁਣੀ ਵਿੱਚ ਹਰ ਬੰਦ 4 ਤੁਕਾਂ ਦਾ ਹੈ। ਸੰਤ ਸਿੰਘ ਸੇਖੋ ਅਲਾਹੁਣੀਆਂ ਦਾ ਛੰਦ ਮੂਲ ਰੂਪ ਵਿੱਚ ਦਵਈਆ ਮੰਨਦੇ ਹਨ।[3]

---

1. ਆਦਿ ਗ੍ਰੰਥ ਪੰਨਾ 575
2. ਹਰਿਭਜਨ ਸਿੰਘ (ਡਾ.) ਫਰੀਦ ਬਾਣੀ-ਰਚਨਾ-ਵਿਧਾਨਕ ਅਧਿਐਨ, ਅਧਿਆਪਕੀ, 1977 ਪੰਨਾ 6-7
3. ਪੰਜਾਬੀ ਕਾਵ ਸ਼ਿਰੋਮਣੀ, ਪੰਨਾ 80

ਅਲਾਹੁਣੀਆਂ ਵਿੱਚ ਕੁਝ ਸੰਗੀਤਮਈ ਹੇਕਾਂ ਵਾਲੇ ਸ਼ਬਦ ਪ੍ਰਯੁਕਤ ਹੋਏ ਹਨ ਜਿਵੇਂ ਜਾਣੇਵਾ, ਪਛਾਣੇਵਾ, ਗੁਬਾਰੇਵਾ, ਲਏਹਾਂ, ਕਰੇਹਾਂ ਆਦਿ।

ਛੰਤਾਂ ਵਾਲੀ ਬਹੁ ਤੁਕਾਂਤ ਸ਼ੈਲੀ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ।

ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ। [1]

---

ਰੋਵਣ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ।[2]

ਗੁਰੂ ਅਮਰਦਾਸ ਜੀ ਦੀਆਂ ਚਾਰ ਚਾਰ ਬੰਦਾਂ ਦੀਆਂ ਚਾਰ ਅਲਾਹੁਣੀਆਂ ਹਨ। ਡਾਕਟਰ ਬਲਬੀਰ ਸਿੰਘ ਅਨੁਸਾਰ, "ਗੁਰੂ ਅਮਰਦਾਸ ਨੈ ਸੰਬੰਧਤ ਅਲਾਹੁਣੀਆਂ ਦੀ ਰਚਨਾ ਭੀ ਛੰਤਾਂ ਵਰਗੇ ਤਾਲ ਅਤੇ ਲੈਅ ਵਿਚ ਹੀ ਕੀਤੀ ਜਾਪਦੀ ਹੈ ਅਤੇ ਆਮ ਕਰਕੇ ਇਕ ਪਦੇ ਵਿੱਚ ਦੋ ਜਾਂ ਦੋ ਤੋਂ ਵਧੀਕ ਛੰਦਾਂ ਦੇ ਸੁਮੇਲ ਦੁਆਰਾ 'ਕਲਸ' ਜਾਂ 'ਵਿਚਨ-ਮਾਤ੍ਰਿਕ ਛੰਦ' ਦੀਆਂ ਮਾਤ੍ਰਾਂ ਦੀ ਗੂੰਜ ਸੁਣਾਈ ਦਿੰਦੀ ਹੈ।" [3]

ਆਰਤੀ:-

ਗੁਰੂ ਨਾਨਕ ਦੇਵ ਜੀ ਦਾ ਰਚਿਤ ਇੱਕ ਪਦਾ ਜੋ ਰਾਗ ਧਨਾਸਰੀ ਵਿੱਚ ਦਰਜ ਹੈ, ਆਰਤੀ ਸਿਰਲੇਖ ਨਾਲ ਵਿਸ਼ੇਸ਼ਿਤ ਕੀਤਾ ਗਿਆ ਹੈ। ਭਗਤ ਕਵੀਆਂ ਦੇ ਵੀ ਕੁਝ ਪਦੇ ਮਿਲਦੇ ਹਨ ਜਿਹਨਾਂ ਦਾ ਵਿਸ਼ਾ ਆਰਤੀ ਨਾਲ ਸੰਬੰਧਤ ਹੈ ਪਰ ਉਹਨਾਂ ਉਪਰ ਆਰਤੀ ਸਿਰਲੇਖ ਨਹੀਂ ਦਿੱਤਾ ਗਿਆ।

ਇਸ ਆਰਤੀ ਦੇ ਚਾਰ ਬੰਦ ਹਨ। 'ਰਹਾਉ' ਦੀ ਤੁਕ ਵੱਖਰੀ ਹੈ। ਗੁਰੂ ਨਾਨਕ ਦੇਵ ਜੀ ਦੀ ਮਹਾਨ ਕਲਪਨਾ ਨੂੰ ਸਾਰੀ ਕੁਦਰਤ ਗਗਨ ਦੇ ਥਾਲ ਵਿੱਚ ਚੰਨ ਤੇ ਸੂਰਜ ਦੇ ਦੀਵੇ ਅਤੇ ਤਾਰਿਆਂ ਦੇ ਮੋਤੀ ਰਖ ਕੇ ਪ੍ਰਮਾਤਮਾਂ ਦੀ ਆਰਤੀ ਕਰਦੀ ਪ੍ਰਤੀਤ ਹੋਈ। ਇਸ ਅਲੌਕਿਕ ਆਰਤੀ ਨੂੰ

---

1. ਆਦਿ ਗ੍ਰੰਥ, ਪੰਨਾ 579
2. ਉਹੀ, ਪੰਨਾ 579
3. ਅਮਰ ਕਵੀ ਗੁਰੂ ਅਮਰਦਾਸ, ਪੰਨਾ 119

ਧਿਆਨ ਵਿੱਚ ਰਖਦਿਆਂ ਉਹਨਾਂ ਨੇ ਵਿਸਮਾਦਤ ਅਵਸਥਾ ਵਿੱਚ ਉਚਾਰਿਆ —

ਕੈਸੀ ਆਰਤੀ ਹੋਇ।

ਭਵਖੰਡਨਾ ਤੇਰੀ ਆਰਤੀ।

ਅਨਹਤਾ ਸਬਦ ਵਾਜੰਤ ਭੇਰੀ।[1]

ਡਾ. ਤਾਰਨ ਸਿੰਘ[2] ਰਾਗ ਧਨਾਸਰੀ ਬਾਰੇ ਦਸਦੇ ਹਨ ਕਿ ਇਸ ਰਾਗ ਦੀ ਆਤਮਾ ਵਿੱਚ 'ਆਰਤੀ' ਸਮਾਈ ਹੋਈ ਹੈ। ਇਸੇ ਕਰਕੇ ਇਸ ਰਾਗ ਵਿੱਚ ਭਗਤ ਰਵਿਦਾਸ, ਸੈਣ, ਪੀਪਾ, ਧੰਨਾ ਆਦਿ ਭਗਤਾਂ ਰਾਹੀਂ ਰਚੇ ਆਰਤੀ ਦੇ ਸ਼ਬਦ ਮਿਲਦੇ ਹਨ।

ਸੰਤ ਸਿੰਘ ਸੇਖੋਂ ਦੇ ਵਿਚਾਰ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਆਰਤੀ ਦਾ ਛੰਦ ਜੋ ਰਾਗ ਧਨਾਸਰੀ ਵਿੱਚ ਆਇਆ ਹੈ, ਸਚ ਹੀ ਆਪਣੀ ਭਾਂਤ ਦਾ ਆਪ ਹੀ ਹੈ। ਇਸ ਦੀਆਂ ਪੰਗਤੀਆਂ ਵਿੱਚ ਇੱਕ ਬੜਾ ਝੂਲਵਾਂ ਸੰਗੀਤ ਹੈ ਤੇ ਸ਼ਬਦ ਵੀ ਬੜੇ ਸੰਗੀਤਮਈ ਹਨ। ਜਿਵੇਂ:-

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ

ਤਾਰਿਕਾ ਮੰਡਲ ਜਨਕ ਮੋਤੀ।

ਧੂਪੁ ਮਲਆਨਲੋ ਪਵਣੁ ਚਵਰੋ ਕਰੇ,

ਸਗਲ ਬਨ ਰਾਇ ਫੂਲੰਤ ਜੋਤੀ।[3]

ਇਹਨਾਂ ਪੰਗਤੀਆਂ ਵਿੱਚ ਹਰ ਚਰਣ ਪੰਜਾਂ ਮਾਤਰਾਂ ਦਾ ਹੈ ਤੇ ਅੰਤ ਵਿੱਚ ਦੋ ਮਾਤਰਾਂ ਵੱਧ ਹਨ। ਕੁਲ ਮਾਤਰਾ 37 ਹਨ।

ਸ਼ਬਦਾਂ ਦਾ ਸੰਗੀਤ ਇੰਨਾ ਸਪਸ਼ਟ ਹੈ ਕਿ ਸਚਮੁੱਚ ਹੀ ਆਰਤੀ ਦਾ ਵਾਤਾਵਰਣ ਪੈਦਾ ਹੋ ਜਾਂਦਾ ਹੈ:

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ
ਸਹਸ ਮੂਰਤਿ ਨਨਾ ਏਕ ਤੋਹੀ।

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ।[4]

---

1. ਆਦਿ ਗ੍ਰੰਥ, ਪੰਨਾ 663
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਿਕ ਇਤਿਹਾਸ, ਪੰਨਾ 69
3. ਆਦਿ ਗ੍ਰੰਥ, ਪੰਨਾ 663
4. ਉਹੀ ਪੰਨਾ 663

ਇਸ ਤਰ੍ਹਾਂ ਆਰਤੀ ਦੀ ਬਣਤਰ, ਸ਼ਬਦਾਵਲੀ ਸਾਰਾ ਕੁਝ ਹੀ ਆਰਤੀ ਦੇ ਸੰਗੀਤ ਅਨੁਸਾਰ ਹੈ। 27

ਵਾਰ ਸਤ:-

ਇਸ ਰਚਨਾ ਨੂੰ ਸਤਵਾਰਾ ਦਸਦਿਆਂ ਸ਼ਬਦਾਰਥ[1] ਵਿੱਚ ਲਿਖਿਆ ਹੈ ਕਿ ਇਹ "ਬਾਰਹਮਾਹ ਵਾਂਕਰ ਕਵਿਤਾ ਦਾ ਇੱਕ ਢੰਗ ਹੈ। ਹਰ ਇਕ ਵਾਰ ਨੂੰ ਲੈ ਕੇ ਦਸਦੇ ਹਨ ਕਿ ਮਨੁੱਖ ਨੂੰ ਹਰੀ ਆਪ ਹੀ ਆਪਣੇ ਪਾਸੇ ਲਾਂਦਾ ਹੈ। ਇਹ ਗਲ ਗੁਰੂ ਤੋਂ ਸਮਝ ਆਉਂਦੀ ਹੈ।"

ਇਸ ਰਚਨਾ ਵਿੱਚ ਹਫਤੇ ਦੇ ਸਤ ਦਿਨਾ ਉਤੇ ਵਾਰੋ ਵਾਰ ਬੰਦ ਰਚੇ ਗਏ ਹਨ। ਪਹਿਲੇ ਦਿਨ ਨੂੰ ਆਦਿਤ ਵਾਰ(ਐਤਵਾਰ) ਕਿਹਾ ਹੈ ਅਤੇ ਸਤਵਾਂ ਛਨਛਰਵਾਰ। ਤਿੰਨ ਬੰਦ ਵਾਧੂ ਹੋਣ ਕਰਕੇ ਇਸ ਦੀਆਂ ਗਲ ਦੱਸ ਪਉੜੀਆਂ ਹਨ।

ਸਤਵਾਰਾ ਲਈ ਗਉੜੀ ਰਾਗ ਅਤੇ ਬਿਲਾਵਲ ਰਾਗ ਉਚਿਤ ਲਗਦੇ ਹਨ। ਦੋਹਾਂ ਰਾਗਾਂ ਵਿੱਚ ਇੱਕ ਹੋਰ ਸਾਂਝ ਦ੍ਰਿਸ਼ਟੀਗੋਚਰ ਹੁੰਦੀ ਹੈ। ਗਉੜੀ ਰਾਗ ਵਿੱਚ ਗੁਰੂ ਅਰਜਨ ਦੇਵ ਜੀ ਦੀ ਥਿਤੀ ਕਬੀਰ ਜੀ ਦੀ ਥਿਤੀ ਤੇ ਸਤਵਾਰਾ ਦਰਜ ਹੋਏ ਹਨ। ਬਿਲਾਵਲ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਦੀ ਰਚਨਾ ਥਿਤੀ ਤੋਂ ਬਾਦ ਗੁਰੂ ਅਮਰਦਾਸ ਜੀ ਦਾ ਇਹ ਸਤਵਾਰਾ ਦਰਜ ਹੋਇਆ ਹੈ।

ਵਣਜਾਰਾ ਬੇਦੀ[2] ਅਨੁਸਾਰ ਸਤਵਾਰਾ ਇੱਕ ਲੋਕ ਕਾਵਿ ਰੂਪ ਹੈ। ਇਹਨਾਂ ਲੋਕ-ਸਤਵਾਰਿਆਂ ਵਿੱਚ ਕਈ ਤਰ੍ਹਾਂ ਦੇ ਵਹਿਮ ਜੁੜੇ ਹੋਏ ਹਨ ਪਰ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਸਤਵਾਰਿਆਂ ਵਿੱਚ ਵਾਰਾਂ ਨਾਲ ਸੰਬੰਧਤ ਮਨੌਤਾਂ ਤੇ ਲੋਕਧਾਰਾਈ ਚਰਿਤਰ ਦਾ ਖੰਡਨ ਕਰਕੇ ਨਵੇਂ ਸੰਕਲਪ ਰੂਪਮਾਨ ਕੀਤੇ ਗਏ ਹਨ:

ਪੰਦ੍ਰਹ ਥਿਤੀ ਤੈ ਸਤਵਾਰ।
ਮਾਹਾ ਰੁਤੀ ਆਵਹਿ ਵਾਰ ਵਾਰ।
ਦਿਨਸੁ ਰੈਣਿ ਤਿਵੈ ਸੰਸਾਰੁ।
ਆਵਾਗਉਣੁ ਕੀਆ ਕਰਤਾਰਿ।
ਨਿਹਚਲੁ ਸਾਚੁ ਰਹਿਆ ਕਲ ਧਾਰਿ।
ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ।।੨ 3

---

1. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 841
2. ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ 463 (ਜਿਲਦ ।।)
3. ਆਦਿ ਗ੍ਰੰਥ, ਪੰਨਾ 842

ਇਸ ਰਚਨਾ ਵਿੱਚ ਸੰਗੀਤ ਨਾਲੋਂ ਕਾਵਿ ਰੂਪ ਦੀ ਪ੍ਰਧਾਨਤਾ ਹੈ। ਭਾਵੇਂ ਰਹਾਉ ਦੀ ਤੁਕ ਹੈ ਪਰ ਉਸ ਦਾ ਤੋਲ ਵਿਲੱਖਣ ਭਾਂਤ ਦਾ ਹੈ:

ਹਿਰਦੈ ਜਪਨੀ ਜਪਉ ਗੁਣਤਾਸਾ।
ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ ਜਨ ਪਗਿ ਲਗਿ ਧਿਆਵਹੁ ਹੋਇ ਦਾਸਨਿ ਦਾਸਾ।[1]

ਰੁਤੀ:-

ਗੁਰੂ ਅਰਜਨ ਦੇਵ ਜੀ ਦੀ ਇਹ ਵਿਸ਼ੇਸ਼ ਰਚਨਾ ਰਾਗ ਰਾਮਕਲੀ ਵਿੱਚ ਹੈ। ਇਸ ਵਿੱਚ ਪੰਜਾਬ ਦੀਆਂ ਛੇ ਰੁਤਾਂ ਬਸੰਤ, ਗ੍ਰੀਖਮ, ਬਰਸਾਤ, ਸਰਦ, ਸਿਸੀਅਰ ਤੇ ਹਿਮਕਰ ਦਾ ਵਰਣਨ ਹੈ। ਇਹਨਾਂ ਰੁਤਾਂ ਰਾਹੀਂ ਗੁਰੂ ਅਰਜਨ ਦੇਵ ਜੀ ਨੇ ਆਪਣੀ ਪ੍ਰਭੂ ਲਈ ਤਾਂਘ ਦਾ ਬਿਆਨ ਕੀਤਾ ਹੈ।

ਇਹ ਰਚਨਾ ਸਲੋਕਾਂ ਅਤੇ ਛੰਤਾਂ ਵਿੱਚ ਹੈ। ਅੱਠ ਸਲੋਕ ਅਤੇ ਅੱਠ ਛੰਤ ਹਨ। ਪਹਿਲਾ ਸਲੋਕ ਅਤੇ ਪਹਿਲਾ ਛੰਤ ਭੂਮਿਕਾ ਵਜੋਂ ਹੈ। ਰੁਤਾਂ ਦਾ ਆਰੰਭ ਬਸੰਤ ਰੁਤ ਤੋਂ ਕੀਤਾ ਜਾਂਦਾ ਹੈ। ਸਲੋਕ ਵਿੱਚ ਉਪਦੇਸ਼ ਬ ਦੇ ਕੇ ਰੁਤ ਦਾ ਵਰਣਨ ਸ਼ੁਰੂ ਕੀਤਾ ਜਾਂਦਾ ਹੈ। ਬਸੰਤ ਤੋਂ ਹਿਮਕਰ ਤਕ ਛੇ ਰੁਤਾਂ ਦਾ ਵਰਣਨ ਕੀਤਾ ਗਿਆ ਹੈ। ਹਰ ਛੰਦ ਦੀ ਪਹਿਲੀ ਸਤਰ ਵਿੱਚ ਰੁਤ ਦਾ ਨਾਂ ਆਇਆ ਹੈ ਜਿਵੇਂ:-

ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ।[2]
ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ।[3]
ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਅਨੰਦ ਜੀਉ।[4]

ਇਸੇ ਤਰ੍ਹਾਂ ਸਰਦ, ਸਿਸੀਅਰ ਅਤੇ ਹਿਮਕਰ ਰੁਤਾਂ ਦਾ ਬਿਆਨ ਕਰਦਿਆਂ ਪਹਿਲੀ ਤੁਕ

---

1. ਆਦਿ ਗ੍ਰੰਥ, ਪੰਨਾ 841
2. ਉਹੀ ਪੰਨਾ 927
3. ਉਹੀ ਪੰਨਾ 928
4. ਉਹੀ ਪੰਨਾ 928

ਵਿੱਚ ਹੀ ਰੁਤ ਨਾਲ ਸੰਬੰਧਿਤ ਦੇਸੀ ਮਹੀਨਿਆਂ ਦੇ ਨਾਂ ਵੀ ਦੇ ਦਿੱਤੇ ਗਏ ਹਨ।

ਸਲੋਕਾਂ ਦਾ ਛੰਦ ਲਗਭਗ ਦੋਹਿਰਾ ਹੈ ਅਤੇ ਛੰਦਾਂ ਵਿੱਚ 'ਜੀਉ' ਸ਼ਬਦ ਦੇ ਦੁਹਰਾਉ ਨਾਲ ਲਮਕਾਉ ਪੈਦਾ ਕੀਤਾ ਗਿਆ ਹੈ। ਕਈ ਥਾਵਾਂ ਤੇ ਦੋਹਿਰੇ ਤੁਕਾਂਤਾਂ ਰਾਹੀਂ ਸੰਗੀਤ ਪੈਦਾ ਕਰਦੇ ਹਨ। ਜਿਵੇਂ:-

ਵਡਭਾਗਿ ਪਾਇਆ ਦੁਖੁ ਗਵਾਇਆ ਭਈ ਪੂਰਨ ਆਸ ਜੀਉ।[1]
ਨਹ ਦ੍ਰਿਸਟਿ ਆਵੈ ਮਰਤ ਹਾਵੈ ਮਹਾ ਗਾਰਬਿ ਮੁਠੀਆ।[2]
ਸਿਮਰਿ ਸੁਆਮੀ ਅੰਤਰਜਾਮੀ ਕੁਲ ਸਮੂਹਾ ਸਭਿ ਤਰੇ।[3]

---

1. ਆਦਿ ਗ੍ਰੰਥ, ਪੰਨਾ 928
2. ਉਹੀ, ਪੰਨਾ 928
3. ਉਹੀ, ਪੰਨਾ 928

**<u>ਸਲੋਕ ਅਤੇ ਡਖਣਾ:-</u>**

ਗੁਰੂ ਗ੍ਰੰਥ ਸਾਹਿਬ ਵਿੱਚ ਸਲੋਕ ਇੱਕ ਤਰ੍ਹਾਂ ਦਾ ਸਰਬ ਵਿਆਪਕ ਕਾਵਿ ਰੂਪ ਹੈ। ਇਹ ਨਿਤਨੇਮ ਦੀ ਬਾਣੀ, ਰਾਗ ਬੱਧ ਬਾਣੀ ਅਤੇ ਰਾਗ ਰਹਿਤ ਬਾਣੀ ਤਿਨਾਂ ਭਾਗਾਂ ਵਿਚ ਹਾਜ਼ਰ ਹੈ।

ਗੁਰਬਾਣੀ ਦਾ ਗਾਇਨ ਕਰਨ ਵਾਲੇ ਇਸ ਦਾ ਰਾਗ ਅਤੇ ਤਾਲ ਬੱਧ ਗਾਇਨ ਵੀ ਕਰੀ ਜਾਂਦੇ ਹਨ ਅਤੇ ਉਂਜ ਹੀ ਸੁਰ ਵਿੱਚ ਵੀ ਪੜ੍ਹਦੇ ਹਨ। ਵਾਰਾਂ ਦੇ ਸਲੋਕਾਂ ਦਾ ਤਾਲ ਰਹਿਤ ਗਾਇਨ ਕੀਤਾ ਜਾਂਦਾ ਹੈ।

ਸਲੋਕ ਅਸਲ ਵਿੱਚ ਕਾਵਿ ਰੂਪ ਦੀ ਭੂਮਿਕਾ ਲਈ ਜਾਂ ਕਿਸੇ ਵਿਚਾਰ ਦੀ ਪ੍ਰੋੜ੍ਹਤਾ ਲਈ ਦਰਜ ਹੁੰਦਾ ਹੈ। ਉਂਜ ਇਹ ਆਪਣੇ ਆਪ ਵਿੱਚ ਮੁਕੰਮਲ ਹੁੰਦਾ ਹੈ। ਇਹਨਾਂ ਉਪਰ ਰਾਗਾਂ ਘਰਾਂ ਆਦਿ ਦਾ ਸੰਕੇਤ ਨਾ ਆਉਣਾ ਇਹ ਸਿੱਧ ਕਰਦਾ ਹੈ ਕਿ ਇਹ ਗਾਇਨ ਕਰਨ ਲਈ ਨਹੀਂ ਹਨ। ਇਸ ਲਈ ਇਹ ਕੇਵਲ ਰਾਗਬੱਧ ਜਾਂ ਰਾਗ ਰਹਿਤ ਬਾਣੀਆਂ ਦੇ ਪ੍ਰਭਾਵ ਨੂੰ ਦੋਬਾਲਾ ਕਰਨ ਲਈ ਹੁੰਦੇ ਹਨ।

ਵਣਜਾਰਾ ਬੇਦੀ (1) ਅਨੁਸਾਰ ਸਲੋਕ ਇਕਹਿਰੇ ਭਾਵ ਦੀ ਰਚਨਾ ਹੈ ਜਿਸ ਵਿੱਚ ਸੰਜਮ ਨਾਲ ਕੋਈ ਡੂੰਘਾ ਭਾਵ ਅਜਿਹੀ ਵਿਧੀ ਨਾਲ ਬੰਨਿਆ ਹੁੰਦਾ ਹੈ, ਜੋ ਸਿੱਧਾ ਮਨ ਵਿੱਚ ਉੱਤਰ ਜਾਂਦਾ ਹੈ।

ਸਲੋਕਾਂ ਨੂੰ ਰੂਪਕ ਪੱਖ ਤੋਂ ਕਿਸੇ ਬੰਧਨ ਵਿੱਚ ਨਹੀਂ ਬੰਨਿਆ ਗਿਆ। ਇਹਨਾਂ ਦੀਆਂ ਸਤਰ੍ਹਾਂ ਦੀ ਗਿਣਤੀ ਦੋ ਤੋਂ ਲੈ ਕੇ ਵੀਹ ਤਕ ਮਿਲਦੀ ਹੈ।

ਸਮੁੱਚੇ ਰੂਪ ਵਿੱਚ ਸਲੋਕ ਦਾ ਸੰਗੀਤ ਨਾਲ ਸਿੱਧਾ ਕੋਈ ਸੰਬੰਧ ਨਹੀਂ ਹੈ। ਅਸੀਂ ਇਥੇ ਇਸ ਕਾਵਿ ਰੂਪ ਦਾ ਜ਼ਿਕਰ ਕੇਵਲ ਇਸ ਲਈ ਕੀਤਾ ਹੈ ਕਿ ਇਹ ਰਾਗ ਬੱਧ ਬਾਣੀ ਵਿੱਚ ਵੀ ਪ੍ਰਯੁਕਤ ਹੋਇਆ ਹੈ।

ਡਖਣਾ ਬਾਰੇ ਸ਼ਬਦਾਰਥ (2) ਵਿੱਚ ਲਿਖਿਆ ਹੈ, "ਮੁਲਤਾਨ ਸਾਹੀਵਾਲ ਆਦਿ ਜੋ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਤੋਂ ਦੱਖਣ ਵੱਲ ਦੇ ਇਲਾਕੇ ਹਨ, ਉਥੋਂ ਦੀ ਬੋਲੀ ਵਿੱਚ ਜੋ ਸਲੋਕ ਜਾਂ ਦੋਹਾ ਲਿਖਿਆ ਹੈ ਉਸ ਦਾ ਨਾਮ 'ਡਖਣਾ' ਮੰ ਰਖਿਆ ਹੈ।" ਇਹਨਾਂ ਦੀ ਸਥਿਤੀ ਸਲੋਕ ਕਾਵਿ ਰੂਪ ਵਾਲੀ ਹੀ ਹੈ।

ਉਪਰੋਕਤ ਸਾਰੀ ਚਰਚਾ ਤੋਂ ਇਹ ਸਪਸ਼ਟ ਹੀ ਹੈ ਕਿ ਗੁਰੂ ਕਾਵਿ ਵਿੱਚ ਰੂਪ ਵਿਧਾਨ ਅਤੇ ਰਾਗ ਆਪਸ ਵਿੱਚ ਅੰਤਰ ਸੰਬੰਧਤ ਹਨ। ਕਿਤੇ ਰੂਪ ਨੇ ਰਾਗ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਕਿਤੇ ਰਾਗ ਨੇ ਰੂਪ ਨੂੰ।

ਸਾਰੇ ਕਾਵਿ ਰੂਪਾਂ ਵਿੱਚ ਪ੍ਰਯੁਕਤ ਛੰਦ ਵਿਧਾਨ ਅਤੇ ਸ਼ਬਦਾਵਲੀ ਦੇ ਪ੍ਰਯੋਗ ਨਾਲ ਜਿਥੇ ਸੰਗੀਤ ਪੈਦਾ ਹੁੰਦਾ ਹੈ ਉਥੇ ਬਾਹਰੋਂ ਨਿਸਚਿਤ ਕੀਤੇ ਰਾਗ ਅਤੇ ਤਾਲ ਵੀ ਛੰਦ ਅਤੇ ਸ਼ਬਦਾਵਲੀ ਨੂੰ ਨਿਸਚਿਤ ਕਰਦੇ ਹਨ। ਇਸ ਤਰ੍ਹਾਂ ਗੁਰੂ ਕਵੀਆਂ ਨੇ ਬਾਣੀ ਦੇ ਰੂਪ ਵਿਧਾਨ ਨਾਲ ਸੰਗੀਤ ਨੂੰ ਸੁਚੇਤ ਤੌਰ ਤੇ ਵੀ ਸੰਬੰਧਤ ਕੀਤਾ ਹੈ ਅਤੇ ਰੂਪ ਦੇ ਅਨੁਸਾਰ ਸੰਗੀਤ ਆਪਣੇ ਆਪ ਵੀ ਪੈਦਾ ਹੋ ਗਿਆ ਹੈ।

ਅਗਲੇ ਅਧਿਆਏ ਵਿੱਚ ਅਸੀਂ ਗੁਰੂ ਕਾਵਿ ਵਿੱਚ ਪ੍ਰਯੋਜਨ ਅਤੇ ਸੰਗੀਤ ਦੇ ਸੰਬੰਧ ਬਾਰੇ ਚਰਚਾ ਕਰਾਂਗੇ।

(1) ਪੰਜਾਬੀ ਲੋਕ ਧਾਰਾ ਵਿਸ਼ਵਕੋਸ਼ (11) ਪੰਨਾ 551 | (2) ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 80

# ਅਧਿਆਇ ਪੰਜਵਾਂ

## ਗੁਰੂ ਕਾਵਿ ਦਾ ਸਮਾਜਕ ਨਿਭਾਉ ਸੰਦਰਭ ਅਤੇ ਸੰਗੀਤ

ਇਸ ਤੋਂ ਪਹਿਲਾਂ ਅਸੀਂ ਗੁਰੂ ਕਾਲ ਦੀ ਪਿਠ-ਭੂਮੀ, ਗੁਰੂ ਸਾਹਿਬਾਂ ਦੇ ਜੀਵਨ, ਸਿੱਖ ਸਿਧਾਂਤ ਅਤੇ ਗੁਰਬਾਣੀ ਵਿਚ ਰਾਗ ਅਤੇ ਸੰਗੀਤ ਦੇ ਸਥਾਨ ਬਾਰੇ ਚਰਚਾ ਕਰ ਚੁਕੇ ਹਾਂ। ਅਸੀਂ ਇਹ ਵੀ ਦੇਖ ਲਿਆ ਹੈ ਕਿ ਗੁਰੂ ਕਾਲ ਵਿਚ ਅਨੁਭਵ ਅਤੇ ਸੰਕੀਰਤਨ ਦਾ ਵੀ ਸੰਗੀਤ ਨਾਲ ਬੜਾ ਗੂੜ੍ਹਾ ਸੰਬੰਧ ਹੈ। ਇਸ ਅਧਿਆਇ ਵਿਚ ਅਸੀਂ ਗੁਰੂ ਕਾਲ ਦੇ ਸਾਮਾਜਕ ਪ੍ਰਬੰਧਕ ਅਤੇ ਸੰਗੀਤ ਦੇ ਸੰਬੰਧ ਬਾਰੇ ਚਰਚਾ ਕਰਾਂਗੇ।

ਗੁਰੂ ਨਾਨਕ ਦੇਵ ਪ੍ਰਗਟ ਹੋਣ ਵੇਲੇ ਭਾਰਤੀ ਸਮਾਜ ਦੀ ਹਾਲਤ ਬੜੀ ਤਰਸ ਯੋਗ ਸੀ। ਇਸ ਬਾਰੇ ਕੇਵਲ ਭਾਈ ਗੁਰਦਾਸ ਜੀ ਦੀ ਵਾਰ ਵਿਚੋਂ ਇੱਕ ਪਉੜੀ ਦੇਣੀ ਹੀ ਕਾਫ਼ੀ ਹੋਵੇਗੀ।-

ਕਲਿ ਆਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨ ਕੂੜ ਕੁਸਤ ਮੁਖਹੁ ਆਲਾਈ।
ਚੇਲੇ ਸਾਜ ਵਜਾਇੰਦੇ ਨਚਨ ਗੁਰੂ ਬਹੁਤ ਬਿਧਿ ਭਾਈ।
ਸੇਵਕ ਬੈਠਨ ਘਰਾਂ ਵਿਚ ਗੁਰ ਉਠਿ ਘਰੀ ਤਿਨਾੜੇ ਜਾਈ।
ਕਾਜੀ ਹੋਏ ਰਿਸ਼ਵਤੀ ਵਢੀ ਲੈ ਕੇ ਹਕ ਗਵਾਈ।
ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।
ਵਰਤਿਆ ਪਾਪ ਸਭਸ ਜਗ ਮਾਹੀ।[1]

ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਂ ਦੇ ਜੀਵਨ ਦਾ ਮੁੱਖ ਮੰਤਵ ਸਮਾਜ ਦੀ ਅਜਿਹੀ ਹਾਲਤ ਨੂੰ ਬਦਲਣਾ ਸੀ। ਇਸ ਵਾਸਤੇ ਉਹਨਾਂ ਨੇ ਕੁਰਾਹੀ ਦੀ ਵਿਰੋਧਤਾ ਕੀਤੀ ਅਤੇ ਕੁਰੀਤੀਆਂ ਨੂੰ ਸਮਾਪਤ ਕਰਨ ਦਾ ਜਤਨ ਕੀਤਾ। ਜ਼ਰੂਰੀ ਸੀ ਕਿ ਗੁਰੂ ਸਾਹਿਬਾਨ ਆਮ ਜਨਤਾ ਦਾ ਲਹੂ ਚੂਸਣ ਵਾਲੀ ਜ਼ਾਲਮ ਹਕੂਮਤ ਤੇ ਧਾਰਮਿਕ ਪਖੰਡਾਂ ਦਾ ਵਿਰੋਧ ਕਰਦੇ ਹੋਏ

---

1. ਵਾਰਾਂ ਭਾਈ ਗੁਰਦਾਸ ਵਾਰ 1 ਪਉੜੀ 30

ਇਸ ਲਈ ਉਹਨਾਂ ਨੇ ਥਾਂ ਪਰ ਥਾਂ ਰਾਜਿਆਂ ਨੂੰ ਸ਼ੀਹ ਅਤੇ ਕਰਮਚਾਰੀਆਂ ਨੂੰ ਕੁਤੇ ਕਿਹਾ ਹੈ ਅਤੇ ਇਸਦੇ ਨਾਲ ਨਾਲ ਉਹਨਾਂ ਪਾਖੰਡੀ ਧਾਰਮਿਕ ਆਗੂਆਂ ਕੂ ਦੀ ਨਿਖੇਧੀ ਕੀਤੀ ਹੈ। ਇਸ ਦੇ ਉਲਟ ਉਹਨਾਂ ਨੇ ਪਰਜਾ ਨੂੰ ਗਿਆਨ ਵਿਹੂਣੀ ਅਤੇ ਤਰਸ ਦੀ ਪਾਤਰ ਸਮਝਿਆ ਹੈ। ਉਹਨਾਂ ਨੇ ਆਪਣੇ ਆਪ ਨੂੰ ਵਡਿਆਂ ਵਿੱਚ ਨਹੀਂ ਸਗੋਂ ਨੀਵਿਆਂ ਵਿੱਚ ਸ਼ਾਮਿਲ ਕੀਤਾ ਹੈ:-

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।[3]

ਆਮ ਲੋਕਾਂ ਦੇ ਜੀਵਨ ਵਿੱਚ ਪਰਿਵਰਤਨ ਲਿਆਉਣ ਲਈ ਜ਼ਰੂਰੀ ਸੀ ਕਿ ਉਹਨਾਂ ਨੂੰ ਪਹਿਲਾਂ ਜ਼ਿਹਨੀ-ਗੁਲਾਮੀ ਤੋਂ ਮੁਕਤ ਕੀਤਾ ਜਾਂਦਾ। ਲੋਕਾਂ ਨੂੰ ਉਸ ਵੇਲੇ ਦੀ ਹਕੂਮਤ ਨੇ ਅਤੇ ਧਾਰਮਿਕ ਆਗੂਆਂ ਨੇ ਹਰ ਤਰ੍ਹਾਂ ਨਾਲ ਆਪਣੇ ਸ਼ਿਕੰਜੇ ਵਿੱਚ ਜਕੜਿਆ ਹੋਇਆ ਸੀ। ਖਾਸ ਕਰਕੇ ਵੱਖ ਵੱਖ ਧਰਮਾਂ ਦੇ ਆਗੂ ਧਾਰਮਿਕ ਸਥਾਨਾਂ ਤੇ ਵੱਖ ਵੱਖ ਸਮੇਂ ਸਮਾਗਮ ਰਚਾਉਂਦੇ ਸਨ ਅਤੇ ਲੋਕਾਂ ਨੂੰ ਲੁੱਟਣ ਦੇ ਨਾਲ ਨਾਲ ਕੂੜ ਦਾ ਪ੍ਰਚਾਰ ਕਰਦੇ ਸਨ। ਗੁਰੂ ਸਾਹਿਬਾਨ ਨੇ ਇਹਨਾਂ ਧਾਰਮਿਕ ਕੇਂਦਰਾਂ ਤੇ ਜਾ ਕੇ ਆਪਨਾ ਪ੍ਰਚਾਰ ਅਰੰਭਿਆ। ਗੁਰੂ ਨਾਨਕ ਦੇਵ ਜੀ ਦੇ ਜੀਵਨ ਇਤਹਾਸ ਤੋਂ ਕਈ ਪ੍ਰਸੰਗ ਪ੍ਰਾਪਤ ਹੁੰਦੇ ਹਨ ਜਿਹਨਾਂ ਵਿੱਚ ਉਹ ਹਿੰਦੂਆਂ ਜੋਗੀਆਂ ਬੋਧੀਆਂ,ਮੁਸਲਮਾਨਾਂ ਆਦ ਦੇ ਧਾਰਮਿਕ ਸਥਾਨਾਂ ਤੇ ਗਏ ਅਤੇ ਆਪਣੇ ਮੱਤ ਦਾ ਪ੍ਰਚਾਰ ਕੀਤਾ।

ਗੁਰੂ ਸਾਹਿਬਾਨ ਨੇ ਲੋਕਾਂ ਦੀ ਮਾਨਸਿਕਤਾ ਅਨੁਸਾਰ ਬਾਣੀ ਦੇ ਕੋਮਲ ਅਤੇ ਸੁਹਜਮਈ ਹਥਿਆਰ ਦਾ ਪ੍ਰਯੋਗ ਕੀਤਾ ਅਤੇ ਲੋਕਾਂ ਦੀਆਂ ਮਾਨਸਿਕ ਬਿਰਤੀਆਂ ਨੂੰ ਬਦਲਣ ਦਾ ਜਤਨ ਅਰੰਭਿਆ। ਗੁਰੂ ਕਵੀਆਂ ਨੇ ਵੇਖਿਆ ਕਿ ਲੋਕਾਂ ਦੇ ਮਨ ਕੇਵਲ ਕਾਵਿ ਰਚਨਾ ਨਾਲ ਹੀ ਨਹੀਂ ਬਦਲੇ ਜਾ ਸਕਦੇ ਸਗੋਂ ਇਸ ਲਈ ਉਹਨਾਂ ਨੇ ਸੰਗੀਤ ਕਲਾ ਨੂੰ ਵੀ ਸ਼ਾਮਿਲ

---

1. ਰਾਜੇ ਸੀਹ ਮੁਕਦਮ ਕੁਤੇ। ਆਦਿ ਗ੍ਰੰਥ, ਪਨਾ 1288
2. ਕਾਦੀ ਕੂੜੁ ਬੋਲਿ ਮਲੁ ਖਾਇ।
   ਬ੍ਰਾਹਮਣੁ ਨਾਵੈ ਜੀਆ ਘਾਇ।
   ਜੋਗੀ ਜੁਗਤਿ ਨ ਜਾਣੈ ਅੰਧੁ।
   ਤੀਨੇ ਓਜਾੜੇ ਦਾ ਬੰਧੁ। ਆਦਿ ਗ੍ਰੰਥ ਪੰਨਾ 662
3. ਅੰਧੀ ਰਯੀਤ ਗਿਆਨੈ ਵਿਹੂਣੀ ----। ਆਦਿ ਗ੍ਰੰਥ ਪੰਨਾ 469
4. ਆਦਿ ਗ੍ਰੰਥ, ਪੰਨਾ 15

ਕਰ ਲਿਆ। ਜਿਥੇ ਕਿਥੇ ਉਸ ਵੇਲੇ ਦੇ ਭਗਤ ਜਨਾਂ ਦੀ ਪ੍ਰਸਿੱਧ ਕਰ ਰਹੇ ਸਨ। ਪ੍ਰਿੰਸੀਪਲ ਸਾਹਿਬ ਸਿੰਘ ਅਨੁਸਾਰ ਜਦੋਂ ਭਗਤ ਜਨਾਂ ਦੀ ਬਾਣੀ ਗੁਰੂ ਅਰਜਨ ਦੇਵ ਜੀ ਕੋਲ ਪਹੁੰਚੀ ਤਾਂ ਕਬੀਰ ਜੁਲਾਹ ਦੇ ਬਾਣੀ ਉਤੇ 'ਰਾਗ' ਦਾ ਨਾਮ ਤਾਂ ਅਗੇ ਹੀ ਲਿਖਿਆ ਹੋਇਆ ਸੀ। ਗੁਰੂ ਅਰਜਨ ਸਾਹਿਬ ਨੇ ਉਸ ਸਾਰੀ ਰਚਨਾ ਨੂੰ ਜਾਣ-ਪਛਾਣ ਕਰ ਲਿਆ। ਆਪਣੀ ਬਾਣੀ ਸਮੇਤ ਉਸ ਦੀ ਉਹ ਤਰਤੀਬ ਬਣਾ ਦਿੱਤੀ ਜੋ ਇਸ ਵੇਲੇ ਅਸੀਂ ਗੁਰੂ ਗ੍ਰੰਥ ਸਾਹਿਬ ਵਿਚ ਵੇਖ ਰਹੇ ਹਾਂ।[1]

ਆਮ ਲੋਕ ਸਨਾਤਨੀ ਸਾਹਿਤ ਤੋਂ ਉਪਰਾਮ ਸਨ ਕਿਉਂਕਿ ਉਹ ਉਹਨਾਂ ਦੇ ਮਾਨਸਿਕ ਲੋੜਾਂ ਦੀ ਪੂਰਤੀ ਨਹੀਂ ਸੀ ਕਰਦਾ ਤੇ ਨਾ ਹੀ ਉਹਨਾਂ ਦੀ ਰੁਚਨ ਸੁਆਦ ਦੀ ਭੁੱਖ ਪੂਰੀ ਕਰਦਾ ਸੀ। ਇਹ ਸਾਹਿਤ ਬਹੁਤਾ ਸੰਸਕ੍ਰਿਤ ਭਾਸ਼ਾ ਵਿਚ ਸੀ ਇਸ ਲਈ ਘਟ ਪੜ੍ਹੇ ਲਿਖੇ ਹੋਣ ਕਰਕੇ ਆਮ ਲੋਕ ਸਮਝਣੋਂ ਵੀ ਅਸਮਰਥ ਸਨ। ਉਸ ਵੇਲੇ ਲੋਕਾਂ ਵਿਚ ਪ੍ਰਚਲਤ ਲੋਕ ਸਾਹਿਤ ਅਤੇ ਲੋਕ ਸੰਗੀਤ ਹੀ ਉਹਨਾਂ ਦੇ ਭਾਵਾਂ ਦਾ ਵਿਰੇਚਨ ਕਰਦਾ ਸੀ ਜੋ ਉਹ ਇਸ ਰਾਹੀਂ ਹੀ ਆਪਣੇ ਮਨ ਦੀ ਭੜਾਸ ਬਾਹਰ ਕਢਦੇ ਸਨ। ਗੁਰੂ ਸਾਹਿਬਾਂ ਨੇ ਉਹਨਾਂ ਲੋਕਾਂ ਦੀਆਂ ਰੁਚੀਆਂ ਦਾ ਪੂਰਾ ਪੂਰਾ ਲਾਭ ਲਿਆ ਅਤੇ ਉਹਨਾਂ ਅੰਦਰ ਪ੍ਰਚਲਤ ਸੰਗੀਤ ਅਤੇ ਕਾਵਿ ਦੀ ਰਸਿਕਤਾ ਨੂੰ ਆਪਣੀ ਬਾਣੀ ਦੇ ਕੀਰਤਨ ਨਾਲ ਸੁਮੇਲਤਾਵਾਂ ਤੇ ਜਿਸਦੇ ਰਾਹੀਂ ਵਿਚ ਨਵੀਂ ਚੇਤਨਾ ਨੂੰ ਉਜਾਗਰ ਕੀਤਾ। ਗੁਰੂ ਸਾਹਿਬਾਂ ਨੇ ਆਪਣੀ ਬਾਣੀ ਨਾਲ ਜਾਂਦੇ ਲੋਕ ਬੋਲੀ ਅਤੇ ਲੋਕ ਕਾਵਿ ਰੂਪਾਂ ਦੀ ਵਰਤੋਂ ਕੀਤੀ ਹੈ ਉਥੇ ਸੰਗੀਤ ਨੂੰ ਉਸਦੇ ਅੰਗ ਸੰਗ ਰੱਖਿਆ ਸੀ।

ਸੰਗੀਤ ਰਹੀ ਪੰਧਾਂ ਤੇ ਕਾਵਿ ਜਾਂਦਾ ਜਾਣੋਂ ਕਿ ਵੀ ਉੱਤਮ ਹੈ ਕਿਉਂਕਿ ਕਾਵਿ ਦੀ ਉਸ ਸਾਹਿਤਕ ਸ਼ਬਦਾਵਲੀ ਰੂਪ ਹੁੰਦਾ ਹੈ। ਸ਼ਬਦ ਦੀ ਮਜਬੂਰੀ ਹੈ ਕਿ ਇਹ ਉਸ ਸਮੇਂ ਤੇ ਹੀ ਅਸਰ ਕਰਦਾ ਹੈ ਜਿਥੇ ਉਸ ਭਾਸ਼ਾ ਤੋਂ ਜਾਣੂ ਹੋਵੇ ਪਰ ਸੰਗੀਤ ਵਿਚ ਹਰ ਤੋਂ ਦੂਰ ਉਠਿਆ ਜਾਂਦਾ ਹੈ। ਇਹ ਸਾਰੇ ਮਨੁੱਖਾਂ ਨੂੰ ਹੀ ਨਹੀਂ ਸਗੋਂ ਪਸ਼ੂ-ਪੰਛੀਆਂ ਨੂੰ ਵੀ ਮੋਹ ਲੈਂਦਾ ਹੈ। ਸੰਗੀਤ ਰਤਨਾਕਰ ਵਿਚ ਸੰਗੀਤ ਦੀ ਮਹਿਮਾ ਕਰਦਿਆਂ ਦੱਸਿਆ ਹੈ ਕਿ ਪਰਮਾਤਮਾ ਪਤੀ ਅਤੇ ਦੇਵਤਾ ਗੀਤ ਨਾਲ ਪ੍ਰਸੰਨ ਹੁੰਦੇ ਹਨ। →

---

1. ਸਾਹਿਬ ਸਿੰਘ, ਆਦਿ ਬੀੜ ਬਾਰੇ, ਪੰਨਾ 139
2. ਸਾਰੰਗ ਦੇਵ, ਸੰਗੀਤ ਰਤਨਾਕਰ (ਭਾਗ 1) ਪੰਨਾ 7

ਅਨੰਤ ਗੋਪੀ-ਪਤੀ ਦੀ ਬੰਸਰੀ ਦੀ ਧੁਨ ਦੇ ਵਸ ਹੋ ਗਈ। ਬ੍ਰਹਮਾ ਸਾਮਗਾਨ ਕਰਦੇ ਹਨ। ਸੁਰਸਤੀ ਵੀਣਾ ਵਿਚ ਮਗਨ ਹੈ। ਮਨੁਸ਼, ਗੰਧਰਬ, ਦੇਵ ਦਾਨਵ ਆਦਿ ਦੀ ਤਾਂ ਗੱਲ ਹੀ ਕੀ ਹੈ, ਜਿਹੜੇ ਸਦਾ ਤੋਂ ਲੋਕ ਪੰਘੂੜੇ ਵਿਚ ਪਿਆ ਰੋਂਦਾ ਹੋਇਆ ਬਾਲਕ ਵੀ ਗੀਤ ਦਾ ਅੰਮ੍ਰਿਤ ਪੀ ਕੇ ਬੜੀ ਖੁਸ਼ੀ ਪ੍ਰਾਪਤ ਕਰਦਾ ਹੈ। ਹੈਰਾਨੀ ਤਾਂ ਇਹ ਹੈ ਕਿ ਜੰਗਲ ਵਿਚ ਘੁੰਮਣ ਵਾਲਾ ਮਿਰਗ ਪਸ਼ੂ ਸ਼ਿਕਾਰੀਆਂ ਦੀ ਸ਼ਿਕਾਰੀ ਦੇ ਸੰਗੀਤ ਵਿਚ ਕੀਲੇ ਜਾਣ ਨਾਲ ਆਪਣੀ ਜਾਨ ਗੁਆ ਬਹਿੰਦਾ ਹੈ। ਪੁਰਾਤਨ ਲੋਕਾਂ ਦਾ ਵਿਸ਼ਵਾਸ ਸੀ ਕਿ ਸੰਗੀਤ ਕੇਵਲ ਖੁਸ਼ੀ ਹੀ ਪ੍ਰਦਾਨ ਨਹੀਂ ਕਰਦਾ ਸਗੋਂ ਇਸ ਵਿਚ ਦੈਵੀ ਸ਼ਕਤੀ ਹੈ ਜਿਸ ਕਰਕੇ ਇਹ ਫਸਲਾਂ ਦਾ ਵਾਧਾ ਅਤੇ ਬਰਖਾ ਇਤਿਆਦਿ ਦਾ ਕਾਰਜ ਵੀ ਕਰਦਾ ਹੈ। ਉਨ੍ਹਾਂ ਅਨੁਸਾਰ ਸੰਗੀਤ ਪਰਮਾਤਮਾ ਦੀ ਦਾਤ ਸੀ।[1]

ਸੰਗੀਤ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ ਤੇ ਮਨੁੱਖੀ ਮਨ ਸੰਮੋਹਨ ਸ਼ਕਤੀ ਸਦਕਾ ਉਸ ਨਾਦ ਪ੍ਰਵਾਹ ਦੇ ਨਾਲ ਨਾਲ ਤੁਰੀ ਜਾਂਦੀ ਹੈ ਜਿਸ ਕਰਕੇ ਮਨੁੱਖ ਆਪਣੇ ਅੰਦਰੂਨੀ ਅਨੰਦ ਵਿਚ ਮਗਨ ਹੋਇਆ ਭੌਤਿਕ ਸੰਸਾਰ ਤੋਂ ਅਤੀਤ ਮੰਡਲਾਂ ਵਿੱਚ ਵਿਚਰਦਾ ਹੈ।[2] ਸੰਗੀਤ ਦੇ ਅਨੰਦ ਨੂੰ ਮਾਣਨ ਲਈ ਸਰੋਤੇ ਨੂੰ ਕੇਵਲ ਜੀਵਨੀ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਸੁਰ ਪ੍ਰਵਾਹ ਦੇ ਹਵਾਲੇ ਹੋ ਜਾਣ ਦੀ ਲੋੜ ਹੈ।[3] ਸੰਗੀਤ ਅਸਲ ਵਿਚ ਮਨੁੱਖ ਦੇ ਹਿਰਦੇ ਦੀ ਭਾਸ਼ਾ ਹੈ ਅਤੇ ਮਨੁੱਖ ਦੇ ਮਨ ਨੂੰ ਪ੍ਰਸੰਨ ਕਰਨ ਲਈ ਸੰਗੀਤ ਨਾਲੋਂ ਵਧ ਕੇ ਹੋਰ ਕੋਈ ਸਾਧਨ ਨਹੀਂ ਹੈ। ਜਿਹੜੇ ਮਨੁੱਖ ਸੰਗੀਤ ਨਾਲ ਵੀ ਦ੍ਰਵਿਤ ਨਹੀਂ ਹੁੰਦੇ

---

1. Music is everywhere. No one can do without it. Ancient religious believes maintained that music was not only a pleasure but a cause of many events. It could bring down droughts to harm the crops and rains to give them life. Music come from the gods, they said.

   Gleb Anfilov F Physics and Music Page 8-9

2. Humayun Kabir, The Indian Heritage page 126
3. ਹਰਦੁਆਰੀ ਲਾਲ ਸ਼ਰਮਾ, ਸੌਂਦਰਯ ਸ਼ਾਸਤਰ, ਪੰਨਾ 183
4. ਉਮਾ ਗੁ ਮਿਸ਼ਰ, ਕਾਵਿ ਔਰ ਸੰਗੀਤ ਕਾ ਪਾਰਸਪਰਿਕ ਸੰਬੰਧ, ਪੰਨਾ 31

ਸ਼ੇਕਸਪੀਅਰ ਉਹਨਾਂ ਨੂੰ ਖਤਰਨਾਕ ਜਾਣਦਾ ਹੈ ਅਤੇ ਕਹਿੰਦਾ ਹੈ ਕਿ ਅਜੇਹੇ ਮਨੁੱਖਾਂ ਤੇ ਵਿਸ਼ਵਾਸ ਨਹੀ ਕਰਨਾ ਚਾਹੀਦਾ।[1]

ਯਾਗਿਆਵਲਕ ਨੇ ਤਾਂ ਸੰਗੀਤ ਨੂੰ ਮੁਕਤੀ ਦਾਤਾ ਮੰਨਿਆ ਹੈ ਉਸ ਅਨੁਸਾਰ, "ਜਿਹੜਾ ਵੀਣਾ ਵਾਦਨ ਦੇ ਤੱਤ ਨੂੰ ਜਾਣਦਾ ਹੈ, ਜਿਹੜਾ ਸ੍ਰੁਤੀ ਅਤੇ ਜਾਤੀਆਂ ਦਾ ਗਿਆਨ ਰਖਦਾ ਹੈ, ਜਿਹੜਾ ਤਾਲ ਗਿਆਤਾ ਹੈ ਉਹ ਬਿਨਾਂ ਯਤਨ ਦੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ।"[2] ਸੰਗੀਤ ਮਨ ਨੂੰ ਭਟਕਣ ਤੋਂ ਬਚਾਉਂਦਾ ਹੈ। ਜਿਸ ਤਰ੍ਹਾਂ ਮੂੰਹ ਵਿਚ ਸੱਤੂ ਹੋਣ ਤਾਂ ਹੱਸਣਾ ਅਸੰਭਵ ਹੈ ਉਸੇ ਤਰ੍ਹਾਂ ਗਾਉਣ ਵੇਲੇ ਮਨ ਦਾ ਭਟਕਣਾ ਅਸੰਭਵ[3] ਹੈ। ਹਰ ਮਨੁੱਖ ਕੋਈ ਵੀ ਕੰਮ ਕਰਦਿਆਂ ਥੋੜਾ ਬਹੁਤਾ ਜ਼ਰੂਰ ਗਾਉਂਦਾ ਹੈ। ਸੰਗੀਤ ਉਸਦੇ ਕੰਮ ਵਿਚ ਮਦਦ ਕਰਦਾ ਹੈ ਅਤੇ ਉਸ ਨੂੰ ਉਦਾਸੀ ਤੋਂ ਬਚਾਉਂਦਾ ਹੈ। ਸੰਗੀਤ ਮਨੁੱਖਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਂਦਾ ਹੈ ਅਤੇ ਉਹਨਾਂ ਵਿਚ ਸਮੂਹਕ ਭਾਵਨਾਂ ਦਾ ਸੰਚਾਰ ਕਰਦਾ ਹੈ।[4]

---

1. The Man that hath no music in himself,
   Nor is not moved with concord of sweet sounds,
   Is fit for treasons, stratagems, and spoils;
   The motions of his spirit are dull as night,
   And his affections dark as Erebus.
   Let no such man be trusted, Mark the music.

   Shakespeare, <u>The Merchant of Venice</u>, Page 79-80

2. ਹਵਾਲਾ, ਪੰਡਤ ਓਂਕਾਰ ਨਾਥ ਠਾਕੁਰ, <u>ਪ੍ਰਣਵ ਭਾਰਤੀ</u>, ਪੰਨਾ 14

3. ਓਂਕਾਰ ਨਾਥ ਠਾਕੁਰ, <u>ਪ੍ਰਣਵ ਭਾਰਤੀ (ਪ੍ਰਥਮ ਕੋਟਾ)</u> ਪੰਨਾ 6

4. In any out-of the way place man has always sung, played or made things that whistle, hum or rattle. This has always been as vital to him as air; music has helped him to work, has added to his joy and taken the edge off his sorrow. Music has drawn people together, and made them feel and act as one.

   Gleb Anfilov, <u>Physics and Music</u>, Page 7

ਜਿਸ ਸੰਗੀਤ ਕਲਾ ਵਿਚ ਜਿਤਨੀ ਸੂਖਮਤਾ ਹੈ ਸੁੰਦਰਤਾ ਹੈ ਕਿ ਗੁਰੂ ਬਾਬਾ ਇਸ ਦਾ ਉਪਯੋਗ ਕਰਦੇ ਸੋ ਉਹਨਾਂ ਨੇ ਆਪਣੀ ਰਾਗ ਬਾਣੀ ਨੂੰ ਸੰਗੀਤ ਨਾਲ ਸੰਬੰਧਿਤ ਕਰਕੇ ਗਾਇਆ ਤੇ ਜੋ ਉਸਦਾ ਅਸਰ ਹੋਇਆ ਉਸ ਸੰਬੰਧੀ ਭਾਈ ਵੀਰ ਜੀ ਦਾ ਕਥਨ ਹੈ, ਆਖਦੇ ਕੁਝ ਵਾਕਿਆਂ ਦੇ ਮਨ ਨਾ ਪਸੀਜੇ ਦਾ ਸਬੂਤ ਪਥਰਾਈ ਕਾਫਰ ਹੋਕੇ ਨਾਸਤਿਕਾਂ ਦੀ ਪੀਰਜ਼ਾਦੇ ਅਬ ਖਲੋਤੇ ਤਾਂ ਵੀ ਕਰ ਕਰਤੇ ਦਾਤਾ ਗੁਰੂ ਜੀ ਨੇ ਆਪੇ ਅੰਦਰ ਦੀਆਂ ਗੁੰਝਲਾਂ ਵਿਚ ਫੈਲਾਂ ਲਾਇਆ ਅਤੇ ਰਤਨਾਂ ਜਵਾਹਰਾਂ ਮੋਤੀਆਂ ਨਾਲ ਗੁਰੂ ਕੁਝ ਪੈਰੇ ਬਖਸ਼ਾ ਉਹਨਾਂ ਨਾਲ ਗਾਉਂਦੇ ਤੇ ਸੁਣਨ ਵਾਲੇ ਤੇਜ ਨਾਲ ਗਾਉਂਦੇ ਵਾਰਵਾਰ ਕਿਹਾ ਤੇਜ ਦਾ ਅਸਰ ਕੁਝੇਰੇ ਪਾਇਆ ਹੈ ਸੰਗੀਤ ਅੰਦਰ ਇੱਕ ਆਂ ਜੇ ਉਹਨਾਂ ਨੂੰ ਇਕਰਾਰੀ ਕਰੇ ਤੇ ਇਕ ਪਿਆ ਇਕਰਾਰੀ ਜਾਂਦਾ ਉਸ ਤੇਜ ਨਾਲ ਉਸ ਸੰਗੀਤ ਜਾਦੂਗਰੀ ਹੁਣ ਨਾਲ ਉਹ ਨਾ ਪਸੀਜੇ ਮਨ ਕੂਲ ਹੋ ਵਧ ਕੁਝੇ ਤੇ ਵਧ ਨੇ ਜਾ ਪੀਲੇ —

ਜਿਉਂ ਗਹਿ ਪਾਣੀ ਭਰਿਆ ਜਾਇ ਮਿਲਿਆ ਵਧਿ ਕੂਨਾ [1]
(ਸਲੋਕ ਕਬੀਰ)

ਜਦੋਂ ਰਾਗ ਨਾਲ ਸੰਗੀਤ ਦਾ ਸੁਮੇਲ ਹੋਤਾ ਜਾਂਦਾ ਹੈ ਤਾਂ ਰਾਗ ਦਾ ਅਸਰ ਸਾਧਾਰਣ ਸਾਧਾਰਣ ਵੀ ਹੋਰ ਨਹੀਂ ਪੈਂਦਾ ਸਗੋਂ ਕਈ ਗੁਣਾ ਵਧ ਜਾਂਦਾ ਹੈ। ਪੰਡਿਤ ਓਂਕਾਰ ਨਾਥ ਠਾਕੁਰ ਲਿਖਦੇ ਹਨ, "ਸਾਰੇ ਜਾਣਦੇ ਹਨ ਕਿ ਸੰਗੀਤ ਵਿਚ ਸੁਰਾਂ ਦੇ ਅਸਰ ਦਾ ਭੇਦ ਹੋਣ ਕਰਕੇ ਹੀ ਸ਼ਬਦ ਤੇ ਰਸ ਦੀ ਪ੍ਰਤੀਤੀ ਹੋ ਜਾਂਦੀ ਹੈ।"[2] ਕਵਿਤਾ ਉਪਰ ਸੰਗੀਤ ਦੇ ਪ੍ਰਭਾਵ ਦਾ ਸਮਰਥਨ ਸੰਗੀਤਕਾਰ ਹੀ ਨਹੀਂ ਸਗੋਂ ਸਾਹਿਤਕਾਰ ਵੀ ਕਰਦੇ ਹਨ। ਡਾਕਟਰ ਹਰਿਭਜਨ ਸਿੰਘ ਲਿਖਦੇ ਹਨ, "ਸ਼ਬਦ ਵਿਚ ਜੋ ਕੁਝ ਨਹੀਂ ਕਿ ਸੰਗੀਤ ਰਾਗ ਰਚਨਾ ਦੇ ਪਰਸੰਗ ਨੂੰ ਤੀਬਰ ਕਰਦਾ ਹੈ।"[3] ਸੰਗੀਤ ਅਤੇ ਰਾਗ ਦੇ ਸੁਮੇਲ ਬਾਰੇ ਵਿਦਵਾਨਾਂ ਦੇ ਵਿਚਾਰਾਂ ਤੋਂ ਇਸ ਸੁਮੇਲ ਦੀ ਉਪਯੋਗਤਾ ਦਾ ਗਿਆਨ ਹੁੰਦਾ ਹੈ।

---

1. ਰਾਗਮਾਲਾ, ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ ਭਾਗ 1, ਪੰਨਾ ( ਖ.ਣ.)
2. ਪ੍ਰਣਵ ਭਾਰਤੀ, ਪੰਨਾ 19
3. ਸਾਹਿਤ ਤੇ ਸਿਧਾਂਤ, ਪੰਨਾ 36

"ਸੰਗੀਤ ਵਿੱਚ ਸੁਰ ਪ੍ਰਧਾਨ ਹੈ ਅਤੇ ਕਾਵਿ ਵਿੱਚ ਸ਼ਬਦ, ਪਰ ਸ੍ਰੇਸ਼ਟ ਕਾਵਿ ਵਿੱਚ ਗਾਇਨ ਦਾ ਵੀ ਘਟ ਉਪਯੋਗ ਨਹੀਂ। ਸੰਗੀਤ ਭਾਵੇਂ ਸੁਤੰਤਰ ਕਲਾ ਹੈ, ਪਰ ਕਵਿਤਾ ਵਿੱਚ ਉਹ ਸ਼ਬਦ ਨਾਲ ਮਿਲਕੇ ਹੀ ਸਾਰਥਕ ਹੁੰਦੀ ਹੈ। ਪ੍ਰਾਚੀਨਾਂ ਨੇ ਗੀਤ ਨ੍ਰਿਤ ਅਤੇ ਵਾਦਨ ਨੂੰ ਸੰਗੀਤ ਵਿੱਚ ਹੀ ਸ਼ਾਮਲ ਕੀਤਾ ਹੈ ਕਿਉਂਕਿ ਉਨ੍ਹਾਂ ਦਾ ਮੂਲ ਅਧਾਰ ਗਤੀ ਹੈ। ਇਹੋ ਗਤੀ ਛੰਦ ਪੱਧਤੀ ਰਾਹੀਂ ਪ੍ਰਗਟ ਹੁੰਦੀ ਹੈ।"[1] ਸੰਗੀਤ ਕੇਵਲ ਕਵਿਤਾ ਨੂੰ ਹੀ ਪ੍ਰਭਾਵਸ਼ਾਲੀ ਨਹੀਂ ਬਣਾਉਂਦਾ ਸਗੋਂ ਆਮ ਗੱਲ-ਬਾਤ ਵਿੱਚ ਵੀ ਸੰਗੀਤ ਤੱਤਾਂ ਦਾ ਪ੍ਰਯੋਗ ਕਰਕੇ ਉਸਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਇਆ ਜਾਂਦਾ ਹੈ। ਲਲਿਤ ਕਿਸ਼ੋਰ ਸਿੰਘ ਲਿਖਦੇ ਹਨ," ਅੱਜ ਵੀ ਇਹ ਵੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਵਿਚਾਰ ਨੂੰ ਭਾਵ ਭਰਪੂਰ ਕਰਨਾ ਹੁੰਦਾ ਹੈ ਜਾਂ ਸਰੋਤਿਆਂ ਦੇ ਹਿਰਦੇ ਵਿੱਚ ਵਿਚਾਰਾਂ ਰਾਹੀਂ ਕਿਸੇ ਭਾਵ ਦੀ ਉਤੇਜਨਾ ਪੈਦਾ ਕਰਨੀ ਹੁੰਦੀ ਹੈ ਤਾਂ ਵਕਤਾ ਇੱਕ ਸੁਰ ਦੀ ਥਾਂ ਕਈ ਸੁਰਾਂ ਦੀ ਅਰੋਹੀ-ਅਵਰੋਹੀ ਜਾਂ ਲੈਅ ਤੋਂ ਕੰਮ ਲੈਂਦਾ ਹੈ ਅਰਥਾਤ ਸਾਰਥਕ ਵਾਕਾਂ ਵਿੱਚ ਸੰਗੀਤ ਦਾ ਪੁੱਟ ਜ ਪਾਉਂਦਾ ਹੈ।"[2] ਇਸ ਤਰ੍ਹਾਂ ਸੰਗੀਤ ਤੇ ਭਾਸ਼ਾ ਦੋਵੇਂ ਅੰਤਰ ਸੰਬੰਧਿਤ ਸਾਬਤ ਹੁੰਦੇ ਹਨ। ਇਸ ਬਾਰੇ ਭਗਵਤ ਸ਼ਰਨ ਉਪਾਧਿਆਇ ਦਾ ਇਹ ਕਥਨ ਵੀ ਵਰਣਨਯੋਗ ਹੈ,"ਸੰਗੀਤ ਅਤੇ ਸਾਹਿਤ ਵਿੱਚ ਗੂੜਾ ਸੰਬੰਧ ਹੈ। ਸਾਹਿਤ ਸੰਗੀਤ ਨੂੰ ਬੋਲੀ ਦਿੰਦਾ ਹੈ। ਸੰਗੀਤ ਉਸ ਨੂੰ ਆਪਣੀ ਲੈਅ ਤੇ ਤਰੰਗਿਤ ਕਰਕੇ ਉਸਨੂੰ ਅਸੀਮ ਕਰ ਦਿੰਦਾ ਹੈ।"[3] ਇਸੇ ਲਈ ਡਾ. ਉਮਾ ਮਿਸ਼ਰ ਨੇ ਕਿਹਾ ਹੈ,"ਕਵਿਤਾ ਜਦੋਂ ਤਕ ਗਾਈ ਨਹੀਂ ਜਾਂਦੀ ਉਦੋਂ ਤਕ ਉਹ ਆਪਣਾ ਪੂਰਾ ਪ੍ਰਭਾਵ ਨਹੀਂ ਪਾ ਸਕਦੀ ਅਤੇ ਸੰਗੀਤ ਵੀ ਜਦੋਂ ਤਕ ਗੀਤ ਦਾ ਸੰਗ ਨਹੀਂ ਮਾਣਦਾ ਉਦੋਂ ਤਕ ਪੂਰੀ ਤਰ੍ਹਾਂ ਪ੍ਰਭਾਵ ਪੈਦਾ ਕਰਨ ਦੇ ਕਾਬਲ ਨਹੀਂ ਹੋ ਸਕਦਾ।"[4]

---

1. ਮਨਮੋਹਨ ਸਹਗਲ, ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਖਣ, ਪੰਨਾ 202
2. ਧਵਨਿ ਔਰ ਸੰਗੀਤ, ਪੰਨਾ 143
3. ਭਾਰਤੀਯ ਕਲਾ ਔਰ ਸੰਸਕ੍ਰਿਤੀ ਪੰਨਾ 152
   ਰਣਜੀਤ ਪ੍ਰਿੰਟਰ ਐਂਡ ਪਬਲਿਸ਼ਰਜ਼, ਦਿਲੀ, 1965
4. ਕਾਵਿ ਔਰ ਸੰਗੀਤ ਕਾ ਪਾਰਸਪਰਿਕ ਸੰਬੰਧ, ਪੰਨਾ 40

ਸੰਗੀਤਮਈ ਕਵਿਤਾ ਨੂੰ ਸਮੂਹਕ ਰੂਪ ਵਿੱਚ ਆਸਾਨੀ ਨਾਲ ਪੇਸ਼ ਕੀਤਾ ਜਾ ਸਕਦਾ ਹੈ ਕਾਡਵੈਲ ਇਸ ਲਈ ਨਿੱਕੇ ਵਿਦਿਆਰਥੀਆਂ ਰਾਹੀ ਗਾਏ ਜਾਂਦੇ ਬਾਲਗੀਤਾਂ ਦੀ ਮਿਸਾਲ ਦਿੰਦਾ ਹੈ।[1] ਅਸਲ ਵਿੱਚ ਜਿਹੜੇ ਗੁਣ ਸੰਗੀਤ ਵਿੱਚ ਹਨ ਉਹ ਕਾਵਿ ਵਿੱਚ ਨਹੀ ਅਤੇ ਜਿਹੜੇ ਗੁਣ ਕਾਵਿ ਵਿੱਚ ਹਨ ਉਹ ਸੰਗੀਤ ਵਿਚ ਨਹੀ।ਇਸ ਲਈ ਇਹ ਦੋਵੇਂ ਕਲਾਵਾਂ ਇੱਕ ਦੂਜੇ ਦੀਆਂ ਪੂਰਕ ਹਨ ਅਤੇ ਇੱਕ ਦੂਜੇ ਤੋਂ ਬਿਨਾਂ ਅਧੂਰੀਆਂ ਹਨ।

ਗੁਰੂ ਕਵੀਆਂ ਦੀ ਬਾਣੀ ਨੂੰ ਸੰਗੀਤ ਰਾਹੀ ਹੀ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਪ੍ਰੋ: ਜੋਗਿੰਦਰ ਸਿੰਘ ਲਿਖਦੇ ਹਨ, "ਸ਼ਬਦ ਬਿਨਾਂ ਰਾਗ ਦਾ ਮੂਡ ਤੇ ਵਾਤਾਵਰਣ ਅਤਿ ਨੀਵਾਂ ਹੈ ਤੇ 'ਰਾਗ' ਬਿਨਾਂ ਸ਼ਬਦ ਦਾ ਪ੍ਰਭਾਵ ਘਟ ਜਾਂਦਾ ਹੈ। 'ਸ਼ਬਦ ਤੇ' ਰਾਗ ਵਿੱਚ ਜੋ ਬੱਝਵੀ ਇਕਸਾਰਤਾ ਹੋਵੇ ਤਾਂ ਸ਼ਬਦ ਤੇ ਰਾਗ ਤੋ ਬਣਿਆ ਜਿਹੜਾ ਕੀਰਤਨ ਹੈ। ਉਸ ਦਾ ਮੁੱਲ ਪਾਇਆ ਨਹੀ ਜਾ ਸਕਦਾ।"[2] ਰੋਸ਼ਨ ਲਾਲ ਆਹੂਜਾ ਵੀ ਕੀਰਤਨ ਦੀ ਮਹਿਮਾ ਦਸਦਿਆਂ ਲਿਖਦੇ ਹਨ, "ਜਿਥੇ ਧਾਰਮਿਕ ਕਵਿਤਾ ਨੂੰ ਲੈਅ ਤੇ ਤਾਲ ਨਾਲ ਅਦਾ ਕੀਤਾ ਜਾਵੇ ਉਥੇ ਸਮਾਂ ਬੱਝ ਜਾਂਦਾ ਹੈ ਜਿਸ ਵਿੱਚ ਮਨੁੱਖ ਆਪਣੇ ਆਪ ਨੂੰ ਇੱਕ ਉਚੇਰੀ ਅਵਸਥਾ ਵਿੱਚ ਅਨੁਭਵ ਕਰਦਾ ਹੈ ਅਤੇ ਜਿਸ ਵਿੱਚ ਉਸ ਦਾ ਆਪ ਪਿਘਲ ਕੇ ਵਿਸ਼ਵ ਦੀ ਨਿਰੰਤਰ ਤੇ ਕਾਲਾਤੀਤ ਹੋਂਦ ਵਿੱਚ ਖੋ ਜਾਂਦਾ ਹੈ।"[3] ਪ੍ਰਮਾਤਮਾ ਦੇ ਗੁਣ ਗਾਇਨ ਕਰਨ ਵਾਲਾ ਕੀਰਤਨ ਮਨ ਨੂੰ ਅਤੀਤ ਮੰਡਲ ਵਿੱਚ ਲੈ ਜਾਣ ਵਿੱਚ ਸਹਾਇਕ ਹੁੰਦਾ ਹੈ।[4] ਡਾ: ਬਲਬੀਰ ਸਿੰਘ ਨੇ ਆਪਣੇ ਲੇਖ ਰਬਾਬ ਵਿੱਚ ਅਰਬ ਦੇ ਇੱਕ ਸੂਫੀ ਸਿਮੂਨ ਦੇ ਕਥਨ ਨੂੰ ਅਨੁਵਾਦ ਕਰਦਿਆਂ ਰਾਗ ਬਾਰੇ ਲਿਖਿਆ ਹੈ -

> 'ਰਾਗ ਸੱਦ ਹੈ ਅੱਲ੍ਹਾ ਵਲੋਂ ਰੂਹ ਨੂੰ। ਰੂਹ ਦਾ ਜਵਾਬ ਇਸ ਸੱਦ ਨੂੰ ਕੀ ਹੈ? ਵਜਦ ਵਿੱਚ ਆ ਜਾਣਾ। ਗਸ਼ (ਮਰਛਾ) ਹੋ ਜਾਣੀ ਜਾਂ ਰੂਹ ਦਾ ਅਲਾਹ ਵਿੱਚ ਸਮਾ ਜਾਣਾ।"[5]

---

1. Poetry's very rhythm makes its group celebration more easy for example in an infants class, which imposes prosody upon the multiplication le it recites making mathematics poetical. Caudwell, Illusion and reality P.16
2. ਗੁਰੂ ਨਾਨਕ ਦਾ ਸਰੂਪ, ਪੰਨਾ 83
3. "ਗੁਰੂ ਰਾਮਦਾਸ ਦੀ ਬਾਣੀ ਦਾ ਸਾਹਿਤਿਕ ਪੱਖ", ਗੁਰੂ ਰਾਮਦਾਸ, ਭਾਸ਼ਾ ਵਿਭਾਗ, ਪੰਜਾਬ ਪੰਨਾ 58
4. Kirtan, the corporate singing of God's praises is particularly helpful for the mind to transcend thought.
   Amarjit Singh, <u>Universal Sikhism</u>, Page 72.

ਇਸ ਲਈ ਡਾ. ਜਗਬੀਰ ਸਿੰਘ ਦਾ ਇਹ ਕਥਨ ਬੜਾ ਢੁਕਵਾਂ ਹੈ, ਕਿ, "ਬਾਣੀ ਨੂੰ ਨਿਰੋਲ ਅਤੇ ਸਧਾਰਣ ਕਵਿਤਾ ਵਾਂਗ ਪੜਨਾ ਇਸ ਨਾਲ ਸਭ ਤੋਂ ਵੱਡੀ ਬੇਇਨਸਾਫੀ ਹੈ ਜਿਸ ਨਾਲ ਇਸ ਦਾ ਵਾਸਤਵਿਕ ਸੰਦੇਸ਼ ਗ੍ਰਹਿਣ ਨਹੀਂ ਕੀਤਾ ਜਾ ਸਕਦਾ।"[1]

ਗੁਰੂ ਕਵੀਆਂ ਨੇ ਆਪਣੀਆਂ ਬਹੁਤੀਆਂ ਰਚਨਾਵਾਂ ਉਪਰ ਜਿਥੇ ਕਾਵਿ ਰੂਪ ਨਾਲ ਸੰਬੰਧਿਤ ਸਿਰਲੇਖ ਦਿੱਤਾ ਉਥੇ ਉਹਨਾਂ ਦੇ ਗਾਉਣ ਲਈ 'ਰਾਗ' ਵੀ ਨਿਸਚਿਤ ਕੀਤਾ ਹੈ। ਸੰਗੀਤ ਦੀ ਕਿਰਤ ਰਾਗ ਹੈ। ਰਾਗ ਬਾਰੇ ਅਸੀਂ ਪਹਿਲਾਂ ਦਸ ਚੁੱਕੇ ਹਾਂ ਕਿ ਖਾਸ ਤਰ੍ਹਾਂ ਦੇ ਅਨੁਭਵਾਂ ਨੂੰ ਖਾਸ ਤਰ੍ਹਾਂ ਦੇ ਰਾਗ ਹੀ ਪ੍ਰਗਟ ਕਰ ਸਕਦੇ ਹਨ। ਪਰ ਹਰ ਰਾਗ ਸਰੋਤਿਆਂ ਉਪਰ ਵੀ ਆਪਣਾ ਵਿਸ਼ੇਸ਼ ਪ੍ਰਭਾਵ ਪਾਉਂਦਾ ਹੈ।

ਰਾਗ ਦਾ ਅਰਥ ਹੀ ਮਨੁੱਖੀ ਮੰਨ ਨੂੰ ਖਾਸ ਤਰ੍ਹਾਂ ਦੀਆਂ ਭਾਵਨਾਵਾਂ ਵਿੱਚ ਰੰਗਣ ਵਾਲਾ ਹੈ[2] ਹਰ ਰਾਗ ਦੀ ਸਿਰਜਣਾ ਖਾਸ ਸੁਰਾਂ ਦੇ ਸੰਜੋਗ ਨਾਲ ਹੁੰਦੀ ਹੈ ਇਸ ਲਈ ਹਰ ਇੱਕ ਰਾਗ ਖਾਸ ਭਾਵਾਂ ਨਾਲ ਸੰਬੰਧਿਤ ਹੁੰਦਾ ਹੈ। ਜਿਵੇਂ ਆਮ ਬੋਲ ਚਾਲ ਵਿੱਚ ਸਾਡੇ ਉਚਾਰਨ ਦੇ ਢੰਗਾਂ ਨਾਲ ਵੱਖ ਵੱਖ ਭਾਵ ਪ੍ਰਗਟ ਹੁੰਦੇ ਹਨ ਅਰਥਾਤ ਬਹੁਤ ਜ਼ੋਰ ਨਾਲ ਬੋਲਣ ਨਾਲ ਲੜਨ, ਝਗੜਨ, ਬਹੁਤੀ ਖੁਸ਼ੀ ਅਤੇ ਚੰਚਲਤਾ ਦਾ ਭਾਵ ਪ੍ਰਗਟ ਹੁੰਦਾ ਹੈ। ਹੌਲੀ ਬੋਲਣ ਨਾਲ ਅਧੀਨਗੀ ਮਧੁਰਤਾ, ਧੀਰਜ ਸ਼ਾਂਤੀ ਆਦਿ ਦੇ ਭਾਵਾਂ ਦਾ ਪ੍ਰਗਟਾਵਾ ਹੁੰਦਾ ਹੈ। ਇਸੇ ਤਰ੍ਹਾਂ ਵੱਖ ਵੱਖ ਸੁਰਾਂ ਦੇ ਪ੍ਰਯੋਗ ਨਾਲ ਵੱਖ ਵੱਖ ਭਾਵ ਪ੍ਰਗਟ ਹੁੰਦੇ ਹਨ।[3]" ਸੰਗੀਤ ਅਚਾਰੀਆਂ ਨੇ ਹਰ ਰਾਗ ਦਾ ਇੱਕ ਰਸ ਮੰਨਿਆ ਹੈ। ਭਾਵੇਂ ਵੱਖ ਵੱਖ ਰਾਗਾਂ ਬਾਰੇ ਰਸਾਂ ਸੰਬੰਧੀ ਅਜੇ ਅਸਪਸ਼ਟਤਾ ਹੈ ਪਰ ਫਿਰ ਵੀ ਸਧਾਰਨ ਤੌਰ ਤੇ ਸੰਗੀਤ ਵਿੱਚ ਤਿੰਨ ਚਾਰ ਰਸਾਂ ਦੀ ਹੀ ਪ੍ਰਧਾਨਤਾ ਮੰਨੀ ਜਾਂਦੀ ਹੈ ਸ਼ਿੰਗਾਰ, ਸ਼ਾਂਤ ਤੇ ਵੀਰ। ਹਰ ਰਸ ਦੇ ਵਾਤਾਵਰਣ ਵਿਚ ਇਕ ਨਿਜੀ ਰਸ ਹੁੰਦਾ ਹੈ ਜਿਸਦਾ ਸਾਡੇ ਹਿਰਦੇ ਤੇ ਪ੍ਰਭਾਵ

---

1. ਬਾਣੀ ਸੰਸਾਰ, ਪੰਨਾ 23
2. O. C. Gangoli, Ragas and Raginis, Page I (Introduction)
3. ਊਸ਼ਾ ਗੁਪਤ, ਹਿੰਦੀ ਕੇ ਕ੍ਰਿਸ਼ਨ ਕਾਲੀਨ ਭਗਤੀ ਕਾਵਿ ਮੇਂ ਸੰਗੀਤ, ਪੰਨਾ 217

ਪੈਂਦਾ ਹੈ।[1] ਪੁਰਾਤਨ ਸੰਗੀਤ ਆਚਾਰੀਆਂ ਨੇ ਰਾਗਾਂ ਦੇ ਰਸਾਂ ਦੇ ਅਨੁਕੂਲ ਹਣ। ਰਾਗਾਂ ਦਾ ਮਾਨਵੀਕਰਣ ਕਰਦਿਆਂ ਉਹਨਾਂ ਦੇ ਚਿਤਰ ਬਣਾਏ ਹਨ ਅਤੇ ਉਹਨਾਂ ਦਾ ਸਰੂਪ ਵੀ ਵਰਣਨ ਕੀਤਾ ਗਿਆ ਹੈ। ਇਸ ਸਰੂਪ ਨੂੰ ਧਿਆਨ ਕਿਹਾ ਜਾਂਦਾ ਹੈ। ਸੰਗੀਤ ਸ਼ਾਸਤਰੀਆਂ ਅਨੁਸਾਰ ਜਿਹੜਾ ਗਾਇਕ ਰਾਗ ਦਾ ਧਿਆਨ ਮਨ ਵਿਚ ਵਸਾਏ ਬਿਨਾਂ ਉਸ ਦਾ ਗਾਇਨ ਕਰਦਾ ਹੈ ਉਸ ਨੂੰ ਮਨੋਵਾਂਛਤ ਫਲ ਦੀ ਪ੍ਰਾਪਤੀ ਨਹੀਂ ਹੁੰਦੀ। ਸਪਸ਼ਟ ਹੈ ਕਿ ਜਿਹੜਾ ਗਾਇਕ ਰਾਗ ਦੇ ਰਸ ਸੰਬੰਧੀ ਉਸ ਦੀ ਖਾਸ ਪ੍ਰਕਾਸ਼ਿਤ ਤੋਂ ਵਾਕਫ ਨਹੀਂ ਹੋਵੇਗਾ ਉਸ ਦੇ ਰੂਪ ਨੂੰ ਠੀਕ ਪੇਸ਼ ਨਹੀਂ ਕਰ ਸਕੇਗਾ ਤੇ ਸਰੋਤਿਆਂ ਨੂੰ ਅਨੰਦ ਨਹੀਂ ਆਵੇਗਾ।[2] ਪਰ ਗੁਰੂ ਸਾਹਿਬਾਨ ਦੇ ਵੇਲੇ ਦੇ ਰਾਗਾਂ ਦੇ ਅਜਿਹੇ ਰੂਪ ਚਿਤਰ ਜਾਂ ਧਿਆਨ ਸ਼ਿੰਗਾਰ ਰਸੀ ਭਾਵਾਂ ਦੀ ਅਨੁਕੂਲਤਾ ਕਰਾਉਂਦੇ ਸਨ ਕਿਉਂਕਿ ਅਜਿਹੇ ਸੰਗੀਤਕਾਰ ਰਾਜਿਆਂ ਮਹਾਰਾਜਿਆਂ ਦੇ ਆਸਰੇ ਤੇ ਰਹਿੰਦੇ ਸਨ ਇਸ ਲਈ ਉਹਨਾਂ ਦਾ ਮੁੱਖ ਮਹਿਤ ਆਪਣੇ ਰਾਜਿਆਂ ਦੀਆਂ ਸ਼ਿੰਗਾਰੀ ਰੁਚੀਆਂ ਪ੍ਰਗਟ ਕਰਨਾ ਸੀ। ਪਰ ਗੁਰੂ ਸਾਹਿਬਾਨ ਦੇ ਸਮੇਂ ਤਕ ਤਾਂ ਰਾਗ ਪਰੰਪਰਾਗਤ ਸਨ ਅਤੇ ਨਾ ਹੀ ਉਹ ਰਾਗ ਗਾਉਂਦੇ ਆਪਣੇ ਸਰੋਤਿਆਂ ਨੂੰ ਕੇਵਲ ਅਨੰਦ ਦੇਣਾ ਚਾਹੁੰਦੇ ਸਨ ਉਹ ਤਾਂ ਆਮ ਜਨਤਾ ਦੀ ਭਲਾਈ ਕਰਨਾ ਲੋਚਦੇ ਸਨ। ਇਸ ਲਈ ਉਹਨਾਂ ਨੇ ਰਾਗਾਂ ਨੂੰ ਸ਼ਿੰਗਾਰੀ ਵਾਤਾਵਰਣ ਤੋਂ ਮੁਕਤ ਕਰਕੇ ਉਹਨਾਂ ਦਾ ਪ੍ਰਯੋਗ ਕੀਤਾ ਜੋ ਇਸ ਸੰਬੰਧ ਵਿਚ ਸਪਸ਼ਟ ਨਿਰਦੇਸ਼ ਵੀ ਦਿੱਤੇ। ਕੁਝ ਰਾਗਾਂ ਦਾ ਵਿਵੇਚਨ ਹੇਠ ਅੰਕਿਤ ਕਰਾਂਗੇ:-

<u>ਸਿਰੀ ਰਾਗ:-</u>

ਇਸ ਰਾਗ ਦਾ ਰੂਪ ਚਿਤਰ ਧਿਆਨ ਕਰਦਿਆਂ ਸੰਗੀਤ ਦਰਪਣ[3] ਵਿਚ ਲਿਖਿਆ ਹੈ, ਜਿਸ ਦੀ ਉਮਰ ਅਠਾਰਾਂ ਸਾਲਾਂ ਦੀ ਹੈ। ਸ਼ਾਹੀ ਵਸਤਰ ਪਹਿਨੇ ਪੁਰਸ਼ ਹੈ ਜੋ ਪਤਲਾ ਅਤੇ ਜਿਸਦੇ ਕੋਮਲ ਗੁੱਟਾਂ ਦੇ ਦੁਆਲੇ ਪਾਏ ਹੋਏ ਹਨ। ਪਰ ਗੁਰੂ ਨਾਨਕ ਦੇਵ ਇਸ ਰਾਗ ਬਾਰੇ ਆਦੇਸ਼ ਦਿੰਦਾ ਹੈ:-

ਰਾਗਾਂ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ।
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ।[4]

1. ਸ਼ੰਭੂ ਨਾਰਾਇਣ ਸ਼ਰਮਾ, <u>ਸੰਗੀਤ ਸ਼ਾਸਤਰ</u> (ਭਾਗ ਪਹਿਲਾ) ਪੰਨਾ 20
2. ਬ੍ਰਿਹਸਪਤੀ, <u>ਸੰਗੀਤ ਚਿੰਤਾਮਣੀ</u>, ਪੰਨਾ 400
3. ਦਮੋਦਰ ਪੰਡਿਤ, <u>ਸੰਗੀਤ ਦਰਪਣ</u>, ਪੰਨਾ 104
4. ਆਦਿ ਗ੍ਰੰਥ, ਪੰਨਾ 83

**ਰਾਗ ਗਉੜੀ:-**

ਇਸ ਰਾਗ ਬਾਰੇ ਰਾਗ ਵਿਬੋਧ[1] ਵਿਚ ਦੱਸਿਆ ਹੈ ਕਿ ਇਹ [illegible] ਰੰਗ ਵਾਲੀ ਅਤੇ ਸੁੰਦਰ [illegible] ਅੱਖਾਂ ਵਾਲੀ ਹੈ। ਇਸਨੇ [illegible] ਦੇ [illegible] ਸਰੀਰ ਬਸਤਰ ਪਹਿਨੇ ਹੋਏ ਹਨ। ਇਸ ਦੀ [illegible] [illegible] ਹੈ ਅਤੇ [illegible] [illegible] [illegible] ਹਨ - - - । ਪਰ ਗੁਰੂ ਸਾਹਿਬ ਨੇ ਇਸ ਰਾਗ ਬਾਰੇ ਉਚਾਰਿਆ ਹੈ:-

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ।
ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ।[2]

**ਰਾਗ ਗੂਜਰੀ:-**

ਇਸ ਰਾਗ ਨੂੰ [illegible] ਦਸਿਆ ਗਿਆ ਹੈ ਕਿ ਇਸਨੇ [illegible] ਰੰਗਾਂ ਦੇ ਬਸਤਰ [illegible] ਹੋਏ ਹਨ। [illegible] [illegible] [illegible] [illegible] [illegible] [illegible] [illegible] [illegible] ਪਹਿਨੇ ਹੋਏ [illegible] [illegible] [illegible] [illegible] [illegible] ਰਹੀ ਹੈ। [illegible] [illegible] [illegible] [illegible] [illegible] [illegible] [illegible] [illegible] [illegible], [illegible] [illegible] [illegible] [illegible] [illegible] ਵਿਚ [illegible] ਹੈ।[3] ਪਰ ਗੁਰੂ ਜੀ ਨੇ ਇਸ ਰਾਗ ਬਾਰੇ ਲਿਖਿਆ ਹੈ:-

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ।
ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ।[4]

**ਸੋਰਠ ਰਾਗ:-**

ਇਸ ਨੂੰ ਰਾਗਨੀ ਦਸਿਆ ਸੰਗੀਤ ਦਰਪਣ[5] ਵਿਚ ਲਿਖਿਆ ਹੈ ਜਿਸ ਦੇ [illegible] [illegible] [illegible] [illegible] ਦੇ [illegible] [illegible] ਪਹਿਨੇ ਹੋਏ ਹਨ ਅਤੇ [illegible] [illegible], [illegible] [illegible] [illegible] [illegible] ਦੇ [illegible] [illegible] [illegible] [illegible] [illegible] ਦੀ [illegible] ਤੋਂ [illegible] ਹੋ [illegible] ਹੈ [illegible]

1. [illegible] ਸੰਗੀਤ ਪਾਰਿਜਾਤ, ਪੰਨਾ 118
2. ਆਦਿ ਗ੍ਰੰਥ, ਪੰਨਾ 311
3. [illegible] ਸਿੰਘ, "[illegible] [illegible] ਵਿਚ ਰਾਗਾਂ ਦਾ ਸਰੂਪ" [illegible] ਸੰਗੀਤ, ਪੰਨਾ 446
4. ਆਦਿ ਗ੍ਰੰਥ, ਪੰਨਾ 516
5. ਦਾਮੋਦਰ ਪੰਡਿਤ, ਸੰਗੀਤ ਦਰਪਣ, ਪੰਨਾ 117

ਥਾਂ ਉਚਿਤ ਹੈ ਕਦੀ ਹੈ ਅਤੇ ਜਿਹੜੀ ਆਪਣੇ ਪ੍ਰੀਤਮ ਕੋਲ ਜਾ ਰਹੀ ਹੈ।

ਪਰ ਗੁਰੂ ਸਾਹਿਬਾਨ ਨੇ ਇਸ ਰਾਹੀਂ ਪ੍ਰੇਮ ਦਾ ਰਸ ਪੀਣ ਦੀ ਗੱਲ ਕੀਤੀ ਹੈ:-

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ।
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ। [1]

ਰਾਗ ਧਨਾਸਰੀ:-

ਰਾਗ ਵਿਬੋਧ [2] ਵਿਚ ਇਸ ਰਾਗ ਦੇ ਸਰੂਪ ਦਾ ਜਿਹੜਾ ਵਿਖਾਨ ਕੀਤਾ ਗਿਆ ਹੈ ਉਹ ਇਸਤਰੀ ਉਚਿਤ ਹੈ ਕਿ ਕਦੀ ਕਦਾਂ ਤੇ ਉਹ ਪ੍ਰਤੀਤ ਵੀ ਹੋ ਜਾਂਦਾ ਹੈ।

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਦਾ ਪ੍ਰਯੋਜਨ 'ਸਤਿਗੁਰ ਕੀ ਕਾਰ' ਨਾਲ ਸੰਬੰਧਿਤ ਕਰ ਦਿੱਤਾ ਹੈ।

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ।
ਤਨੁ ਮਨੁ ਸਉਪੇ ਜੀਅ ਸਉ ਭਾਈ ਲਏ ਹੁਕਮਿ ਫਿਰਾਉ। [3]

ਰਾਗ ਬਿਲਾਵਲ:-

ਸੰਗੀਤ ਦਰਪਣ [4] ਵਿਚ ਇਸ ਨੂੰ ਰਾਗਣੀ ਦੱਸਿਆ ਹੈ ਅਤੇ ਇਸ ਬਾਰੇ ਲਿਖਿਆ ਹੈ, ਆਪਣੇ ਪ੍ਰੀਤਮ ਨੂੰ ਮਿਲਣ ਲਈ ਸ਼ਿੰਗਾਰ ਸਜਾਕੇ ਨੂੰ ਜਿਸ ਨੇ ਆਪਣੇ ਮਨ ਵਿਚ ਧਾਰਨ ਕੀਤਾ ਹੋਇਆ ਹੈ। ਜਿਸ ਨੇ ਆਪਣੇ ਸਰੀਰ ਤੇ ਕਈ ਤਰ੍ਹਾਂ ਦੇ ਗਹਿਣੇ ਪਾਏ ਹੋਏ ਹਨ ਅਤੇ ਜਿਹੜੀ ਬਾਰ ਬਾਰ ਆਪਣੇ ਇਸ਼ਟ ਦੇਵਤਾ ਦਾ ਧਿਆਨ ਧਰਦੀ ਹੈ। ਜਿਸ ਦਾ ਰੰਗ ਨੀਲ ਕਮਲ ਵਰਗਾ ਹੈ।

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਨੂੰ ਗੁਰੂ ਦੇ ਉਪਦੇਸ਼ ਲਈ ਪ੍ਰਯੋਗ ਕੀਤਾ ਹੈ:-

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ।
ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ। [5]

---

1. ਆਦਿ ਗ੍ਰੰਥ, ਪੰਨਾ 1425
2. ਅਹੋਬਲ, ਸੰਗੀਤ ਪਾਰਿਜਾਤ, ਪੰਨਾ 101
3. ਆਦਿ ਗ੍ਰੰਥ, ਪੰਨਾ 1419
4. ਦਾਮੋਦਰ ਪੰਡਿਤ, ਸੰਗੀਤ ਦਰਪਣ ਪੰਨਾ 93
5. ਆਦਿ ਗ੍ਰੰਥ, ਪੰਨਾ 849

**ਰਾਮਕਲੀ ਰਾਗ:-**

ਚਿਤ੍ਰਕਾਰਾਂ ਨੇ ਇਸ ਰਾਗਣੀ ਦਾ ਚਿਤ੍ਰ ਇਸ ਤਰ੍ਹਾਂ ਬਣਾਇਆ ਹੈ — ਨੌਜਵਾਨ ਯੁਵਤੀ ਸ਼ਿੰਗਾਰ ਕਰਕੇ ਇਕ ਨਾਇਕਾ ਆਪਣੇ ਪ੍ਰੀਤਮ ਦੇ ਸਵਾਗਤ ਲਈ ਸੇਜ ਤੇ ਬੈਠੀ ਹੈ----[1]

ਪਰ ਗੁਰੂ ਸਾਹਿਬਾਨ ਨੇ ਇਸ ਰਾਗ ਬਾਰੇ ਫੁਰਮਾਇਆ ਹੈ :-

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ।
ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ।[2]

ਇਸ ਤਰ੍ਹਾਂ ਰਹੀ ਹੋਰ ਰਾਗਾਂ ਦੇ ਵਰਣਨ ਦਾ ਤੁਲਨਾਤਮਕ ਅਧਿਐਨ ਕਰਨ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬਾਂ ਨੇ ਰਾਗਾਂ ਦਾ ਪ੍ਰਯੋਗ ਆਪਣੇ ਪ੍ਰਯੋਜਨ ਲਈ ਵਿਸ਼ੇਸ਼ ਢੰਗ ਨਾਲ ਕੀਤਾ ਹੈ। ਉਹਨਾਂ ਸਭ ਰਾਗਾਂ ਬਾਰੇ ਲਿਖਿਆ ਹੈ:-

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ।[3]

ਉਹਨਾਂ ਨੇ ਉਹ ਰਾਗ ਵੀ ਨਹੀਂ ਰਹਿਣ ਦਿੱਤੇ ਜਿਹੜੇ ਮਨੁੱਖ ਦੀਆਂ ਇੰਦ੍ਰੀਆਂ ਨੂੰ ਭ੍ਰਿਸ਼ਟ ਕਰਨ ਵਿਚ ਸਹਾਇਕ ਸਨ —

ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ।[4]

ਜਿਵੇਂ ਕਿ ਅਸੀਂ ਵੇਖਿਆ ਕਿ ਗੁਰੂ ਸਾਹਿਬਾਨ ਦਾ ਮੰਤਵ ਆਮ ਸਰੋਤਿਆਂ ਤਕ ਆਪਣੇ ਵਿਚਾਰ ਪਹੁੰਚਾਉਣ ਦਾ ਸੀ ਨਾ ਕਿ ਉਸ ਵੇਲੇ ਦੀਆਂ ਦਰਬਾਰੀ ਮਹਿਫ਼ਲਾਂ ਦੇ ਸੰਗੀਤਕਾਰਾਂ ਵਾਂਗ ਕਲਾਤਮਕ ਵਿਖਾ ਕੇ ਆਪਣੀ ਕਲਾ ਦਾ ਰੋਹਬ ਪਾਉਣ ਦਾ। ਇਸ ਲਈ ਉਹਨਾਂ ਨੇ ਆਪਣੀ

---

1. ਸਰੋਜ ਸਿੰਘ, "ਰਾਜਸਥਾਨੀ ਚਿਤ੍ਰਕਲਾ ਮੇਂ ਰਾਗੋਂ ਕਾ ਸਵਰੂਪ", ਤ੍ਰਿਪਥ ਸੰਗੀਤ, ਪੰਨਾ 437
2. ਆਦਿ ਗ੍ਰੰਥ, ਪੰਨਾ 950
3. — ਉਹੀ — ਪੰਨਾ 425
4. — ਉਹੀ — ਪੰਨਾ 958

ਬਾਣੀ ਨੂੰ ਸਿੰਧੂ ਰਾਗਾਂ ਦੀ ਥਾਂ ਤੇ ਸਾਧਾਰਨ ਧੁਨਾਂ ਤੇ ਗਾਉਣ ਨਹੀਂ ਸੋਭਦਾ ਹੋਵੇਗਾ। ਇਸ ਵੇਲੇ ਦੇ ਕਈ ਭਗਤ ਜਨਾਂ ਵੀ ਇਸੇ ਪਧਤੀ ਅਨੁਸਾਰ ਗਾਇਨ ਕਰਨਾ ਸ਼ੁਰੂ ਕਰ ਅਤੇ ਗੁਣਾਂ ਕਰੇ ਸਨ। ਆਚਾਰੀਆ ਬ੍ਰਿਹਸਪਤੀ[1] ਦੇ ਕਥਨ ਦੀ ਲਿਖਿਆ ਹੈ, "ਗੁਰੂ ਸਾਹਿਬਾਂ ਦਾ ਮੰਤਵ ਆਪਣੇ ਅਨੁਭਵ ਨੂੰ ਸਮੇਂ ਦਾ ਉਚੇ ਪ੍ਰਗਟ ਕਰਕੇ ਸ਼੍ਰੋਤਿਆਂ ਨੂੰ ਉਸਦਾ ਅਨੁਭਵ ਕਰਾ ਦੇਣਾ ਹੁੰਦਾ ਹੈ, ਉਹਨਾਂ ਵਿਚ ਕਾਲੀਦਾਸ, ਰਵੀਦਾਸ, ਤੁਲਸੀ ਅਤੇ ਸੂਰ ਆਦਿਕ ਕਵੀ, ਗਾਇਕ ਦਾ ਪ੍ਰਯੋਜਨ ਵੀ ਨਾਲ ਕੀਤੇ ਦੇਣਾ ਚਾਹੀਦਾ ਹੈ।

ਜਿਵੇਂ ਕਵੀ 'ਰਾਗ' ਦੀ ਚਿੰਤਾ ਨਾ ਕਰਕੇ ਅਨੁਪ੍ਰਾਸ ਜਾਂ ਉਪਮਾਨੁਪ੍ਰਾਸ ਨੂੰ ਹੀ ਆਧਾਰ ਬਣਾ ਕੇ ਕਵਿਤਾ ਕਰਦੇ ਹਨ ਉਹਨਾਂ ਦੀ ਕਵਿਤਾ ਮਧੁਰ ਰਚਨਾਵਾਂ ਵਿਚ ਕਦੀ ਨਹੀਂ ਹੁੰਦੀ, ਉਹ ਕੇਵਲ ਸਿਰਫ ਦੇ ਪ੍ਰਸ਼ੰਸਕ ਨਹੀਂ ਹੁੰਦੇ। ਏਸੇ ਤਰ੍ਹਾਂ ਜਿਹੜੇ ਗਾਇਕ ਰਾਗਾਂ ਧਰਮੀਆਂ ਕਵੀਆਂ ਦੀ ਸਿਖਿਆ ਦੇ ਕੇਵਲ ਵਿਚ ਪਏ ਰਹਿੰਦੇ ਹਨ, ਉਹ ਆਪਣੇ ਅਭਿਆਸ ਨਾਲ ਸਰੋਤਿਆਂ ਨੂੰ ਰਸ ਵਿਚ ਡੋਬ ਜਾ ਲੈ ਕੇ ਅਧਿਕਤ ਨਹੀਂ ਕਰ ਸਕਦੇ।

ਗੁਰੂ ਸਾਹਿਬਾਂ ਦਾ ਮੰਤਵ ਸਰੋਤਿਆਂ ਨੂੰ ਰਸ ਵਿਚ ਪਾਉਣਾ ਬਿਲਕੁਲ ਨਹੀਂ ਸੀ ਅਤੇ ਨਾ ਹੀ ਉਹ ਆਪਣੀ ਬਾਣੀ ਦਾ ਇਕ ਨਵਾਂ ਪ੍ਰਯੋਗ ਕਰਦੇ ਜਾਣ ਦੇ ਹੱਕ ਵਿਚ ਸਨ ਇਸੇ ਲਈ ਉਹਨਾਂ ਥਾਂ ਪਰ ਥਾਂ ਆਪਣੀ ਬਾਣੀ ਨੂੰ ਕੇਵਲ ਧੁਨਾਂ ਵਿਚ ਗਾਉਣ ਦਾ ਆਦੇਸ਼ ਕੀਤਾ ਹੈ। ਬਾਕੀ ਲੋਕਾਂ ਲਈ ਧੁਨਾਂ ਦਾ ਜ਼ਿਕਰ ਆਇਆ ਜਿਸ ਤੋਂ ਪਹਿਲੇ ਅਧਿਆਇ ਵਿਚ ਕਰ ਚੁੱਕੇ ਹਾਂ ਰਾਗੀ ਜਾਂ ਭਾਈ ਜੀ ਜਿਹੜੇ ਹਨ, ਆਰੰਭ ਵਿਚ ਪਹਿਲੇ ਗੁਰੂ ਜੀ ਦਾ ਵਿਚਾਰ ਕਿਆਸ ਇਸ ਨਹੀਂ ਸੀ ਕਿ ਸ਼ਬਦ ਰਾਗ ਦੀ ਬੱਝੀ ਤਰਜ਼ ਵਿਚ ਗਾਇਆ ਜਾਵੇ ਕਿ ਜਿਸ ਤਰਜ਼ ਵਿਚ ਸੰਗੀਤਕ ਜਾਣਕਾਰਾਂ ਅਨੁਸਾਰ ਉਹ ਸੌਖਾ ਪੈਂਦਾ ਕਰ ਦੇਣ ਦੀ ਰਚਨਾ ਦੇ ਅਰਥ ਭਾਵ ਵਿਚ ਰਸਾਇ ਹੈ ਅਤੇ ਸ਼ਬਦਾਂ ਦਾ ਅਰਥ ਭਾਵ ਤੇ ਧਾਰਨਾਂ ਦਾ ਸੰਗੀਤਕ ਅਸਰ ਇਕ ਪਰ ਇਕੋ ਜਿਹਾ

1. ਸੰਗੀਤ ਚਿੰਤਾਮਣੀ, ਭਾਗ ਪੰਨਾ 399

ਦਾ ਕਾਰਜ ਪੈਦਾ ਕਰਦਾ।[1]

ਸਾਰਾ ਗੁਰੂ ਗ੍ਰੰਥ ਸਾਹਿਬ ਸੰਗੀਤ-ਬੱਧ ਹੈ। ਇਹ ਸਾਰੇ ਦਾ ਸਾਰਾ ਸੰਗੀਤ ਵਿਚ ਉਚਾਰਿਆ ਗਿਆ ਹੈ। ਗੁਰੂ ਗ੍ਰੰਥ ਦਾ ਬਹੁਤਾ ਹਿੱਸਾ ਗੇਯਾਤਮਕ ਸ਼ੈਲੀ ਦਾ ਧਾਰਨੀ ਹੈ। ਇਸ ਸ਼ੈਲੀ ਵਿਚ ਸਥਾਈ ਅਤੇ ਅੰਤਰੇ ਦਾ ਪ੍ਰਯੋਗ ਹੁੰਦਾ ਹੈ। ਸਥਾਈ ਦਾ ਵਾਰ ਵਾਰ ਗਾਇਨ ਕੀਤਾ ਜਾਂਦਾ ਹੈ। ਸਥਾਈ ਵਾਲੀਆਂ ਤੁਕਾਂ ਨੂੰ 'ਰਹਾਉ' ਕਿਹਾ ਜਾਂਦਾ ਹੈ। ਇਹਨਾਂ ਰਹਾਉ ਵਾਲੀਆਂ ਤੁਕਾਂ ਵਿਚ ਪੂਰੀ ਰਚਨਾ ਦਾ ਕੇਂਦਰੀ ਭਾਵ ਸਮਾਇਆ ਹੁੰਦਾ ਹੈ। ਵਣਜਾਰਾ ਬੇਦੀ ਅਨੁਸਾਰ ਗੁਰੂ ਸਾਹਿਬਾਨ ਨੇ ਕਈ ਵਾਰ ਮੁੱਢੋਂ ਹੀ ਲੋਕ ਅੰਤਰੇ ਜਾਂ ਰਹਾਉ ਵਾਲੀਆਂ ਮੁਖ ਤੁਕਾਂ ਦੀ ਰਚਨਾ ਕੀਤੀ ਬਾਕੀ ਪਉੜੀਆਂ ਪਿੱਛੋਂ ਲਿਖ ਕੇ ਪੂਰੀਆਂ ਕਰ ਲਈਆਂ।[2]

ਪ੍ਰੋ: ਤਾਰਾ ਸਿੰਘ ਅਨੁਸਾਰ, "ਗੁਰਮਤਿ ਸੰਗੀਤ ਪੱਧਤੀ ਦੀ ਗਾਇਨ ਪਰਿਪਾਟੀ ਵਿਚ ਸ਼ਬਦ ਦੀ ਅਸਥਾਈ ਰੂਪ 'ਰਹਾਉ' ਦੀ ਤੁਕ ਹੈ। ਰਹਾਉ ਦਾ ਅਰਥ ਹੈ ਠਹਿਰ, ਅਰਥਾਤ ਜਾਂ ਸਥਾਈ। ਹਰ ਸ਼ਬਦ ਦਾ ਅਰੰਭ ਰਹਾਉ ਤੋਂ ਕੀਤਾ ਜਾਂਦਾ ਹੈ। ਇਹੋ ਹੀ ਸਾਰੇ ਸ਼ਬਦ ਦਾ ਨਿਚੋੜ ਅਤੇ ਕੇਂਦਰੀ ਖਿਆਲ ਇਸੀ ਤੁਕ ਵਿਚ ਹੁੰਦਾ ਹੈ ਅਤੇ ਬਾਕੀ ਤੁਕਾਂ ਵਿਚ ਉਸ ਦੀ ਵਿਆਖਿਆ। ਜਿਥੇ ਕਿਤੇ ਪਹਿਲੇ ਰਹਾਉ ਵਾਲੇ ਖਿਆਲਾਂ ਵਿਚ ਪਲਟਾ ਆ ਜਾਂਦਾ ਹੈ ਤਾਂ ਗੁਰੂ ਸਾਹਿਬਾਨ ਨੇ ਰਹਾਉ ਦੂਜਾ, ਰਹਾਉ ਤੀਜਾ ਆਦਿ ਵੀ ਵਰਤਿਆ ਹੈ। ਉਦਾਹਰਣ ਵਜੋਂ:-

ਅਬ ਨ ਬਸਾਈ ਨਾਮ ਕਰੈ ਨਾਮ ਬਾਝੁ ਕਟਾਇਆ ਗਲਿ ਮਲੋ।[3]

ਮਿਲੁ ਸਾਹਿਬੁ ਕਾਵੇ ਇਛੁ ਕਰੇ ਇਸ ਨੌਕਾ ਕਾ ਸਚੁ ਦਰ ਪਤਿ।

ਕਿਛੁ ਤੇਲ ਦੀਆ ਇਛੁ ਜਲੇ । ਰਹਾਉ

ਪੈਸੀ ਪੁਰਾਣ ਗਾਵਹੀ ।

ਕਹਿ ਬਣੀ ਇਹੁ ਤਨਿ ਪਾਵਹੀ।

ਮਨੁ ਕੂੜਿ ਆਦਿ ਜਲਾਵਹੀ।

---

1. ਤਾਰਾ ਚੰਦ ਸਿੰਘ, "ਸ਼ਬਦ ਦੇ ਰਾਗ ਤੇ ਰਾਗ ਦੀ ਤਾਸੀਰ", "ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ(ਭਾਗ ਪਹਿਲਾ), ਪੰਨਾ 1
2. ਬਾਬਾ ਲੋਕਧਾਰਾ, ਪੰਨਾ 20
3. ਆਦਿ ਗ੍ਰੰਥ, ਪੰਨਾ 25

ਇਕ ਤੇਗੁ ਰਹਿਆ ਇਕੁ ਨਹੀ।

ਤਨਿ ਕਾਮਣਿ ਸਾਹਿਬ ਤਉ ਮਿਲੈ। ਰਹਾਉ ।

ਗੁਰਮਤਿ ਕਾਵਿਕੀ ਦੀ ਪਰੰਪਰਾ ਅਨੁਸਾਰ ਇਸ ਸ਼ਬਦ ਦਾ ਮੂਲ ਰਹਾਉ ਵਾਲੀ ਤੁਕ ਵਿਚ ਤੇਗੁ ਰਹਿਆ ਇਕੁ ਨਹੀ। " ਤੇ ਆਧਾਰਿਤ ਹੈ। ਸ਼ਬਦ ਦੇ ਮੂਲ ਵਿਚ ਮਨੁੱਖ ਜੀਵਨ ਦੀ ਦੂਜੀ ਤੁਕ ਵਿਚ ਇਸਦਾ ਭਾਵ ਰਹਾਉ ਵਿਚ ਹੀ ਦਰਸਾਇਆ ਗਿਆ ਹੈ। ਸਾਹਿਬ ਗੁਰਬਾਣੀ ਵਰ, "ਇਕ ਤੇਗੁ ਰਹਿਆ ਇਕੁ ਨਹਿ ਤਨਿ ਕਾਮਣਿ ਸਾਹਿਬ ਤਉ ਮਿਲੈ।" [1]

ਰਹਾਉ ਦੀ ਤੁਕ ਦਾ ਕਾਵਿਕ ਭਾਵ ਸਾਫ ਕੀਤਾ ਜਾਂਦਾ ਹੈ। ਇਸ ਤਰ੍ਹਾਂ ਗੁਰੂ ਸਾਹਿਬਾਨ ਸਮੁੱਚੇ ਤੌਰ ਤੇ ਇਹਨਾਂ ਤੁਕਾਂ ਵਿੱਚ ਸਰੋਤਿਆਂ ਨੂੰ ਸੰਬੋਧਿਤ ਕਰਕੇ ਉਹਨਾਂ ਦਾ ਧਿਆਨ ਰਹੱਸਵਾਦੀ ਵੱਲ ਕੇਂਦਰਿਤ ਕਰਨ ਦਾ ਉਪਰਾਲਾ ਵੀ ਕਰਦੇ ਸਨ। ਗੁਰੂ ਸਾਹਿਬਾਂ ਨੇ ਬਹੁਤੇ ਸਾਰੇ ਸ਼ਬਦਾਂ ਨੂੰ ਪ੍ਰਸ਼ਨ ਰੂਪ ਵਿਚ ਅਪਣਾਇਆ ਹੈ।

ਕਾਚਾ ਸਮਝਿਆ ਕੰਚਨ ਦੇਹੁ। [2]

---

ਕਾਮੁ ਤੇ ਮਨੁ ਮਲ ਕੀ ਦੇਹੁ। [3]

---

ਮੂੰਹਿ ਮਿਥ ਇਕੁ ਇਕਾ ਸਮਝਾਉ। [4]

---

ਮੂਲੇ ਕਾਮੁ ਨਾਮੁ ਕੂਟ ਸਾਧਿ। [5]

---

ਰੰਗ ਮਾਇਆ ਕੇ ਪਿਆਰਿਆ ਨਾ ਸੋਝਹੁ ਕਹਿਣਾ। [6]

---

ਬਹਿ ਤੂ ਬੈਠਾ ਰਹਿਆ ਪਾਸਿ। [7]

1. ਪ੍ਰੋ. ਤਾਰਾ ਸਿੰਘ, ਗੁਰੂ ਤੇਗ ਬਹਾਦਰ ਰਾਗ ਰਤਨਾਵਲੀ, ਪੰਨਾ (Viii)
2. ਉਹੀ ਪੁਸਤਕ, ਪੰਨਾ 15
3. —ਉਹੀ— ਪੰਨਾ 18
4. —ਉਹੀ— ਪੰਨਾ 18
5. —ਉਹੀ— ਪੰਨਾ 19
6. —ਉਹੀ— ਪੰਨਾ 13
7. —ਉਹੀ— ਪੰਨਾ 43

ਇਸ ਤਰ੍ਹਾਂ ਜਿਤਨੇ ਸਿਰੀ ਰਾਗ ਵਿਚ ਹੀ ਮਨ ਮੇਰੇ, ਮਨ ਰੇ ਆਦਿ ਹੋਰ ਅਨੇਕਾਂ ਸੰਬੋਧਨਮਈ ਰਚਨਾਵਾਂ ਦੀਆਂ ਤੁਕਾਂ ਆਈਆਂ ਹਨ।

ਗੁਰੂ ਰਚਨਾ ਦਾ ਕਾਵਿ ਪ੍ਰਯੋਜਨ-ਮੁਖ ਹੈ ਇਸ ਲਈ ਉਹਨਾਂ ਦੇ ਸੰਗੀਤ ਨੂੰ ਨਿਸਚਿਤ ਕਰਨ ਲਈ ਨਿਭਾਉ ਸੰਦਰਭ ਦਾ ਬੜਾ ਅਹਿਮ ਸਥਾਨ ਹੈ। ਨਿਭਾਉ ਸੰਦਰਭ ਵਿਚ ਸਰੋਤਾ, ਸਮਾਂ ਤੇ ਸਥਾਨ ਇਸ ਦੇ ਮੁੱਖ ਅੰਗ ਹੁੰਦੇ ਹਨ। ਸੰਗੀਤ ਦੀ ਸੰਰਚਨਾ ਕੇਵਲ ਸਿਰਜਕ ਤੇ ਨਿਰਭਰ ਨਹੀਂ ਕਰਦੀ ਸਗੋਂ ਸਰੋਤੇ ਦੀ ਮਾਨਸਿਕਤਾ ਵੀ ਇਹ ਸਰੂਪ ਨਿਸ਼ਚਿਤ ਕਰਨ ਵਿਚ ਕਾਫ਼ੀ ਹਿੱਸਾ ਪਾਉਂਦੀ ਹੈ[1]। ਗੁਰੂ ਸਾਹਿਬ ਦਾ ਸੰਗੀਤ ਇਕੱਲਾ ਨਹੀਂ ਸੀ ਸਗੋਂ ਇਸ ਨਾਲ ਕਾਵਿ ਵੀ ਸੀ ਅਤੇ ਕਾਵਿ ਵੀ ਪ੍ਰਯੋਜਨ ਮੁਖ ਜਿਹੜਾ ਸਰੋਤੇ ਨੂੰ ਮੁੱਖ ਕਰਕੇ ਰਚਿਆ ਗਿਆ ਸੀ। ਗੁਰੂ ਸਾਹਿਬ ਨੇ ਵਿਅਕਤਿ ਸਰੋਤੇ ਦੀ ਮਾਨਸਿਕਤਾ ਅਤੇ ਸਮਾਜ ਵਿਚ ਤਬਦੀਲੀ ਲਿਆਉਣੀ ਸੀ ਇਸ ਕਰਕੇ ਉਹਨਾਂ ਸਰੋਤੇ ਨੂੰ ਆਪਣੇ ਕੋਲ ਆਉਣ ਲਈ ਪ੍ਰੇਰਨਾ ਦਿੱਤੀ:-

ਆਉ ਜੀ ਤੂ ਆਉ ਹਮਾਰੈ ਹਰਿ ਜਸੁ ਸ੍ਰਵਣ ਸੁਨਾਵਨਾ।

ਤੁਧੁ ਆਵਤ ਮੇਰਾ ਮਨੁ ਤਨੁ ਹਰਿਆ ਹਰਿ ਜਸੁ ਤੁਮ ਸੰਗਿ ਗਾਵਨਾ।[2]

ਸਰੋਤਿਆਂ ਦੇ ਅਜਿਹੇ ਸਮੂਹ ਨੂੰ ਸੰਗਤ ਦਾ ਨਾਮ ਦਿੱਤਾ ਗਿਆ ਹੈ। ਇਸ ਸੰਗਤ ਦੀ ਵਿਸ਼ੇਸ਼ਤਾ ਦਸਦਿਆਂ ਪ੍ਰੋ. ਕਿਸ਼ਨ ਸਿੰਘ ਲਿਖਦੇ ਹਨ, "ਗੁਰਬਾਣੀ ਦਾ ਸਰੋਤਿਆਂ ਨਾਲ ਰਿਸ਼ਤਾ ਸੰਗਤ ਦੀ ਸੰਸਥਾ ਵਿਚ ਮੂਰਤੀਮਾਨ ਸੀ, ਸੰਗਤ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ ਅਤੇ ਗੁਰਬਾਣੀ ਦਾ ਕੀਰਤਨ ਹੋ ਰਿਹਾ ਸੀ। ਸੰਗਤ ਸਭ ਮਾਈ ਭਾਈਆਂ ਦੀ ਸੀ। ਗੁਰੂ ਦੇ ਘਰ ਸਭ ਇਕੋ ਜਿਹੇ ਸਨ।

---

1. The mood elicited by the music will depend not only on the tonal configuration the listner hears but also on a variety of factors external to the music itself. Among the more important of these variables are the listerner's personality structure, the modd held just preceding the listening period, the word-meanings of the libretto if there is one, and the attitudes builds up in the listener toward music in general and toward the piece in question.

Paul R. Farnsworth, <u>The Social Psychology of Music</u> Page 95

2. ਆਦਿ ਗ੍ਰੰਥ, ਪੰਨਾ 1018

ਉਹ ਨਾਮ ਦਾ ਜੋਗੀ ਉਪਾਸਕ ਹੀ ਨਹੀਂ ਸੀ। ਸਿਸਟਮ ਪ੍ਰੇਮ ਕੋਈ, ਉਹ ਗੁਰੂ ਸਾਹਿਬ ਦੀ ਸ਼ਖਸੀਅਤ ਦੇਣ ਸਮਝਦਾ ਸੀ, ਤਾਂ ਜਾਣਦਾ ਕੋਈ ਗੋਰਖਨਾਥ ਨਾ ਸਮਝਦਾ ਸੀ।" [1]

ਸੰਗਤ ਦੀ ਇਹ ਸਥਿਤੀ ਭਾਵੇਂ ਗੁਰ ਸਿੱਖ ਸਮਾਜਕ ਦੇਣ ਉਪਲਬਧੀ ਹੀ ਹੈ ਪਰ ਇਸ ਦੇ ਸਬੂਤ ਸਾਨੂੰ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੋਂ ਹੀ ਮਿਲ ਜਾਂਦੇ ਹਨ। ਗੁਰੂ ਸਾਹਿਬ ਜਿਥੇ ਵੀ ਗਏ ਉਹਨਾਂ 'ਧਰਮਸਾਲਾ' ਬਣਾਉਣ ਲਈ ਆਦੇਸ਼ ਦਿੱਤਾ। ਇਸੇ ਕਰਕੇ ਭਾਈ ਗੁਰਦਾਸ ਜੀ ਨੇ ਆਖਿਆ ਹੈ:-

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ। [2]

ਗੁਰੂ ਨਾਨਕ ਦੇਵ ਜੀ ਨੇ ਹਰ ਥਾਂ ਤੇ ਧਰਮਸਾਲਾਵਾਂ ਬਣਵਾਈਆਂ। ਸੰਗਤ ਦੀ ਇਸੇ ਕਾਰਨ ਸਮੁੱਚੇ ਆ ਗਏ। ਸਿੱਖ ਘਰ ਘਰ ਬਾਣੀ ਦੇ ਜਾਪ ਦਾ ਕਾਇਮ ਪ੍ਰਵਾਹ ਹੋ ਗਿਆ। ਇਸੇ ਗੁਰ ਨੂੰ ਪੂਰਨਿਆਂ ਤੇ ਚਲਦਿਆਂ ਗੁਰੂ ਸਾਹਿਬਾਂ ਦਾ ਕਾਇਮ ਕਰਨਾ ਹੈ ਪ੍ਰਚੱਲਤ ਕਰੇ ਸੰਗਤ ਦੇ ਸਹਿਤ ਉਹਨਾਂ ਸਿਖਾਉ ਸੰਗਤ ਦਾ ਪ੍ਰਬੰਧ ਸਪਸ਼ਟ ਕਰਦੇ। ਜੋ ਸਜਣ[3] ਠੱਗ ਦੇ ਘਰੇ ਦਾ ਇਸ ਪੱਖ ਵਿਵੇਚਨ ਕਰਦੇ ਹਨ।

ਉਜਲ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ।
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ।
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ। ਰਹਾਉ।
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ।
ਢਠੀਆ ਕੰਮਿ ਨ ਆਵਨੀ ਵਿਚਹੁ ਸਖਣੀਆਹਾ। 2 ।

1. ਤਾਰਨ ਸਿੰਘ, "ਗੁਰਬਾਣੀ ਦੀ ਸਾਮਾਜਕ ਵਾਸਤੂ" ਗੁਰਮਤ ਸਾਹਿਤ, ਭਾਸ਼ਾ ਵਿਭਾਗ, ਪੰਜਾਬ, ਪੰਨਾ 142
2. ਵਾਰਾਂ ਭਾਈ ਗੁਰਦਾਸ ਵਾਰ 1 ਪਉੜੀ 27
3. ਆਦਿ ਗ੍ਰੰਥ, ਪੰਨਾ 729

ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ।
ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ। 3
ਸਿੰਮਲ ਰੁਖੁ ਸਰੀਰੁ ਮੈ ਮੈ ਜਨ ਦੇਖਿ ਭੁਲੰਨਿ।
ਸੇ ਫਲ ਕੰਮਿ ਨ ਆਵਨੀ ਤੇ ਗੁਣ ਮੈ ਤਨਿ ਹੰਨਿ। 4
ਅੰਧੁਲੈ ਭਾਰ ਉਠਾਇਆ ਡੂਗਰ ਵਾਟ ਬਹੁਤੁ।
ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ। 5
ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ।
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ।

ਉਪਰੋਕਤ ਸ਼ਬਦ ਬਾਰੇ ਸੁਖਦਿਆਲ ਸਿੰਘ ਲਿਖਿਆ ਹੈ, 'ਪ੍ਰਸਤੁਤ ਸ਼ਬਦ ਦੇ ਵਿਚ ਗੁਰੂ ਜੀ ਨੇ ਬਾਹਰਲੇ ਭੇਖ ਅੰਦਰ ਘਟੀ ਉਪਰਾਮਤਾ ਦੱਸੀਆਂ। ਇਸ ਵਿਚ ਠੱਗ ਸੱਜਣ ਜੋ ਉਤੋਂ ਸਿਮਲ ਤੇ ਬਗਲੇ ਵਰਗਾ ਦਿਖਾਵਾ ਕਰਦਾ ਸੀ, ਪਰ ਵਿੱਚੋਂ ਘੁਟਿ ਘੁਟਿ ਜੀਆ ਖਾਵਣਾ ਸੀ। ਗੁਰੂ ਜੀ ਨੇ ਇਸ ਦਾ ਉਧਾਰ ਕੀਤਾ ਤੇ ਇਸ ਥਾਂ ਤੇ ਉਸ ਇਲਾਕੇ ਦਾ ਪ੍ਰਚਾਰਕ ਥਾਪਿਆ।'[1]

ਗੁਰੂ ਜੀ ਜਦੋਂ 'ਸੱਜਣ ਨੂੰ ਮਿਲੇ ਹੋਏ ਤਾਂ ਉਹਨਾਂ ਨੂੰ ਪਤਾ ਲੱਗਾ ਕਿ ਇਹ ਠੱਗ ਰਿਹਾ ਹੈ। ਆਪਣੀ ਸ਼ਰਨ ਤੋਂ ਉਸਨੂੰ ਸੁੱਧ ਕਰ ਸਕਦਾ ਹੈ। ਸ਼ਬਦ ਗੁਰੂ ਨਾਨਕ ਦੇਵ ਜੀ ਦੀ ਸਾਧਾਰਨ ਮਨੁੱਖ ਨਹੀਂ ਸਨ। ਉਹ ਗੁਰੂ ਸਨ ਤੇ ਜੀ ਉਸ ਤੋਂ ਵੱਖ ਹੋਏ। ਉਹਨਾਂ ਨੇ ਉਸ ਦਾ ਮਨ ਬਦਲਣਾ ਸੀ ਅਤੇ ਉਸ ਬਦਲਣਾ ਸੀ ਕਿ ਉਹ ਪ੍ਰਚਾਰਕ ਦਾ ਵੀ ਕੰਮ ਕਰ ਸਕਦਾ। ਇਸ ਲਈ ਉਹਨਾਂ ਪਹਿਲਾਂ ਰਾਤ ਗੁਜ਼ਾਰੀ ਲੋੜਿਆ ਜਿਸਦਾ ਸ਼ਬਦ ਗੁਰਬਾਣੀ ਦਾ ਰਾਹ ਹੈ ਜਿਸ ਵਿਚ 'ਚੰਗਿਆਈਆਂ' ਦੀ ਲੋੜ ਰਹਿੰਦੀ ਹੈ। ਇਸ ਰਾਹ ਵਿਚ ਗੁਰੂ ਜੀ ਨੇ ਸ਼ਬਦ ਦੀ ਟੇਕ ਲਈ:-

ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ।
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ।

1. ਗੁਰਬਾਣੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 729

ਜਦੋਂ ਇਹ ਪ੍ਰਕਰਣ ਉਸ ਨਰ ਨੇ ਪੂਰੇ ਹੋਣਗੇ ਜਿਸ ਦਾ ਨਾਂ 'ਸੱਜਣ' ਸੀ ਤਾਂ ਉਸ ਦਾ ਮਨ ਇਕ ਵਾਰ ਜ਼ਰੂਰ ਡੋਲਿਆ ਹੋਵੇਗਾ। ਉਂਝ ਨਾਂਅ ਉਸਦਾ ਤਾਂ ਹੀ ਬਹੁ ਸੱਜਣ ਸੀ। ਉਸ ਦਾ ਨਾਂ ਉਚਾਰਿਆ ਜਾਂਦਾ ਸੀ ਉਸ ਨਾਲ ਵਿਰੋਧ ਘਟਨਾ ਘਟ ਰਹੀ ਸੀ। ਹਰ ਮਨੁੱਖ ਚਾਹੁੰਦਾ ਹੈ ਕਿ ਘਟੋ ਘਟ ਲੋਕ ਉਸ ਦੇ ਨਾਂ ਉਸਦੇ ਚੰਗੀ ਤਰ੍ਹਾਂ ਨਾ ਜਾਣਿਆ ਜਾਵੇ ਇਸ ਲਈ ਉਹ ਉਪਰੋਂ ਉਪਰੋਂ ਸੱਜਣ ਬਣਨ ਦੀ ਕੋਸ਼ਿਸ਼ ਕਰਦਾ ਸੀ। ਜਦੋਂ ਗੁਰੂ ਜੀ ਨੇ 'ਸੱਜਣ' ਬਣਨ ਦੀ ਜੁਗਤ ਦੱਸੀ ਹੋਵੇਗੀ ਤਾਂ ਜਾਪਦਾ ਹੈ ਕਿ ਉਹ ਗੁਰੂ ਸਾਹਿਬ ਦੇ ਸਾਰੇ ਸ਼ਬਦ ਨੂੰ ਸੁਣਨ ਲਈ ਉਤਾਵਲਾ ਜ਼ਰੂਰ ਲੱਗਿਆ ਜਿਹਾ ਹੋਵੇਗਾ। ਫਿਰ ਗੁਰੂ ਜੀ ਨੇ ਪਹਿਲਾ ਸ਼ਬਦ ਉਚਾਰਿਆ ਹੋਵੇਗਾ:-

> ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।
> ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ।

ਗੁਰਮਤ ਸਾਹਿਤ ਅਨੁਸਾਰ ਅੰਤਰੋਂ ਬਾਹਰ ਹੋਰ ਸਮਾਜੀ ਸਭ ਤਰ੍ਹਾਂ ਦੀਆਂ ਬੁਰਾਈਆਂ ਕਰਨੀਆਂ ਰਹੀ। ਇਸ ਲਈ ਉਪਦੇਸ਼ ਅੰਤਰੋ ਦੇ ਸ਼ਬਦਾਂ ਨੇ 'ਸੱਜਣ' ਦੇ ਮਨ ਵਿਚਲੇ ਖੋਟ ਨੂੰ ਕੱਢਿਆ ਹੋਵੇਗਾ। ਉਸ ਨੂੰ ਆਪਣੇ ਅੰਦਰ ਦਾ ਹਨੇਰਾ ਨਜ਼ਰੀਂ ਪਿਆ ਹੋਵੇਗਾ। ਸਮਾਜੀ ਤੌਰ ਤੇ ਬੁਰਾਂ ਨੇ ਸੱਜਣ ਬਣਨ ਲਈ ਸ਼ਰਤਾਂ ਬ ਆਦ ਕਰਵਾਈਆਂ ਹੋਣਗੀਆਂ। ਇਸ ਸਮਾਜੀ ਅਤੇ ਅੰਤਰੋ ਦੇ ਸ਼ੁਧ ਵਿਚ ਇਸ ਸ਼ਬਦ ਦਾ ਵਾਇਦਾ ਕਿਹਾ ਹੈ ਤਰਤੀਬ ਹੇਠ ਇਸੇ ਅਨੁਸਾਰ ਬਣ ਜਾਂਦੀ ਹੈ—

> ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ
> ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ

---

> ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।
> ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ।

ਸਜਣ ਮੈਡਾ ਚਾਂਇਲ ਮੈਂ ਚਲਿਆ ਨਾਲ ਚਲੰਦਿ।

ਜਿਥੈ ਕੋਇ ਅਸਾਥੀ ਤਿਥੈ ਖੜੇ ਦਿਸੰਦਿ।

---

ਕੈਹੈ ਮੰਦਰ ਮਾੜੀਆ ਪਾਸਹੁ ਚਿਤਵੀਆਣਾ।

ਚਲੀਆ ਨਹੀਂ ਨ ਆਵਣੀ ਇਕਸੁ ਸਭਸੁਣਿਆਣਾ।

---

ਸਜਣ ਮੈਡਾ ਚਾਂਇਲ ਮੈਂ ਚਲਿਆ ਨਾਲ ਚਲੰਦਿ

ਜਿਥੈ ਕੋਇ ਅਸਾਥੀ ਤਿਥੈ ਖੜੇ ਦਿਸੰਦਿ।

---

ਹਥ ਕੜੀ ਕਪਾਰੇ ਤਰਿਵਰ ਅਧਿ ਚਲਾਇ

ਘੁਟਿ ਘੁਟਿ ਜਾਣਾ ਮਾਰੀਏ ਕੜੀ ਨ ਰਖਾਇਆ

---

ਸਜਣ ਮੈਡਾ ਚਾਂਇਲ ਮੈਂ ਚਲਿਆ ਨਾਲ ਚਲੰਦਿ।

ਜਿਥੈ ਕੋਇ ਅਸਾਥੀ ਤਿਥੈ ਖੜੇ ਦਿਸੰਦਿ

---

ਮਿਹਰ ਗੁਰੂ ਸਤਗੁਰੂ ਦੀ ਮੈ ਰਲ ਕੋਇ ਚਲੰਦਿ

ਜੇ ਰਲ ਨਹੀਂ ਨ ਆਵਣੀ ਤੇ ਗੁਰ ਦੀ ਤਾਰਿ ਧੀਰਿ

---

ਸਜਣ ਮੈਡਾ ਚਾਂਇਲ ਮੈਂ ਚਲਿਆ ਨਾਲ ਚਲੰਦਿ

ਜਿਥੈ ਕੋਇ ਨ ਸਾਥੀ ਤਿਥੈ ਖੜੇ ਦਿਸੰਦਿ

---

ਅਧੂਰੈ ਭਾਰ ਉਠਾਇਆ ਡੂਗਰ ਵਾਟ ਬਹੁਤੁ।
ਅਖੀ ਲੋੜੀ ਨਾ ਲਹਾ ਹਉ ਚਲਿ ਲੰਘਾ ਕਿਤੁ।

---

ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ।
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ।

---

ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ।
ਨਾਨਕ ਨਾਮੁ ਸਮਾਲਿ ਤੂ ਬਧਾ ਛੁਟਹਿ ਜਿਤੁ।

---

ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ।
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ।

---

ਇਸ ਤਰ੍ਹਾਂ ਉਪਰੋਕਤ ਸ਼ਬਦ ਵਿੱਚ ਅੰਤਰੇ ਦਾ ਗਾਇਨ ਜੋ ਕੁਝ ਸਜਣ ਅਸਲ ਵਿੱਚ ਹੈ ਉਸ ਨੂੰ ਦਰਸਾਉਂਦਾ ਹੈ ਅਤੇ ਸਥਾਈ ਦਾ ਗਾਇਨ ਜੋ ਕੁਝ ਉਸ ਨੂੰ ਹੋਣਾ [illegible] ਚਾਹੀਦਾ ਹੈ ਉਸ ਨੂੰ ਦਰਸਾਉਂਦਾ ਹੈ। ਜਦੋਂ ਉਸ ਦੇ ਮਨ ਦਾ ਲੋਹਾ ਗਰਮ ਹੋ ਜਾਂਦਾ ਹੈ ਤੇ ਉਸ ਉਤੇ ਨਵਾਂ ਗੁਨਾਹਾਂ ਦਾ ਮਨੂਰ ਪੈਦਾ ਹੋ ਜਾਂਦਾ ਹੈ ਤਾਂ ਆਖਰੀ ਅੰਤਰੇ ਵਿੱਚ ਗੁਰੂ ਜੀ ਸਾਧਨ ਦਾ ਹਥੌੜਾ ਮਾਰਕੇ ਉਸ ਨੂੰ ਸੂਧ ਕਰ ਦਿੰਦੇ ਹਨ। ਉਹ ਸੱਜਣ ਅੰਦਰੋਂ ਸੱਜਣ ਤੇ ਬਾਹਰੋਂ ਵੀ ਸੱਜਣ ਬਣ ਜਾਂਦਾ ਹੈ।

ਗੁਰੂ ਜੀ ਦੇ ਨਿਭਾਉ ਸੰਦਰਭ ਦਾ ਰਹਾਉ ਜਾਂ ਸਥਾਈ ਦੀਆਂ ਤੁਕਾਂ ਨਾਲ ਖਾਸ ਸੰਬੰਧ ਹੈ। ਗੁਰੂ ਜੀ ਕੇਂਦਰੀ ਵਿਚਾਰ ਨੂੰ, ਜਿਸ ਸਰੋਤੇ ਦੇ ਮਨ ਵਿੱਚ ਦ੍ਰਿੜ ਕਰਨਾ ਚਾਹੁੰਦੇ ਸਨ ਉਹਨਾਂ ਦੋਹਾਂ ਦਾ ਜ਼ਿਕਰ ਸਥਾਈ ਦੀਆਂ ਤੁਕਾਂ ਵਿੱਚ ਕਰਦੇ ਸਨ।

ਰਾਮਕਲੀ ਰਾਗ ਵਿਚ ਜੋਗੀਆਂ ਨੂੰ ਸੰਬੋਧਨ ਵਾਲੇ ਅਨੇਕਾਂ ਸ਼ਬਦ ਦਰਜ ਹੋਏ ਹਨ। ਇਹ ਰਾਗ ਜੋਗੀਆਂ ਦਾ ਮਨ ਭਾਉਂਦਾ ਰਾਗ ਹੈ ਇਸ ਲਈ ਇਸ ਰਾਗ ਵਿਚ ਉਹਨਾਂ ਨੂੰ ਸੰਬੋਧਨ ਕਰਕੇ ਜਿਹੇ ਰਾਗ ਪਉਣ ਲਈ [illegible] ਗਾਇਨ ਕੀਤਾ ਜਾਣਾ ਬੜਾ ਲਾਹੇਵੰਦ ਸੀ। ਇਸ ਰਾਗ ਦੀਆਂ ਕੁਝ ਰਹਾਉ ਦੀਆਂ ਤੁਕਾਂ ਉਦਾਹਰਨ ਵਜੋਂ ਦਿੰਦੇ ਹਾਂ:-

ਬਾਬਾ ਗੋਰਖੁ ਜਾਗੈ।
ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ।[1]

---

ਸੋ ਅਉਧੂਤੁ ਐਸੀ ਮਤਿ ਪਾਵੈ।[2]
ਅਹਿਨਿਸਿ ਸੁੰਨਿ ਸਮਾਧਿ ਸਮਾਵੈ।

---

ਜੋਗੀ ਜੁਗਤਿ ਸਹਜ ਘਰਿ ਵਾਸੀ
ਏਕ ਦ੍ਰਿਸਟਿ ਏਕੋ ਕਰਿ ਦੇਖਿਆ ਭੀਖਿਆ ਭਾਇ ਸਬਦਿ ਤ੍ਰਿਪਤਾਸੀ।[3]

---

ਕਿੰਗੁਰੀ ਅਨੂਪ ਵਾਜੈ।
ਜੋਗੀਆ ਮਤਵਾਰੋ ਰੇ।[4]

---

ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ।
ਘਰਿ ਘਰਿ ਮਾਂਗਤ ਲਾਜ ਨ ਲਾਗੈ।[5]

1. ਆਦਿ ਗ੍ਰੰਥ ਪੰਨਾ, 877
2. ਉਹੀ, ਪੰਨਾ 877
3. ਉਹੀ, ਪੰਨਾ 879
4. ਉਹੀ ਪੰਨਾ 886
5. [illegible] ਪੰਨਾ 903

ਐਸੀਆਂ ਥਾਂਵਾਂ ਹੀ ਕੁਝ ਪ੍ਰਸੰਗ ਅਜੇਹੇ ਮਿਲਦੇ ਹਨ ਜਿਥੇ ਗੁਰੂ ਕਵੀਆਂ ਨੇ ਮੁਸਲਮਾਨਾਂ ਨੂੰ ਉਪਦੇਸ਼ ਦਿੱਤਾ ਹੈ। ਉਥੇ ਅਰਬੀ ਜਾਂ ਫ਼ਾਰਸੀ ਦੀ ਤੁਕ ਵਿੱਚ ਉਹਨਾਂ ਨਾਲ ਸੰਬੰਧਿਤ ਆਦੇਸ਼ ਦਿੱਤੇ ਗਏ ਹਨ। ਇਥੇ ਗੁਰੂ ਜੀ ਆਪਣੇ ਪ੍ਰਯੋਜਨ ਪ੍ਰਤੀ ਇਤਨੇ ਸੁਚੇਤ ਹਨ ਕਿ ਉਹ ਭਾਸ਼ਾ ਜਾਂ ਸ਼ਬਦਾਵਲੀ ਵੀ ਉਹ ਪ੍ਰਯੋਗ ਕਰਦੇ ਹਨ ਜਿਹੜੀ ਉਹਨਾਂ ਦੇ ਸਰੋਤੇ ਨੂੰ ਸਮਝ ਆ ਸਕੇ:

ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ।
ਮਮਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ। [1]

---

ਮੀਰਾਂ ਦਾਨਾਂ ਦਿਲ ਸੋਚ।
ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ।[2]

---

ਪੰਡਤਾਂ ਨੂੰ ਉਪਦੇਸ਼ ਦੇਣ ਵੇਲੇ ਉਹਨਾਂ ਨੂੰ ਸੰਬੋਧਨ ਕੀਤਾ ਹੈ:-

ਪੰਡਤ ਬੇਦੁ ਬੀਚਾਰਿ ਪੰਡਤ
ਮਨ ਕਾ ਕ੍ਰੋਧੁ ਨਿਵਾਰਿ ਪੰਡਤ। [3]

---

ਰਾਮਨਾਮ ਗੁਨ ਗਾਇ ਪੰਡਤ
ਕਰਮ ਕਾਂਡ ਅਹੰਕਾਰੁ ਨ ਕਾਜੈ ਕੁਸਲ ਸੇਤੀ ਘਰ ਜਾਹਿ ਪੰਡਤ। [4]

---

1. ਆਦਿ ਗ੍ਰੰਥ, ਪੰਨਾ 721
2. --ਉਹੀ-- ਪੰਨਾ 724
3. -- ਉਹੀ -- ਪੰਨਾ 887
4. -- ਉਹੀ -- ਪੰਨਾ 891

ਝੂਠ ਨ ਬੋਲਿ ਪਾਡੇ ਸਚੁ ਕਹੀਐ।
ਹਉਮੈ ਜਾਇ ਸਬਦਿ ਘਰੁ ਲਹੀਐ। [1]

---

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ।
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ। [2]

---

ਸੁਆਮੀ ਪੰਡਿਤਾ ਤੁਮ ਦੇਹੁ ਮਤੀ।
ਕਿਨ ਬਿਧਿ ਪਾਵਉ ਪ੍ਰਾਨ ਪਤੀ। [3]

---

ਗੁਰੂ ਸਾਹਿਬਾਨ ਮਨੁੱਖ ਨੂੰ ਸੱਚ ਨਾਲ ਜੋੜਨਾ ਚਾਹੁੰਦੇ ਸਨ ਅਤੇ ਸਮਾਜ ਵਿੱਚ ਧਰਮ ਦਾ ਚਾਨਣ ਕਰਨਾ ਚਾਹੁੰਦੇ ਸਨ। ਇਸ ਲਈ ਜ਼ਰੂਰੀ ਸੀ ਕਿ ਉਹ ਮਨੁੱਖ ਨੂੰ ਪਹਿਲਾਂ ਬੁਨਿਆਦੀ ਬੁਰਾਈਆਂ ਤੋਂ ਬਚਣ ਲਈ ਪ੍ਰੇਰਦੇ। ਇਸ ਪ੍ਰਯੋਜਨ ਲਈ ਉਹਨਾਂ ਕਈ ਥਾਵਾਂ ਤੇ ਸਰੋਤਿਆਂ ਨੂੰ ਪ੍ਰਤਖ ਰੂਪ ਵਿੱਚ ਅਤੇ ਕਈ ਵਾਰ ਆਪਣੇ ਮਨ ਨੂੰ ਸੰਬੋਧਨ ਕਰਦਿਆਂ ਸਚਾਈ ਦੀਆਂ ਤੁਕਾਂ ਉਚਾਰੀਆਂ ਹਨ। ਜਿਵੇਂ---

ਕਹਾ ਭੂਲਿਓ ਰੇ ਝੂਠੇ ਲੋਭ ਲਾਗ।
ਕਛੁ ਬਿਗਰਿਓ ਨਾਹਿਨ ਅਜਹੁ ਜਾਗ। [4]

---

ਦ੍ਰਿਸਟਿ ਨਾਹੀ ਰੇ ਪੇਖਤ ਅੰਧੇ।
ਛੋਡਿ ਜਾਹਿ ਝੂਠੇ ਸਭਿ ਧੰਧੇ। [5]

---

1. ਆਦਿ ਗ੍ਰੰਥ, ਪੰਨਾ 904
2. --ਉਹੀ-- ਪੰਨਾ 930
3. --ਉਹੀ-- ਪੰਨਾ 1171
4. --ਉਹੀ-- ਪੰਨਾ 1187
5. --ਉਹੀ-- ਪੰਨਾ 738

ਬਾਬਾ ਹੋਰੁ ਖਾਣਾ ਖੁਸੀ ਖੁਆਰ।
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।[1]

---

ਕਾਹੇ ਗਰਬਸਿ ਮੂੜੇ ਮਾਇਆ।
ਪਿਤ ਸੁਤੋ ਸਗਲ ਕਾਲਤ੍ਰ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ।[2]

---

ਮੁਧਿ ਕੂੜਿ ਮੁਠੀ ਕੂੜਿਆਰਿ।
ਪਿਰੁ ਪ੍ਰਭੁ ਸਾਚਾ ਸੋਹਣਾ ਪਾਈਐ ਗੁਰ ਬੀਚਾਰਿ।[3]

---

ਇਸ ਤਰ੍ਹਾਂ ਗੁਰੂ ਸਾਹਿਬਾਨ ਦੀ ਗਾਇਨ ਪਧਤੀ ਦੀ ਆਧਾਰ ਸ਼ਿਲਾ 'ਰਹਾਉ' ਦੀ ਤੁਕ ਆਪਣੇ ਪ੍ਰਯੋਜਨ ਨਾਲ ਇੱਕ ਸੁਰ ਹੈ।

ਅਸੀਂ ਪਹਿਲਾਂ ਦੱਸ ਆਏ ਹਾਂ ਕਿ ਗੁਰੂ ਗ੍ਰੰਥ ਵਿੱਚ ਪ੍ਰਗਟ ਕਾਵਿ ਰੂਪ ਆਪਣੇ ਆਪ ਵਿੱਚ ਇੱਕ ਇੱਕ ਗਾਇਨ ਸ਼ੈਲੀ ਦੇ ਲਖਾਇਕ ਹਨ। ਇਹਨਾਂ ਵਿੱਚੋਂ ਬਹੁਤੇ ਕਾਵਿ ਰੂਪ ਲੋਕ ਗਾਇਨ ਪਧਤੀਆਂ ਦੇ ਅਧਾਰਤ ਹਨ। ਕਿਉਂਕਿ ਪਿਆਰਾ ਸਿੰਘ ਪਦਮ ਅਨੁਸਾਰ ਤਾਂ ਸਾਰੇ ------- -ਮਹਾਨ ਕਵੀ ਲੋਕ-ਸਾਹਿਤ ਦੀਆਂ ਤਰਜ਼ਾਂ ਤੇ ਧੁਨਾਂ ਨੂੰ ਲੈ ਕੇ ਹੀ ਸਾਹਿਤ ਸਿਰਜਣਾ ਕਰਦੇ ਰਹੇ ਹਨ ਤਾਂ ਜੋ ਉਹਨਾਂ ਦੇ ਵੀਚਾਰਾਂ ਨੂੰ ਸਹਿਜੇ ਹੀ ਲੋਕ-ਜ਼ਿੰਦਗੀ ਵਿੱਚ ਥਾਂ ਮਿਲ ਸਕੇ।[4] ਜਿਵੇਂ ਉਸ ਵੇਲੇ ਲੋਕ ਗੀਤ ਵੱਖ ਵੱਖ ਲੋਕ ਕਾਵਿ ਰੂਪਾਂ ਨੂੰ ਗਾਉਂਦੇ ਸਨ ਉਵੇਂ ਹੀ ਗੁਰੂ ਸਾਹਿਬਾਨ ਨੇ ਇਹਨਾਂ ਗਾਇਨ ਸ਼ੈਲੀਆਂ ਨੂੰ ਆਪਣੇ ਪ੍ਰਯੋਜਨ ਲਈ ਪ੍ਰਗਟ ਕੀਤਾ। ਡਾਕਟਰ ਹਰਿਭਜਨ ਸਿੰਘ ਲਿਖਦੇ ਹਨ ਲੋਕ ਗੀਤ ਸਮੂਹਕ ਰਚਨਾ ਹੈ ਅਤੇ ਲੋਕ ਪ੍ਰਤਿਨਿਧ

1. ਆਦਿ ਗ੍ਰੰਥ, ਪੰਨਾ 16
2. -ਉਹੀ- ਪੰਨਾ 23
3. -ਉਹੀ- ਪੰਨਾ 38
4. ਪਿਆਰਾ ਸਿੰਘ 'ਪਦਮ', ਪੰਜਾਬੀ ਬਾਰਾਂਮਾਹੇ, ਪੰਨਾ 37

ਭਾਵ ਨੂੰ ਪ੍ਰਗਟਾਉਂਦਾ ਹੈ। ਸਮੂਹਕਤਾ ਅਤੇ ਪ੍ਰਤਿਨਿਧਤਾ ਵਿੱਚ ਹੀ ਵਿਸਥਾਰ ਅਤੇ ਡੂੰਘਿਆਈ ਦੇ ਤੱਤ ਸਮਾਏ ਰਹਿੰਦੇ ਹਨ। ਕਲਾਤਮਕ ਰਚਨਾ ਲਈ ਸੰਸਥਾਮੂਲਕ ਹੋਣਾ ਜ਼ਰੂਰੀ ਨਹੀਂ ਪਰ ਲੋਕ ਗੀਤ ਸਮਾਜਕ ਜੀਵਨ ਅਤੇ ਰਚਨਾ ਦੋਹਾਂ ਦੀਆਂ ਰੂੜ੍ਹੀਆਂ ਨੂੰ ਪੀੜ੍ਹੀ-ਦਰ-ਪੀੜ੍ਹੀ ਪ੍ਰਸਾਰਦੇ ਰਹਿੰਦੇ ਹਨ ਅਤੇ ਇਸ ਪ੍ਰਸਾਰ ਪ੍ਰਕ੍ਰਿਆ ਵਿੱਚ ਉਨ੍ਹਾਂ ਦੀ ਵਿਸਤਾਰ ਮੁਖਤਾ ਹੈ।" ਇਸ ਲਈ ਜ਼ਰੂਰੀ ਸੀ ਕਿ ਗੁਰੂ ਸਾਹਿਬ ਇਹਨਾਂ ਲੋਕ ਗੀਤਾਂ ਵਾਲੀਆਂ ਧੁਨਾਂ ਦਾ ਉਪਯੋਗ ਕਰਦੇ ਕਿਉਂਕਿ ਉਹਨਾਂ ਦਾ ਮੰਤਵ ਮਨੁੱਖਾਂ ਵਿੱਚ ਸਮੂਹਕ ਚੇਤਨਾ ਪੈਦਾ ਕਰਨਾ ਵੀ ਸੀ।[1] ਡਾਕਟਰ ਬਲਬੀਰ[2] ਸਿੰਘ ਗੁਰੂ ਅਮਰਦਾਸ ਜੀ ਦੇ ਕਾਵਿ ਰੂਪਾਂ ਦਾ ਅਧਿਐਨ ਕਰਦਿਆਂ ਦਸਦੇ ਹਨ ਕਿ ਉਹਨਾਂ ਨੇ ਵੱਖ ਵੱਖ ਕਾਵਿ ਰੂਪ ਕੇਵਲ ਕਾਵਿ ਰੂਪਾਂ ਦੀ ਵੰਨਗੀ ਵਿੱਚ ਵਾਧਾ ਕਰਨ ਲਈ ਨਹੀਂ ਰਚੇ ਸਗੋਂ ਉਹ ਇਹਨਾਂ ਕਾਵਿ ਰੂਪਾਂ ਰਾਹੀਂ ਵਹਿਮਾਂ ਭਰਮਾਂ ਵਿੱਚ ਫਸੇ ਲੋਕਾਂ ਨੂੰ ਮੁਕਤ ਕਰਨਾ ਚਾਹੁੰਦੇ ਸਨ। ਵੱਖ ਵੱਖ ਕਾਵਿ ਰੂਪਾਂ ਦੇ ਅਧਿਐਨ ਕਰਨ ਨਾਲ ਇਹ ਗੱਲ ਸਪਸ਼ਟ ਹੋ ਜਾਂਦੀ ਹੈ।

ਗੁਰੂ ਸਾਹਿਬਾਨ ਦੇ ਵੇਲੇ ਲੋਕਾਂ ਵਿੱਚ ਸਮੇਂ ਨਾਲ ਸੰਬੰਧਿਤ ਕਈ ਤਰ੍ਹਾਂ ਦੇ ਵਹਿਮ ਪ੍ਰਚਲਤ ਸਨ। ਜਿਵੇਂ ਕੋਈ ਮਹੀਨਾ ਨਹਿਸ਼ ਗਿਣਿਆ ਜਾਂਦਾ ਹੈ। ਕਤਕ ਨੂੰ ਅਜੇ ਵੀ ਕਈ ਲੋਕ ਮਾੜਾ ਸਮਝਦੇ ਹਨ ਅਤੇ ਇਸ ਮਹੀਨੇ ਵਿਆਹ ਸ਼ਾਦੀ ਨਹੀਂ ਕਰਦੇ। ਗੁਰੂ ਸਾਹਿਬਾਨ ਨੇ ਬਾਰਾਂ ਮਾਹ ਦੀ ਰਚਨਾ ਕਰਕੇ ਇਹਨਾਂ ਵਹਿਮਾਂ ਭਰਮਾਂ ਨੂੰ ਕੱਟਣ ਦਾ ਉਪਰਾਲਾ ਕੀਤਾ। ਬਾਰਾਂਮਾਹ ਮਾਝ ਵਿੱਚ ਗੁਰੂ ਅਰਜਨ ਦੇਵ ਜੀ ਦਸਦੇ ਹਨ---

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ।[3]

ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਵੀ ਰਾਗ ਤੁਖਾਰੀ ਵਾਲੇ ਬਾਰਾਂ ਮਾਹ ਵਿੱਚ ਹਰ

1. ਡਾ. ਹਰਿਭਜਨ ਸਿੰਘ, "ਇਕਤੀ ਫਰਵਰੀ" ਜਨਵਰੀ ਫਰਵਰੀ, 1977 ਪੰਨਾ 3
2. ਅਮਰਕਵੀ ਗੁਰੂ ਅਮਰਦਾਸ, ਪੰਨਾ 120
3. ਆਦਿ ਗ੍ਰੰਥ, ਪੰਨਾ 136

ਮਹੀਨਿਆਂ ਨੂੰ ਭਲਾ ਕਹਿ ਕੇ ਆਪਣੀ ਪ੍ਰਯੋਜਨ ਦ੍ਰਿੜ ਕਰਾਉਂਦੇ ਹਨ:

ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ।
ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ। [1]

---

'ਬਾਰੰਹਮਾਹ ਮਾਝ' ਤੇ ਸਿੱਖ ਰਹੁ ਰੀਤੀ ਵਿੱਚ ਇਨਾ ਪ੍ਰਚਲਿਤ ਹੋਇਆ ਹੈ ਕਿ ਹਰ ਮਹੀਨੇ ਸੰਗਰਾਂਦ ਨੂੰ ਇਸ ਵਿੱਚੋਂ ਉਸ ਮਹੀਨੇ ਵਾਲਾ ਬੰਦ ਸੁਣਨਾ ਸ਼ੁਭ ਸਮਝਿਆ ਜਾਂਦਾ ਹੈ।

ਦਿਨ ਰੈਣ ਕਾਵਿ ਰੂਪ ਵਿੱਚ ਮਨੁੱਖ ਨੂੰ ਜੋ ਦਿਨ ਅਤੇ ਰਾਤ ਵਿੱਚ ਸ਼ੁਭ ਕਰਮ ਕਰਨੇ ਚਾਹੀਦੇ ਹਨ, ਉਹ ਦੱਸੇ ਹਨ।

ਆਰਤੀ ਰਾਹੀਂ ਪ੍ਰਭੂ ਦੀ ਸਰਬ ਵਿਆਪਕਤਾ ਨੂੰ ਦ੍ਰਿੜ ਕਰਾਉਂਦਿਆਂ ਪੰਡਤ ਰਾਹੀਂ ਕੀਤੀ ਜਾਂਦੀ ਆਰਤੀ ਤੁੱਛ ਦੱਸੀ ਹੈ।

ਕੁਚਜੀ, ਸੁਚਜੀ ਅਤੇ ਗੁਣਵੰਤੀ ਰਾਹੀਂ ਮਨੁੱਖ ਨੂੰ ਕੁਚੱਜ ਛੱਡ ਕੇ ਸੁਚੱਜਾ [redacted] ਬਣਨ ਦੀ ਪ੍ਰੇਰਨਾ ਦਿੱਤੀ ਹੈ। 'ਗੁਣਵੰਤੀ' ਅਸਲ ਵਿੱਚ ਗੁਣਵਾਨ ਸਿੱਖ ਹੀ ਹੈ।

ਵਾਰ ਸਤ 'ਸਤਵਾਰਾ' ਕਾਵਿ ਰੂਪ ਹੈ। ਲੋਕਾਂ ਵਿੱਚ ਵਾਰਾਂ ਨਾਲ ਸੰਬੰਧਿਤ ਕਈ ਵਹਿਮ ਭਰਮ ਜੁੜੇ ਹੋਏ ਸਨ ਜਿਵੇਂ:-

ਸੋਮਵਾਰ ਨ ਜਾਈਂ ਪਹਾੜ।
ਜਿੱਤੀ ਬਾਜ਼ੀ ਆਵੇਂ ਹਾਰ।

ਮੰਗਲਵਾਰ ਦੀ ਬੁਰੀ ਵਿਹਾਰ।
ਸੁਕ੍ਰ ਕੰਮ ਨਾ ਚੜਦਾ ਪਾਰ।

ਬੁਧਵਾਰ ਨਾ ਉਤੇ ਜਾਈਏ।
ਜੇ ਜਾਈਏ ਤੇ ਦੁਖ ਹੀ ਪਾਈਏ।

---

1. ਆਦਿ ਗ੍ਰੰਥ, ਪੰਨਾ 1109

ਵੀਰਵਾਰ ਜੋ ਸਿਰ ਮੁੰਨਾਏ
ਕਾਲਖ ਆਪਣੇ ਮੱਥੇ ਲਾਏ।

ਸ਼ੁਕਰਵਾਰ ਜਿਹੜਾ ਖੇਤਣ ਜਾਏ
ਯਾ ਰੋਗਾ ਯਾ ਨਰ ਡੰਗਾਏ।

ਛਨਿਛਰ ਨੂੰ ਜੋ ਸੂਣੀ ਧਿਆਇ
ਸਭ ਬਲਾਅ ਉਸ ਦੀ ਟਲ ਜਾਏ।

ਐਤਵਾਰ ਨਾ ਲੰਘੀਏ ਪਾਰ
ਮਤੇ ਜਿੱਤੇ ਆਵੇ ਹਾਰ। [1]

ਪਰ ਗੁਰੂ ਸਾਹਿਬਾਨ ਨੇ ਇਹਨਾਂ ਵਹਿਮਾਂ ਭਰਮਾਂ ਦਾ ਖੰਡਨ ਕੀਤਾ। ਗੁਰੂ ਅਮਰਦਾਸ ਜੀ ਨੇ ਜਿਹੜਾ ਸਤਵਾਰਾ ਲਿਖਿਆ ਹੈ ਉਸਦੇ ਸ਼ੁਰੂ ਲਈ ਸਥਾਈ ਦੀ ਤੁਕ ਇਹ ਰੱਖੀ ਹੈ:-

ਹਿਰਦੈ ਜਪਨੀ ਜਪਉ ਗੁਣਤਾਸਾ।
ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ ਜਨਿ ਪਗਿ ਲਗਿ ਧਿਆਵਹੁ
ਹੋਇ ਦਾਸਨਿ ਦਾਸਾ।[2]

ਹਰ ਵਾਰ ਨਾਲ ਸੰਬੰਧਤ ਪਹਿਲੀ ਤੁਕ ਵਿੱਚੋਂ ਵੀ ਗੁਰੂ ਜੀ ਦੇ 'ਵਾਰ ਸਤ' ਰਚਣ ਦਾ ਪ੍ਰਯੋਜਨ ਪ੍ਰਤੱਖ ਹੁੰਦਾ ਹੈ:

ਆਦਿਤ ਵਾਰਿ ਆਦਿ ਪੁਰਖੁ ਹੈ ਸੋਈ।

---

ਸੋਮਵਾਰਿ ਸਚਿ ਰਹਿਆ ਸਮਾਇ।

---

ਮੰਗਲਿ ਮਾਇਆ ਮੋਹੁ ਉਪਾਇਆ।

---

1. ਹਵਾਲਾ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ 462
2. ਆਦਿ ਗ੍ਰੰਥ, ਪੰਨਾ 841

ਬੁਧਿ ਵਾਰਿ ਆਪੇ ਬੁਧਿ ਸਾਰੁ।

---

ਵੀਰਵਾਰਿ ਵੀਰ ਭਰਮਿ ਭੁਲਾਏ।

---

ਸੁਕ੍ਰਵਾਰਿ ਪ੍ਰਭੁ ਰਹਿਆ ਸਮਾਈ।

---

ਛਨਿਛਰਵਾਰ ਸਊਣ ਸਾਸਤ ਬੀਚਾਰ।

---

ਅਤੇ ਅਖੀਰ ਵਿੱਚ ਸਭ ਵਹਿਮਾਂ ਭਰਮਾਂ ਤੋਂ ਮੁਕਤ ਕਰ ਦਿੱਤਾ ਹੈ:

ਪੰਦ੍ਰ ਥਿਤੀ ਤੈ ਸਤਵਾਰ।
ਮਾਹਾ ਰੁਤੀ ਆਵਹਿ ਵਾਰਵਾਰ।
ਦਿਨਸੁ ਰੈਣਿ ਤਿਵੈ ਸੰਸਾਰੁ।
ਆਵਾ ਗਉਣੁ ਕੀਆ ਕਰਤਾਰਿ।
ਨਿਹਚਲੁ ਸਾਚੁ ਰਹਿਆ ਕਲ ਧਾਰਿ।
ਨਾਨਕ ਗੁਰਮੁਖਿ ਬੂਝੈ ਸਬਦਿ ਵੀਚਾਰ। [1]

ਗੁਰੂ ਕਵੀਆਂ ਨੇ ਆਪਣੇ ਪ੍ਰਯੋਜਨ ਲਈ 'ਵਾਰ' ਗਾਇਕੀ ਦਾ ਵਿਸ਼ੇਸ਼ ਰੂਪ ਵਿਚ ਪ੍ਰਯੋਗ ਕੀਤਾ ਹੈ। ਪੁਰਾਤਨ ਵਾਰਾਂ ਵਿੱਚ ਮਨੁੱਖੀ ਦੀਆਂ ਆਪਸੀ ਲੜਾਈਆਂ ਵਿੱਚ ਵਿਖਾਈ ਬਹਾਦਰੀ ਦਾ ਜ਼ਿਕਰ ਪ੍ਰਧਾਨ ਸੀ ਪਰ ਗੁਰੂ ਕਵੀਆਂ ਨੇ ਵਾਰ ਕਾਵਿ ਰੂਪ ਦਾ ਬੁਰਾਈਆਂ ਦੇ ਖਿਲਾਫ਼ ਲੜਨ ਲਈ ਮਨੁੱਖ ਨੂੰ ਤਿਆਰ ਕਰਨ ਵਾਸਤੇ ਪ੍ਰਯੋਗ ਕੀਤਾ। ਖਾਸ ਕਰਕੇ ਇਹਨਾਂ ਵਾਰਾਂ ਵਿਚ ਦਿੱਤੇ ਸਲੋਕਾਂ ਦਾ ਗਾਇਨ ਇਸ ਢੰਗ ਨਾਲ ਕੀਤਾ ਜਾਂਦਾ ਹੈ ਕਿ ਜੋ ਮਨੁੱਖ ਸੰਗੀਤ

---

1. ਆਦਿ ਗ੍ਰੰਥ, ਪੰਨਾ 842

ਨਾਲ ਨਾ ਵੀ ਪ੍ਰਭਾਵਿਤ ਹੋਵੇ ਪਰ ਉਹ ਸਲੋਕਾਂ ਵਿੱਚ ਦਿਤੇ ਤਰਕ ਅੱਗੇ ਜ਼ਰੂਰ ਸਿਰ ਝੁਕਾ ਦਿੰਦਾ ਹੈ। ਆਸਾ ਦੀ ਵਾਰ ਦਾ ਇਸ ਪੱਖੋਂ ਵਿਸ਼ੇਸ਼ ਹੈ। ਇਹ ਵਾਰ ਆਪਣੀ ਗਾਇਨ ਸ਼ੈਲੀ ਅਤੇ ਵਿਚਾਰ ਕਰਕੇ ਇਤਨੀ ਪ੍ਰਚਲਤ ਹੋਈ ਹੈ ਕਿ ਲਗਭਗ ਹਰ ਸਿੱਖ ਧਾਰਮਿਕ ਸਮਾਗਮ ਤੇ ਇਸ ਦਾ ਗਾਇਨ ਹੁੰਦਾ ਹੈ। ਇਸ ਵਾਰ ਵਿਚ ਦਿੱਤੇ ਸਲੋਕਾਂ ਰਾਹੀਂ ਗੁਰੂ ਜੀ ਮਨੁੱਖ ਤੋਂ ਦੇਵਤਾ ਅਤੇ ਚੰਗਾ ਮਨੁੱਖ ਬਣਾਉਣਾ ਚਾਹੁੰਦੇ ਹਨ। ਇਸ ਲਈ ਉਹ ਸਾਫ਼ ਦਸਦੇ ਹਨ ਗੁਰੂ ਦੀ ਅਗਵਾਈ ਪ੍ਰਾਪਤ ਕਰਨਾ। ਗੁਰੂ ਬਾਰੇ ਦਿਤੇ ਸਲੋਕਾਂ ਦੀਆਂ ਉਦਾਹਰਨਾਂ ਵਰਣਨਯੋਗ ਹਨ:

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ। [1]

---

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ। [2]

---

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ।
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ। [3]

---

ਉਸ ਵੇਲੇ ਦੇ ਲੋਕ ਬ੍ਰਾਹਮਣਾਂ ਨੇ ਕਈ ਤਰ੍ਹਾਂ ਦੇ ਵਹਿਮਾਂ ਭਰਮਾਂ ਵਿਚ ਫਸਾਏ ਹੋਏ ਸਨ। ਕਈ ਰਸਮਾਂ ਕਰਨ ਲਈ ਉਹਨਾਂ ਨੂੰ ਮਜਬੂਰ ਕੀਤਾ ਜਾਂਦਾ ਸੀ। ਇਹਨਾਂ ਰਸਮਾਂ ਵੇਲੇ ਉਹ ਭੋਲੀ ਭਾਲੀ ਜਨਤਾ ਕੋਲੋਂ ਜਬਰਦਸਤੀ ਧਨ ਦੌਲਤ ਬਟੋਰਦੇ ਸਨ ਗੁਰੂ ਸਾਹਿਬਾਨ ਨੇ ਲੋਕਾਂ ਨੂੰ ਇਸ ਦੁੱਖ ਤੋਂ ਨਜਾਤ ਪ੍ਰਾਪਤ ਕਰਨ ਲਈ ਸਲੋਕਾਂ ਰਾਹੀਂ ਗਿਆਨ ਦਿੱਤਾ।

---

1. ਆਦਿ ਗ੍ਰੰਥ, ਪੰਨਾ 462
2. --ਉਹੀ-- ਪੰਨਾ 463
3. --ਉਹੀ-- ਪੰਨਾ 469

ਜਨੇਊ ਦੀ ਰਸਮ ਦਾ ਖੰਡਨ ਕਰਦਿਆਂ ਉਹਨਾਂ ਕਿਹਾ --

ਦਇਆ ਕਪਾਹ ਸੰਤੋਖ ਸੂਤੁ ਜਤ ਗੰਢੀ ਸਤੁ ਵਟੁ।
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ।
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ।
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ।
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ।
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ।
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ।[1]

ਆਸਾ ਦੀ ਵਾਰ ਦੀ ਇਸ ਪਉੜੀ ਨਾਲ ਦਿੱਤੇ ਸਾਰੇ ਸਲੋਕਾਂ ਵਿਚ ਧਾਗੇ ਦਾ ਜਨੇਊ ਪਾਉਣ ਦੀ ਰਸਮ ਦਾ ਖੰਡਨ ਕੀਤਾ ਗਿਆ ਹੈ:

ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ।
ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ।
ਤਗੁ ਕਪਾਹਹੁ ਕਤੀਐ ਬ੍ਰਾਮਣ ਵਟੇ ਆਇ।
ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ।
ਹੋਇ ਪੁਰਾਣਾ ਸੁਟੀਐ ਭੀ ਫਿਰ ਪਾਈਐ ਹੋਰੁ।
ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰ।[2]

ਗੁਰੂ ਸਾਹਿਬਾਨ ਨੇ ਬ੍ਰਾਹਮਣ ਦੇ ਧਰਮ ਦਾ ਪਾਜ ਬੜੀ ਦਲੇਰੀ ਨਾਲ ਉਘਾੜਿਆ ਹੈ:

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ।

---

1. ਆਦਿ ਗ੍ਰੰਥ, ਪੰਨਾ 471
2. ਆਦਿ ਗ੍ਰੰਥ, ਪੰਨਾ 471

ਧੋਤੀ ਟਿਕਾ ਤੈ ਜਪੁ ਮਾਲੀ ਧਾਨੁ ਮਲੇਛਾਂ ਖਾਈ।
ਅੰਤਰਿ ਪੂਜਾ ਪੜਹਿ ਕਤੇਬਾ ਸੰਜਮ ਤੁਰਕਾ ਭਾਈ। [1]

---

ਮਥੈ ਟਿਕਾ ਤੇੜ ਧੋਤੀ ਕਖਾਈ।
ਹਥਿ ਛੁਰੀ ਜਗਤ ਕਸਾਈ।
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ।
ਮਲੇਛ ਧਨ ਲੈ ਪੂਜਹਿ ਪੁਰਾਣ।
- - - - - - - - - - - - -

ਦੇ ਕੇ ਚੌਕਾ ਕਢੀ ਕਾਰ।
ਉਪਰਿ ਆਇ ਬੈਠੇ ਕੂੜਿਆਰ।
ਮਤੁ ਭਿਟੈ ਵੇ ਮਤੁ ਭਿਟੈ।
ਇਹੁ ਅੰਨੁ ਅਸਾਡਾ ਫਿਟੈ।
ਤਨਿ ਫਿਟੈ ਫੇੜ ਕਰੇਨਿ।
ਮਨ ਜੂਠੇ ਚੁਲੀ ਭਰੇਨਿ। [2]

ਬ੍ਰਾਹਮਣ ਉਸ ਬੱਚੇ ਦੀ ਪੈਦਾਇਸ਼ ਵਾਲੇ ਘਰ ਨੂੰ ਸੂਤਕ ਵਾਲਾ ਭਾਵ ਭਿੱਟਿਆ ਹੋਇਆ ਘਰ ਕਹਿ ਕੇ ਤ੍ਰਿਸਕਾਰਦੇ ਸਨ। ਪਰ ਗੁਰੂ ਸਾਹਿਬ ਆਖਦੇ ਹਨ। ਜਿਸ ਕੇ ਸੂਤਕ ਨੂੰ ਤੁਸੀਂ ਸੂਤਕ ਕਹਿੰਦੇ ਹੋ ਉਹ ਸੂਤਕ ਨਹੀਂ ਅਸਲ ਵਿੱਚ ਤਾਂ ਸੂਤਕ ਇਸ ਤਰ੍ਹਾਂ ਹੈ:

ਮਨ ਕਾ ਸੂਤਕ ਲੋਭੁ ਹੈ ਜਿਹਬਾ ਸੂਤਕ ਕੂੜ।
ਅਖੀ ਸੂਤਕੁ ਮ ਵੇਖਣਾ ਪਰ ਤ੍ਰਿਅ ਪਰ ਧਨ ਰੂਪ।
ਕੰਨੀ ਸੂਤਕ ਕੰਨਿ ਪੈ ਲਾਇਤਬਾਰੀ ਖਾਈ।

---

ਗੁਰੂ ਸਾਹਿਬ ਦੀ ਇਸ ਵਾਰ ਨਾਲ ਸਲੋਕਾਂ ਦਾ ਗਾਇਨ ਇੰਨੀ ਵਾਰ ਹੋਇਆ

---

1. ਆਦਿ ਗ੍ਰੰਥ, ਪੰਨਾ 471
2. --ਉਹੀ-- ਪੰਨਾ 472
3. --ਉਹੀ-- ਪੰਨਾ 472

ਹੈ ਕਿ ਪੰਜਾਬ ਦੇ ਲੋਕ ਕਾਫੀ ਹੱਦ ਤਕ ਭਾਰਤ ਦੇ ਦੂਜੇ ਸੂਬਿਆਂ ਨਾਲੋਂ ਇਹਨਾਂ ਵਹਿਮਾਂ ਭਰਮਾਂ ਤੋਂ ਮੁਕਤ ਹਨ।

ਉਸ ਵੇਲੇ ਮੁਸਲਮਾਨ ਧਰਮ ਦਾ ਰਾਜ ਧਰਮ ਹੋਣ ਕਾਰਨ ਬੜਾ ਦਬਦਬਾ ਸੀ। ਲੋਕਾਂ ਨੂੰ ਜਬਰੀ ਮੁਸਲਮਾਨ ਬਣਾਇਆ ਜਾਂਦਾ ਸੀ। ਪਰ ਗੁਰੂ ਸਾਹਿਬ ਨੇ ਨਿਡਰ ਹੋ ਕੇ ਝੂਠੇ ਮੁਸਲਮਾਨਾਂ ਦੀ ਆਲੋਚਨਾ ਕੀਤੀ ਅਤੇ ਸੱਚਾ ਮੁਸਲਮਾਨ ਬਣਨ ਲਈ ਪਰੇਰਿਆ। ਵਾਰ ਮਾਝ ਵਿਚ ਇਸ ਭਾਵ ਦੇ ਕਾਫੀ ਸਲੋਕ ਮਿਲ ਜਾਂਦੇ ਹਨ:-

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ।
ਸਰਮ ਸੁੰਨਤਿ ਸੀਲ ਰੋਜਾ ਹੋਹੁ ਮੁਸਲਮਾਣੁ।--------।[1]

---

ਹਕ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ।
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰ ਨਾ ਖਾਇ।------।[2]

---

ਪੰਜ ਨਿਵਾਜ ਵਖਤ ਪੰਜ ਪੰਜਾ ਪਜਿ ਨਾਉ।
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ।
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ।-------।[3]

---

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ।[4]

---

1. ਆਦਿ ਗ੍ਰੰਥ, ਪੰਨਾ 140
2. --ਉਹੀ-- ਪੰਨਾ 141
3. --ਉਹੀ-- ਪੰਨਾ 141
4. --ਉਹੀ-- ਪੰਨਾ 141

ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਵਾਰਾਂ ਰਾਹੀਂ ਕੇਵਲ ਹਿੰਦੂਆਂ ਨੂੰ ਹੀ ਉਪਦੇਸ਼ ਨਹੀਂ ਦਿੱਤਾ ਸਗੋਂ ਹਰ ਧਰਮ ਦੇ ਬੰਦਿਆਂ ਨੂੰ ਉਹਨਾਂ ਦੇ ਧਰਮ ਦੀ ਚੰਗਿਆਈ ਦਾ ਗਿਆਨ ਕਰਵਾਇਆ

ਇਸੇ ਤਰ੍ਹਾਂ ਹੀ ਬਾਕੀ ਕਾਵਿ ਰੂਪ ਜਿਨ੍ਹਾਂ ਦਾ ਜ਼ਿਕਰ ਅਸੀਂ ਇਸ ਤੋਂ ਪਹਿਲੇ ਅਧਿਆਇ ਵਿੱਚ ਕਰ ਚੁੱਕੇ ਹਾਂ ਉਹਨਾਂ ਦਾ ਪ੍ਰਯੋਗ ਗੁਰੂ ਜੀ ਨੇ ਆਪਣੇ ਪ੍ਰਯੋਜਨ ਹਿਤ ਕੀਤਾ ਹੈ।

ਗੁਰੂ ਕਵੀਆਂ ਨੇ ਆਪਣੀ ਬਾਣੀ ਨੂੰ ਸੰਗੀਤ ਨਾਲ ਸੰਬੰਧਿਤ ਕਰਕੇ ਇਨ੍ਹਾਂ ਪ੍ਰਭਾਵਸ਼ਾਲੀ ਬਣਾਇਆ ਕਿ ਇਹ ਉਹਨਾਂ ਦੇ ਜੀਵਨ ਵਿੱਚ ਤਾਂ ਉਹਨਾਂ ਦੇ ਮੰਤਵ ਅਨੁਸਾਰ ਪੜ੍ਹੀ ਸੁਣੀ ਜਾਂਦੀ ਹੀ ਸੀ ਸਗੋਂ ਬਾਦ ਵਿੱਚ ਸਦੀਆਂ ਬੀਤ ਜਾਣ ਤੇ ਵੀ ਇਹ ਸਿੱਖ ਨੈਤਿਕਤਾ ਦਾ ਇੱਕ ਹਿੱਸਾ ਬਣੀ ਹੋਈ ਹੈ। ਹੁਣ ਇਸ ਬਾਣੀ ਦੇ ਗਾਇਨ ਨੇ ਵੱਖ ਵੱਖ ਗਾਇਨ ਸ਼ੈਲੀਆਂ ਦਾ ਰੂਪ ਧਾਰਨ ਕਰ ਲਿਆ ਹੈ।

ਸਿੱਖ ਧਾਰਮਿਕ ਸਥਾਨਾਂ ਤੇ ਭਾਵੇਂ 'ਸੁਖਮਨੀ' ਦਾ ਪਾਠ ਹੁੰਦਾ ਹੈ ਪਰ ਆਸਾ ਦੀ ਵਾਰ ਦਾ ਗਾਇਨ ਕੀਤਾ ਜਾਂਦਾ ਹੈ। ਹਰਿਮੰਦਰ ਸਾਹਿਬ ਅਤੇ ਕਈ ਹੋਰ ਇਤਿਹਾਸਕ ਗੁਰਦੁਆਰਾਂ ਵਿੱਚ ਕੀਰਤਨ ਦੀਆਂ ਚੌਕੀਆਂ ਨਿਸ਼ਚਿਤ ਕੀਤੀਆਂ ਗਈਆਂ ਹਨ। ਜਿਵੇਂ ਆਸਾ ਦੀ ਵਾਰ ਦੀ ਚੌਕੀ, ਬਿਲਾਵਲ ਦੀ ਚੌਕੀ, ਸੋਦਰ ਦੀ ਚੌਕੀ, ਆਰਤੀ ਆਦਿ। ਇਹਨਾਂ ਚੌਕੀਆਂ ਵਿੱਚ ਗੁਰੂ ਕਾਵਿ ਦਾ ਹੀ ਸਮੇਂ ਅਤੇ ਰਾਗ ਅਨੁਸਾਰ ਕੀਰਤਨ ਕੀਤਾ ਜਾਂਦਾ ਹੈ।

ਇਸ ਤੋਂ ਬਿਨਾਂ ਬ੍ਰਾਹਮਣੀ ਕਰਮਕਾਂਡ ਤੋਂ ਬਚਣ ਲਈ ਸਿੱਖਾਂ ਦੀਆਂ ਕਈ ਰਸਮਾਂ ਨੂੰ ਸਰਲ ਕੀਤਾ ਗਿਆ ਤੇ ਇਹਨਾਂ ਵਿੱਚ ਗੁਰਬਾਣੀ ਦੇ ਕੀਰਤਨ ਨੂੰ ਪ੍ਰਮੁੱਖ ਸਥਾਨ ਦਿੱਤਾ ਗਿਆ। ਇਸ ਨਾਲ ਪੁਰਾਣੇ ਧਾਰਮਿਕ ਕਰਮਕਾਂਡ ਦਾ ਨਿਸ਼ੇਧ ਹੋਇਆ ਹੈ। ਸਮਾਜਿਕ ਰਸਮਾਂ ਅਜੇ ਵੀ ਹੁੰਦੀਆਂ ਹਨ ਪਰ ਉਹਨਾਂ ਵਿੱਚ ਬ੍ਰਾਹਮਣੀ ਮੰਤਰਾਂ ਦੀ ਥਾਂ ਕੀਰਤਨ ਗੁਰਬਾਣੀ ਦਾ ਹੁੰਦਾ ਹੈ। ਭਾਵੇਂ ਗੁਰੂ ਸਾਹਿਬਾਨ ਦਾ ਅਜਿਹਾ ਕੋਈ ਪ੍ਰਯੋਜਨ ਨਹੀਂ ਸੀ ਲਗਦਾ ਪਰ ਉਹਨਾਂ ਰਾਹੀਂ ਪ੍ਰਕਿਰਤ ਚਿਤਰਨ ਦੇ ਸਾਧਨ ਦੇ ਪ੍ਰਭਾਵਸ਼ਾਲੀ ਹੋਣ ਦਾ ਜ਼ਰੂਰ ਪਤਾ ਲਗਦਾ ਹੈ।

ਜਿਵੇਂ ਗੁਰੂ ਕਵੀਆਂ ਅਤੇ ਭਗਤ ਕਵੀਆਂ ਨੇ ਪੰਡਤਾਂ ਰਾਹੀਂ ਕੀਤੀ ਜਾਂਦੀ ਆਰਤੀ ਦਾ ਖੰਡਨ ਕੀਤਾ ਹੈ। ਪਰ ਅੱਜ ਕਲ ਸਿੱਖਾਂ ਵਿੱਚ ਇੱਕ ਨਵੀਂ ਤਰ੍ਹਾਂ ਦੀ ਆਰਤੀ ਪ੍ਰਚਲਤ ਹੋ ਗਈ।

ਇਸ ਵਿੱਚ ਉਹ ਸ਼ਬਦ ਪੜ੍ਹੇ ਜਾਂਦੇ ਹਨ ਜਿਹਨਾਂ ਵਿੱਚ ਆਰਤੀ ਦਾ ਖੰਡਨ ਕੀਤਾ ਗਿਆ ਹੈ।

ਬੱਚੇ ਦੇ ਜਨਮ ਤੇ ਉਹ ਸ਼ਬਦ ਗਾਏ ਜਾਂਦੇ ਹਨ ਜਿਹਨਾਂ ਸ਼ਬਦਾਂ ਦਾ ਗਾਇਨ ਗੁਰੂ ਅਰਜਨ ਦੇਵ ਜੀ ਨੇ ਗੁਰੂ ਹਰਿ ਗੋਬਿੰਦ ਜੀ ਦੇ ਜਨਮ ਵੇਲੇ ਕੀਤਾ ਦੱਸਿਆ ਜਾਂਦਾ ਹੈ। ਜਿਵੇਂ --

ਜੰਮਿਆ ਪੂਤ ਭਗਤ ਗੋਬਿੰਦ ਕਾ।
ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ।

ਗ੍ਰਿਹ ਪ੍ਰਵੇਸ਼ ਵੇਲੇ--

ਘਰਿ ਮੰਦਰ ਹਟ ਨਾਲੇ ਸੋਹੇ ਜਿਸ ਵਿੱਚ ਨਾਮ ਨਿਵਾਸੀ ਰਾਮ।

ਭਵਨ ਸੁਹਾਵੜਾ ਧਰਤਿ ਸੁਭਾਗੀ ਰਾਮ।

---

ਕੁੜਮਾਈ ਵੇਲੇ:

ਕੁੜਮ ਕੁੜਮਾਈ ਆਇਆ ਬਨਿਰਾਮ ਜੀਉ।

ਬਰਾਤ ਦੇ ਢੁਕਾਉ ਵੇਲੇ:

ਹਮ ਘਰ ਸਾਜਨ ਆਏ ਸਾਰੇ ਮੇਨਿ ਮਿਲਾਏ।

ਪੱਲਾ ਫੜਾਉਣ ਵੇਲੇ:

ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ
ਛੋਡਿਆ ਹਭੁ ਕਿਛੁ ਤਿਆਗੀ।
ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ।

ਲਾਵਾਂ ਵੇਲੇ:

ਚਾਰ ਲਾਵਾਂ
ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ।

ਲਾਵਾਂ ਤੋਂ ਉਪਰੰਤ

ਅਨੰਦ ਸਾਹਿਬ ਦਾ ਕੀਰਤਨ

ਘਰੇ ਸੀ ਤੇਰੇ ਲਾਗੀ ।[1]

ਪੂਰੀ ਆਸਾ ਜੀ ਮਨਸਾ ਮੇਰੇ ਰਾਮ ।[2]

<u>ਸੋਰ ਸਮਿੰ</u>

ਸੋਹਿਲੇ ਦਾ ਪਾਠ, ਉਪਰੋਕਤ ਅਲਾਹੁਣੀਆਂ ਦਾ ਪਾਠ ਅਤੇ ਕੀਰਤਨ ਵਿੱਚ ਸੁੰਦਰ ਰਸੀ ਸ਼ਬਦ ਗਾਏ ਜਾਂਦੇ ਹਨ।

ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਮਨੁੱਖੀ ਜੀਵਨ ਅਤੇ ਭਾਰਤੀ ਸਮਾਜ ਨਾਲ ਸੰਬੰਧਤ ਵੱਖ ਵੱਖ ਮੌਕਿਆਂ ਲਈ ਕਾਵਿ ਰਚਨਾ ਕੀਤੀ ਅਤੇ ਗਾਇਨ ਕਰਨ ਲਈ ਨਿਸ਼ਚਿਤ ਕੀਤੀ। ਉਸ ਦੀਆਂ ਸੰਭਾਵਨਾਵਾਂ ਇਤਨੀਆਂ ਵਿਸ਼ਾਲ ਹਨ ਕਿ ਹੁਣ ਭਾਵੇਂ ਸਮਾਜ ਵਿੱਚ ਕਾਫੀ ਤਬਦੀਲੀ ਆ ਗਈ ਹੈ ਪਰ ਫਿਰ ਵੀ ਗੁਰੂ ਘਰ ਦੇ ਸ਼ਰਧਾਲੂ ਹਰ ਤਰ੍ਹਾਂ ਦੀ ਜੀਵਨ ਵਿੱਚ ਹਰ ਖੁਸ਼ੀ ਵੇਲੇ[3] ਹਰ ਗਮੀ ਵੇਲੇ ਗੁਰਬਾਣੀ ਦਾ ਗਾਇਨ ਕਰਦੇ ਹਨ।

ਇਸ ਤਰ੍ਹਾਂ ਗੁਰੂ ਕਵੀਆਂ ਨੇ ਗੁਰਬਾਣੀ ਦੇ ਗਾਇਨ ਰਾਹੀਂ ਮਨੁੱਖ ਨੂੰ ਚੰਗਾ ਬਣਨ ਲਈ ਅਤੇ ਚੰਗੀਆਂ ਸਮਾਜਕ ਕਦਰਾਂ ਕੀਮਤਾਂ ਪੈਦਾ ਕਰਨ ਲਈ ਤਿਆਰ ਕੀਤਾ। ਇਸ ਪੱਖੋਂ ਗੁਰੂ ਜੀ ਦੀ ਸਫਲਤਾ ਦਾ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਉਹਨਾਂ ਦੀ ਬਾਣੀ ਦਾ ਕੀਰਤਨ ਅਜੇ ਤਕ ਵੀ ਸਾਡਾ ਰਾਹ ਰੌਸ਼ਨ ਕਰਦਾ ਹੈ ਅਤੇ ਸਾਨੂੰ 'ਸਚਿਆਰ' ਬਣਨ ਲਈ ਪ੍ਰੇਰਦਾ ਹੈ।

---

1 mile ਰੀਲਾ, ਪੰਨਾ 963

2 ਉਹੀ, ਪੰਨਾ 577

## ਨਿਰਣੇ

ਆਪਣੇ ਥੀਸਿਸ ਵਿਚ ਅਸੀਂ ਗੁਰੂ-ਕਾਵਿ ਤੇ ਗੁਰਬਾਣੀ ਵਿਚ ਪ੍ਰਯੁਕਤ ਸੰਗੀਤ ਦੇ ਆਪਸੀ ਸੰਬੰਧਾਂ ਦੀ ਚਰਚਾ ਕੀਤੀ ਹੈ। ਇਸ ਸੰਬੰਧ ਵਿਚ ਅਸੀਂ ਕੁਝ ਮਹੱਤਵ-ਪੂਰਣ ਨਿਰਣਿਆਂ ਤੇ ਪਹੁੰਚੇ ਹਾਂ:

— ਗੁਰੂ ਕਾਵਿ ਦੀ ਕਾਵਿਕ ਅਤੇ ਸੰਗੀਤਕ ਪਿੱਠ ਭੂਮੀ ਦਾ ਅਧਿਐਨ ਕਰਦਿਆਂ ਅਸੀਂ ਵੇਖਿਆ ਹੈ ਕਿ ਗੁਰੂ ਕਾਵਿ ਵਿੱਚ ਕਵਿਤਾ ਅਤੇ ਸੰਗੀਤ ਦਾ ਸੁਮੇਲ ਕੋਈ ਸੰਜੋਗੀ ਤੇ ਅਨੋਖੀ ਘਟਨਾ ਨਹੀਂ ਸਗੋਂ ਗੁਰੂ ਸਾਹਿਬਾਨ ਤੋਂ ਪਹਿਲਾਂ ਵੀ ਕਵਿਤਾ ਅਤੇ ਸੰਗੀਤ ਇੱਕ ਦੂਜੇ ਨਾਲ ਸੰਬੰਧਿਤ ਰਹੇ ਹਨ ਤੇ ਗੁਰੂ ਸਾਹਿਬਾਨ ਨੇ ਸੁਚੇਤ ਤੌਰ ਤੇ ਸੰਗੀਤ ਨੂੰ ਕਵਿਤਾ ਦਾ ਮਾਧਿਅਮ ਬਣਾਇਆ ਹੈ। ਗੁਰੂ ਕਾਵਿ ਦਾ ਭਾਰਤੀ ਕਾਵਿ ਪਰੰਪਰਾ ਨਾਲ ਸੰਘਣਾ ਸੰਬੰਧ ਹੈ। ਵੈਦਿਕ, ਮਹਾਂਕਾਵਿਕ, ਪੌਰਾਣਿਕ, ਬੋਧੀ, ਜੈਨੀ,, ਸਿੱਧ, ਨਾਥ, ਵੈਸ਼ਨਵ, ਭਗਤੀ ਅਤੇ ਲੋਕ ਕਾਵਿ ਦੀਆਂ ਪਰੰਪਰਾਵਾਂ ਗੁਰੂ ਕਾਵਿ ਦਾ ਸਾਹਿਤਕ ਪਿਛੋਕੜ ਹਨ। ਪਰ ਗੁਰੂ ਕਵੀਆਂ ਨੇ ਇਨ੍ਹਾਂ ਕਾਵਿ ਪਰੰਪਰਾਵਾਂ ਨਾਲ ਸੰਬੰਧਿਤ ਹੋ ਕੇ ਵੀ ਨਵੀਆਂ ਪ੍ਰਾਪਤੀਆਂ ਕੀਤੀਆਂ ਹਨ। ਗੁਰੂ ਕਾਵਿ ਵਿੱਚ ਪ੍ਰਯੁਕਤ ਰਾਗਾਂ ਦਾ ਭਾਰਤੀ ਰਾਗ ਪਰੰਪਰਾ ਦਾ ਸੰਦਰਭ ਵਿੱਚ ਅਧਿਐਨ ਕਰਨ ਤੇ ਪਤਾ ਲੱਗਾ ਹੈ ਕਿ ਗੁਰੂ ਕਵੀਆਂ ਨੇ ਆਪਣੇ ਕਾਵਿ ਨਾਲ ਕਈ ਉਹ ਰਾਗ ਸੰਬੰਧਿਤ ਕੀਤੇ ਹਨ ਜਿਹੜੇ ਉਹਨਾਂ ਤੋਂ ਪਹਿਲਾਂ ਪ੍ਰਚਲਤ ਸਨ। ਕਈ ਥਾਵਾਂ ਤੇ ਦੋ ਰਾਗਾਂ ਨੂੰ ਜੋੜ ਕੇ ਇਕ ਨਵਾਂ, ਮਿਸ਼ਰਤ ਰਾਗ ਸਿਰਜਿਆ ਗਿਆ ਹੈ ਅਤੇ ਕਈ ਅਸਲੋਂ ਨਵੇਂ ਰਾਗਾਂ ਦੀ ਸਿਰਜਣਾ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗ ਮਾਲਾ ਦਾ ਪੁਰਾਤਨ ਅਤੇ ਉਸ ਵੇਲੇ ਪ੍ਰਚਲਤ ਰਾਗ ਮਾਲਾਵਾਂ ਨਾਲ ਤੁਲਨਾਤਮਕ ਅਧਿਐਨ ਕੀਤਿਆਂ ਇਹ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਇਹ ਰਾਗਮਾਲਾ ਭਾਰਤੀ ਰਾਗਮਾਲਾ ਪਰੰਪਰਾ ਦੀ ਇੱਕ ਕੜੀ ਹੀ ਹੈ, ਪਰ ਇਸ ਵਿੱਚ ਕਈ ਨਵੇਂ ਰਾਗਾਂ ਦੇ ਨਾਂ ਗਿਣਾਏ ਗਏ ਹਨ,

ਜਿਹੜੇ ਹੋਰ ਕਿਸੇ ਰਾਗਮਾਲਾ ਵਿੱਚ ਨਹੀਂ ਲੱਭਦੇ।

ਸਮੁੱਚੇ ਰੂਪ ਵਿੱਚ ਗੁਰੂ ਕਵੀਆਂ ਨੇ ਕਾਵਿ ਅਤੇ ਸੰਗੀਤ ਦਾ ਵਿਲੱਖਣ ਸੰਜੋਗ ਕੀਤਾ ਹੈ। ਉਹਨਾਂ ਨੇ ਲੋਕ ਕਾਵਿ ਰੂਪਾਂ ਅਤੇ ਹੋਰ ਪ੍ਰਚਲਤ ਕਾਵਿ ਰੂਪਾਂ ਨੂੰ ਰਾਗਾਂ ਨਾਲ ਸੰਬੰਧਤ ਕਰਕੇ ਉਹਨਾਂ ਦੀ ਪੇਸ਼ਕਾਰੀ ਦੀ ਵਿਧੀ ਨੂੰ ਵਿਲੱਖਣਤਾ ਦਿਤੀ ਹੈ। ਇਸ ਤਰ੍ਹਾਂ ਗੁਰੂ ਕਾਵਿ ਵਿੱਚ ਪ੍ਰਯੁਕਤ ਕਾਵਿਕ ਅਤੇ ਸੰਗੀਤਕ ਤੱਤ ਭਾਵੇਂ ਪਰੰਪਰਾ ਵਿੱਚ ਬਿਰਾਜਮਾਨ ਹਨ, ਪਰ ਗੁਰੂ ਕਵੀ ਉਹਨਾਂ ਦਾ ਪ੍ਰਯੋਗ ਵਿਲੱਖਣ ਢੰਗ ਨਾਲ ਕਰਦੇ ਹਨ। ਇਸ ਵਿਲੱਖਣਤਾ ਦੇ ਪ੍ਰਮੁੱਖ ਪਛਾਣ-ਚਿੰਨ੍ਹ ਹਨ: (1)ਸਨਾਤਨੀ ਸੰਗੀਤ ਤੇ ਲੋਕ-ਸੰਗੀਤ ਦਾ ਮਿਸ਼੍ਰਣ; (2)ਕਾਵਿ ਤੇ ਰਾਗ ਦਾ ਸਰੋਤਾ-ਮੁਖ ਪ੍ਰਯੋਗ ਅਤੇ(3) ਅਜਿਹੇ ਕਾਵਿ ਦੀ ਰਚਨਾ ਜਿਸ ਵਿਚ ਕਵਿਤਾ ਤੇ ਸੰਗੀਤ ਅਨਿਖੜ ਰੂਪ ਵਿੱਚ ਇੱਕ ਦੂਜੇ ਦੀ ਹੋਂਦ ਦਾ ਆਧਾਰ ਬਣੇ ਹਨ।

— ਗੁਰੂ ਕਵੀਆਂ ਦੇ ਜੀਵਨ, ਸਿੱਖ ਸੰਸਥਾ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਕਵਿਤਾ ਅਤੇ ਸੰਗੀਤ ਦੇ ਮਹੱਤਵ ਉੱਪਰ ਝਾਤ ਮਾਰਦਿਆਂ ਇਹ ਸਪਸ਼ਟ ਹੋਇਆ ਹੈ ਕਿ ਗੁਰੂ ਕਵੀ ਬਾਣੀ ਦੀ ਰਚਨਾ ਕਰਨ ਵੇਲੇ ਆਪਣੇ ਰਚਨਾਤਮਕ ਅਮਲ ਤੋਂ ਸੁਚੇਤ ਸਨ। ਉਹਨਾਂ ਰਾਹੀਂ ਜਿਥੇ ਆਪਣੇ ਆਪ ਲਈ 'ਸਾਇਰ' ਵਿਸ਼ੇਸ਼ਣ ਵਰਤਿਆ ਗਿਆ ਹੈ ਉਥੇ ਥਾਂ ਪਰ ਥਾਂ 'ਢਾਢੀ' ਵਿਸ਼ੇਸ਼ਣ ਦਾ ਪ੍ਰਯੋਗ ਇਹ ਸਿੱਧ ਕਰਦਾ ਹੈ ਕਿ ਉਹਨਾਂ ਨੂੰ ਆਪਣੇ ਕਾਵਿ ਦੇ ਗਾਇਨ ਕੀਤੇ ਜਾਣ ਦਾ ਪੂਰਾ ਖਿਆਲ ਸੀ। ਭਾਵੇਂ ਗੁਰੂ ਕਵੀਆਂ ਦਾ ਜੀਵਨ-ਇਤਹਾਸ ਲਿਖਣ ਵਾਲੇ ਲੇਖਕਾਂ ਨੇ ਉਹਨਾਂ ਦੇ ਸੰਗੀਤ-ਗਿਆਨ ਵੱਲ ਕੋਈ ਸੰਕੇਤ ਨਹੀਂ ਕੀਤੇ ਪਰ ਫਿਰ ਵੀ ਉਹਨਾਂ ਦੇ ਜੀਵਨ ਇਤਹਾਸ ਲਿਖਣ ਵਾਲੇ ਲੇਖਕਾਂ ਦੀਆਂ ਕੁਝ ਘਟਨਾਵਾਂ ਤੋਂ ਉਹਨਾਂ ਦਾ ਸੰਗੀਤ-ਗਿਆਨ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੇ ਸ਼ਬਦ ਗਾਇਨ ਸੰਬੰਧੀ ਹਵਾਲੇ ਮਿਲਦੇ ਹਨ। ਗੁਰੂ ਅੰਗਦ

ਦੇਵ ਜੀ ਅਤੇ ਗੁਰੂ ਅਮਰਦਾਸ ਜੀ ਸਿੱਖ ਸੰਪਰਦਾ ਵਿੱਚ ਆਉਣ ਤੋਂ ਪਹਿਲਾਂ ਵੈਸ਼ਨਵ ਭਗਤ ਸਨ ਇਸ ਲਈ ਵੈਸ਼ਨਵਾਂ ਵਾਂਗ ਉਹਨਾਂ ਦਾ ਸੰਗੀਤ ਗਿਆਤਾ ਹੋਣਾ ਸੰਭਵ ਹੈ। ਗੁਰੂ ਰਾਮਦਾਸ, ਗੁਰੂ ਅਰਜਨ ਅਤੇ ਗੁਰੂ ਤੇਗ ਬਹਾਦਰ ਜੀ ਦੀ ਸਿਖਲਾਈ ਪੂਰਨ ਗੁਰਮਤ ਰੀਤੀ ਅਨੁਸਾਰ ਹੋਈ, ਇਸ ਲਈ ਜ਼ਰੂਰੀ ਹੈ ਕਿ ਸੰਗੀਤ ਉਹਨਾਂ ਦੀ ਸਿੱਖਿਆ ਦਾ ਮੁੱਖ ਅੰਗ ਰਿਹਾ ਹੋਵੇਗਾ।

ਸਿੱਖ ਸੰਸਥਾ ਵਿੱਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਕੀਰਤਨ ਨੂੰ ਬੜਾ ਸਤਿਕਾਰ ਯੋਗ ਸਥਾਨ ਪ੍ਰਾਪਤ ਰਹੀ ਸੀ, ਪਰ ਇਹ ਬਾਦ ਵਿੱਚ(ਹੁਣ ਤਕ) ਵੀ ਸਿੱਖ ਰਹਿਤ ਮਰਯਾਦਾ ਵਿਚ ਦਾ ਇੱਕ ਜ਼ਰੂਰੀ ਅੰਗ ਬਣਿਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ ਹੀ ਕਰਤਾਰਪੁਰ ਵਿਖੇ ਕੀਰਤਨ ਕਰਨ ਦੀ ਮਰਯਾਦਾ ਕਾਇਮ ਕੀਤੀ ਅਤੇ ਰਾਗੀ ਢਾਡੀ ਹਰ ਗੁਰੂ ਸਾਹਿਬ ਦੇ ਦਰਬਾਰ ਦਾ ਜ਼ਰੂਰੀ ਅੰਗ ਬਣੇ ਰਹੇ। ਗੁਰੂ ਨਾਨਕ ਦੇਵ ਜੀ ਵੇਲੇ ਭਾਈ ਮਰਦਾਨਾ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਤਕ ਸਤਾ ਬਲਵੰਡ, ਰਜਾਦਾ, ਭਾਈ ਸਾਦੂ ਬਾਦੂ ਅਤੇ ਬਾਦ ਵਿੱਚ ਬਾਬਕ, ਨੱਥਾ, ਅਬਦੁੱਲਾ, ~~xxxx~~ ਭਾਈ ਜਸ, ਦਰਿਆ, ਚਤਰਾ, ਸੈਵਾ, ਰੌਤਾ ਆਦਿ ਦੇ ਕੀਰਤਨ ਦੇ ਹਵਾਲੇ ਮਿਲ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਵਿੱਚ ਕਾਵਿ ਨੂੰ ਬਾਣੀ ਕਿਹਾ ਗਿਆ ਹੈ। ਇਹ ਸੁਝਾਉ ਥਾਂ ਪਰ ਥਾਂ ਮਿਲਦਾ ਹੈ ਕਿ ਇਸ ਨੂੰ ਸਧਾਰਨ ਕਵਿਤਾ ਵਾਂਗ ਨਹੀਂ ਪੜ੍ਹਨਾ ਸਗੋਂ ਇਸ ਦਾ ਗਾਇਨ ਕਰਨਾ ਹੈ। ਬਾਣੀ ਦੇ ਕੀਰਤਨ ਨੂੰ ਹਰ ਤਰ੍ਹਾਂ ਦੇ ਕਰਮਕਾਂਡਾਂ ਤੋਂ ਉੱਤਮ ਦੱਸਿਆ ਗਿਆ ਹੈ। ਗੁਰਬਾਣੀ ਦਾ ਕੀਰਤਨ ਕਰਨ ਵਾਲਾ ਵਿਸ਼ੇਸ਼ ਪਦ ਦਾ ਅਧਿਕਾਰੀ ਹੈ ਅਤੇ ਕੀਰਤਨ ਸੁਣਨ ਵਾਲਾ ਵੀ ਸਤਿਕਾਰ ਦਾ ਪਾਤਰ ਹੈ। ਸੰਗੀਤ ਕਲਾ ਦੇ ਕੇਵਲ ਉਹਨਾਂ ਰਾਗਾਂ ਨੂੰ ਹੀ ਸਫਲ ਕਿਹਾ ਗਿਆ ਹੈ ਜਿਹਨਾਂ ਰਾਹੀਂ ਬਾਣੀ ਦਾ ਗਾਇਨ ਕੀਤਾ ਜਾਂਦਾ ਹੈ। ਗੁਰਬਾਣੀ

ਵਿੱਚ ਸੰਗੀਤ ਦੀ ਪਰਿਭਾਸ਼ਿਕ ਸ਼ਬਦਾਵਲੀ ਦਾ ਪ੍ਰਯੋਗ ਕਰਦਿਆਂ ਇਸ ਨੂੰ ਗੁਰਮਤਿ-ਭਾਵਾਂ ਨਾਲ ਸੰਬੰਧਤ ਕੀਤਾ ਗਿਆ ਹੈ। ਇਸ ਤਰ੍ਹਾਂ ਗੁਰੂ ਕਵੀਆਂ ਦੇ ਨਿਜੀ ਜੀਵਨ, ਸਿੱਖ ਸੰਸਥਾ ਅਤੇ ਗੁਰ-ਬਾਣੀ ਵਿੱਚ ਜਿਥੇ ਕਾਵਿ ਅਤੇ ਸੰਗੀਤ ਦਾ ਸੁਮੇਲ ਹੋਇਆ ਹੈ ਉਥੇ ਇਸ ਸੁਮੇਲ ਨੂੰ ਕੀਰਤਨ ਕਹਿਕੇ ਸਤਿਕਾਰਿਆ ਵੀ ਗਿਆ ਹੈ।

ਗੁਰੂ ਕਾਵਿ ਵਿੱਚ ਅਨੁਭਵ ਅਤੇ ਸੰਗੀਤ ਦੇ ਸੰਬੰਧ ਦਾ ਅਧਿਐਨ ਕਰਦਿਆਂ ਅਸੀਂ ਇਸ ਨਤੀਜੇ ਤੇ ਪੁੱਜੇ ਹਾਂ ਕਿ ਗੁਰੂ ਕਵੀਆਂ ਦਾ ਕਾਵਿ-ਅਨੁਭਵ ਕੋਈ ਸਾਧਾਰਨ ਅਨੁਭਵ ਨਹੀਂ, ਸਗੋਂ ਇੱਕ ਅਜੇਹਾ ਅਨੁਭਵ ਹੈ ਜਿਸ ਨੂੰ ਆਮ ਬੋਲਚਾਲ ਦੀ ਭਾਸ਼ਾ ਤਾਂ ਕੀ ਸਗੋਂ ਕਵਿਤਾ ਰਾਹੀਂ ਵੀ ਪ੍ਰਗਟ ਨਹੀਂ ਕੀਤਾ ਜਾ ਸਕਦਾ। ਇਸ ਨੂੰ ਪ੍ਰਗਟ ਕਰਨ ਲਈ ਸੰਗੀਤ ਦਾ ਮਾਧਿਅਮ ਜ਼ਰੂਰੀ ਸੀ ਕਿਉਂਕਿ ਸੰਗੀਤ ਵਿੱਚ ਰਹੱਸਮਈ ਅਨੁਭਵ ਨੂੰ ਪ੍ਰਗਟ ਕਰਨ ਦੀ ਵਧੇਰੇ ਸਮਰਥਾ ਹੈ। ਗੁਰਬਾਣੀ ਵਿੱਚ ਪੇਸ਼ ਸਾਰਾ ਅਨੁਭਵ ਇੱਕੋ ਜਿਹਾ ਨਹੀਂ, ਸਗੋਂ ਉਸ ਵਿੱਚ ਵੰਨ-ਸੁਵੰਨਤਾ ਹੈ। ਗੁਰ ਕਾਵਿ ਵਿੱਚ ਪ੍ਰਯੁਕਤ ਰਾਗਾਂ ਅਤੇ ਬਾਣੀ ਦਾ ਅਧਿਐਨ ਕਰਦਿਆਂ ਇਹ ਸੁਪਸ਼ਟ ਹੋ ਜਾਂਦਾ ਹੈ ਕਿ ਉਹਨਾਂ ਨੇ ਵੱਖ ਵੱਖ ਭਾਵਾਂ ਲਈ ਵੱਖ ਵੱਖ ਰਾਗਾਂ ਦਾ ਪ੍ਰਯੋਗ ਕੀਤਾ ਹੈ।

ਗੁਰੂ ਕਵੀਆਂ ਨੇ ਆਮ ਤੌਰ ਤੇ ਗੰਭੀਰ, ਸ਼ਾਂਤ ਅਤੇ ਕਰੁਣ ਭਾਵਾਂ ਲਈ ਸਿਰੀ ਰਾਗ, ਗਉੜੀ, ਰਾਮਕਲੀ, ਭੈਰਵ ਆਦਿ ਰਾਗਾਂ ਦਾ ਪ੍ਰਯੋਗ ਕੀਤਾ ਹੈ। ਖੁਸ਼ੀ ਦੇ ਭਾਵਾਂ ਲਈ ਬਿਲਾਵਲ, ਸੂਹੀ, ਬਿਹਾਗੜਾ ਆਦਿ ਰਾਗਾਂ ਦਾ ਪ੍ਰਯੋਗ ਕੀਤਾ ਹੈ। ਧਾਰਮਿਕ ਭਗਤੀ ਭਾਵਾਂ ਲਈ ਗੂਜਰੀ, ਧਨਾਸਰੀ, ਸੋਰਠ ਆਦਿ ਰਾਗ ਵਰਤੇ ਹਨ। ਉਤਸ਼ਾਹ ਪੈਦਾ ਕਰਨ ਲਈ ਮਾਝ, ਆਸਾ, ਪ੍ਰਭਾਤੀ ਆਦਿ ਰਾਗ ਪ੍ਰਯੁਕਤ ਹੋਏ ਹਨ।

ਕਈ ਥਾਵਾਂ ਤੇ ਗੁਰੂ ਕਵੀਆਂ ਨੇ ਵਿਸ਼ੇਸ਼ ਭਾਵਾਂ ਦੇ ਪ੍ਰਗਟਾਊ ਲਈ ਰਾਗਾਂ ਦੇ ਮਿਸ਼ਰਤ ਰੂਪਾਂ ਦਾ ਵੀ ਪ੍ਰਯੋਗ ਕੀਤਾ ਹੈ।

— ਗੁਰੂ ਕਾਵਿ ਦੇ ਰੂਪ ਵਿਧਾਨ ਦੀ ਚਰਚਾ ਕਰਦਿਆਂ ਸਾਨੂੰ ਗਿਆਨ ਹੋਇਆ ਹੈ ਕਿ ਗੁਰੂਆਂ ਦੀ ਰਾਗ-ਬੱਧ ਬਾਣੀ ਵਿੱਚ ਕਾਵਿ ਰੂਪਾਂ, ਛੰਦਾਂ ਅਤੇ ਸ਼ਬਦਾਵਲੀ ਦਾ ਪ੍ਰਯੋਗ ਰਾਗਾਂ ਦੇ ਅਨੁਸਾਰ ਹੋਇਆ ਹੈ। ਜਿਥੇ ਬਹੁਤ ਸਾਰੇ ਕਾਵਿ ਰੂਪ ਲੋਕ ਪਰੰਪਰਾ ਨਾਲ ਸੰਬੰਧਤ ਹਨ ਉਥੇ ਕਈ ਰਾਗ ਵੀ ਲੋਕ ਗੀਤਾਂ ਦੀਆਂ ਧੁਨਾਂ ਦੇ ਸੁਰ ਪ੍ਰਬੰਧ ਅਨੁਸਾਰ ਸਿਰਜੇ ਗਏ ਹਨ। ਕਾਵਿ ਰੂਪਾਂ ਦਾ ਛੰਦ ਪ੍ਰਬੰਧ ਭਾਵੇਂ ਸੰਗੀਤਕਤਾ, ਲੋਕ ਕਾਵਿ ਰੂਪਾਂ ਅਤੇ ਵਿਸ਼ੇ ਦੀ ਵਿਲਖਣਤਾ ਕਰਕੇ ਸਨਾਤਨੀ ਪਰੰਪਰਾ ਨਾਲ ਮੇਲ ਨਹੀਂ ਖਾਂਦਾ ਪਰ ਫਿਰ ਵੀ ਕਿਤੇ ਕਿਤੇ ਛੰਦ ਅਤੇ ਰਾਗ ਦੀ ਆਪਸੀ ਸਾਂਝ ਦ੍ਰਿਸ਼ਟੀਗੋਚਰ ਹੁੰਦੀ ਹੈ। ਗੁਰੂ ਕਵੀਆਂ ਨੇ ਉਹਨਾਂ ਕਾਵਿ ਰੂਪਾਂ ਦਾ ਸਭ ਤੋਂ ਵਧ ਪ੍ਰਯੋਗ ਕੀਤਾ ਜਿਹੜੇ ਆਸਾਨੀ ਨਾਲ ਗਾਏ ਜਾ ਸਕਦੇ ਹਨ। ਪਦ ਕਾਵਿ-ਰੂਪਾਂ ਦਾ ਆਪਣੀ ਗਾਇਨ ਵਿਸ਼ੇਸ਼ਤਾ ਕਰਕੇ ਸਭ ਤੋਂ ਵਧ ਗਿਣਤੀ ਵਿੱਚ ਅਤੇ ਸਭ ਤੋਂ ਵੱਧ ਰਾਗਾਂ ਵਿੱਚ ਪ੍ਰਯੋਗ ਕੀਤਾ ਗਿਆ ਹੈ। ਇਸੇ ਤਰ੍ਹਾਂ ਵਾਰਾਂ ਅਤੇ ਛੰਦ ਕਾਵਿ ਰੂਪ ਵੀ ਬਹੁਤੇ ਕਾਵਿ ਰੂਪਾਂ ਨਾਲੋਂ ਵਧੇਰੇ ਰਾਗਾਂ ਵਿੱਚ ਪ੍ਰਯੁਕਤ ਹੋਏ ਹਨ। ਬਾਕੀ ਦੇ ਕਾਵਿ ਰੂਪਾਂ ਨੂੰ ਇੱਕ ਜਾਂ ਦੋ ਰਾਗਾਂ ਵਿੱਚ ਵਰਤਿਆ ਗਿਆ ਹੈ। ਇਹਨਾਂ ਕਾਵਿ ਰੂਪਾਂ ਵਿੱਚੋਂ ਬਹੁਤੇ ਉਹਨਾਂ ਰਾਗਾਂ ਵਿੱਚ ਦਰਜ ਹੋਏ ਜਿਹਨਾਂ ਵਿੱਚ ਗਾਇਣ ਨਾਲ ਇਹਨਾਂ ਦਾ ਭਾਵ ਪੂਰੀ ਤਰ੍ਹਾਂ ਉਜਾਗਰ ਹੋ ਸਕੇ। ਕਾਵਿ ਰੂਪਾਂ ਵਿੱਚ ਸੰਗੀਤਕਤਾ ਪੈਦਾ ਕਰਨ ਲਈ ਕਈ ਤਰ੍ਹਾਂ ਦੇ ਤੁਕਾਂਤ ਅਤੇ ਸ਼ਬਦਾਵਲੀ ਦਾ ਪ੍ਰਯੋਗ ਹੋਇਆ ਹੈ। ਕਈ ਥਾਵਾਂ ਤੇ ਇਹ ਸ਼ਬਦਾਵਲੀ ਖਾਸ ਤਰ੍ਹਾਂ ਦਾ ਸੰਗੀਤਕ ਪ੍ਰਭਾਵ ਪੈਦਾ ਕਰਦੀ ਹੈ।

— ਗੁਰੂ ਸਾਹਿਬਾਨ ਕੇਵਲ ਆਪਣੇ ਭਾਵਾਂ ਦਾ ਵਿਵੇਚਨ ਕਰਨ ਲਈ ਹੀ ਕਾਵਿ

ਰਚਨਾ ਨਹੀਂ ਸਨ ਕਰਦੇ, ਸਗੋਂ ਉਹ ਇਸ ਰਾਹੀਂ ਲੋਕਾਂ ਦੀ ਅਗਵਾਈ ਕਰਨਾ ਚਾਹੁੰਦੇ ਸਨ। ਉਹ ਉਸ ਵੇਲੇ ਦੇ ਸਮਾਜ ਵਿੱਚ ਨਰੋਈ ਤਬਦੀਲੀ ਲਿਆਉਣਾ ਚਾਹੁੰਦੇ ਸਨ। ਇਸ ਲਈ ਉਹਨਾਂ ਨੇ ਆਪਣੀ ਕਾਵਿ ਰਚਨਾ ਦਾ ਸਮਕਾਲੀ ਸਰੋਤੇ ਤਕ ਸੰਚਾਰ ਕਰਨ ਲਈ ਸੰਗੀਤ ਦਾ ਮਾਧਿਅਮ ਵਜੋਂ ਪ੍ਰਯੋਗ ਕੀਤਾ। ਸੰਗੀਤ ਦੀ ਸਹਾਇਤਾ ਨਾਲ ਕਾਵਿ ਦੀ ਸੰਚਾਰ- ਸ਼ਕਤੀ ਵਿੱਚ ਵਾਧਾ ਹੁੰਦਾ ਹੈ। ਗੁਰੂ ਸਾਹਿਬਾਨ ਦੇ ਵੇਲੇ ਪ੍ਰਚਲਤ ਰਾਗਾਂ ਨਾਲ ਆਮ ਤੌਰ ਤੇ ਸ਼ਿੰਗਾਰ ਰਸੀ ਭਾਵ ਜੁੜੇ ਹੋਏ ਸਨ ਅਤੇ ਇਹਨਾਂ ਵਿੱਚ ਕੇਵਲ ਰਾਜ-ਦਰਬਾਰੀਆਂ ਦਾ ਮਨੋਰੰਜਨ ਕਰਨ ਵਾਲੇ ਗੀਤ ਆਦਿ ਗਾਏ ਜਾਂਦੇ ਸਨ। ਪਰ ਗੁਰੂ ਸਾਹਿਬਾਨ ਨੇ ਰਾਗਾਂ ਨੂੰ ਆਪਣੇ ਪ੍ਰਯੋਜਨ ਲਈ ਪ੍ਰਯੁਕਤ ਕੀਤਾ ਅਤੇ ਰਾਗਾਂ ਰਾਹੀਂ ਨਾਮ-ਬਾਣੀ ਦਾ ਗਾਇਨ ਕਰਨਾ ਹੀ ਉਚਿੱਤ ਦਸਿਆ।

ਗੁਰੂ ਕਾਵਿ ਵਿੱਚ ਪ੍ਰਯੁਕਤ ਕਾਵਿ ਰੂਪ, ਗਾਇਨ-ਸ਼ੈਲੀਆਂ ਦੀ ਵੰਨਸੁਵੰਨਤਾ ਨੂੰ ਦਰਸਾਉਂਦੇ ਹਨ। ਉਸ ਵੇਲੇ ਵੱਖ ਵੱਖ ਤਿੱਥਾਂ ਤਿਉਹਾਰਾਂ ਨਾਲ ਅਤੇ ਜਨਮ-ਮਰਨ ਦੇ ਮੌਕਿਆਂ ਨਾਲ ਕਈ ਤਰ੍ਹਾਂ ਦੇ ਵਹਿਮ ਭਰਮ ਜੁੜੇ ਹੋਏ ਸਨ। ਇਸ ਕਰਕੇ ਉਸ ਵੇਲੇ ਕਈ ਤਰ੍ਹਾਂ ਦੇ ਗੀਤ ਆਦਿ ਵੀ ਗਾਏ ਜਾਂਦੇ ਸਨ। ਗੁਰੂ ਕਵੀਆਂ ਨੇ ਉਹਨਾਂ ਲੋਕ ਗੀਤਾਂ ਦੇ ਰੂਪ ਨੂੰ ਆਪਣੇ ਪ੍ਰਯੋਜਨ ਲਈ ਵਰਤਿਆ ਤੇ ਲੋਕਾਂ ਨੂੰ ਉਨ੍ਹਾਂ ਵਹਿਮਾਂ ਭਰਮਾਂ ਤੋਂ ਮੁਕਤ ਕੀਤਾ। ਖਾਸ ਕਰਕੇ ਵਾਰ ਕਾਵਿ ਰਾਹੀਂ ਉਹਨਾਂ ਨੇ ਜ਼ੁਲਮ ਅਤੇ ਪਾਖੰਡ ਦੇ ਖਿਲਾਫ ਸੰਘਰਸ਼ ਕਰਨ ਲਈ ਲੋਕਾਂ ਵਿੱਚ ਮਨੋਬਲ ਦਾ ਸੰਚਾਰ ਕੀਤਾ।

ਗੁਰੂ ਕਾਵਿ ਦੀ ਗਾਇਨ ਪੱਧਤੀ ਵਿੱਚ ਰਹਾਉ ਦੀਆਂ ਤੁਕਾਂ ਨੂੰ ਬਾਰ ਬਾਰ ਸਥਾਈ ਵਜੋਂ ਗਾਇਆ ਜਾਂਦਾ ਹੈ। ਗੁਰੂ ਸਾਹਿਬਾਨ ਨੇ ਇਹਨਾਂ ਤੁਕਾਂ ਦੇ ਰੂਪ ਨੂੰ ਸਰੋਤੇ ਅਤੇ ਆਪਣੇ ਪ੍ਰਯੋਜਨ ਦੇ ਅਨੁਸਾਰ ਢਾਲਿਆ ਤਾਂ ਜੋ ਇਹਨਾਂ ਤੁਕਾਂ ਦੇ ਬਾਰ ਬਾਰ ਗਾਇਨ

ਨਾਲ ਸਰੋਤਾ ਗਾਇਨ ਵੱਲ ਆਕਰਸ਼ਿਤ ਵੀ ਰਹੇ ਅਤੇ ਸ਼ਬਦ ਦਾ ਕੇਂਦਰੀ ਭਾਵ ਵੀ ਉਸਦੇ ਮਨ ਵਿੱਚ ਦ੍ਰਿੜ ਹੋ ਜਾਵੇ।

— ਸਮੁੱਚੇ ਤੌਰ ਤੇ ਗੁਰੂ ਕਾਵਿ ਵਿੱਚ ਕਵਿਤਾ ਅਤੇ ਸੰਗੀਤ ਦਾ ਸੁਮੇਲ ਉਸ ਸਮੇਂ ਦੀ ਕਾਵਿ-ਸੰਗੀਤ ਪਰੰਪਰਾ ਗੁਰੂ ਕਵੀਆਂ ਦੀ ਸੁਖਸ਼ੀਅਤ, ਸਿੱਖ ਸੰਸਥਾ, ਅਨੁਭਵ, ਰੂਪ-ਵਿਧਾਨ ਅਤੇ ਗੁਰੂ ਆਸ਼ੇ ਦੇ ਅਨੁਕੂਲ ਹੈ। 'ਸੰਗੀਤ' , ਅਰਥਾਤ 'ਰਾਗ' ਗੁਰਬਾਣੀ ਦਾ ਇਕ ਰਚਨਾ-ਮੂਲਕ ਤੱਤ ਹੈ, ਇਹ ਕੇਵਲ ਮਾਧਿਅਮ ਨਹੀਂ; ਤੇ ਗੁਰੂ-ਕਾਵਿ ਦਾ ਪਾਠਕ/ਸਰੋਤਾ/ ਆਲੋਚਕ ਇਸ ਤੱਤ ਨੂੰ ਅਣਡਿਠ ਕਰਕੇ ਗੁਰਬਾਣੀ ਨੂੰ ਠੀਕ ਰੂਪ ਵਿਚ ਪੜ੍ਹ/ਸੁਣ ਤੇ ਪਰਖ ਨਹੀਂ ਸਕਦਾ। ਦੂਜੇ ਪਾਸੇ ਗੁਰਬਾਣੀ ਦਾ ਪ੍ਰਮਾਣਿਕ ਗਾਇਨ/ਕੀਰਤਨ ਤਾਂ ਹੀ ਸੰਭਵ ਹੈ ਜੇ ਰਾਗ ਵਿਦਿਆ ਦਾ ਮਾਹਰ ਗੁਰੂ-ਕਾਵਿ ਦੇ ਅਨੁਭਵ, ਇਸ ਕਵਿਤਾ ਦੇ ਰੂਪ ਤੇ ਇਸ ਦੇ ਅਧਿਆਤਮਕ ਸਮਾਜਕ ਪ੍ਰਯੋਜਨ ਤੋਂ ਸੁਚੇਤ ਰਹੇ।

********* *

# ਸੂਚੀ

## ਸਹਾਇਕ ਗ੍ਰੰਥ

# ਪੰਜਾਬੀ ਪੁਸਤਕਾਂ


1 ਅਧਿਆਪਕੀ

ਆਧੁਨਿਕ ਭਾਰਤੀ ਭਾਸ਼ਾ ਵਿਭਾਗ,
ਕਲਾ ਸੰਕਾਯ, ਦਿਲੀ ਯੂਨੀਵਰਸਟੀ
ਦਿਲੀ 1977

2 ਗਿਆਨੀ ਅਰਜਨ ਸਿੰਘ
'ਰਾਗਮਾਲਾ ਨਿਰਣਯ'
ਪ੍ਰਕਾਸ਼ਕ ਕਰਤਾਰ ਸਿੰਘ ਲੁਧਿਆਣਾ

ਰਾਗਮਾਲਾ ਨਿਰਣਯ ਕਮੇਟੀ, ਕਟੜਾ ਰਾਮਗੜ੍ਹੀਆ,
ਅੰਮ੍ਰਿਤਸਰ।

3 ਅੰਮਰਸਨ ਦੇ ਨਿਬੰਧ
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ - 1968

ਸਤਿਬੀਰ ਸਿੰਘ
4 'ਪੁਰਾਤਨ ਇਤਿਹਾਸਕ ਜੀਵਨੀਆਂ'
ਨਿਊ ਬੁੱਕ ਕੰਪਨੀ, ਮਾਈਹੀਰਾਂ ਗੇਟ, ਜਲੰਧਰ - 1975

ਸਰਵਣ ਸਿੰਘ 'ਗੰਧਰਵ'
5 ਗੁਰ ਸਿਮਰਣ ਸੰਗੀਤ
ਪਿੰਡ ਤੇ ਡਾਕਖਾਨਾ ਡੁਮੇਲੀ,
ਬਰਾਸਤਾ-ਫਗਵਾੜਾ (ਜਿਲ੍ਹਾ ਕਪੂਰਥਲਾ)

6 ਸਰੂਪ ਦਾਸ 'ਭਲਾ'
ਮਹਿਮਾ ਪ੍ਰਕਾਸ਼ ਭਾਗ 2
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ - 1971

7 ਸਾਹਿਬ ਸਿੰਘ
<u>ਆਦਿ ਬੀੜ ਬਾਰੇ</u>
ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 1970

8 ਸਾਹਿਬ ਸਿੰਘ
<u>ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਦੂਜੀ)</u>
ਰਾਜ ਪਬਲਿਸ਼ਰਜ਼, ਜਲੰਧਰ - 1963

9 ਸਾਹਿਬ ਸਿੰਘ
<u>ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਤੀਜੀ)</u>
ਰਾਜ ਪਬਲਿਸ਼ਰਜ਼, ਜਲੰਧਰ - 1969

10 <u>ਸਿੱਖ ਰਹਿਤ ਮਰਯਾਦਾ</u>
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ - 1970

11 ਸੁਰਿੰਦਰ ਸਿੰਘ 'ਕੋਹਲੀ' (ਸੰ.)
<u>ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ ਕਲਾ</u>
ਪੰਜਾਬ ਯੂਨੀਵਰਸਟੀ

12 ਸੁਰਿੰਦਰ ਸਿੰਘ 'ਕੋਹਲੀ' (ਸੰ.)
<u>ਚੋਣਵੀਆਂ ਕਾਫੀਆਂ</u>
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ - 1973

13 ਸੰਤ ਸਿੰਘ ਸੇਖੋਂ,
<u>ਪੰਜਾਬੀ ਕਾਵਿ ਸ਼੍ਰੋਮਣੀ</u>
ਲਾਹੌਰ ਬੁਕ ਸ਼ਾਪ, ਲੁਧਿਆਣਾ - 1964

14 ਸੰਤੋਖ ਸਿੰਘ (ਭਾ.)
(ਸੰ.)ਭਾਈ ਵੀਰ ਸਿੰਘ
ਸੂਰਜ ਪ੍ਰਕਾਸ਼' (ਗੁਰਪਰਤਾਪ ਸੂਰਜ)
ਖਾਲਸਾ ਸਮਾਚਾਰ, ਹਾਲ ਬਜ਼ਾਰ, ਸ੍ਰੀਅੰਮ੍ਰਿਤਸਰ

15 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ'
ਪਹਿਲੀ ਪੋਥੀ, ਦੂਜੀ ਪੋਥੀ, ਤੀਜੀ ਪੋਥੀ, ਚੌਥੀ ਪੋਥੀ
1959 1937 1964 (1964)
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀਅੰਮ੍ਰਿਤਸਰ।

16 ਸ਼ਬਦਾਰਥ
ਬਾਣੀ ਸ੍ਰੀ ਗੁਰੂ ਨਾਨਕ ਦੇਵਜੀ,
ਭਾਸ਼ਾ ਵਿਭਾਗ,ਪੰਜਾਬ, ਪਟਿਆਲਾ - 1970

17 ਸ਼ਾਂਤੀ ਗੋਵਰਧਨ,
ਸੰਗੀਤ ਸ਼ਾਸਤਰ ਦਰਪਣ(ਭਾਗ ਪਹਿਲਾ) 1971
ਪੰਜਾਬੀ ਯੂਨੀਵਰਸਿਟੀ, ਪਟਿਆਲਾ

18 ਹਰਬੰਸ ਸਿੰਘ (ਗਿ.)
'ਨਿਰਬਾਣ ਕੀਰਤਨ', ਚੰਡੀਗੜ੍ਹ - 1976

19 ਹਰਿਭਜਨ ਸਿੰਘ,
ਸਾਹਿਤ ਸ਼ਾਸਤਰ
ਨਵਚੇਤਨ ਪਬਲਿਸ਼ਰਜ਼, ਘੰਟਾਘਰ ਸ੍ਰੀਅੰਮ੍ਰਿਤਸਰ - 1973

20 ਹਰਿਭਜਨ ਸਿੰਘ (ਡਾ.)
ਸਾਹਿਤ ਤੇ ਸਿਧਾਂਤ
ਸੀਮਾ ਪ੍ਰਕਾਸ਼ਨ, ਜਲੰਧਰ - 1973

21 ਹਰਿਭਜਨ ਸਿੰਘ (ਡਾ.)
ਸਾਹਿਤ ਵਿਗਿਆਨ,
ਨਵਚੇਤਨ ਪਬਲਿਸ਼ਰਜ਼, ਘੰਟਾਘਰ, ਸ੍ਰੀਅੰਮ੍ਰਿਤਸਰ - 1978

22 ਹਰੀ ਸਿੰਘ,
ਮਿਠ ਬੋਲੜਾ ਸਜਨ
ਮਾਡਰਨ ਪਬਲੀਕੇਸ਼ਨ, ਲਾਹੌਰ - 1942

23 ਕਰਮਜੀਤ ਸਿੰਘ,
ਗੁਰੂ ਅਰਜਨ ਬਾਣੀ ਵਿੱਚ ਸਰੋਦੀ ਅੰਸ਼
ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ - 1978

24 ਕਰਨੈਲ ਸਿੰਘ ਥਿੰਦ,
ਲੋਕਯਾਨ ਤੇ ਮਧਕਾਲੀਨ ਪੰਜਾਬੀ ਸਾਹਿਤ
ਜੀਵਨ ਮੰਦਿਰ ਪ੍ਰਕਾਸ਼ਨ, ਅੰਮ੍ਰਿਤਸਰ - 1973

25 ਕਲਾ ਅਤੇ ਸਮਾਜ (ਨਿਬੰਧ ਸੰਗ੍ਰਹਿ) (ਅਨੁ)
ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ - 1972

26 ਕਾਹਨ ਸਿੰਘ ਨਾਭਾ,
ਗੁਰਸ਼ਬਦ ਰਤਨਾਕਰ (ਮਹਾਨ ਕੋਸ਼)
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ - 1974

27 ਕਾਹਨ ਸਿੰਘ ਨਾਭਾ,
ਗੁਰ ਛੰਦ ਦਿਵਾਕਰ
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ - 1977

28 ਕਾਹਨ ਸਿੰਘ ਨਾਭਾ,
ਗੁਰਮਤ ਸੁਧਾਕਰ
ਭਾਸ਼ਾ ਵਿਭਾਗ ਪੰਜਾਬ, ਪਟਿਆਲਾ - 1970

29 ਕਾਹਨ ਸਿੰਘ ਨਾਭਾ,
ਗੁਰਮਤ ਪ੍ਰਭਾਕਰ,
ਗੁਰਮਤ ਪ੍ਰੈਸ ਸ੍ਰੀ ਅੰਮ੍ਰਿਤਸਰ - 1922

30 <u>ਕਾਰਲਾਇਲ ਦੇ ਨਿਬੰਧ</u>

ਭਾਸ਼ਾ ਵਿਭਾਗ, ਪੰਜਾਬ, ਪਟਿਆਲਾ - 1969

31 ਕੌਰ ਸਿੰਘ (ਅਕਾਲੀ) ਸੰ.
<u>ਗੁਰੂ ਸ਼ਬਦ ਰਤਨ ਪ੍ਰਕਾਸ਼</u>
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ - 1970

32 ਗਿਆਨ ਸਿੰਘ,
<u>ਤਵਾਰੀਖ ਗੁਰੂ ਖਾਲਸਾ</u>
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970

33 ਗਿਆਨ ਸਿੰਘ (ਗਿ.)
<u>ਪੰਥ ਪ੍ਰਕਾਸ਼</u>
ਸੰ: ਗਿਆਨੀ ਕਿਰਪਾਲ ਸਿੰਘ
ਪ੍ਰਕਾਸ਼ਕ - ਮਨਮੋਹਨ ਸਿੰਘ 'ਬਰਾੜ'
ਗਲੀ ਸ਼ਹੀਦ ਬੁੰਗਾ, ਸ੍ਰੀ ਅੰਮ੍ਰਿਤਸਰ
(ਭਾਗ 1 - 1970) (ਭਾਗ 2 - 1972)

34 <u>ਗੀਤ ਕਾਵਿ</u>
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ - ਪੰਨਾ [illegible]2

35 ਗੁਰਦਾਸ (ਭਾਈ)
<u>ਕਬਿੱਤ ਸਵਯੈ</u>
ਭਾਈ ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ

36 ਗੁਰਦਾਸ (ਭਾਈ)
<u>ਵਾਰਾਂ ਭਾਈ ਗੁਰਦਾਸ ਜੀ</u>
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ - 1964

37 ਗੁਰਦੇਵ ਸਿੰਘ (ਡਾ.)
<u>ਕਲਾਮ ਸ਼ਾਹ ਹੁਸੈਨ</u>
ਲਾਹੌਰ ਬੁਕ ਸ਼ਾਪ, ਲੁਧਿਆਣਾ - 1974

38 ਗੁਰਮਤਿ ਸਾਹਿਤ
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ - 1970

39 ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ ਏ (ਪੰਜ ਭਾਗ)
ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ - 1958
ਪਹਿਲਾ ਭਾਗ - ਗੁਰਮਤ ਸੰਗੀਤ ਨਿਰਣਯ
ਦੂਜਾ ਭਾਗ - ਗੁਰਮਤ ਸੰਗੀਤ ਰਤਨ ਭੰਡਾਰ
ਤੀਜਾ ਭਾਗ - ਗੁਰਮਤ ਸੰਗੀਤ
ਚੌਥਾ ਭਾਗ - ਗੁਰਮਤ ਸੰਗੀਤ ਪਰ ਸ੍ਰੀਮਾਨ ਭਾਈ ਵੀਰ ਸਿੰਘ ਜੀ ਦੀ ਖੋਜ
ਪੰਜਵਾਂ ਭਾਗ - ਮੋਹਨ ਗੁਰਮਤ ਸੰਗੀਤ ਮਾਲਾ

40 ਗੁਰੂ ਨਾਨਕ
ਪ੍ਰਗਤੀ ਪ੍ਰਕਾਸ਼ਨ, ਮਾਸਕੋ - 1977

41 ਗੁਲਾਬ ਰਾਇ
ਸਿਧਾਂਤ ਅਤੇ ਅਧਿਐਨ (ਅਨੁ.)
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

42 ਜਗਬੀਰ ਸਿੰਘ (ਡਾ.)
'ਬਾਣੀ ਸੰਸਾਰ'
ਰਵਿੰਦਰ ਪ੍ਰਕਾਸ਼ਨ, ਡਬਲਿਊ. ਜ਼ੈਡ 13, ਮਨੋਹਰ ਪਾਰਕ, ਦਿੱਲੀ-35 - 1974

43 ਜੀਤ ਸਿੰਘ ਸੀਤਲ (ਸੰਪਾਦਕ)
'ਗੁਰੂ ਰਾਮ ਦਾਸ'
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

44 ਜੋਗਿੰਦਰ ਸਿੰਘ
ਗੁਰੂ ਨਾਨਕ ਦਾ ਸਰੂਪ, ਮੂੰ
ਪ੍ਰੀਤ ਪ੍ਰਕਾਸ਼ਨ, ਦਿੱਲੀ-5 - 1969

45 ਟੈਗੋਰ (ਰਵਿੰਦਰ ਨਾਥ)
ਨਿਬੰਧਮਾਲਾ (ਭਾਗ ਦੂਜਾ) (ਪੰਜਾਬੀ ਅਨੁ.)
ਸਾਹਿਤ ਅਕਾਦੇਮੀ, ਨਵੀਂ ਦਿਲੀ - 1971

46 ਤਾਰਨ ਸਿੰਘ,
'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਿਕ ਇਤਿਹਾਸ'
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ - 1963

47 ਤਾਰਾ ਸਿੰਘ,
ਗੁਰੂ ਅਮਰਦਾਸ ਰਾਗ ਰਤਨਾਵਲੀ,
ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ - 1979

48 ਤਾਰਾ ਸਿੰਘ (ਪ੍ਰੋ.)
ਗੁਰੂ ਤੇਗ ਬਹਾਦਰ ਰਾਗ ਰਤਨਾਵਲੀ
ਪੰਜਾਬੀ ਯੂਨੀਵਰਸਟੀ, ਪਟਿਆਲਾ - 1977

49 ਤਾਰਾ ਸਿੰਘ, ਸੁਰਜੀਤ ਕੌਰ
ਵਾਦਨ ਕਲਾ
ਪੰਜਾਬੀ ਯੂਨੀਵਰਸਟੀ, ਪਟਿਆਲਾ - 1977

50 ਦਲਜੀਤ ਸਿੰਘ (ਸ.)
ਗੁਰੂ ਨਾਨਕ ਜੋਤ ਤੇ ਸਰੂਪ
ਦੇਵਦੂਤ ਪ੍ਰਕਾਸ਼ਨ, ਲੁਧਿਆਣਾ

51 ਨਜ਼ਮ ਹੁਸੈਨ ਸਯਦ
ਸੇਧਾਂ (ਸ. ਪ੍ਰਦੁਮਨ ਸਿੰਘ ਬੇਦੀ)
ਸਾਹਿਤਕਲਾ ਪ੍ਰਕਾਸ਼ਨ, ਲੁਧਿਆਣਾ - 1977

52 ਨਰੇਂਦਰ ਸਿੰਘ ਵਿਰਦੀ,
ਸੰਗੀਤ ਅਤੇ ਉਸਦੀ ਗੁਰਬਾਣੀ ਵਿੱਚ ਮਹਾਨਤਾ
ਮਾਡਰਨ ਸਾਹਿਤ ਅਕੈਡਮੀ, ਸ੍ਰੀ ਅੰਮ੍ਰਿਤਸਰ

53 ਨਿਹਾਲ ਸਿੰਘ 'ਰਸ'
'ਸ੍ਰੀ ਗੁਰੂ ਰਾਮਦਾਸ ਜੀ'
ਭਾਪੇ ਦੀ ਹਟੀ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

54 ਨਿਗਮ ਵੀ.ਐਸ.
ਸੰਗੀਤ ਕੌਮੁਦੀ (ਪਹਿਲਾ ਭਾਗ - 1971) (ਦੂਜਾ ਭਾਗ - 1972)
ਪੰਜਾਬੀ ਯੂਨੀਵਰਸਟੀ, ਪਟਿਆਲਾ

55 ਪ੍ਰੀਤਮ ਸਿੰਘ (ਸੰਪਾਦਕ)
'ਨਉਨਿਧ'
ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਟੀ - 1976

56 ਪ੍ਰੇਮ ਪ੍ਰਕਾਸ਼ ਸਿੰਘ,
ਗੁਰੂ ਨਾਨਕ ਅਤੇ ਨਿਰਗੁਣ ਧਾਰਾ
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ - 1973

57 ਪਲੇਖਾਨੋਵ ਜੀ.
ਚਿੱਠੀਆਂ ਬਿਨ ਸਿਰਨਾਵਿਉਂ (ਅਨੁ.)
ਨਵਯੁਗ ਪ੍ਰੈਸ ਪ੍ਰਕਾਸ਼ਨ, ਚਾਂਦਨੀ ਚੌਕ, ਦਿਲੀ - 1966

58 ਪਿਆਰਾ ਸਿੰਘ 'ਪਦਮ',
'ਗੁਰੂ ਗ੍ਰੰਥ ਪ੍ਰਕਾਸ਼'
ਕਲਮ ਮੰਦਿਰ, ਪਟਿਆਲਾ - 1977

59 ਪਿਆਰਾ ਸਿੰਘ 'ਪਦਮ',
ਪੰਜਾਬੀ ਬਾਰਾਂ ਮਾਹੇ
ਸਰਦਾਰ ਸਾਹਿਤ ਭਵਨ, ਪਟਿਆਲਾ - 1959

60 ਪੂਰਨ ਸਿੰਘ,
ਦਸ ਗੁਰਦਰਸ਼ਨ (ਅਨੁ. ਕਿਰਪਾਲ ਸਿੰਘ ਕਸੇਲ)
ਪੰਜਾਬੀ ਯੂਨੀਵਰਸਟੀ, ਪਟਿਆਲਾ - 1972

61 ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਪਹਿਲਾ)
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ - 1971

62 ਬ੍ਰਜੇਸ਼੍ਵਰ ਸ਼ਰਮਾ
ਸੂਰਦਾਸ
ਨੈਸ਼ਨਲ ਬੁਕ ਟਰਸਟ, ਇੰਡੀਆ, ਦਿਲੀ - 1969

63 ਮਹੇਸ਼ ਨਰਾਇਣ ਸਕਸੈਨਾ
ਸੰਗੀਤ ਸ਼ਾਸਤਰ (ਭਾਗ ਪਹਿਲਾ)(ਅਨੁ. ਤਾਰਾ ਸਿੰਘ)
ਪੰਜਾਬੀ ਯੂਨੀਵਰਸਟੀ, ਪਟਿਆਲਾ - 1971 (ਭਾਗ ਦੂਜਾ ਛੇਵੀਂ ਛਾਪ)

64 ਮਨੀ ਸਿੰਘ,
'ਸਿਖਾਂ ਦੀ ਭਗਤਮਾਲਾ'
ਖਾਲਸਾ ਸਮਾਚਾਰ, ਅੰਮ੍ਰਿਤਸਰ - 1955

65 ਮੋਹਨ ਸਿੰਘ ਪ੍ਰੇਮ,
ਗੁਰਬਾਣੀ
ਧਨਪਤ ਰਾਏ ਐਂਡ ਸਨਜ਼, ਜਲੰਧਰ - ਦਿਲੀ

66 ਰਸੂਲ ਹਮਜ਼ਾਤੋਵ
ਮੇਰਾ ਦਾਗਿਸਤਾਨ
ਪ੍ਰਗਤੀ ਪ੍ਰਕਾਸ਼ਨ, ਮਾਸਕੋ - 1975

67 ਰਤਨ ਸਿੰਘ ਜੱਗੀ
ਗੁਰੂ ਨਾਨਕ ਬਾਣੀ
ਮਦਾਨ ਪਬਲਿਸ਼ਰਜ਼, ਚੌਕ ਪੁਰਾਣੀ ਕੋਤਵਾਲੀ, ਪਟਿਆਲਾ - 1968

68 ਰਾਮ ਸਿੰਘ (ਪ੍ਰੋ.)
'ਗੁਰੂ ਨਾਨਕ ਦੀ ਸੁਹਜ ਕਲਾ'
ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ - 1968

69 ਵਣਜਾਰਾ ਬੇਦੀ (ਸੋਹਿੰਦਰ ਸਿੰਘ ਬੇਦੀ)
ਗੁਰੂ ਨਾਨਕ ਅਤੇ ਲੋਕ-ਪ੍ਰਵਾਹ
ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, ਦਿਲੀ - 1971

70 ਵਣਜਾਰਾ ਬੇਦੀ (ਸੋਹਿੰਦਰ ਸਿੰਘ ਬੇਦੀ)
ਲੋਕ ਪਰੰਪਰਾ ਅਤੇ ਸਾਹਿਤ
ਪਰੰਪਰਾ ਪ੍ਰਕਾਸ਼ਨ - 1978

71 ਵੀਰ ਸਿੰਘ (ਭਾ.)
ਅਸਟਗੁਰ ਚਮਤਕਾਰ
ਖਾਲਸਾ ਸਮਾਚਾਰ, ਹਾਲ ਬਜ਼ਾਰ, ਅੰਮ੍ਰਿਤਸਰ - 1971

72 ਵੀਰ ਸਿੰਘ (ਭਾ.)
ਭਾਈ ਵੀਰ ਸਿੰਘ (ਰਚਨਾਵਲੀ)( ਭਾਗ 4)
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ - 1971

73 ਵੀਰ ਸਿੰਘ (ਭਾ.) ਸੰਪਾਦਕ
ਪੁਰਾਤਨ ਜਨਮ ਸਾਖੀ
ਖਾਲਸਾ ਸਮਾਚਾਰ, ਅੰਮ੍ਰਿਤਸਰ - 1948

==========

## ਹਿੰਦੀ ਪੁਸਤਕਾਂ

1 ਊਸ਼ਾ ਗੁਪਤ
ਹਿੰਦੀ ਕੇ ਕ੍ਰਿਸ਼ਨਕਾਲੀਨ ਭਕਤੀ ਕਾਵਯ ਮੇ ਸੰਗੀਤ
ਲਖਨਊ ਵਿਸ਼ਵਵਿਦਿਆਲਯ, ਲਖਨਊ - ਵਿਕਰਮੀ 2016

2 ਊਸ਼ਾ ਮਿਸ਼ਰ
ਕਾਵਿ ਔਰ ਸੰਗੀਤ ਕਾ ਪਾਰਸਪਰਿਕ ਸੰਬੰਧ
ਦਿੱਲੀ ਪੁਸਤਕਾਲਯ, ਦਿਲੀ - 1962

3 ਉਮੇਸ਼ ਜੋਸ਼ੀ
ਭਾਰਤੀ ਸੰਗੀਤ ਕਾ ਇਤਿਹਾਸ
ਮਾਨਸਰੋਵਰ ਪ੍ਰਕਾਸ਼ਨ, ਪ੍ਰਤਿਸ਼ਠਾਨ, ਫੀਰੋਜਾਬਾਦ ਯੂ.ਪੀ. - 1969

4 ਓਅੰਕਾਰ ਨਾਥ ਠਾਕੁਰ
ਸੰਗੀਤਾਂਜਲੀ (ਭਾਗ 4)
ਸ੍ਰੀ ਸੰਗੀਤ ਭਾਰਤੀ, ਹਿੰਦੂ ਵਿਸ਼ਵਵਿਦਿਆਲਯ, ਕਾਸ਼ੀ - 1957

5 ਓਅੰਕਾਰ ਨਾਥ ਠਾਕੁਰ
<u>ਪ੍ਰਣਵਭਾਰਤੀ (ਪ੍ਰਥਮ ਵਾਟਾ)</u>
ਸ੍ਰੀ ਸੰਗੀਤ ਭਾਰਤੀ, ਹਿੰਦੂ/ਵਿਸ਼ਵ ਵਿਦਿਆਲਯ, ਕਾਸ਼ੀ - 1956

6 ਅਹੋਬਲ
<u>ਸੰਗੀਤ ਪਾਰਿਜਾਤ</u> (ਹਿੰਦੀ ਅਨੁਵਾਦ)
ਸੰਗੀਤ ਕਾਰਯਾਲਿਆ, ਹਾਥਰਸ - 1956

7 ਅਰਬਿੰਦੋ
<u>ਭਾਵੀ ਕਵਿਤਾ</u>
ਸ੍ਰੀ ਅਰਵਿੰਦ ਸੋਸਾਇਟੀ, ਪਾਂਡਿਚੇਰੀ-2 - 1974

8 <u>ਸਮਾਜਵਾਦ ਔਰ ਸੰਸਕ੍ਰਿਤੀ (ਲੇਖ ਸੰਗ੍ਰਹਿ)</u>
ਪ੍ਰਗਤੀ ਪ੍ਰਕਾਸ਼ਨ, ਮਾਸਕੋ - 1975

9 ਸੀਤਾ ਬਿਬਰਾਊ,
<u>ਨਿਰਗੁਣ ਕਾਵਿਯ ਮੇ ਸੰਗੀਤ ਤੱਤਵ</u>
(ਅਣ ਛਪਿਆ ਥੀਸਿਸ)
ਕੁਰਕਸ਼ੇਤਰ ਯੂਨੀਵਰਸਟੀ

10 ਸੁਰੇਂਣ ਸਿੰਘ ਵਿਨਯੁ,
<u>ਗੁਰੂ ਗ੍ਰੰਥ ਸਾਹਿਬ ਮੇ ਪਰੰਪਰਾਗਤ ਤਤਵੋਂ ਕਾ ਅਧਿਐਨ</u>
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ - 1978

11 ਸਾਰੰਗ ਦੇਵ
<u>ਸੰਗੀਤ ਰਤਨਾਕਰ (ਭਾਗ 1)(ਟੀਕਾ ਹਿੰਦੀ)</u>
ਸੰਗੀਤ ਕਾਰਯਾਲਯ, ਹਾਥਰਸ - 1975

12 ਸ਼ਿਵ ਦੱਤ 'ਗਿਆਨੀ'
<u>ਭਾਰਤੀ ਸੰਸਕ੍ਰਿਤੀ</u>
ਰਾਜਕਮਲ ਪ੍ਰਕਾਸ਼ਨ ਦਿਲੀ, ਬੰਬਈ, ਨਈ ਦਿਲੀ - 1944 ਈ.

13 ਹਜ਼ਾਰੀ ਪ੍ਰਸ਼ਾਦ ਦਿਵੇਦੀ (ਡਾ.)
ਆਧੁਨਿਕ ਹਿੰਦੀ ਸਾਹਿਤਯ ਪਰ ਵਿਚਾਰ
ਅਤਰ ਚੰਦ ਕਪੂਰ ਐਂਡ ਸਨਜ਼ ਦਿੱਲੀ ਔਰ ਅੰਬਾਲਾ

14 ਹਜ਼ਾਰੀ ਪ੍ਰਸ਼ਾਦ ਦਿਵੇਦੀ,
'ਨਾਥ ਸੰਪਰਦਾਇ
ਇਲਾਹਾਬਾਦ, ਲੋਕ ਭਾਰਤੀ ਪ੍ਰਕਾਸ਼ਨ - 1966

15 ਹਰਦੁਆਰੀ ਲਾਲ ਸ਼ਰਮਾ
ਸੌਂਦਰਯ ਸ਼ਾਸਤਰ
ਸਾਹਿਤ ਭਵਨ ਪ੍ਰਾਈਵੇਟ ਲਿਮਟਿਡ, ਇਲਾਹਾਬਾਦ - 1953

16 ਹਰਿਸ਼ਚੰਦਰ ਸ੍ਰੀਵਾਸਤਵ (ਸੰ.)
ਸੰਗੀਤ ਨਿਬੰਧ ਸੰਗ੍ਰਹਿ
ਸੰਗੀਤ ਸਦਨ ਪ੍ਰਕਾਸ਼ਨ, 88 ਸਾਊਥ ਮਲਾਕਾ(ਇਲਾਹਾਬਾਦ) - 1974

17 ਹਰਿਸ਼ਚੰਦਰ ਸ੍ਰੀਵਾਸਤਵ
ਰਾਗ ਪਰਿਚਯ (ਭਾਗ 2 - 1973) (ਭਾਗ 3- ਛੇਵਾਂ ਸੰਸਕਰਣ)(ਭਾਗ 4 - 1976)
ਸੰਗੀਤ ਸਦਨ ਪ੍ਰਕਾਸ਼ਨ, 88 ਸਾਊਥ ਮਲਾਕਾ( ਇਲਾਹਾਬਾਦ)

18 ਕ੍ਰਿਸ਼ਨਾ ਮੂਰਤੀ ਜੇ.
ਜੀਵਨ ਭਾਸ਼ਯ
ਸਰਵ-ਸੇਵਾ-ਸੰਘ-ਪ੍ਰਕਾਸ਼ਨ, ਰਾਜਘਾਟ ਵਾਰਾਣਸੀ - 1973

19 ਕਾਲਿਕਾਪ੍ਰਸ਼ਾਦ (ਸੰ.)
'ਬ੍ਰਹਤ ਹਿੰਦੀ ਕੋਸ਼)
ਗਿਆਨ ਲਿਮਟਿਡ, ਬਨਾਰਸ ਸੰ. 2009

20 ਖਲੀਲ ਜਿਬਰਾਨ,
ਜੀਵਨ ਸੰਦੇਸ਼
ਸਸਤਾ ਸਾਹਿਤਯ ਮੰਡਲ ਪ੍ਰਕਾਸ਼ਨ , ਦਿਲੀ - 1975

21 ਗਣਪਤਿ ਚੰਦਰ ਗੁਪਤ
<u>'ਹਿੰਦੀ ਸਾਹਿਤ ਕਾ ਵੈਗਿਆਨਿਕ ਇਤਿਹਾਸ'</u>
ਭਾਰਤੇਂਦੂ ਭਵਨ, ਚੰਡੀਗੜ੍ਹ - 1965

22 ਜਗਦੀਸ਼ ਸਹਾਯ ਕੁਲਸ਼੍ਰੇਸ਼ਟ
<u>ਸੰਗੀਤ-ਸ਼ਾਸਤਰ</u>
ਸੰਗੀਤ ਕਾਰਯਾਲਯ, ਹਾਥਰਸ - 1970

23 ਜਗਦੀਸ਼ ਨਾਰਾਇਣ ਪਾਠਕ,
<u>ਸੰਗੀਤ ਸ਼ਾਸਤਰ ਸੀਮਾਂਸਾ(ਭਾਗ ਪਹਿਲਾ)</u>
ਇਲਾਹਾਬਾਦ, ਪ੍ਰਯਾਗ ਸੰਗੀਤ ਸੰਮਤੀ, ਸ੍ਰੀ ਰਤਨਾਕਰ ਪਾਠਕ, 27 ਮਹਾਜਨੀ ਟੋਲਾ 1965

24 ਜਗਨ ਨਾਥ ਸ਼ਰਮਾਂ
<u>'ਹਮਾਰਾ ਸਾਂਸਕ੍ਰਿਤਕ ਸਾਹਿਤ'</u>
ਗ੍ਰੰਥਮਾਲਾ ਕਾਰਯਾਲਯ, ਪਟਨਾ-4 - 1953ਈ.

25 ਜਾਇਸੀ
<u>'ਪਦਮਾਵਤ'</u> (ਟੀਕਾ ਹਿੰਦੀ)
ਡਾ. ਮਾਤਾ ਪ੍ਰਸ਼ਾਦ (ਸ਼.), ਲੀਡਰ ਪ੍ਰੈੱਸ ਇਲਾਹਾਬਾਦ - 1973

26 <u>ਛਾਂਦੋਗਯੋਪਨਿਸ਼ਦ'</u>
ਸ਼ੰਕਰ ਭਾਸ਼੍ਯਾਰਥ (ਹਿੰਦੀ ਅਨੁਵਾਦ), ਗੀਤਾ ਪ੍ਰੈੱਸ, ਗੋਰਖਪੁਰ ਸੰਮਤ 2011

27 ਟੈਗੋਰ (ਡਾ ਰਵਿੰਦਰ ਨਾਥ)
<u>ਸਾਹਿਤਯ ਕੇ ਪਥ ਪਰ</u> (ਅਨੁ.)
ਰਵਿੰਦਰ ਸਾਹਿਤਯ ਮੰਦਿਰ, ਪੀ- 15 ਕਲਾਕਾਰ ਸਟਰੀਟ, ਕਲਕਤਾ-7

28 ਦਾਮੋਦਰ ਪੰਡਤ,
<u>ਸੰਗੀਤ ਦਰਪਣ</u> (ਹਿੰਦੀ ਟੀਕਾ)
ਸੰਗੀਤ ਕਾਰਯਾਲਿਆ, ਹਾਥਰਸ (ਯੂ.ਪੀ.) - 1950

29 ਦਿਨੇਸ਼ ਚੰਦਰ ਗੁਪਤ (ਡਾ.)
<u>ਭਗਤੀ ਕਾਲੀਨ ਕਾਵਯ ਮੇਂ ਰਾਗ ਔਰ ਰਸ</u>
ਲਖਨਊ, ਭਾਰਤੀ ਪ੍ਰਕਾਸ਼ਨ - 1970

30 ਧਰਮਪਾਲ ਮੈਣੀ
*ਸ੍ਰੀ ਗੁਰੂ ਗ੍ਰੰਥ ਸਾਹਿਬ - ਏਕ ਪ੍ਰੀਚੈ*
ਹਿੰਦੀ ਭਵਨ, ਜਲੰਧਰ ਔਰ ਇਲਾਹਾਬਾਦ - 1962

31 ਨਜ਼ੀਰ ਮੁਹੰਮਦ (ਡਾ.)
*ਕਬੀਰ ਕੇ ਕਾਵਯ ਰੂਪ*
ਭਾਰਤ ਪ੍ਰਕਾਸ਼ਨ ਮੰਦਿਰ, ਅਲੀਗੜ੍ਹ - 1971

32 ਨਰੂਲਾ, ਡੀ.ਐਸ.
ਗੁਰੂ ਨਾਨਕ ਸੰਗੀਤਗ੍ਯ
ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ - 1978

33 ਨਵਾਬਅਲੀ (ਰਾਜਾ)
*'ਮਾਰਿਫੁਨੱਗਮਾਤ'* ਪਹਿਲਾ ਭਾਗ ਤੇ ਦੂਜਾ ਭਾਗ
ਅਨੁਵਾਦਕ ਪੀ. ਵਿਸ਼ਵੰਭਰ ਨਾਥ ਭੱਟ,
ਸੰਗੀਤ ਕਾਰਯਾਲਿਆ, ਹਾਥਰਸ(ਯੂ.ਪੀ.) - 1950

34 ਨਾਮਵਰ ਸਿੰਘ
*ਇਤਿਹਾਸ ਔਰ ਆਲੋਚਨਾ*
ਨਯਾ ਸਾਹਿਤ ਪ੍ਰਕਾਸ਼ਨ, 2ਡੀ. ਮਿੰਟੋ ਰੋਡ, ਇਲਾਹਾਬਾਦ - 1962

35 ਪਰਸ਼ੂਰਾਮ ਚਤੁਰਵੇਦੀ
*'ਉਤਰੀ ਭਾਰਤ ਕੀ ਸੰਤ ਪਰੰਪਰਾ''*
ਪ੍ਰਯਾਗ, ਭਾਰਤੀ ਭੰਡਾਰ ਸੰ:2008 ਪਹਿਲਾ ਐਡੀਸ਼ਨ

36 ਪੀਤਾਂਬਰ ਦੱਤ ਬੜਥਵਾਲ,
*ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਯ*
ਲਖਨਊ, ਅਵਧ ਪਬਲਿਸ਼ਿੰਗ ਹਾਊਸ, ਸੰ: 2007- ਪਹਿਲਾ ਐਡੀਸ਼ਨ

37 ਪੀਤਾਂਬਰ ਦੱਤ ਬੜਥਵਾਲ (ਸੰ.)
*ਗੋਰਖਬਾਣੀ*
ਪ੍ਰਯਾਗ, ਹਿੰਦੀ ਸਾਹਿਤਯ-ਸੰਮੇਲਨ

38 ਪੰਨਾ ਲਾਲਾ ਮਦਾਨ
ਸੰਗੀਤ ਸ਼ਾਸਤਰ ਵਿਗਿਆਨ
ਪੰਜਾਬ ਕਿਤਾਬ ਘਰ, ਜਲੰਧਰ ਰੋਹਤਕ

39 ਪੰਨਾ ਲਾਲ ਮਦਾਨ,
ਸੰਗੀਤ ਕਲਾ ਕਾ ਇਤਿਹਾਸ
ਕਿਸ਼ਨ ਨਗਰ-6, ਹੁਸ਼ਿਆਰਪੁਰ - 1970

40 ਪੰਨਾ ਲਾਲ ਮਦਾਨ,
ਸੰਗੀਤਧਯਾਪਨ
ਪੰਜਾਬ ਕਿਤਾਬ ਘਰ, ਜਲੰਧਰ - 1965

41 ਪੰਨਾ ਲਾਲ ਮਦਾਨ,
ਭਾਰਤੀਯ ਸੰਗੀਤ ਔਰ ਉਸਕਾ ਵਿਕਾਸ
ਗੁਰਦਾਸ ਕਪੂਰ ਐਂਡ ਸਨਜ਼ ਪ੍ਰਾਈਵੇਟ ਲਿ., ਦਿਲੀ - ਜਲੰਧਰ - 1965

42 ਬ੍ਰਹਿਸਪਤੀ ਅਚਾਰੀਆ ਕੈਲਾਸ਼ ਚੰਦਰ,
ਸੰਗੀਤ ਚਿੰਤਾਮਣੀ
ਸੰਗੀਤ ਕਾਰਯਾਲਯਾ, ਹਾਥਰਸ- 1976

43 ਬ੍ਰਹਿਸਪਤੀ ਅਚਾਰੀਆ ਕੈਲਾਸ਼ ਚੰਦਰ,
ਭਰਤ ਕਾ ਸੰਗੀਤ ਸਿਧਾਂਤ
ਪ੍ਰਕਾਸ਼ਨ ਸ਼ਾਖਾ ਸੂਚਨਾ ਵਿਭਾਗ, ਯੂ.ਪੀ.

44 ਬ੍ਰਹਿਸਪਤੀ (ਅਚਾਰੀਆ)
ਮੁਸਲਮਾਨ ਔਰ ਸੰਗੀਤ
ਰਾਜਕਮਲ ਪ੍ਰਕਾਸ਼ਨ, ਦਿਲੀ-ਪਟਨਾ 1974

45 ਭਗਵਤ ਸ਼ਰਣ ਉਪਾਧਿਆਇ,
ਭਾਰਤੀਯ ਕਲਾ ਔਰ ਸੰਸਕ੍ਰਿਤੀ
ਰਣਜੀਤ ਪ੍ਰਿੰਟਰਜ਼ ਐਂਡ ਪਬਲਿਸ਼ਰਜ਼, ਦਿਲੀ - 1965

46 ਭਾਤਖੰਡੇ
ਉੱਤਰ ਭਾਰਤੀਯ ਸੰਗੀਤ ਪਰੰਪਰਾ ਕਾ ਸੰਕਸ਼ਿਪਤ ਇਤਹਾਸ
ਸੰਗੀਤ ਕਾਰਯਾਲਯ, ਅਲੀਗੜ੍ਹ - 1954

47 ਭਾਤਖੰਡੇ
ਸੰਗੀਤ ਪਧਤੀਓਂ ਕਾ ਤੁਲਨਾਤਮਕ ਅਧਿਐਨ,
ਸੰਗੀਤ ਕਾਰਯਾਲਿਆ, ਹਾਥਰਸ - 1972

48 ਭਾਤਖੰਡੇ
ਕ੍ਰਮਕ ਪੁਸਤਕ ਮਲਿਕਾ (ਭਾਗ 4)
ਸੰਗੀਤ ਕਾਰਯਾਲਿਆ ਹਾਥਰਸ

49 ਭਾਤਖੰਡੇ
ਕ੍ਰਮਕ ਪੁਸਤਕ ਮਲਿਕਾ (ਪਾਂਚਵੀ ਪੁਸਤਕ)
ਹਾਥਰਸ, ਸੰਗੀਤ ਕਾਰਯਾਲਿਆ - 1954

50 ਭਾਤਖੰਡੇ 'ਵਿਸ਼ਨੂ ਨਾਰਾਇਣ'
ਭਾਤਖੰਡੇ ਸੰਗੀਤ ਸ਼ਾਸਤਰ
ਸੰਗੀਤ ਕਾਰਯਾਲਿਆ, ਹਾਥਰਸ

51 ਮਤੰਗ ਮੁਨਿ,
ਬ੍ਰਿਹਦੇਸ਼ੀ
ਸੰਗੀਤ ਕਾਰਯਾਲਿਆ, ਹਾਥਰਸ - 1976

52 ਮਨਮੋਹਨ ਸਹਿਗਲ (ਡਾ.)
ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਕਸ਼ਣ
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ - 1971

53 ਮਨਮੋਹਨ ਸਹਿਗਲ
ਪੰਜਾਬ ਕੇ ਨਿਰਗੁਣ ਕਾਵਿਯ ਕਾ ਦਾਰਸ਼ਨਿਕ ਅਧਿਐਨ
ਸੂਰਯ ਪ੍ਰਕਾਸ਼ਨ, ਨਈ ਦਿੱਲੀ 6 1973

54 ਮਲਿਕ ਮੁਹੰਮਦ (ਸੰਪਾਦਕ)
'ਅਮੀਰ ਖ਼ੁਸਰੋ'
ਰਾਜਪਾਲ ਐਂਡ ਸਨਜ਼, ਕਾਸ਼ਮੀਰੀ ਗੇਟ - 1975

55 ਰਾਹੁਲ ਸਾਂਕ੍ਰਤਯਾਯਨ,
'ਦਰਸ਼ਨ ਦਿਗਦਰਸ਼ਨ'
ਇਲਾਹਾਬਾਦ, ਕਿਤਾਬ ਮਹਲ ਪ੍ਰਾਈਵੇਟ ਲਿਮਟਿਡ - 1961

56 ਰਾਮਾਮਾਤਿਯ
'ਸਵਰ ਮੇਲ ਕਲਾ ਨਿਧਿ' (ਹਿੰਦੀ ਟੀਕਾ)
ਸੰਗੀਤ ਕਾਰਯਾਲਿਆ, ਹਾਥਰਸ - 1963

57 ਲਕਸ਼ਮੀ ਨਾਰਾਇਣ ਗਰਗ (ਸੰ.)
ਸੰਗੀਤ - ਨਿਬੰਧਾਵਲੀ
ਸੰਗੀਤ ਕਾਰਯਾਲਿਆ, ਹਾਥਰਸ - 1969

58 ਲਕਸ਼ਮੀ ਨਾਰਾਇਣ ਗਰਗ (ਸੰਕਲਨ)
ਨਿਬੰਧ ਸੰਗੀਤ
ਹਾਥਰਸ, ਸੰਗੀਤ ਕਾਰਯਾਲਿਆ, 1978

59 ਲਲਿਤ ਕਿਸ਼ੋਰ ਸਿੰਘ,
ਧ੍ਵਨਿ ਔਰ ਸੰਗੀਤ
ਭਾਰਤੀਯ ਗਿਆਨ ਪੀਠ ਪ੍ਰਕਾਸ਼ਨ, ਦਿਲੀ , 1971

60 ਲੇਖਨ, ਕਲਾ ਔਰ ਰਚਨਾ ਕੌਸ਼ਲ
ਪ੍ਰਗਤੀ ਪ੍ਰਕਾਸ਼ਨ, ਮਾਸਕੋ , 1977

61 ਲੋਨਜਾਈਨਸ
ਕਾਵਯ ਮੇਂ ਉਦਾਤ ਤੱਤਵ
ਡਾ. ਨਗੇਂਦਰ (ਅਨੁ.)
ਰਾਜਪਾਲ ਐਂਡ ਸਨਜ਼, ਦਿੱਲੀ - 1958

62 ਵਸੰਤ
<u>ਸੰਗੀਤ ਵਿਸ਼ਾਰਦ</u>
ਸੰਗੀਤ ਕਾਰਯਾਲਿਆ, ਹਾਥਰਸ (ਯੂ.ਪੀ.) 1977

63 ਵਸੰਤ
<u>ਰਾਗ-ਕੋਸ਼</u>
ਸੰਗੀਤ ਕਾਰਯਾਲਿਆ, ਹਾਥਰਸ - 1970

64 ਵਿਨਾਇਕ ਨਰਾਇਣ ਪਟਵਰਧਨ,
<u>ਰਾਗ ਵਿਗਿਆਨ (ਤੀਜਾ ਭਾਗ)</u>
ਵਿਸ਼ਣੂ ਦਿਗੰਬਰ ਮਹਾਂ ਵਿਦਿਆਲਯ ਪੂਣੇ - 1960

65 ਵਿਮਲਾਕਾਂਤ ਰਾਇ ਚੌਧਰੀ,
<u>ਭਾਰਤੀਯ ਸੰਗੀਤ ਕੋਸ਼</u>
ਭਾਰਤੀਯ ਗਿਆਨ ਪੀਠ ਪ੍ਰਕਾਸ਼ਨ - 1975

1. Amarjit Singh, Universal Sikhism.
Hemkunt Press, New Delhi - B.

2. Archebald Macleish, Poetry and Experience.
The Revised Press Cambridge, Houghton Mufflin Co.,
B O S T O N 1961.

3. Caudwell Christopher, Illusion and Reality.
People's Publishing House, New Delhi - 1956.

4. Charles Rosen, Schoenberg,
Fontage/Collins 1976.

5. Glebenfilov, Physics and Music.
Mir Publishing, Moscow 1966.

6. Herbert A. Poplay B.A., The Music of India,
Y.M.C.A. Publishing House, 2 Russell Street,
C A L C U T T A - 1950.

7. Humayun Kabir, The Indian Heritage,
Asia Publishing House, Bombay - Calcutta 1970.

8. Ifor Evans (B), A Short History of English Literature
Penguin Books Ltd., Mormondsworth Middlesex. 1958.


Contd...

9. Lunacharsky A., On Literature and Art. Progress Publishers, Moscow.

10. Macaulliffe, The Sikh Religion. S. Chand & Co., Delhi, New Delhi, Bombay, Jullundur, Lucknow 1965.

11. Maurice Winternitz, A History of Indian Literature, Vol. II, University of Calcutta - 1972.

12. O.C. Gangoly, Ragas and Raginis, Nalanda Publications, Bombay 1948.

13. Parjananand, Historidal Development of Indian Music, Calcutta, Firma K.L. Makhopadhyay 1960.

14. Paula Johnson, Form and Transformation in Music and Poetry of the English Renaissance. New Haven and L-ondon, Yale University Press 1972.

15. Paul R. Farnsworth, The Social Psychology of Music, The Dryden Press, New York 1958.


Contd...

16. Puran Singh, The Spirit Born People.
Language Department, Punjab, Patiala 1970.

17. R.G. Bhandarkar, Vaisnavism, Savism and other Minor Religion Systems Vol. IV.
Bhandarker Oriental Research Institute 1929 2nd Ed.

18. Richerd I.A., Principals of Literary Criticism,
Routledge & Kegan Paul Ltd., Broadway House,
68 - 74 Carter Lane, E.C.4, London, 17th Impression.

19. Schopenhouer, Arthur, The World as will and Idea, Vol. 1
Routledge & Kegan Paul Ltd., Broadway House,
68 - 74 Carter Lane, E.C. London.

20. Shakespeare, The Merchant of Venice,
Macmillon And Company Limited,
Bombay, Calcutta, Madras 1971.

21. Sikh Sacred Music,
Sikh Sacred Music Society,
New Delhi 1967.

Contd...

22. S.S. Kohli (Dr.),
A Critical Study of Adi Granth,
The Punjabi Writers Cooperative Industrial Society,
N E W D E L H I 1961

23. T.S. Eliot,
On Poetry and Poets,
Faber and Faber L-imited,
24 Russell Square, London,
Fabruary Memlxi.

24. Z. Apresyon,
Freedom and the Artist.
Progress Publishers,
M O S C O W 1968.

25. Ajit Singh Paintal
The Nature and place of Music in Sikh Religion and its affinity with Hindustani Classical Music.
Delhi University - 1971

# ਪੱਤਰ

## ਪੰਜਾਬੀ

1 **ਆਲੋਚਨਾ**

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ - ਅਪ੍ਰੈਲ-ਮਈ-ਜੂਨ, 1965

2 **ਸੱਚ ਖੰਡ ਪੱਤਰ**

ਤਖਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਨਦੇੜ - ਸਤੰਬਰ - 1976

3 **ਸਮਾਜਕ ਵਿਗਿਆਨ ਦਰਪਣ**

ਪੰਜਾਬ ਰਾਜ ਯੂਨੀਵਰਸਿਟੀ ਪਾਠ-ਪੁਸਤਕ ਬੋਰਡ, ਚੰਡੀਗੜ੍ਹ - ਮਾਰਚ, 1972

4 **ਸੋਸ ਰੀਜ**

ਚਾਂਦਨੀ ਚੌਕ ਦਿਲੀ - 6
ਅਕਤੂਬਰ, 1979; ਅਗਸਤ, 1979; ਅਕਤੂਬਰ, 1974; ਅਪ੍ਰੈਲ, 1976;
ਜੂਨ, 1979; ਮਾਰਚ, 1979

5 **ਖਾਲਸਾ ਐਡਵੋਕੇਟ**

ਚੀਫ ਖਾਲਸਾ ਦੀਵਾਨ, ਸ੍ਰੀ ਅੰਮ੍ਰਿਤਸਰ - ਦਸੰਬਰ, 1977

6 **ਗੁਰਮਤਿ ਪ੍ਰਕਾਸ਼**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ - ਦਸੰਬਰ, 1975

7 **ਪਰਖ**

Parkh 1976 VolII
Department of Panjabi,
Punjab University, Chandigarh

8 <u>ਪੰਜਾਬੀ ਦੁਨੀਆਂ ਗੁਰੂਨਾਨਕ ਅੰਕ (ਭਾਗ ਪਹਿਲਾ)</u>

ਨਵੰਬਰ/ਦਸੰਬਰ 1969

ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
ਜਨਵਰੀ; ਫਰਵਰੀ, 1959; ਜੁਲਾਈ, ਅਗਸਤ, 1971, ਜੂਨ 1969

## ਹਿੰਦੀ

9 <u>ਸੁਲਭ ਸੰਗੀਤ</u>
ਸੁਲਭ ਸੰਗੀਤ ਪ੍ਰਕਾਸ਼ਨ, ਰਾਜਾਮੰਡੀ, ਆਗਰਾ - ਜਨਵਰੀ, 1973

10 <u>ਸੰਗੀਤ</u>
ਸੰਗੀਤ ਕਾਰਯਾਲਯ, ਹਾਥਰਸ (ਯੂ.ਪੀ.)

11 <u>ਸੰਗੀਤ ਕਲਾ ਵਿਹਾਰ(ਹਿੰਦੀ)</u>
ਅਖਿਲ ਭਾਰਤੀਯ ਗਾਂਧਰਵ ਮਹਾਂਵਿਦਿਆਲਯ, ਮੰਡਲ ਪ੍ਰਕਾਸ਼ਨ ਮਿਰਜ

12 <u>ਸੰਮੇਲਨ ਪਤ੍ਰਿਕਾ</u>
ਲੋਕ ਸੰਸਕ੍ਰਿਤੀ ਅੰਕ, ਪ੍ਰਯਾਗ - ਸੰਮਤ 2010

13 <u>BHAVAN'S JOURNAL</u>
Bharatiya vidya Bhzvan, Bombay 34,
November,1969 October 1975

14 <u>The Sikh Courier</u>
A Journal of the Sikh Cultural Society
Great Britain, London
Winter 1974